ਐਤਵਾਰ, 23 ਮਾਰਚ, 2025
10 ਚੇਤ { ਨਾਨਕਸ਼ਾਹੀ 557, ਬਿਕਰਮੀ 2081
ਜਿਲਦ/VOL. : 73
ਅੰਕ/NO. : 291

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 23 MARCH, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 10+6=16

## ਹਲਕਾਬੰਦੀ ਦੇ ਮੁੱਦੇ 'ਤੇ ਆਪੋਜ਼ੀਸ਼ਨ ਵੱਲੋਂ ਏਕੇ ਦਾ ਜ਼ਬਰਦਸਤ ਮੁਜ਼ਾਹਰਾ



**ਚੇਨਈ** : ਸੰਸਦੀ ਸੀਟਾਂ ਦੀ ਹਲਕਾਬੰਦੀ ਨੂੰ ਲੈ ਕੇ ਸਨਿੱਚਰਵਾਰ ਆਪੋਜ਼ੀਸ਼ਨ ਰਾਜਾਂ ਦੇ ਮੁੱਖ ਮੰਤਰੀਆਂ ਤੇ ਆਗੂਆਂ ਦੀ ਹੋਈ ਮੀਟਿੰਗ ਨੇ ਸੀਟਾਂ ਘਟਣੋਂ ਬਚਾਉਣ ਲਈ ਮਿਲ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ।

ਮੀਟਿੰਗ ਵਿੱਚ ਤਾਮਿਲਨਾਡੂ, ਕੇਰਲਾ, ਤੇਲੰਗਾਨਾ ਤੇ ਪੰਜਾਬ ਦੇ ਮੁੱਖ ਮੰਤਰੀ—ਐੱਮ ਕੇ ਸਟਾਲਿਨ, ਪਿਨਾਰਾਈ ਵਿਜਯਨ, ਰੇਵੰਤ ਰੈੱਡੀ ਤੇ ਭਗਵੰਤ ਸਿੰਘ ਮਾਨ ਅਤੇ ਕਰਨਾਟਕ ਦੇ ਉੱਪ ਮੁੱਖ ਮੰਤਰੀ ਡੀ ਕੇ ਸ਼ਿਵ ਕੁਮਾਰ ਤੋਂ ਇਲਾਵਾ ਭਾਰਤ ਰਾਸ਼ਟਰ ਸਮਿਤੀ ਦੇ ਆਗੂ ਤੇ ਤੇਲੰਗਾਨਾ ਦੇ ਸਾਬਕਾ ਮੰਤਰੀ ਕੇ ਟੀ ਰਾਮਾਰਾਓ ਅਤੇ ਸੀ ਪੀ ਆਈ, ਸੀ ਪੀ ਆਈ (ਐੱਮ), ਬੀਜੂ ਜਨਤਾ ਦਲ, ਆਪ, ਤ੍ਰਿਣਮੂਲ ਕਾਂਗਰਸ ਤੇ ਵਾਈ ਐੱਸ ਆਰ ਸੀ ਪੀ ਦੇ ਆਗੂ ਸ਼ਾਮਲ ਹੋਏ। ਇਸ ਦੌਰਾਨ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੀ ਅਗਵਾਈ ਵਿੱਚ ਇੱਕ ਸਾਂਝੀ ਐਕਸ਼ਨ ਕਮੇਟੀ ਬਣਾਈ ਗਈ। ਮੀਟਿੰਗ ਵਿੱਚ ਮਤਾ ਪਾਸ ਕਰਕੇ 1971 ਦੀ ਜਨਗਣਨਾ ਦੇ ਆਧਾਰ 'ਤੇ ਸੰਸਦੀ ਸੀਟਾਂ 'ਤੇ ਰੋਕ ਨੂੰ ਹੋਰ 25 ਸਾਲ ਤੱਕ ਵਧਾਉਣ ਦੀ ਮੰਗ ਕੀਤੀ ਗਈ। ਇਹ ਵੀ ਕਿਹਾ ਗਿਆ ਕਿ ਜਿਨ੍ਹਾਂ ਰਾਜਾਂ ਨੇ ਆਬਾਦੀ ਕੰਟਰੋਲ ਪ੍ਰੋਗਰਾਮ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ, ਉਨ੍ਹਾਂ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ। ਹਲਕਾਬੰਦੀ ਨੂੰ ਲੈ ਕੇ ਅਗਲੀ ਮੀਟਿੰਗ ਹੈਦਰਾਬਾਦ ਵਿੱਚ ਕਰਨ ਦਾ ਫੈਸਲਾ ਹੋਇਆ।

ਸਟਾਲਿਨ ਨੇ ਕਿਹਾ ਕਿ ਹਲਕਾਬੰਦੀ ਦੇ ਮੁੱਦੇ 'ਤੇ ਇਕਜੁੱਟ ਹੋਣਾ ਪੈਣਾ, ਵਰਨਾ ਸਾਡੀ ਪਛਾਣ ਖਤਰੇ ਵਿੱਚ ਪੈ ਜਾਵੇਗੀ। ਲੋਕ ਸਭਾ ਵਿੱਚ ਸਾਡੀ ਨੁਮਾਇੰਦਗੀ ਘੱਟ ਨਹੀਂ ਹੋਣੀ ਚਾਹੀਦੀ। ਸਾਨੂੰ ਇਸ ਸਿਆਸੀ ਲੜਾਈ ਨੂੰ ਅੱਗੇ ਲਿਜਾਣ ਲਈ ਕਾਨੂੰਨੀ ਪਹਿਲੂਆਂ 'ਤੇ ਵੀ ਵਿਚਾਰ ਕਰਨਾ ਪੈਣਾ। ਅਸੀਂ ਹਲਕਾਬੰਦੀ ਦੇ ਖਿਲਾਫ ਨਹੀਂ, ਪਰ ਨਿਰਪੱਖ ਹਲਕਾਬੰਦੀ ਚਾਹੁੰਦੇ ਹਾਂ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਜਿਨ੍ਹਾਂ ਰਾਜਾਂ ਵਿੱਚ ਜਿੱਤਦੀ ਨਹੀਂ ਹੈ, ਉੱਥੇ ਸੀਟਾਂ ਘਟਾਉਣ ਵੱਲ ਤੁਰੀ ਹੋਈ ਹੈ। ਕੀ ਦੱਖਣੀ ਭਾਰਤ ਨੂੰ ਅਬਾਦੀ ਕੰਟਰੋਲ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ? ਉਨ੍ਹਾ ਕਿਹਾ ਕਿ ਅਗਲੀਆਂ ਮੀਟਿੰਗਾਂ ਲਈ ਸੱਦਿਆ ਗਿਆ ਤਾਂ ਉਹ ਜ਼ਰੂਰ ਪਹੁੰਚਣਗੇ।

ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਕਿਹਾ ਕਿ ਲੋਕ ਸਭਾ ਸੀਟਾਂ ਦੀ ਹਲਕਾਬੰਦੀ ਤਲਵਾਰ ਦੀ ਤਰ੍ਹਾਂ ਲਟਕ ਰਹੀ ਹੈ। ਭਾਜਪਾ ਇਸ ਮਾਮਲੇ 'ਤੇ ਬਿਨਾਂ ਕਿਸੇ ਮਸ਼ਵਰੇ ਦੇ ਅੱਗੇ ਵਧ ਰਹੀ ਹੈ। ਦੱਖਣ ਭਾਰਤ ਵਿੱਚ ਸੀਟਾਂ 'ਚ ਕਟੌਤੀ ਤੇ ਉੱਤਰੀ ਭਾਰਤ ਵਿੱਚ ਵਾਧਾ ਭਾਜਪਾ ਲਈ ਫਾਇਦੇਮੰਦ ਹੋਵੇਗਾ। ਉੱਤਰ ਵਿੱਚ ਉਸ ਦਾ ਪ੍ਰਭਾਵ ਹੈ। ਭਾਜਪਾ ਦਾ ਫਾਰਮੂਲਾ ਇਹ ਹੈ ਕਿ ਹੁਣ ਤੁਹਾਡੀ ਆਬਾਦੀ ਘੱਟ ਹੈ, ਇਸ ਕਰਕੇ ਹੁਣ ਤੁਸੀਂ ਘੱਟ ਫੰਡਾਂ ਤੇ ਘੱਟ ਸੀਟਾਂ ਦੇ ਹੱਕਦਾਰ ਰਹਿ ਗਏ ਹੋ।

ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ ਨੇ ਕਿਹਾ ਕਿ ਜੇ ਹਲਕਾਬੰਦੀ ਆਬਾਦੀ ਦੇ ਆਧਾਰ 'ਤੇ ਹੋਈ ਤਾਂ ਦੱਖਣੀ ਭਾਰਤ ਦੀ ਸਿਆਸੀ ਤਾਕਤ ਘਟੇਗੀ ਤੇ ਉੱਤਰੀ ਰਾਜ ਭਾਰੂ ਹੋ ਜਾਣਗੇ। ਇਹ ਪਰਵਾਰ ਨਿਯੋਜਨ ਕਰਨ ਵਾਲੇ ਰਾਜਾਂ ਨੂੰ ਸਜ਼ਾ ਹੋਵੇਗੀ। ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕਿਹਾ ਕਿ ਹਲਕਾਬੰਦੀ ਸ਼ੁਰੂ ਕਰਨ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਨਾਲ ਚਰਚਾ ਹੋਣੀ ਚਾਹੀਦੀ ਹੈ। ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵ ਕੁਮਾਰ ਨੇ ਕਿਹਾ ਕਿ ਜਮਹੂਰੀਅਤ ਤੇ ਫੈਡਰਲਿਜ਼ਮ ਦੀ ਨੀਂਹ ਖਤਰੇ ਵਿੱਚ ਹੈ। ਸ਼ਿਵ ਸੈਨਾ ਆਗੂ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਕਿ ਉਮੀਦ ਹੈ ਕਿ ਆਂਧਰਾ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਵੀ ਇਸ ਘੋਲ ਵਿੱਚ ਸ਼ਾਮਲ ਹੋਣਗੇ, ਕਿਉਂਕਿ ਹਲਕਾਬੰਦੀ ਦਾ ਮੁੱਦਾ ਉਨ੍ਹਾ ਦੇ ਰਾਜ 'ਤੇ ਵੀ ਅਸਰ ਪਾਉਂਦਾ ਹੈ।

## ਬਾਬਾ ਅਰਜਨ ਸਿੰਘ ਭਦੌੜ ਦੀ ਬਰਸੀ 'ਤੇ ਮੁਤਹਿਦਾ ਸੰਘਰਸ਼ ਦਾ ਸੱਦਾ

**ਬਰਨਾਲਾ (ਰਾਜਿੰਦਰ ਬਰਾੜ)**




ਬਾਬਾ ਅਰਜਨ ਸਿੰਘ ਭਦੌੜ ਦੇ ਨਾਂਅ 'ਤੇ ਬਣੇ ਭਵਨ ਫਰੀਦ ਨਗਰ, ਬਰਨਾਲਾ ਵਿਖੇ ਸੀ ਪੀ ਆਈ ਵੱਲੋਂ ਉਹਨਾ ਦੀ ਬਰਸੀ ਮਨਾਈ ਗਈ, ਜਿਸ ਦੀ ਪ੍ਰਧਾਨਗੀ ਉਜਾਗਰ ਸਿੰਘ ਬੀਹਲਾ ਤੇ ਬਿੱਕਰ ਸਿੰਘ ਨੇ ਕੀਤੀ। ਸਟੇਜ ਦੀ ਕਾਰਵਾਈ ਖੁਸ਼ੀਆ ਸਿੰਘ ਜ਼ਿਲ੍ਹਾ ਸਕੱਤਰ ਸੀ ਪੀ ਆਈ ਬਰਨਾਲਾ ਨੇ ਕੀਤੀ।ਪੰਜਾਬ ਏਟਕ ਦੇ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਬਾਬਾ ਅਰਜਨ ਸਿੰਘ ਉੱਚ ਕੋਟੀ ਦੇ ਮੁਜ਼ਾਰਾ ਲਹਿਰ ਦੇ ਆਗੂ ਸਨ। 1952 ਦੀ ਵਿਧਾਨ ਸਭਾ ਪੈਪਸੂ ਸਰਕਾਰ ਵਿਚ 3 ਵਿਧਾਇਕ ਸੀ ਪੀ ਆਈ ਦੇ ਬਣੇ ਸਨ। ਉਨ੍ਹਾ ਗਿਆਨ ਸਿੰਘ ਰਾੜੇਵਾਲਾ ਨੂੰ ਇਸ ਸ਼ਰਤ 'ਤੇ ਹਮਾਇਤ ਕੀਤੀ ਕਿ ਖੇਤੀ ਕਰਦੇ ਕਿਸਾਨ ਤੇ ਮਜ਼ਦੂਰ ਦੇ ਹੱਕ ਵਿੱਚ ਕਾਨੂੰਨ ਬਣਾ ਕੇ ਉਨ੍ਹਾਂ ਤੋਂ ਥੋੜ੍ਹਾ ਜਿਹਾ ਮੁਆਵਜ਼ਾ ਲੈ ਕੇ 17 ਲੱਖ ਏਕੜ ਜ਼ਮੀਨਾਂ ਦੇ ਮਾਲਕ ਬਣਾਇਆ ਸੀ, ਪਰ ਅੱਜ ਦੇ ਐੱਮ ਐੱਲ ਏ ਵਾਂਗੂ ਵਿਕਦੇ ਨਹੀਂ ਸਨ। ਉਨ੍ਹਾ ਕਿਹਾ ਕਿ ਜੋ ਭਦੌੜ ਦੇ ਲੋਕਾਂ ਨੂੰ ਉਨ੍ਹਾਂ ਜ਼ਮੀਨ ਦੇ ਮਾਲਕ ਬਣਾਇਆ, ਉਨ੍ਹਾਂ ਨੂੰ ਇਹਨਾਂ ਦੀਆਂ ਬਰਸੀਆਂ ਮਨਾਉਣੀਆਂ ਚਾਹੀਦੀਆਂ ਹਨ। ਉਹਨਾ ਮਾਲਵਾ ਦੇ 784 ਪਿੰਡਾਂ ਵਿਚ ਜ਼ਮੀਨਾਂ ਦੀ ਵੰਡ ਕਰਾਈ। ਉਨ੍ਹਾ ਕਿਹਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਪੰਜਾਬ ਦੇ ਖ਼ਜ਼ਾਨੇ ਨੂੰ ਦੋਹੀਂ ਹੱਥੀਂ ਲੁੱਟਿਆ ਜਾ ਰਿਹਾ ਹੈ। ਟਰੱਕ ਯੂਨੀਅਨ ਦੇ ਪ੍ਰਧਾਨ ਬਣਾਉਣ 'ਤੇ ਲੱਖਾਂ ਰੁਪਏ ਦੇ ਸੌਦੇ ਲਾਏ ਜਾ ਰਹੇ ਹਨ।

ਸੀ ਪੀ ਆਈ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੋਦੀ ਸਰਕਾਰ ਤੋਂ ਵੱਧ ਕਿਸਾਨਾਂ 'ਤੇ ਜਬਰ ਕਰਕੇ ਉਨ੍ਹਾਂ ਦੇ ਘੋਲ ਦਾ ਨੁਕਸਾਨ ਕੀਤਾ ਹੈ। ਪੰਜਾਬ ਦੇ ਲੋਕ ਇਸ ਦਾ ਮੂੰਹ-ਤੋੜ ਜਵਾਬ ਦੇਣਗੇ। ਪੰਜਾਬ ਕਿਸਾਨ ਸਭਾ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਾਂਭਰ ਨੇ ਵੀ ਸੰਬੋਧਨ ਕੀਤਾ। ਕੁਲਵੰਤ ਸਿੰਘ ਪ੍ਰਧਾਨ ਬਾਬਾ ਚੰਦ ਸਿੰਘ ਦੇ ਭਤੀਜੇ ਨੇ ਵੀ ਕਿਸਾਨਾਂ ਦੀ ਵਿਗੜ ਰਹੀ ਹਾਲਤ 'ਤੇ ਚਾਨਣਾ ਪਾਇਆ। ਲਾਭ ਸਿੰਘ ਆਕਲੀਆ ਨੇ ਕਿਹਾ ਕਿ ਅੱਜ ਇਕੱਠੇ ਹੋ ਕੇ ਲੜਨ ਦੀ ਲੋੜ ਹੈ। ਮੋਦੀ ਵੱਲੋਂ ਲੋਕਾਂ 'ਤੇ ਵੱਡਾ ਹਮਲਾ ਕੀਤਾ ਜਾ ਰਿਹਾ ਹੈ। ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਮਾਸਟਰ ਬਿੱਕਰ ਸਿੰਘ ਨੇ ਕਿਹਾ ਕਿ ਬਾਬਾ ਅਰਜਨ ਸਿੰਘ ਭਦੌੜ ਦੀ ਪਾਰਟੀ ਸੀ ਪੀ ਆਈ ਦੇਸ਼ ਦੀਆਂ ਖੱਬੀਆਂ ਪਾਰਟੀਆਂ ਦੀ ਇੱਕ ਵੱਡੀ ਪਾਰਟੀ ਹੈ। ਅੱਜ ਲੋੜ ਹੈ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋਣ ਦੀ। ਮੋਦੀ ਦੇ ਵੱਡੇ ਹਮਲੇ ਹਨ। ਖੱਬੀਆਂ ਪਾਰਟੀਆਂ ਵੱਲੋਂ 2025 ਵਿਚ ਸੌ ਸਾਲਾ ਸ਼ਤਾਬਦੀ ਵਰ੍ਹਾ ਮਨਾਇਆ ਜਾ ਰਿਹਾ ਹੈ, ਇਸ ਨੂੰ ਸਾਰਿਆਂ ਨੂੰ ਰਲ ਕੇ ਮਨਾਉਣਾ ਚਾਹੀਦਾ ਹੈ। ਭੋਲਾ ਸਿੰਘ ਕਲਾਲਮਾਜਰਾ ਨੇ ਕਿਹਾ ਕਿ ਅੱਜ ਪੰਜਾਬ ਦੀ ਹਾਲਤ ਬਹੁਤ ਵਿਗੜ ਚੁੱਕੀ ਹੈ। ਪਿੰਡਾਂ ਵਿਚ ਜੋ ਆਪ ਦੀਆਂ ਪੰਚਾਇਤਾਂ ਹਨ, ਉਹ ਨਰੇਗਾ ਦੇ ਕੰਮ ਵਿਚ ਦਖ਼ਲ ਦੇ ਕੇ ਨਰੇਗਾ ਮਜ਼ਦੂਰਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀਆਂ ਹਨ। ਸਰਕਾਰ ਦਾ ਕੋਈ ਧਿਆਨ

• ਬਾਕੀ ਸਫਾ 2 'ਤੇ

## ਖੱਬੀਆਂ ਪਾਰਟੀਆਂ ਵੱਲੋਂ ਅੱਜ ਖਟਕੜ ਕਲਾਂ 'ਚ ਸ਼ਹੀਦੀ ਕਾਨਫਰੰਸ

**ਬੰਗਾ/ਸ਼ਾਹਕੋਟ (ਅਵਤਾਰ ਕਲੇਰ/ਗਿਆਨ ਸੈਦਪੁਰੀ)**



ਭਾਰਤ ਦੀ ਆਜ਼ਾਦੀ ਦੇ ਕੌਮੀ ਹੀਰੋ, ਨੌਜਵਾਨਾਂ ਦੇ ਰਾਹ-ਦਸੇਰਾ, ਮਾਰਕਸਵਾਦੀ ਵਿਚਾਰਧਾਰਾ ਦੇ ਆਗੂ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਸੀ ਪੀ ਆਈ ਅਤੇ ਸੀ ਪੀ ਆਈ ਐੱਮ ਵੱਲੋਂ ਸਾਂਝੀ ਕਾਨਫਰੰਸ ਖਟਕੜ ਕਲਾਂ ਵਿਖੇ 23 ਮਾਰਚ ਨੂੰ ਕੀਤੀ ਜਾਵੇਗੀ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ ਅਤੇ ਸੀ ਪੀ ਆਈ ਐੱਮ ਦੇ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ ਨੇ ਦੱਸਿਆ ਕਿ ਕਾਨਫਰੰਸ ਦੀਆਂ ਤਿਆਰੀਆਂ ਬੜੇ ਜ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਕਾਨਫਰੰਸ ਨੂੰ ਸੀ ਪੀ ਆਈ ਦੇ ਕੌਮੀ ਸਕੱਤਰੇਤ ਮੈਂਬਰ ਡਾ. ਕੇ ਨਰਾਇਣਾ ਤੇ ਰਾਜ ਸਭਾ ਮੈਂਬਰ ਪੀ ਪੀ ਸੁਨੀਰ, ਸੂਬਾ ਸਕੱਤਰ ਬੰਤ ਸਿੰਘ ਬਰਾੜ, ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਰਾਮ ਸਿੰਘ ਨੂਰਪੁਰੀ ਪ੍ਰਧਾਨ ਮਜ਼ਦੂਰ ਯੂਨੀਅਨ, ਮਹਾਂ ਸਿੰਘ ਰੋੜੀ ਤੇ ਦਰਸ਼ਨ ਸਿੰਘ ਮੱਟੂ ਸੰਬੋਧਨ ਕਰਨਗੇ। ਮਾਨਵਤਾ ਕਲਾ ਮੰਚ ਨਗਰ ਵੱਲੋਂ ਕੋਰੀਓਗਰਾਫੀਆਂ ਅਤੇ ਇਨਕਲਾਬੀ ਨਾਟਕ ਖੇਡੇ ਜਾਣਗੇ।ਇਸ ਮੌਕੇ ਪਰਮਿੰਦਰ ਮੇਨਕਾ ਬਲਾਚੌਰ, ਹੁਸਨ ਸਿੰਘ ਮਾਂਗਟ, ਕੁਲਦੀਪ ਝਿੰਗੜ, ਜਸਵਿੰਦਰ ਸਿੰਘ ਭੰਗਲ, ਗੁਰਦੀਪ ਗੁਲਾਟੀ ਤੇ ਅਮਰਜੀਤ ਮੇਹਲੀ ਆਦਿ ਮੌਜੂਦ ਸਨ। ਕਾਨਫਰੰਸ ਵਿੱਚ ਜਮਹੂਰੀਅਤ ਬਚਾਓ ਤੇ ਸੰਵਿਧਾਨ ਬਚਾਓ ਨਾਅਰੇ ਤਹਿਤ 23 ਮਾਰਚ ਤੋਂ ਡਾ. ਭੀਮ ਰਾਓ ਅੰਬੇਡਕਰ ਦੇ 14 ਅਪ੍ਰੈਲ ਨੂੰ ਜਨਮ ਦਿਨ ਤੱਕ ਸੀ ਪੀ ਆਈ ਵੱਲੋਂ ਅੰਦੋਲਨ ਚਲਾਇਆ ਜਾ ਰਿਹਾ ਹੈ। ਇਸ ਵਿੱਚ ਰੈਲੀਆਂ ਤੇ ਮੁਜ਼ਾਹਰੇ ਸ਼ਾਮਲ ਹੋਣਗੇ।

## ਤਿੰਨ ਦੀ ਮੁਹਾਲੀ ਰੈਲੀ ਲਈ ਪੂਰਾ ਤਾਣ ਲਾ ਦਿਓ : ਬਰਾੜ, ਧਾਲੀਵਾਲ

**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਅਤੇ ਸਰਮਾਏਦਾਰ ਸਨਅਤੀ ਘਰਾਣਿਆਂ ਪੱਖੀ ਰਵੱਈਏ ਦੇ ਵਿਰੁੱਧ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ 35000 ਰੁਪਏ ਮਹੀਨਾ ਨਿਰਧਾਰਤ ਕਰਨ ਦੀ ਜ਼ੋਰਦਾਰ ਮੰਗ ਨੂੰ ਲੈ ਕੇ 3 ਅਪ੍ਰੈਲ ਨੂੰ ਮੁਹਾਲੀ ਵਿਖੇ ਲੇਬਰ ਭਵਨ ਸੈਕਟਰ 64 ਦੇ ਸਾਹਮਣੇ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ। ਏਟਕ ਆਗੂਆਂ ਨੇ ਏਟਕ ਨਾਲ ਸੰਬੰਧਤ ਜਥੇਬੰਦੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਰੈਲੀ ਨੂੰ ਕਾਮਯਾਬ ਕਰਨ ਲਈ ਤਿਆਰੀ ਅਤੇ ਸ਼ਮੂਲੀਅਤ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣੀ ਚਾਹੀਦੀ, ਤਾਂ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ 12 ਸਾਲਾਂ ਤੋਂ ਘੱਟੋ—ਘੱਟ ਉਜਰਤਾਂ ਵਿੱਚ ਸੋਧ ਨਾ ਕੀਤੇ ਜਾਣ ਦੀ ਮੁਜਰਮਾਨਾ ਕੁਤਾਹੀ ਦੇ ਵਿਰੁੱਧ ਜ਼ਬਰਦਸਤ ਰੋਸ ਪ੍ਰਗਟ ਕੀਤਾ ਜਾ ਸਕੇ ਅਤੇ ਸਰਕਾਰ ਨੂੰ ਉਜਰਤਾਂ ਵਿੱਚ ਤੁਰੰਤ ਵਾਧਾ ਕਰਨ ਲਈ ਮਜਬੂਰ ਕੀਤਾ ਜਾ ਸਕੇ।

ਬਰਾੜ ਅਤੇ ਧਾਲੀਵਾਲ ਨੇ ਕਿਹਾ ਕਿ ਵਿਧਾਨ ਸਭਾ ਵਿੱਚ ਲੇਬਰ ਮੰਤਰੀ ਵੱਲੋਂ ਉਜਰਤਾਂ ਵਿੱਚ ਸੋਧ ਦੇ ਇੱਕ ਸੁਆਲ ਦਾ ਉਤਰ ਦਿੰਦਿਆਂ ਕਿਹਾ ਗਿਆ ਕਿ ਸਰਕਾਰ ਇਸੇ ਸਾਲ ਉਜਰਤਾਂ ਵਿੱਚ ਸੋਧ ਕਰੇਗੀ, ਜਿਸ ਦਾ ਸਪੱਸ਼ਟ ਭਾਵ ਹੈ ਕਿ ਸਰਕਾਰ ਅਜੇ ਵੀ ਇਸ ਸਾਲ ਦੇ ਅੰਤ ਤੱਕ ਇਸ ਮੁੱਦੇ ਨੂੰ ਲਟਕਾਉਣਾ ਚਾਹੁੰਦੀ ਹੈ।ਸੁਆਲ ਕਰਨ ਵਾਲੇ ਐੱਮ ਐੱਲ ਏ ਕੁਲਵੰਤ ਸਿੰਘ ਨੇ ਕੋਈ ਦਬਾਅ ਨਹੀਂ ਪਾਇਆ ਕਿ ਉਜਰਤਾਂ ਜਲਦੀ ਕਿਉਂ ਨਹੀਂ ਵਧਾਈਆਂ ਜਾ ਸਕਦੀਆਂ।ਸਪੱਸ਼ਟ ਹੀ ਹੈ ਕਿ ਉਹ ਵੀ ਝੂਠੀ ਹਮਦਰਦੀ ਜਿਤਾ ਕੇ ਮਜ਼ਦੂਰਾਂ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਏਟਕ ਆਗੂਆਂ ਦੱਸਿਆ ਕਿ 13 ਦਸੰਬਰ 2024 ਨੂੰ ਮਿਨੀਮਮ ਵੇਜਿਜ਼ ਅਡਵਾਇਜ਼ਰੀ ਬੋਰਡ ਦੀ ਮੀਟਿੰਗ ਵਿੱਚ ਮੰਤਰੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਬਿਨਾਂ ਦੇਰੀ ਵਾਧਾ ਕਰ ਦਿੱਤਾ

• ਬਾਕੀ ਸਫਾ 2 'ਤੇ

## ਅੰਮ੍ਰਿਤਸਰ ਅੱਡੇ 'ਤੇ ਹਿਮਾਚਲ ਦੀਆਂ ਬੱਸਾਂ ਦੇ ਸ਼ੀਸ਼ੇ ਤੋੜੇ

**ਸ਼ਿਮਲਾ** : ਅੰਮ੍ਰਿਤਸਰ ਬੱਸ ਸਟੈਂਡ 'ਤੇ ਸ਼ੁੱਕਰਵਾਰ ਰਾਤ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਐੱਚ ਆਰ ਟੀ ਸੀ) ਦੀਆਂ ਤਿੰਨ ਬੱਸਾਂ ਦੇ ਅਗਲੇ ਸ਼ੀਸ਼ੇ ਤੋੜ ਦਿੱਤੇ ਗਏ, ਜਦੋਂਕਿ ਅੰਮ੍ਰਿਤਸਰ-ਹਮੀਰਪੁਰ ਰੂਟ 'ਤੇ ਦੀ ਬੱਸ 'ਤੇ ਨਾਅਰੇ ਲਿਖ ਦਿੱਤੇ ਗਏ। ਪ੍ਰਭਾਵਤ ਬੱਸਾਂ ਵਿੱਚ ਅੰਮ੍ਰਿਤਸਰ-ਬਿਲਾਸਪੁਰ, ਅੰਮ੍ਰਿਤਸਰ-ਸੁਜਾਨਪੁਰ ਅਤੇ ਅੰਮ੍ਰਿਤਸਰ-ਜਵਾਲਾ ਜੀ ਰੂਟਾਂ 'ਤੇ ਚੱਲਣ ਵਾਲੀਆਂ ਬੱਸਾਂ ਸ਼ਾਮਲ ਹਨ। ਐੱਚ ਆਰ ਟੀ ਸੀ ਦੇ ਮੈਨੇਜਿੰਗ ਡਾਇਰੈਕਟਰ ਨਿਪੁਨ ਜਿੰਦਲ ਨੇ ਕਿਹਾ ਕਿ ਮਾਮਲਾ ਅੰਮ੍ਰਿਤਸਰ ਪੁਲਸ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ।

ਭੰਨ-ਤੋੜ ਦੀ ਇਹ ਕਾਰਵਾਈ ਇਸ ਤੋਂ ਪਹਿਲਾਂ ਖਰੜ ਵਿੱਚ ਤੋੜੀ ਗਈ ਬੱਸ ਤੋਂ ਬਾਅਦ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਵਿਚਕਾਰ ਪਹਿਲਾਂ ਹੋਈ ਗੱਲਬਾਤ ਦੇ ਬਾਵਜੂਦ ਵਾਪਰੀ ਹੈ। ਗੱਲਬਾਤ ਦੌਰਾਨ ਮੁੱਦੇ ਨੂੰ ਹੱਲ ਕਰਨ ਲਈ ਡੀ ਜੀ ਪੀ ਪੱਧਰ ਦੇ ਅਧਿਕਾਰੀਆਂ ਨੂੰ ਸੌਂਪਣ ਲਈ ਸਹਿਮਤੀ ਜਤਾਈ ਗਈ ਸੀ।

## ਮਹਾਯੱਗ 'ਚ ਗੋਲੀ ਚੱਲ ਗਈ, ਘਟੀਆ ਭੰਡਾਰੇ ਤੋਂ ਜਜ਼ਮਾਨ ਭੜਕੇ, ਸੜਕ ਜਾਮ

**ਕੁਰੂਕਸ਼ੇਤਰ** : ਇੱਥੇ ਕੇਸ਼ਵ ਥੀਮ ਪਾਰਕ 'ਚ ਚੱਲ ਰਹੇ 1008 ਕੁੰਡੀਯ ਸ਼ਿਵ ਸ਼ਕਤੀ ਮਹਾਯੱਗ 'ਚ ਸਨਿੱਚਰਵਾਰ ਸਵੇਰੇ ਹੰਗਾਮਾ ਹੋ ਗਿਆ ਤੇ ਗੋਲੀ ਵੀ ਚੱਲ ਗਈ, ਜਿਸ ਨਾਲ ਲਖਨਊ ਤੋਂ ਆਇਆ ਬ੍ਰਾਹਮਣ ਆਸ਼ੀਸ਼ ਤਿਵਾੜੀ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕਰਨਾ ਪਿਆ। ਇਸ ਘਟਨਾ ਤੋਂ ਬਾਅਦ ਯੱਗ ਵਿੱਚ ਆਏ ਬ੍ਰਾਹਮਣਾਂ 'ਚ ਰੋਸ ਫੈਲ ਗਿਆ ਤੇ ਉਨ੍ਹਾਂ ਪਾਰਕ ਦੇ ਬਾਹਰ ਸੜਕ ਜਾਮ ਕਰ ਦਿੱਤੀ। ਪੁਲਸ ਨੇ ਪਹੁੰਚ ਕੇ ਜਾਮ ਖੁਲ੍ਹਵਾਇਆ, ਪਰ ਇਸੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਯੱਗਸ਼ਾਲਾ ਤੇ ਉਸ ਦਾ ਮੁੱਖ ਦਵਾਰ ਭੰਨ ਦਿੱਤਾ। ਉਨ੍ਹਾਂ ਬੈਨਰ ਤੇ ਹੋਰਡਿੰਗ ਵੀ ਪਾੜ ਦਿੱਤੇ। ਮਹਾਯੱਗ ਵਿੱਚ ਹਿੱਸਾ ਲੈਣ ਲਈ ਵੱਖ-ਵੱਖ ਰਾਜਾਂ ਤੋਂ ਪਹੁੰਚੇ ਬ੍ਰਾਹਮਣਾਂ ਨੇ ਕਿਹਾ ਕਿ ਉਨ੍ਹਾ ਘਟੀਆ ਕੁਆਲਿਟੀ ਦਾ ਭੋਜਨ ਛਕਾਉਣ 'ਤੇ ਇਤਰਾਜ਼ ਕੀਤਾ ਤਾਂ ਜਥੇਬੰਦਕ ਖਿਝ ਗਏ। ਜਥੇਬੰਦਕ ਦੇ ਗੰਨਮੈਨ ਨੇ ਗੋਲੀ ਚਲਾ ਦਿੱਤੀ।

## ਗਾਜ਼ਾ ਦਾ ਇਕਲੌਤਾ ਕੈਂਸਰ ਹਸਪਤਾਲ ਤਬਾਹ

**ਯੇਰੋਸ਼ਲਮ** : ਇਜ਼ਰਾਈਲੀ ਫੌਜਾਂ ਨੇ ਗਾਜ਼ਾ ਪੱਟੀ ਦੇ ਧੁਰ ਅੰਦਰ ਜਾ ਕੇ ਨੇਤਜ਼ਰੀਮ ਲਾਂਘੇ ਵਿੱਖੇ ਇਕਲੌਤਾ ਕੈਂਸਰ ਹਸਪਤਾਲ ਤਬਾਹ ਕਰ ਦਿੱਤਾ। ਇਹ ਹਸਪਤਾਲ ਤੁਰਕੀ ਦੀ ਮਦਦ ਨਾਲ ਬਣਾਇਆ ਗਿਆ ਸੀ।

ਇਜ਼ਰਾਈਲੀ ਦੇ ਰੱਖਿਆ ਮੰਤਰੀ ਨੇ ਕਿਹਾ ਹੈ ਕਿ ਜੇ ਹਮਾਸ ਨੇ ਰਹਿੰਦੇ 59 ਇਜ਼ਰਾਈਲੀ ਬੰਦੀ ਨਾ ਛੱਡੇ ਤਾਂ ਉਹ ਪਹਿਲਾਂ ਨਾਲੋਂ ਵੀ ਵੱਡੀ ਤਬਾਹੀ ਮਚਾਉਣਗੇ।

## ਬਰੈਂਪਟਨ 'ਚ ਦੋ ਪੰਜਾਬੀ ਫਰਜ਼ੀਵਾੜੇ 'ਚ ਗ੍ਰਿਫਤਾਰ

**ਵੈਨਕੂਵਰ** : ਪੀਲ ਪੁਲਸ ਦੇ ਤਕਨੀਕੀ ਵਿਸ਼ੇਸ਼ ਜਾਂਚ ਦਲ ਨੇ ਬਰੈਂਪਟਨ ਰਹਿੰਦੇ ਦੋ ਪੰਜਾਬੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਚੋਰੀ ਕੀਤੇ ਟਰੱਕਾਂ ਦੇ ਵਹੀਕਲ ਪਛਾਣ ਨੰਬਰ (ਵਿਨ) ਨੰਬਰ ਬਦਲਣ ਤੋਂ ਬਾਅਦ ਉਨ੍ਹਾਂ ਨੂੰ ਜਾਲ੍ਹੀ ਕਾਗਜ਼ਾਤ ਨਾਲ ਨਵੀਂ ਰਜਿਸਟਰੇਸ਼ਨ ਰਾਹੀਂ ਅਗਾਂਹ ਗਾਹਕਾਂ ਨੂੰ ਵੇਚਦੇ ਸਨ। ਦੋਹਾਂ ਮੁਲਜ਼ਮਾਂ ਦੀ ਪਛਾਣ ਬਰੈਂਪਟਨ ਦੇ ਰਹਿਣ ਵਾਲੇ ਇੰਦਰਜੀਤ ਸਿੰਘ ਵਾਲੀਆ (50) ਅਤੇ ਨਰਿੰਦਰ ਛੋਕਰ (43) ਵਜੋਂ ਹੋਈ ਹੈ।

ਨਰਿੰਦਰ ਛੋਕਰ ਪਹਿਲਾਂ ਹੀ ਅਜਿਹੇ ਇਕ ਅਪਰਾਧਕ ਮਾਮਲੇ ਦੀ ਜ਼ਮਾਨਤ ਤੋਂ ਭਗੌੜਾ ਸੀ। ਪੁਲਸ ਨੇ ਚੋਰੀ ਕੀਤੇ ਸਾਮਾਨ ਦੀ ਕੀਮਤ ਸਾਢੇ 14 ਲੱਖ ਡਾਲਰ (ਕਰੀਬ 9 ਕਰੋੜ ਰੁਪਏ) ਆਂਕੀ ਹੈ।

ਪੁਲਸ ਮੁਤਾਬਕ ਪਤਾ ਲੱਗਾ ਸੀ ਕਿ ਬਰੈਂਪਟਨ ਦੇ ਡੈਰੀ ਰੋਡ ਪੂਰਬ ਅਤੇ ਬੈਕਟ ਡਰਾਈਵ ਸਥਿਤ ਟਰੱਕ ਰਿਪੇਅਰ ਵਰਕਸ਼ਾਪ ਵਿੱਚ ਚੋਰੀਸ਼ੁਦਾ ਟਰੱਕਾਂ ਦੇ ਵਿਨ ਨੰਬਰਾਂ ਦੀ ਭੰਨ-ਤੋੜ ਰਾਹੀਂ ਪਛਾਣ ਬਦਲ ਕੇ ਵੇਚ ਦਿੱਤਾ ਜਾਂਦਾ ਹੈ। ਅਦਾਲਤ ਤੋਂ ਤਲਾਸ਼ੀ ਵਰੰਟ ਲੈ ਕੇ ਛਾਪਾ ਮਾਰਿਆ ਤਾਂ ਦੋਵੇਂ ਮੁਲਜ਼ਮ ਵਿਨ ਨੰਬਰ ਬਦਲਣ ਦੇ ਕੰਮ ਵਿੱਚ ਲੱਗੇ ਹੋਏ ਮੌਕੇ 'ਤੇ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਮੁਸ਼ਕਲ ਬਹੁਤ ਹੈ ਨੌਕਰੀ ਮਸਾਂ ਮਿਲਦੀ,
ਮਿਲਦੀ ਜਦੋਂ ਤਾਂ ਚੜ੍ਹੇ ਫਿਰ ਚਾਅ ਬੇਲੀ।
ਲੱਗਾ ਜਿਨ੍ਹਾਂ ਲਈ ਹਾਲੇ ਨਹੀਂ ਵਾਰ ਹੁੰਦਾ,
ਕਹਿੰਦੇ ਲੱਗ ਗਿਆ ਏਸ ਦਾ ਦਾਅ ਬੇਲੀ।
ਕਈ ਤਾਂ ਇਹ ਵੀ ਕਹਿਣ ਨੂੰ ਪੁੱਜ ਜਾਂਦੇ,
ਲੱਗਾ ਪੋਸਟ ਦਾ ਕਿੰਨਾ ਦੱਸ ਭਾਅ ਬੇਲੀ।
ਸੁਣਨ ਵਾਲੇ ਨੂੰ ਆਉਂਦਾ ਹੈ ਕਦੇ ਹਾਸਾ,
ਕਦੇ ਆਵੇ ਫਿਰ ਸੁਣਦਿਆਂ ਤਾਅ ਬੇਲੀ।
ਏਨੀ ਮੁਸ਼ਕਲ ਇਹ ਨੌਕਰੀ ਮਿਲੀ ਹੁੰਦੀ,
ਰੱਖਣਾ ਚਾਹੀਦਾ ਇਹਦਾ ਈ ਮਾਣ ਬੇਲੀ।
ਚੰਦ ਕੁ ਨੋਟਾਂ ਦੇ ਖਾਤਰ ਜੋ ਜਾਣ ਪਕੜੇ,
ਕਰਦੇ ਪਾਪੀ ਉਹ ਮਾਣ ਦਾ ਘਾਣ ਬੇਲੀ।

-ਤੀਸ ਮਾਰ ਖਾਂ

## ਹਿਮਾਚਲ 'ਚ ਪੰਜਾਬੀ ਸੈਲਾਨੀਆਂ ਨੇ ਢਾਬਾ ਮਾਲਕ ਨੂੰ ਗੋਲੀ ਮਾਰੀ

**ਮੰਡੀ** : ਚੋਰੀ ਦਾ ਵਿਰੋਧ ਕਰਨ 'ਤੇ ਹਿਮਾਚਲ ਦੇ ਮੰਡੀ ਜ਼ਿਲ੍ਹੇ ਵਿੱਚ ਦੋ ਪੰਜਾਬੀ ਸੈਲਾਨੀਆਂ ਨੇ ਢਾਬਾ ਮਾਲਕ 'ਤੇ ਗੋਲੀ ਚਲਾ ਦਿੱਤੀ। ਘਟਨਾ ਸ਼ੁੱਕਰਵਾਰ ਰਾਤ ਲਗਭਗ 12 ਵਜੇ ਪੁਲਘਰਾਟ ਖੇਤਰ ਵਿੱਚ ਸਥਿਤ ਰੋਇਲ ਲੇਸ ਢਾਬੇ 'ਤੇ ਵਾਪਰੀ, ਜਦੋਂ ਢਾਬਾ ਮਾਲਕ ਪ੍ਰਦੀਪ ਗੁਲੇਰੀਆ (55) ਨੇ ਕਥਿਤ ਚੋਰੀ ਦਾ ਵਿਰੋਧ ਕੀਤਾ। ਗੋਲੀ ਪ੍ਰਦੀਪ ਦੇ ਹੱਥ ਅਤੇ ਮੂੰਹ 'ਤੇ ਲੱਗੀ, ਜਿਸ ਨੂੰ ਇਲਾਜ ਲਈ ਨੇਰਚੌਕ ਮੈਡੀਕਲ ਕਾਲਜ ਰੈਫਰ ਕੀਤਾ ਗਿਆ ਹੈ। ਢਾਬਾ ਕਰਮੀਆਂ ਨੇ ਦੱਸਿਆ ਕਿ ਰਾਤ ਦੇ ਕਰੀਬ 11:30 ਵਜੇ ਦੋ ਸੈਲਾਨੀ ਮੋਟਰਸਾਈਕਲ 'ਤੇ ਆਏ ਅਤੇ ਖਾਣਾ ਪੈਕ ਕਰਨ ਦਾ ਆਰਡਰ ਦਿੱਤਾ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਰਸੋਈ ਵਿੱਚ ਚਲਾ ਗਿਆ, ਜਦਕਿ ਦੂਜਾ ਗੱਲੇ ਤੋਂ ਪੈਸੇ ਕੱਢ ਰਿਹਾ ਸੀ। ਉਸ ਨੇ ਬਾਹਰ ਲੱਗੀ

• ਬਾਕੀ ਸਫਾ 2 'ਤੇ




## ਗੜ੍ਹੀ ਨੂੰ ਐੱਸ ਸੀ ਕਮਿਸ਼ਨ ਦਾ ਚੇਅਰਮੈਨ ਲਗਾਉਣਾ ਸ਼ਲਾਘਾਯੋਗ ਫੈਸਲਾ : ਦਵਿੰਦਰ ਸਲੇਮਪੁਰੀ



**ਜਗਰਾਉਂ (ਸੰਜੀਵ ਅਰੋੜਾ)**-ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਜਸਵੀਰ ਸਿੰਘ ਗੜ੍ਹੀ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦਾ ਚੇਅਰਮੈਨ ਲਗਾਉਣਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਜਸਵੀਰ ਸਿੰਘ ਗੜ੍ਹੀ ਇਸ ਅਹੁਦੇ ਲਈ ਬੇਹੱਦ ਕਾਬਲ ਇਨਸਾਨ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਆਗੂ ਸਰਪੰਚ ਦਵਿੰਦਰ ਸਿੰਘ ਸਲੇਮਪੁਰੀ ਨੇ ਪੱਤਰਕਾਰਾਂ ਨਾਲ ਭੇਂਟਵਾਰਤਾ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਜਸਵੀਰ ਸਿੰਘ ਗੜ੍ਹੀ ਜ਼ਮੀਨ ਨਾਲ ਜੁੜੇ ਹੋਏ ਇਨਸਾਨ ਹਨ, ਉਹ ਪੰਜਾਬ ਦੇ ਦਲਿਤ, ਗਰੀਬ ਗੁਰਬਿਆਂ ਦੇ ਨਾਲ ਹੁੰਦੀਆਂ ਜ਼ਿਆਦਤੀਆਂ ਧੱਕੇਸ਼ਾਹੀਆਂ ਨੂੰ ਬੇਹੱਦ ਕਰੀਬ ਤੋਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਅੱਜ ਅਸੀਂ ਚੇਅਰਮੈਨ ਨੂੰ ਮਿਲ ਕੇ ਮੁਬਾਰਕਬਾਦ ਦਿੱਤੀ ਤੇ ਪੰਜਾਬ ਦੇ ਗਰੀਬ, ਦਲਿਤ ਵਰਗ ਨੂੰ ਆਉਂਦੀਆਂ ਕਈ ਸਮੱਸਿਆਵਾਂ ਬਾਰੇ ਚਰਚਾ ਕੀਤੀ। ਇਸ ਸਮੇਂ ਡਾ. ਅੰਬੇਡਕਰ ਸਟੱਡੀ ਸੈਂਟਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਡਾ. ਕੁਲਵਿੰਦਰ ਸਿੰਘ, ਸੰਦੀਪ ਸਿੰਘ ਸਹੋਤਾ, ਕਮਲਜੀਤ ਸਿੰਘ ਮੋਨੂੰ, ਗੁਰਸੇਵਕ ਸਿੰਘ ਸਿੰਮਕ, ਬਲਜੀਤ ਸਿੰਘ ਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸਿੱਖ ਯੂਥ ਵੈੱਲਫੇਅਰ ਸੁਸਾਇਟੀ ਵੱਲੋਂ ਐੱਸ ਐੱਸ ਪੀ ਦਾ ਸਨਮਾਨ



**ਜਗਰਾਉਂ (ਸੰਜੀਵ ਅਰੋੜਾ)**-ਸੂਬੇ ਅੰਦਰ ਪੰਜਾਬ ਸਰਕਾਰ ਤੇ ਪੁਲਸ ਵੱਲੋਂ ਚਲਾਈ ਨਸ਼ਿਆਂ ਵਿਰੁੱਧ ਮੁਹਿੰਮ ਦੀ ਹਰ ਵਪਾਰੀ ਵਰਗ ਤੇ ਆਮ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਮੁਹਿੰਮ ਨਾਲ ਨਸ਼ਿਆਂ ਨੂੰ ਠੱਲ੍ਹ ਜ਼ਰੂਰ ਪਵੇਗੀ। ਅੱਜ ਜਗਰਾਉਂ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਕੀਤੀ ਕਾਰਵਾਈ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਵਪਾਰੀਆਂ ਦਾ ਇੱਕ ਵਫ਼ਦ ਸਿੱਖ ਯੂਥ ਵੈੱਲਫੇਅਰ ਸੁਸਾਇਟੀ ਦੀ ਅਗਵਾਈ ਹੇਠ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਨੂੰ ਮਿਲਿਆ। ਇਸ ਮੌਕੇ ਉਨ੍ਹਾਂ ਵੱਲੋਂ ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਨੂੰ ਸਨਮਾਨਤ ਕੀਤਾ ਗਿਆ, ਉਥੇ ਜਗਰਾਉਂ ਪੁਲਸ ਵੱਲੋਂ ਨਸ਼ਿਆਂ ਖਿਲਾਫ਼ ਚਲਾਈ ਗਈ ਮੁਹਿੰਮ ਦੀ ਸ਼ਲਾਘਾ ਕਰਦਿਆਂ ਐੱਸ ਐੱਸ ਪੀ ਨੂੰ ਵਧਾਈ ਦਿੱਤੀ। ਇਸ ਮੌਕੇ ਐੱਸ ਐੱਸ ਪੀ ਨੇ ਵਪਾਰੀਆਂ ਤੇ ਦੁਕਾਨਦਾਰਾਂ ਤੋਂ ਸ਼ਹਿਰ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਪੁੱਛਿਆ ਤੇ ਸੁਝਾਅ ਮੰਗੇ। ਇਸ ਮੌਕੇ ਐੱਸ ਐੱਸ ਪੀ ਨੇ ਸ਼ਹਿਰ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਧਿਆਨ ਨਾਲ ਸੁਣਿਆ ਤੇ ਉਨ੍ਹਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾ ਕਿਹਾ ਕਿ ਨਸ਼ਿਆਂ ਦੀ ਚੇਨ ਨੂੰ ਤੋੜਨ ਲਈ ਤੁਹਾਡੇ ਸਹਿਯੋਗ ਦੀ ਬਹੁਤ ਲੋੜ ਹੈ, ਕਿਉਂਕਿ ਪਬਲਿਕ ਦੇ ਸਾਥ ਨਾਲ ਸਭ ਕੁਝ ਸੰਭਵ ਹੋ ਸਕਦਾ ਹੈ। ਇਸ ਮੌਕੇ ਸਿੱਖ ਯੂਥ ਵੈੱਲਫੇਅਰ ਸੁਸਾਇਟੀ ਦੇ ਸਰਪ੍ਰਸਤ ਗੁਰਸ਼ਰਨ ਸਿੰਘ ਮਿਗਲਾਨੀ, ਪਰਮਜੀਤ ਸਿੰਘ ਗਰੇਵਾਲ, ਚੇਅਰਮੈਨ ਗਗਨਦੀਪ ਸਿੰਘ ਸਰਨਾ, ਰਮਨ ਅਰੋੜਾ, ਸਮਾਜਸੇਵੀ ਕੁਲਦੀਪ ਸਿੰਘ ਬੋਪਾਰਾਏ, ਜਗਦੀਪ ਸਿੰਘ ਸੱਗੂ, ਜਨਰਲ ਸਕੱਤਰ ਗੁਰਮੀਤ ਸਿੰਘ ਮਿਗਲਾਨੀ, ਪ੍ਰਿੰਸ ਮਸੌਣ, ਲਵਿੰਦਰ ਸਿੰਘ ਰਾਣਾ ਤੇ ਕਮਲਜੀਤ ਸਿੰਘ ਆਦਿ ਹਾਜ਼ਰ ਸਨ।

## ਕਿਸਾਨਾਂ-ਮਜ਼ਦੂਰਾਂ ਨੇ ਫੂਕਿਆ ਭਗਵੰਤ ਮਾਨ ਦਾ ਪੁਤਲਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਅਗਵਾਈ ਵਿੱਚ ਪਿੰਡ ਪੁਰਾਣੀ ਤੇ ਪਿੰਡ ਨਵੀਂ ਪਿਪਲੀ ਦੇ ਕਿਸਾਨਾਂ ਤੇ ਮਜ਼ਦੂਰਾਂ ਨੇ ਭਗਵੰਤ ਮਾਨ ਦਾ ਪੁਤਲਾ ਫੂਕਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ।ਇਕੱਠੇ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਇਕਾਈ ਦੇ ਪ੍ਰਧਾਨ ਤੇ ਬਲਾਕ ਆਗੂ ਗੁਰਦਾਸ ਸਿੰਘ ਬਰਾੜ, ਨਰੇਗਾ ਮਜ਼ਦੂਰਾਂ ਦੇ ਆਗੂ ਕਾਮਰੇਡ ਗੋਰਾ ਪਿਪਲੀ, ਪੁਰਾਣੀ ਪੀਪਲੀ ਦੇ ਆਗੂ ਗੋਰਾ ਸਿੰਘ ਬਰਾੜ ਸਾਬਕਾ ਸਰਪੰਚ ਆਦਿ ਆਗੂਆਂ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹ ਹੋਇਆ ਹੈ ਕਿ ਸਵੇਰੇ ਕਿਸਾਨ ਆਗੂਆਂ ਨੂੰ ਮੀਟਿੰਗ ਦਾ ਸੱਦਾ ਦੇ ਕੇ ਸ਼ਾਮ ਨੂੰ ਮੀਟਿੰਗ 'ਚੋਂ ਬਾਹਰ ਆਉਂਦਿਆਂ ਨੂੰ ਗ੍ਰਿਫਤਾਰ ਕਰ ਲਿਆ ਹੋਵੇ।ਇਸ ਸ਼ਰਮਨਾਕ ਕਾਰੇ ਕਰਕੇ ਭਗਵੰਤ ਮਾਨ ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ।ਭਗਵੰਤ ਮਾਨ ਕੇਂਦਰ ਦੀ ਮੋਦੀ ਸਰਕਾਰ ਦਾ ਹੱਥ ਠੋਕਾ ਬਣਿਆ ਹੋਇਆ ਹੈ ਤੇ ਬੀਜੇਪੀ ਦੀ ਬੀ ਟੀਮ ਸਾਬਿਤ ਹੋ ਰਿਹਾ ਹੈ। ਇਸ ਤੋਂ ਪਹਿਲਾਂ ਬੀਜੇਪੀ ਸਰਕਾਰ ਦੀ ਇਹ ਹਿੰਮਤ ਨਹੀਂ ਪਈ ਸੀ, ਪਰ ਆਪਣੇ ਆਪ ਨੂੰ ਧੋਖਾ ਦੇਣ ਦੀ ਇੱਕ ਹੋਰ ਮਿਸਾਲ ਕਾਇਮ ਹੋ ਗਈ ਹੈ, ਹੁਣ 2027 ਦੀਆਂ ਚੋਣਾਂ ਵਿੱਚ ਲੋਕ ਇਸ ਪਾਰਟੀ ਦੇ ਆਗੂਆਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਕੇਂਦਰ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੀ ਜ਼ਮੀਨ 'ਤੇ ਆਪਣੇ ਚਹੇਤਿਆਂ ਅਡਾਨੀ ਅਬਾਨੀ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ, ਪਰ ਪੰਜਾਬ ਦੇ ਕਿਸਾਨ ਇਹ ਕਦੇ ਨਹੀਂ ਹੋਣ ਦੇਣਗੇ।ਆਖਰ ਵਿੱਚ ਇਕੱਠੇ ਹੋਏ ਕਿਸਾਨਾਂ ਨੇ ਭਗਵੰਤ ਮਾਨ ਦਾ ਪੁਤਲਾ ਫੂਕਿਆ ਅਤੇ ਕੇਂਦਰ ਤੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਾਏ।ਇਸ ਸਮੇਂ ਦਰਸ਼ਨ ਸਿੰਘ ਪ੍ਰਧਾਨ, ਕੁਲਵੰਤ ਸਿੰਘ ਪ੍ਰਧਾਨ, ਹਰਮੀਤ ਸਿੰਘ, ਗੁਰਮੀਤ ਸਿੰਘ, ਗੁਰਪਿਆਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

## ਪ੍ਰੋਪਰਟੀ ਡੀਲਰ 'ਤੇ ਜਾਨਲੇਵਾ ਹਮਲਾ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਮਾਰਕੁੱਟ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ, ਜਿਸ ਨੂੰ ਲੈ ਕੇ ਸ਼ਹਿਰ ਵਾਸੀਆਂ 'ਚ ਸਰਕਾਰ ਤੇ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ।ਅਜਿਹਾ ਹੀ ਇੱਕ ਕੁੱਟਮਾਰ ਦਾ ਮਾਮਲਾ ਬੀਤੀ ਵੀਰਵਾਰ ਦੀ ਸ਼ਾਮ ਨੂੰ ਸਾਹਮਣੇ ਆਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸ਼ਾਮ 5.30 ਵਜੇ ਦੇ ਕਰੀਬ ਭਾਈ ਕਨ੍ਹੱਈਆ ਰੋਡ ਵਾਲੀ ਸਾਇਡ ਤੋਂ ਇੱਕ ਚਿੱਟੇ ਰੰਗ ਦੀ ਕਾਰ ਆਈ, ਜਿਸ 'ਚ ਸਵਾਰ ਹਮਲਾਵਾਰਾਂ ਨੇ ਬਰੇਟਾ ਕੈਚੀਆਂ ਤੋਂ ਬੁਢਲਾਡਾ ਵੱਲ ਜਾ ਰਹੀ ਥਾਰ ਕਾਰ ਦੇ ਮਾਲਕ ਤੇ ਤੇਜ਼ਧਾਰ ਹਥਿਆਰਾ ਨਾਲ ਹਮਲਾ ਕਰਕੇ ਥਾਰ ਚਾਲਕ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਤੇ ਥਾਰ ਗੱਡੀ ਦੀ ਵੀ ਭੰਨ-ਤੋੜ ਕਰ ਦਿੱਤੀ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮੇਵਾ ਸਿੰਘ ਨੇ ਦੱਸਿਆ ਕਿ ਬਰੇਟਾ ਦਾ ਵਸਨੀਕ ਕ੍ਰਿਸ਼ਨ ਸ਼ਰਮਾ, ਜੋ ਪ੍ਰੋਪਟਰੀ ਡੀਲਰ ਦਾ ਕੰਮ ਕਰਦਾ ਹੈ, ਉਹ ਹਰ ਰੋਜ਼ ਦੀ ਤਰ੍ਹਾਂ ਸ਼ਾਮ ਸਮੇ ਆਪਣੇ ਦਫਤਰ ਤੋਂ ਆਪਣੇ ਘਰ ਮੁਲਾਜ਼ਮ ਕਲੋਨੀ ਵੱਲ ਜਾ ਰਿਹਾ ਸੀ ਤਾਂ ਕੁਝ ਵਿਅਕਤੀ ਚਿੱਟੇ ਰੰਗ ਦੀ ਗੱਡੀ 'ਚ ਆਏ ਤੇ ਜਿਨ੍ਹਾਂ ਨੇ ਕ੍ਰਿਸ਼ਨ ਸ਼ਰਮਾ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ, ਜਿਸ ਨੂੰ ਇਲਾਜ ਲਈ ਪਹਿਲੰ ਸਿਵਲ ਹਸਪਤਾਲ ਬੁਢਲਾਡਾ, ਫਿਰ ਮਾਨਸਾ ਤੇ ਹੁਣ ਪਟਿਆਲਾ ਵਿਖੇ ਰੈਫਰ ਕੀਤਾ ਗਿਆ ਹੈ।ਪੁਲਸ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਪੁਲਸ ਵੱਖ ਵੱਖ ਥਾਵਾਂ 'ਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਚੈੱਕ ਕਰ ਰਹੀ ਹੈ।ਜਲਦ ਤੋਂ ਜਲਦ ਹਮਲਾਵਾਰਾਂ ਦੀ ਪਛਾਣ ਕਰਕੇ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਬਿਜਲੀ ਕਾਮਿਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਰੋਸ ਰੈਲੀ



**ਸ੍ਰੀ ਮੁਕਤਸਰ ਸਾਹਿਬ (ਸਮਿੰਦਰ ਪਾਲ, ਪੂਜਾ)**-ਪੀ ਐੱਸ ਪੀ ਬੀ ਜੁਆਇੰਟ ਫੋਰਮ ਤੇ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਕਿਸਾਨਾਂ 'ਤੇ ਹੋਏ ਤਸ਼ੱਦਦ ਦੇ ਰੋਸ ਵਜੋਂ ਪੰਜਾਬ ਸਰਕਾਰ ਖਿਲਾਫ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੇ ਬਿਜਲੀ ਕਾਮਿਆਂ ਵੱਲੋਂ ਰੋਸ ਰੈਲੀ ਕੀਤੀ ਗਈ। ਰੈਲੀ ਵਿੱਚ ਸ਼ਾਮਲ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਸਾਥੀਆਂ ਨੂੰ ਜਾਣਕਾਰੀ ਦਿੱਤੀ। ਬੁਲਾਰਿਆਂ ਨੇ ਦੱਸਿਆ ਕਿ ਸ਼ਾਂਤੀਪੂਰਵਕ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਮੀਟਿੰਗ ਦੇ ਬਹਾਨੇ ਬੁਲਾ ਕੇ ਗ੍ਰਿਫਤਾਰ ਕਰਕੇ ਪੰਜਾਬ ਸਰਕਾਰ ਨੇ ਜਮੂਹਰੀਅਤ ਦਾ ਘਾਣ ਕੀਤਾ ਹੈ। ਆਗੂਆਂ ਨੇ ਸਾਥੀਆਂ ਨੂੰ ਯਾਦ ਕਰਵਾਇਆ ਕਿ ਇਹ ਉਹੀ ਸਰਕਾਰ ਹੈ, ਜਿਸ ਦਾ ਜਨਮ ਧਰਨੇ ਪ੍ਰਦਰਸ਼ਨਾਂ ਵਿੱਚੋਂ ਹੋਇਆ ਹੈ, ਪਰ ਸੱਤਾ ਦੇ ਨਸ਼ੇ ਵਿੱਚ ਚੂਰ ਆਪ ਆਦਮੀ ਪਾਰਟੀ ਦੇ ਲੀਡਰ ਵੀ ਆਪਣੇ ਵਜੂਦ ਨੂੰ ਭੁੱਲ ਕੇ ਲੋਕ ਮਾਰੂ ਨੀਤੀਆਂ 'ਤੇ ਉੱਤਰ ਆਏ ਹਨ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਗ੍ਰਿਫਤਾਰ ਕੀਤੇ ਕਿਸਾਨ ਆਗੂਆਂ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾਵੇ ਤੇ ਹੱਕਾਂ ਲਈ ਲੜਦੇ ਲੋਕਾਂ ਤੇ ਤਸ਼ੱਦਦ ਬੰਦ ਕੀਤਾ ਜਾਵੇ। ਆਉਣ ਵਾਲੇ ਸਮੇਂ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਜੋ ਵੀ ਸੰਘਰਸ਼ ਪ੍ਰੋਗਰਾਮ ਕੀਤੇ ਜਾਣਗੇ। ਉਨ੍ਹਾਂ ਵਿੱਚ ਵੀ ਬਿਜਲੀ ਮੁਲਾਜ਼ਮਾਂ ਵੱਲੋਂ ਭਰਪੂਰ ਸ਼ਮੂਲੀਅਤ ਕੀਤੀ ਜਾਵੇਗੀ। ਇਸ ਰੈਲੀ ਨੂੰ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਪੰਜਾਬ ਦੇ ਮੀਤ ਪ੍ਰਧਾਨ ਬਰਜਿੰਦਰ ਸ਼ਰਮਾ ਤੇ ਡਵੀਜ਼ਨ ਸਕੱਤਰ ਗੁਰਸੇਵਕ ਸਿੰਘ, ਪੀ ਈ ਐੱਸ ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਬਸੰਤ ਸਿੰਘ ਤੇ ਮਨਜਿੰਦਰ ਸਿੰਘ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਅਮਰਜੀਤ ਸ਼ਰਮਾ ਤੇ ਜੋਗਿੰਦਰ ਸਿੰਘ ਮੱਲਣ ਆਦਿ ਨੇ ਸੰਬੋਧਨ ਕੀਤਾ।

## ਹੋਲੀ ਹਾਰਟ ਸਕੂਲ 'ਚ ਐਕਟੀਵਿਟੀ ਡੇਅ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਰਸਰੀ ਜਮਾਤ ਤੋਂ ਲੈ ਕੇ ਯੂ ਕੇ ਜੀ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਐਕਟੀਵਿਟੀ ਡੇਅ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਅਲੱਗ ਅਲੱਗ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਕਾਫੀ ਦਿਲਚਸਪੀ ਦਿਖਾਉਂਦਿਆਂ ਆਪਣਾ ਡਾਂਸ ਪੇਸ਼ ਕੀਤਾ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਕਰਨਾ ਹੈ ਤਾਂ ਜੋ ਪੜ੍ਹਾਈ ਦੇ ਨਾਲ ਨਾਲ ਉਹ ਹੋਰਨਾ ਖੇਤਰਾਂ ਵਿੱਚ ਵੀ ਅੱਗੇ ਵੱਧ ਸਕਨ।

# ਪੰਜਾਬ ਸਕੂਲ ਸਿੱਖਿਆ ਲਈ 30% ਬਜਟ ਲਾਜ਼ਮੀ ਰੱਖਿਆ ਜਾਵੇ : ਪੁਆਰੀ, ਸਰਾਭਾ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸਰਪ੍ਰਸਤ ਚਰਨ ਸਿੰਘ ਸਰਾਭਾ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ ਤੇ ਜਿੰਦਰ ਪਾਇਲਟ, ਟਹਿਲ ਸਿੰਘ ਸਰਾਭਾ ਤੇ ਪ੍ਰਮਿੰਦਰਪਾਲ ਸਿੰਘ ਕਾਲੀਆ ਦੁਆਰਾ ਸੰਯੁਕਤ ਰੂਪ ਵਿੱਚ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਾਲ 2024-25 ਲਈ ਸਿੱਖਿਆ ਲਈ ਕੁੱਲ ਬਜਟ ਦਾ 30% ਹਿੱਸਾ ਰਾਖਵਾਂ ਰੱਖਿਆ ਜਾਵੇ, ਜਿਸ ਨਾਲ ਸਰਕਾਰੀ ਸਕੂਲਾਂ ਤੇ ਸਿੱਖਿਆ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਵੇਗਾ ਤੇ ਸਿੱਖਿਆ ਦਾ ਮਿਆਰੀ ਗੁਣਾਤਮਕ ਤੇ ਇਕਸਾਰ ਵਿਕਾਸ ਹੋਵੇਗਾ। ਇਸ ਸਮੇਂ ਆਗੂਆਂ ਨੇ ਕਿਹਾ ਕਿ ਕੋਠਾਰੀ ਸਿੱਖਿਆ ਕਮਿਸ਼ਨ (1964-66) ਦੁਆਰਾ ਵੀ ਸਿੱਖਿਆ ਲਈ ਸਾਰਥਕ ਬਜਟ ਦਾ ਪ੍ਰਬੰਧ ਕਰਨ ਦਾ ਸੁਝਾਅ ਦਿੱਤਾ ਗਿਆ ਸੀ, ਜਿਸ ਨੂੰ ਕੌਮੀ ਸਿੱਖਿਆ ਨੀਤੀ 1968 ਵਿੱਚ ਮੰਨਿਆ ਗਿਆ ਸੀ ਤੇ ਸਿੱਖਿਆ ਖਰਚਿਆਂ ਦੀ ਪੂਰਤੀ ਲਈ 'ਖੈੜ ਕਮੇਟੀ' ਦੀਆਂ ਸਿਫਾਰਸ਼ਾਂ ਨੂੰ ਮੰਨਦੇ ਹੋਏ ਪਾਸ ਕੀਤਾ ਕਿ ਦੇਸ਼ ਦੇ ਕੁੱਲ ਕੌਮੀ (ਜੀ.ਡੀ.ਪੀ.) ਦਾ 6% ਸਿੱਖਿਆ 'ਤੇ ਖਰਚ ਕੀਤਾ ਜਾਵੇਗਾ।ਹਰ ਸਾਲ ਕੇਂਦਰ ਸਰਕਾਰ ਆਪਣੇ ਵਾਰਸ਼ਕ ਬਜਟ ਦਾ 10% ਹਿੱਸਾ ਤੇ ਸੂਬਾ ਸਰਕਾਰਾਂ 30% ਹਿੱਸਾ ਰਾਖਵਾਂ ਰੱਖਿਆ ਜਾਵੇ।ਸੂਬਾ ਸਰਕਾਰ ਸਿੱਖਿਆ ਬਜਟ ਲਈ ਰਾਖਵੇਂ ਰੱਖੇ ਬਜਟ ਵਿੱਚੋਂ 70% ਹਿੱਸਾ ਸਕੂਲੀ ਸਿੱਖਿਆ ਲਈ ਰਾਖਵਾਂ ਰੱਖੇ, ਪਰ ਉਨ੍ਹਾਂ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਪਹਿਲਾਂ ਅਕਾਲੀ-ਭਾਜਪਾ ਸਰਕਾਰ, ਫਿਰ ਕਾਂਗਰਸ ਸਰਕਾਰ ਤੇ ਹੁਣ ਆਮ ਆਦਮੀ ਪਾਰਟੀ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੁਆਰਾ ਪੰਜਾਬ ਦੀ ਸਿੱਖਿਆ ਲਈ 30% ਬਜਟ ਦਾ ਪ੍ਰਬੰਧ ਨਹੀਂ ਕੀਤਾ ਗਿਆ, ਜਿਸ ਕਾਰਨ ਅੱਜ ਪੰਜਾਬ ਵਿੱਚ ਵੱਡੇ ਪੱਧਰ 'ਤੇ ਟੀਚਿੰਗ ਤੇ ਨਾਨ-ਟੀਚਿੰਗ ਅਮਲੇ ਦੀ ਘਾਟ ਹੈ।ਇਸ ਤੋਂ ਇਲਾਵਾ ਅਧਿਆਪਕਾਂ ਦੀਆਂ ਠੇਕੇ 'ਤੇ ਨਿਗੂਣੀਆਂ ਤਨਖਾਹਾਂ ਤੇ ਨਿਯੁਕਤੀਆਂ, ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਭਲਾਈ ਸਕੀਮਾਂ ਵਿੱਚ ਦੇਰੀ ਜਾਂ ਕਮੀ, ਸਕੂਲਾਂ ਵਿੱਚ ਇਨਫਰਾਸਟਰਕਚਰ ਦੀ ਘਾਟ ਆਦਿ ਹੋਰ ਲੋੜਾਂ ਦੀ ਪੂਰਤੀ ਬਹੁਤ ਕਠਿਨ ਹੈ।ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਅਸਲ ਹੱਲ ਸਿੱਖਿਆ ਬਜਟ ਨਾਲ ਜੁੜਿਆ ਹੈ।ਇਸ ਸਮੇਂ ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ 'ਪੀ ਐੱਮ ਸ੍ਰੀ ਸਕੂਲ' ਤੇ 'ਸਕੂਲ ਆਫ ਐਮੀਨੈਂਸ' ਸਕੂਲਾਂ ਵਿੱਚ ਵਖਰੇਵਾਂ ਪਾਉਣ ਵਾਲਾ ਪ੍ਰੋਜੈਕਟ ਬੰਦ ਕੀਤਾ ਜਾਵੇ ਤੇ ਸਾਰੀ ਸਿੱਖਿਆ 'ਕੋਮਨ ਸਕੂਲ ਸਿਸਟਮ' ਅਧੀਨ ਲਾਗੂ ਕੀਤੀ ਜਾਵੇ। ਸਰਕਾਰੀ ਸਕੂਲੀ ਸਿੱਖਿਆ ਬਚਾਉਣ ਲਈ ਵੱਖ-ਵੱਖ ਪੱਧਰ 'ਤੇ ਕੰਮ ਕਰਦੇ ਸਮੂਹ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਪੂਰੀਆਂ ਤਨਖਾਹਾਂ ਸਮੇਤ ਰੈਗੂਲਰ ਕੀਤਾ ਜਾਵੇ, ਹਰ ਪ੍ਰਾਇਮਰੀ ਸਕੂਲ ਲਈ ਪੰਜ ਜਮਾਤਾਂ ਲਈ ਪੰਜ ਰੈਗੂਲਰ ਅਧਿਆਪਕ ਲਗਾਏ ਜਾਣ, ਪ੍ਰੀ ਪ੍ਰਾਇਮਰੀ ਲਈ ਵੀ ਤਿੰਨ ਅਧਿਆਪਕ ਨਿਯੁਕਤ ਕੀਤੇ ਜਾਣ, ਖਾਲੀ ਅਸਾਮੀਆਂ ਭਰਨ, ਗੈਰ-ਵਿੱਦਿਅਕ ਤੇ ਡਾਕ ਦਾ ਬੇਲੋੜਾ ਕੰਮ ਬੰਦ ਕਰਨ ਅਤੇ ਆਦਰਸ਼/ਮਾਡਲ/ਮੈਰੀਟੋਰੀਅਸ ਤੇ ਹੋਰ ਸਕੀਮਾਂ ਅਧੀਨ ਚੱਲ ਰਹੇ ਸਕੂਲਾਂ ਨੂੰ ਸਥਾਪਤ ਸਰਕਾਰੀ ਸਕੂਲਾਂ ਵਿੱਚ ਮਰਜ ਕਰਕੇ ਹਰ ਸਰਕਾਰੀ ਸਕੂਲ ਨੂੰ ਮਾਡਲ ਸਕੂਲਾਂ ਵਾਂਗ ਸਹੂਲਤਾਂ ਦਿੱਤੀਆਂ ਜਾਣ ਆਦਿ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ।ਇਸ ਸਮੇਂ ਸੰਜੀਵ ਸ਼ਰਮਾ, ਮਨੀਸ਼ ਸ਼ਰਮਾ, ਹਰੀ ਦੇਵ, ਬਲਬੀਰ ਸਿੰਘ ਕੰਗ, ਚਰਨ ਸਿੰਘ ਤਾਜਪੁਰੀ, ਨਰਿੰਦਰਪਾਲ ਸਿੰਘ ਬੁਰਜ ਲਿੱਟਾਂ, ਪਰਮਜੀਤ ਸਿੰਘ ਸਵੱਦੀ, ਦਰਸ਼ਨ ਸਿੰਘ ਮੋਹੀ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

**ਪ੍ਰਾਇਮਰੀ ਲਈ ਅੱਠ ਤੇ ਸੈਕੰਡਰੀ 'ਚ ਵਿਸ਼ਾ ਵਾਈਜ਼ ਭਰਤੀ ਹੋਵੇ : ਲਿੱਟ, ਸਵੱਦੀ**

## ਇਲੈਕਟ੍ਰੋਹੋਮਿਉਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਇਲੈਕਟ੍ਰੋਹੋਮਿਉਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮਹੀਨਾਵਾਰ ਮੀਟਿੰਗ ਚੋਖਾ ਅੰਪਾਇਰ ਮੋਗਾ ਵਿਖੇ ਹੋਈ।ਇਸ ਮੀਟਿੰਗ ਦੌਰਾਨ ਪੰਜਾਬ ਤੇ ਹਰਿਆਣਾ ਤੋਂ 100 ਦੇ ਕਰੀਬ ਡਾਕਟਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਦੀ ਸ਼ੁਰੂਆਤ ਡਾ. ਜਗਜੀਤ ਸਿੰਘ ਗਿੱਲ ਵੱਲੋਂ ਕੀਤੀ ਗਈ, ਜਿਸ ਵਿੱਚ ਉਨ੍ਹਾਂ ਕਾਉਂਟ ਸੀਜਰ ਮੈਟੀ ਦੀ 129ਵੀਂ ਬਰਸੀ ਨੂੰ ਸਮਰਪਤ ਖੂਨਦਾਨ ਕੈਂਪ ਲਗਾਉਣ ਸਬੰਧੀ ਚਾਨਣਾ ਪਾਇਆ ਅਤੇ ਅਗਲੇ ਮਹੀਨੇ ਲੱਗ ਰਹੇ ਕੈਂਪ ਵਿੱਚ ਖੁਦ ਤੇ ਹੋਰ ਲੋਕਾਂ ਨੂੰ ਪ੍ਰੇਰਿਤ ਕਰਕੇ ਖੂਨਦਾਨ ਕਰਨ ਲਈ ਕਿਹਾ।ਇਸ ਸਮੇਂ ਮੀਟਿੰਗ ਵਿੱਚ ਡਾ. ਪਰਮਿੰਦਰ ਕੁਮਾਰ ਪਾਠਕ ਨੇ ਐੱਲ 1 ਦਵਾਈ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਮੀਟਿੰਗ 'ਚ ਡਾ. ਜਗਤਾਰ ਸਿੰਘ ਸੇਖੋਂ ਨੇ ਨਾੜੀ ਨੂੰ ਜਾਂਚ ਕਰਨ ਦੀ ਨਵੀਂ ਤਕਨੀਕ ਬਾਰੇ ਦੱਸਿਆ।ਇਸ ਸਮੇਂ ਡਾ. ਸ਼ਿੰਦਰ ਸਿੰਘ ਨੇ ਰੈੱਡ ਇਲੈਕਟ੍ਰੀਸਿਟੀ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ।ਡਾ. ਮਨਪ੍ਰੀਤ ਸਿੰਘ ਨੇ ਟੈਂਪਰਾਮੈਂਟ ਦੀ ਜਾਂਚ ਕਰਨ ਬਾਰੇ ਦੱਸਿਆ।ਇਸ ਸਮੇਂ ਡਾ. ਅਵਤਾਰ ਸਿੰਘ ਦੇਵਗਨ, ਡਾ. ਐੱਸ ਕੇ ਕਟਾਰੀਆ, ਡਾ. ਸਨੀਲ ਦੱਤ, ਡਾ. ਪ੍ਰਦੀਪ ਸਿੰਘ, ਡਾ. ਰਾਜਬੀਰ ਸ਼ਰਮਾ ਨੇ ਵੱਖ ਵੱਖ ਰੋਗਾਂ ਸਬੰਧੀ ਆਪਣਾ-ਆਪਣਾ ਤਜਰਬਾ ਸਾਂਝਾ ਕੀਤਾ।ਇਸ ਮੀਟਿੰਗ 'ਚ ਡਾ. ਸਹਿਜ਼ਾਦ ਮਲੇਰਕੋਟਲਾ, ਡਾ. ਅਜੈ ਰਾਣਾ ਨੂੰ ਜਲੰਧਰ ਤੋਂ ਐਗਜ਼ੈਕਟਿਵ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ।ਇਸ ਸਮੇਂ ਡਾ. ਅਰਚਨਾ ਸ਼ਰਮਾ ਨੂੰ ਸਹਾਇਕ ਆਫਿਸ ਸੈਕਟਰੀ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ।ਅੰਤ ਵਿੱਚ ਕੋਰ ਕਮੇਟੀ ਮੈਂਬਰ ਡਾ. ਜਸਵਿੰਦਰ ਸਿੰਘ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਖੂਨਦਾਨ ਕੈਂਪ ਵਿੱਚ ਪਹੁੰਚਣ ਦੀ ਬੇਨਤੀ ਕੀਤੀ।ਇਸ ਸਮੇਂ ਡਾ ਸੰਤੋਖ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਵਰਿੰਦਰ ਸਿੰਘ ਤੂਰ, ਡਾ. ਤਰਲੋਕ ਸਿੰਘ, ਡਾ. ਰੋਬਿਨ ਅਰੋੜਾ, ਡਾ. ਨਿਰਮਲਜੀਤ ਸਿੰਘ, ਡਾ. ਕੰਵਰਜੀਤ ਕੌਰ, ਡਾ. ਹਰਪ੍ਰੀਤ ਕੌਰ, ਡਾ. ਵਰਿੰਦਰਜੀਤ ਕੌਰ, ਡਾ. ਧਰਮਪਾਲ ਸਿੰਘ ਸ਼ੇਰਗਿੱਲ, ਡਾ. ਗਗਨਪ੍ਰੀਤ ਕੌਰ, ਡਾ. ਹਰਦੀਪ ਸਿੰਘ, ਡਾ. ਮਨਜੀਤ ਸਿੰਘ, ਡਾ. ਹਰਜੀਤ ਸਿੰਘ, ਡਾ. ਬਲਜਿੰਦਰ ਸਿੰਘ, ਡਾ. ਲਵਪ੍ਰੀਤ ਸਿੰਘ, ਡਾ. ਕਰਤਾਰ ਸਿੰਘ, ਡਾ. ਜਸਵੀਰ ਸ਼ਰਮਾ, ਡਾ. ਗੌਬਿਨ ਅਰੋੜਾ, ਡਾ. ਮੋਹਨ ਸਿੰਘ, ਡਾ. ਅਮਰਜੀਤ ਸਿੰਘ, ਡਾ. ਸੰਜੀਵ ਜੁਨੇਜਾ, ਡਾ. ਪੂਨਮ ਜੁਨੇਜਾ, ਡਾ. ਸੁਖਮੰਦਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਕਿਸ਼ੋਰ ਚੰਦ, ਡਾ. ਸਤਾਰ ਮੁਹੰਮਦ ਆਦਿ ਹਾਜ਼ਰ ਸਨ।

## ਕਿਸਾਨਾਂ ਨਾਲ ਧੱਕੇਸ਼ਾਹੀ ਦਾ ਮੁੱਦਾ ਵਿਧਾਨ ਸਭਾ 'ਚ ਉਠਾਇਆ ਜਾਵੇਗਾ : ਵਿਧਾਇਕ ਢਿੱਲੋਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਖਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਲੜ ਰਹੇ ਕਿਸਾਨ ਆਗੂਆਂ, ਵਰਕਰਾਂ ਨੂੰ ਗ੍ਰਿਫਤਾਰ ਕਰਕੇ ਹੱਕ ਸੱਚ ਦੀ ਆਵਾਜ਼ ਨੂੰ ਦਬਾਉਣ ਦਾ ਭਰਮ ਪਾਲਿਆ ਗਿਆ ਹੈ। ਕਿਸਾਨਾਂ ਨਾਲ ਹੋਈ ਬੇਇਨਸਾਫੀ ਦਾ ਮੁੱਦਾ ਕਾਂਗਰਸ ਪਾਰਟੀ ਵੱਲੋਂ ਆ ਰਹੇ ਪੰਜਾਬ ਵਿਧਾਨ ਸਭਾ ਸੈਸ਼ਨ 'ਚ ਜ਼ੋਰ ਸ਼ੋਰ ਨਾਲ ਉਠਾਇਆ ਜਾਵੇਗਾ। ਇਹ ਪ੍ਰਗਟਾਵਾ ਕਾਂਗਰਸ ਪਾਰਟੀ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਪਿੰਡ ਸਹਿਜੜਾ ਵਿਖੇ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਆਪ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਸ ਵੱਲੋਂ ਧੋਖੇ ਨਾਲ ਕਿਸਾਨ ਆਗੂਆਂ ਨੂੰ ਫੜ ਕੇ ਸ਼ੰਭੂ ਤੇ ਖਨੌਰੀ ਕਿਸਾਨ ਮੋਰਚੇ ਉਪਰ ਧਾਵਾ ਬੋਲ ਕੇ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਜ਼ਬਰਦਸਤੀ ਉਠਾਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਜਿਹੜੀ ਪਾਰਟੀ ਕਿਸਾਨਾਂ ਦੇ ਹੱਕ 'ਚ ਖੜਨ ਦੀਆਂ ਗੱਲਾਂ ਕਰਦੀ ਨਹੀਂ ਸੀ ਥੱਕਦੀ, ਉਸ ਦੇ ਹੁਕਮਾਂ 'ਤੇ ਪੁਲਸ ਵੱਲੋਂ ਮੋਰਚੇ 'ਤੇ ਬੈਠੇ ਕਿਸਾਨਾਂ ਉਪਰ ਜਬਰ ਕਰਨ ਤੇ ਕਿਸਾਨ ਮਾਰੂ ਚਿਹਰਾ ਸਾਹਮਣੇ ਆਇਆ ਹੈ। ਵਿਧਾਇਕ ਢਿੱਲੋਂ ਨੇ ਕਿਹਾ ਕਿ ਕਾਂਗਰਸ ਪਾਰਟੀ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਪੂਰੀ ਤਰ੍ਹਾਂ ਕਿਸਾਨਾਂ ਦੇ ਹੱਕ ਵਿੱਚ ਚਟਾਨ ਵਾਂਗ ਖੜ੍ਹੀ ਹੈ, ਪੰਜਾਬ ਪ੍ਰਦੇਸ ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਦੇ ਚੱਲਣ ਵਾਲੇ ਅਜਲਾਸ ਸਬੰਧੀ ਪੰਜਾਬ ਭਵਨ ਵਿਖੇ ਰੱਖੀ ਗਈ ਮੀਟਿੰਗ 'ਚ ਅਗਲੇ ਪ੍ਰੋਗਰਾਮਾਂ ਦੀ ਨਵੀਂ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਇਸ ਮੌਕੇ ਆਗੂ ਪ੍ਰਕਾਸ਼ ਸਿੰਘ ਸਹਿਜੜਾ, ਗਗਨਦੀਪ ਸਿੰਘ ਸਹਿਜੜਾ ਦੀ ਅਗਵਾਈ ਹੇਠ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਸਮੇਤ ਵੱਖ ਵੱਖ ਆਗੂਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ: ਬਲਵੰਤ ਰਾਏ ਸ਼ਰਮਾ, ਬਲਦੇਵ ਸਿੰਘ ਪੇਧਨੀ, ਮਨਜੀਤ ਸਿੰਘ ਮਹਿਲ ਖੁਰਦ, ਜਸਵੀਰ ਸਿੰਘ ਖੇੜੀ, ਜਰਨੈਲ ਸਿੰਘ ਠੁੱਲੀਵਾਲ, ਡਾ: ਅਮਰਜੀਤ ਸਿੰਘ, ਬੱਗਾ ਸਿੰਘ ਮਹਿਲ ਕਲਾਂ, ਜਸਵਿੰਦਰ ਸਿੰਘ, ਬਲਜਿੰਦਰ ਸਿੰਘ ਸਹਿਜੜਾ, ਭਰਥਦਾਸ ਗੁਰਮ, ਭਿੰਦਾ ਸਿੰਘ ਸਹਿਜੜਾ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਭਲਕੇ

**ਜਲਾਲਾਬਾਦ (ਜੀਤ ਕੁਮਾਰ)**-ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀਮਤੀ ਵੈਸ਼ਾਲੀ ਨੇ ਦੱਸਿਆ ਕਿ 24 ਮਾਰਚ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿਚ ਮਿਡਲੈਂਡ ਮਾਈਕਰੋ ਫਾਈਨਾਂਸ ਲਿਮਟਿਡ, ਐਲ.ਆਈ.ਸੀ. ਅਤੇ ਪੁਖਰਾਜ ਹੈਲਥ ਕੇਅਰ ਕੰਪਨੀਆਂ ਸ਼ਮੂਲੀਅਤ ਕਰ ਰਹੀਆਂ ਹਨ। ਮਿਡਲੈਂਡ ਮਾਈਕਰੋ ਫਾਈਨਾਂਸ ਲਿਮਟਿਡ ਵਿਖੇ ਰਿਕਵਰੀ ਅਫਸਰ ਤੇ ਫੀਲਡ ਅਫਸਰ (ਲੜਕੇ ਤੇ ਲੜਕੀਆਂ) ਦੀ ਅਸਾਮੀ 'ਤੇ ਨਿਯੁਕਤੀ ਕੀਤੀ ਜਾਵੇਗੀ, ਜਿਸ ਲਈ ਯੋਗਤਾ 12ਵੀ ਪਾਸ ਅਤੇ ਉਮਰ 18 ਤੋਂ 30 ਸਾਲ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਐਲ ਆਈ ਸੀ ਵਿਚੱ ਬੀਮਾ ਸਲਾਹਕਾਰ ਦੀ ਅਸਾਮੀ ਲਈ 12 ਵੀ ਜਾਂ ਇਸ ਤੋਂ ਵੱਧ ਵਿਦਿਅਕ ਯੋਗਤਾ ਅਤੇ 25 ਤੋਂ 40 ਸਾਲ ਦੀ ਉਮਰ ਵਾਲੀਆਂ ਲੜਕੀਆਂ ਕੈਂਪ ਵਿਚ ਪਹੁੰਚ ਕੇ ਨੌਕਰੀ ਲਈ ਅਪਲਾਈ ਕਰ ਸਕਦੀਆਂ ਹਨ। ਪੁਖਰਾਜ ਹੈਲਥ ਕੇਅਰ ਵਿਚ ਅਸਿਸਟੈਂਟ ਮੈਨੇਜਰ (ਕੇਵਲ ਲੜਕੀਆਂ) ਦੀ ਅਸਾਮੀ ਲਈ ਯੋਗਤਾ 12ਵੀ ਜਾਂ ਇਸ ਤੋਂ ਵੱਧ ਅਤੇ ਉਮਰ 18 ਤੋਂ 28 ਸਾਲ ਦੀ ਹੋਣੀ ਲਾਜਮੀ ਹੈ। ਪਲੇਸਮੈਂਟ ਅਫਸਰ ਸ੍ਰੀ ਰਾਜ ਸਿੰਘ ਦੱਸਿਆ ਕਿ ਪਲੇਸਮੈਂਟ ਕੈਂਪ ਭਲਕੇ ਸਵੇਰੇ 10:00 ਤੋਂ ਡੀਸੀ ਦਫ਼ਤਰ, ਏ ਬਲਾਕ, ਚੌਥੀ ਮੰਜਿਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਦਫਤਰ ਵਿਖੇ ਲਗਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰਬਰ 89060 22220, 98145 43684 ਅਤੇ 79861 15001 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਵਿਧਾਇਕ ਨੂੰ ਸੌਂਪਿਆ ਯਾਦ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਵੱਲੋਂ ਦਰਸ਼ਨ ਅਲੀਸ਼ੇਰ ਜ਼ਿਲ੍ਹਾ ਕਨਵੀਨਰ, ਜ਼ਿਲ੍ਹਾ ਕੋ-ਕਨਵੀਨਰ ਲਖਵਿੰਦਰ ਮਾਨ ਤੇ ਸੂਬਾ ਕੋ-ਕਨਵੀਨਰ ਕਰਮਜੀਤ ਤਾਮਕੋਟ ਦੀ ਅਗਵਾਈ 'ਚ ਸੂਬਾ ਪੱਧਰੀ ਉਲੀਕੇ ਪ੍ਰੋਗਰਾਮ ਤਹਿਤ ਸ੍ਰੀ ਵਿਜੇ ਸਿੰਗਲਾ ਹਲਕਾ ਵਿਧਾਇਕ ਮਾਨਸਾ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ ਮੰਗ ਪੱਤਰ ਸੌਂਪਿਆ। ਆਗੂਆਂ ਨੇ ਹਲਕਾ ਵਿਧਾਇਕ ਕੋਲ ਪੁਰਾਣੀ ਪੈਨਸ਼ਨ ਦੇ ਸੰਬੰਧ 'ਚ ਪੰਜਾਬ ਸਰਕਾਰ ਦੁਆਰਾ ਕੀਤੇ ਗਏ ਨੋਟੀਫਿਕੇਸ਼ਨ ਦੀ ਯਾਦ ਦਿਵਾਉਂਦਿਆਂ ਕਿਹਾ ਕਿ ਸਰਕਾਰ ਆਪ ਹੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਕਰਕੇ ਲਾਗੂ ਕਰਨਾ ਭੁੱਲ ਗਈ ਹੈ। ਆਗੂਆਂ ਵੱਲੋਂ ਹਲਕਾ ਵਿਧਾਇਕ ਨੂੰ ਬਜਟ ਸੈਸ਼ਨ 'ਚ ਮੁੱਦਾ ਰੱਖਣ ਦੀ ਅਪੀਲ ਕੀਤੀ। ਹਲਕਾ ਵਿਧਾਇਕ ਵਿਜੇ ਸਿੰਗਲਾ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਇਹ ਮੰਗ ਮੁੱਖ ਮੰਤਰੀ ਨਾਲ ਜ਼ਰੂਰ ਸਾਂਝੀ ਕਰਕੇ ਲਾਗੂ ਕਰਵਾਉਣ ਲਈ ਹਰ ਸੰਭਵ ਯਤਨ ਕਰਨਗੇ। ਵਫਦ ਵਿੱਚ ਗੁਰਤੇਜ ਉੱਭਾ, ਰਾਜਵਿੰਦਰ ਬਹਿਣੀਵਾਲ, ਨਵਜੋਸ਼ ਸਪੋਲੀਆ, ਗੁਰਜੰਟ ਸਿੰਘ, ਬਲਵੰਤ ਸਿੰਘ, ਗੁਰਦੀਪ ਬਰਨਾਲਾ, ਇਕਬਾਲ ਉੱਭਾ, ਕ੍ਰਿਸ਼ਨ ਸਿੰਘ, ਕੁਲਦੀਪ ਅੱਕਾਂਵਾਲੀ, ਰਾਜਿੰਦਰ ਐੱਚ ਟੀ, ਰਾਜਵਿੰਦਰ ਜਵਾਹਰਕੇ, ਕੁਲਵਿੰਦਰ ਸਿੰਘ, ਰਾਮਨਾਥ ਧੀਰਾ, ਅਸ਼ੋਕ ਕੁਮਾਰ, ਅਸ਼ਵਨੀ ਕੁਮਾਰ, ਦਮਨਜੀਤ ਸਿੰਘ, ਗੁਰਵਿੰਦਰ ਦਸੌਂਧੀਆ, ਗੁਰਪ੍ਰੀਤ ਭੀਖੀ, ਕਰਨਪਾਲ ਅੱਕਾਂਵਾਲੀ, ਬਲਕੌਰ ਦਲੇਲ ਵਾਲਾ ਆਦਿ ਆਗੂ ਹਾਜ਼ਰ ਸਨ।

## ਸ਼ੰਭੂ ਤੇ ਖਨੌਰੀ ਬਾਰਡਰ ਖੁੱਲ੍ਹਣ 'ਤੇ ਵਪਾਰੀ ਵਰਗ ਵੱਲੋਂ ਸਰਕਾਰ ਦੀ ਸ਼ਲਾਘਾ

**ਕੇਂਦਰ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰੇ : ਵਪਾਰੀ ਵਰਗ**



**ਸਮਾਣਾ (ਗੁਰਪਿਆਰ ਸਿੰਘ ਬੱਲ)**-ਬੀਤੇ ਦਿਨ ਸੂਬਾ ਸਰਕਾਰ ਵੱਲੋਂ ਖਨੌਰੀ ਤੇ ਸ਼ੰਭੂ ਬਾਰਡਰ ਨੂੰ ਖਾਲੀ ਕਰਾਏ ਜਾਣ ਮਗਰੋਂ ਪੰਜਾਬ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਵੱਲੋਂ ਇਸ ਫੈਸਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।ਚਾਹੇ ਵਪਾਰੀ ਹੋਣ, ਟਰਾਂਸਪੋਰਟ ਹੋਣ ਜਾਂ ਆਮ ਲੋਕ, ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਜੋ ਸ਼ੰਭੂ ਤੇ ਖਨੌਰੀ ਬਾਰਡਰ ਨੂੰ ਖਾਲੀ ਕਰਵਾਇਆ ਗਿਆ ਹੈ, ਉਸ ਨਾਲ ਸਾਰੇ ਲੋਕਾਂ ਨੂੰ ਫਾਇਦਾ ਹੋਵੇਗਾ।

ਇਸ ਬਾਰੇ ਗੱਲਬਾਤ ਕਰਦਿਆਂ ਸਮਾਣਾ ਤੋਂ ਆੜ੍ਹਤੀ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਰਿੰਦਰ ਕੁਮਾਰ, ਸ਼ਿਵ ਸੈਨਾ ਪ੍ਰਧਾਨ ਪ੍ਰਵੀਨ ਸ਼ਰਮਾ, ਕੁਲਬੀਰ ਸਿੰਗਲਾ, ਸੰਜੇ ਸਿੰਗਲਾ ਤੇ ਪਵਨ ਧੂਰੀ ਆਦਿ ਵਪਾਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਇਹ ਕਦਮ ਉਠਾਇਆ ਗਿਆ ਹੈ, ਬਹੁਤ ਸ਼ਲਾਘਾਯੋਗ ਹੈ, ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਵਪਾਰੀ ਵਰਗ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਦਾ ਟਰਾਂਸਪੋਰਟ ਦਾ ਕੰਮ ਹੈ ਤੇ ਪੰਜਾਬ ਤੋਂ ਕਈ ਰਾਜਾਂ ਨੂੰ ਟਰੱਕਾਂ ਰਾਹੀਂ ਮਾਲ ਆਉਂਦਾ ਹੈ ਤੇ ਜਾਂਦਾ ਹੈ, ਪਰ ਮੇਨ ਹਾਈਵੇ ਬੰਦ ਹੋਣ ਦੇ ਕਰਕੇ ਵੱਡੀਆਂ-ਵੱਡੀਆਂ ਗੱਡੀਆਂ ਪਿੰਡਾਂ ਦੇ ਵਿੱਚ ਦੀ ਲਿੰਕ ਰੋਡ ਦੇ ਰਾਹੀ ਜਾਂਦੀਆਂ ਸੀ, ਜਿਸ ਕਰਕੇ ਜਿੱਥੇ ਮਸ਼ੀਨਰੀ ਦਾ ਨੁਕਸਾਨ ਹੁੰਦਾ ਸੀ, ਉੱਥੇ ਹੀ ਸਮਾਂ ਤੇ ਤੇਲ ਵੀ ਜ਼ਿਆਦਾ ਖਰਚ ਹੋਣ ਕਰਕੇ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਸੀ।ਇਸ ਦੇ ਨਾਲ ਹੀ ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪੰਜਾਬ ਦੀਆਂ ਫਸਲਾਂ 'ਤੇ ਕਿਸਾਨਾਂ ਨਾਲ ਐੱਮ.ਐੱਸ.ਪੀ. ਦੇਣ ਦਾ ਵਾਅਦਾ ਕਰਕੇ ਉਸ ਤੋਂ ਭੱਜ ਜਾਣਾ ਬਹੁਤ ਹੀ ਗਲਤ ਗੱਲ ਹੈ।ਕਿਸਾਨ ਦੇਸ਼ ਦਾ ਅੰਨਦਾਤਾ ਹੈ, ਪਰ ਕੇਂਦਰ ਸਰਕਾਰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨਾ ਬਹੁਤ ਹੀ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਵਪਾਰੀ ਵਰਗ ਦਾ ਕਿਸਾਨ ਵਰਗ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ ਤੇ ਉਹ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੇ ਹਨ, ਪਰ ਉਹ ਕਿਸੇ ਦੂਜੇ ਵਰਗ ਨੂੰ ਵੀ ਨੁਕਸਾਨ ਨਹੀਂ ਪਹੁੰਚਾ ਸਕਦੇ।

## ਯੂਥ ਕਾਂਗਰਸੀ ਆਗੂ ਨੇ ਖ਼ੂਨਦਾਨ ਕੈਂਪ ਲਗਾ ਕੇ ਮਨਾਇਆ ਜਨਮ ਦਿਨ



**ਸਮਰਾਲਾ (ਸੁਰਜੀਤ ਸਿੰਘ)**-ਯੂਥ ਕਾਂਗਰਸ ਆਗੂ ਵਿਸ਼ਾਲ ਭਾਰਤੀ ਨੇ ਇੱਥੇ ਮਸੰਦ ਮੁਹੱਲੇ ਵਿੱਚ ਖ਼ੂਨਦਾਨ ਕੈਂਪ ਲਗਾ ਕੇ ਅਪਣਾ ਜਨਮ ਦਿਨ ਮਨਾਇਆ, ਜਿਸ ਵਿੱਚ ਲੁਧਿਆਣਾ ਤੋਂ ਆਈ ਡਾਕਟਰਾਂ ਦੀ ਟੀਮ ਨੇ 52 ਯੂਨਿਟ ਖੂਨ ਇਕੱਤਰ ਕੀਤਾ।ਕੈਂਪ ਵਿੱਚ ਖ਼ੂਨਦਾਨ ਤੋਂ ਇਲਾਵਾ ਵੱਖ ਵੱਖ ਹਸਪਤਾਲਾਂ ਦੇ ਡਾਕਟਰਾਂ ਨੇ ਮਰੀਜ਼ਾਂ ਦਾ ਮੈਡੀਕਲ ਚੈੱਕਅਪ ਕੀਤਾ।ਏਥੋਂ ਦੇ ਨਾਮੀ ਕੌਸ਼ਲ ਹਸਪਤਾਲ ਵੱਲੋਂ ਮਰੀਜ਼ਾਂ ਦੇ ਮੈਡੀਕਲ ਚੈੱਕਅਪ ਕੀਤੇ।ਡਾ. ਬਲਵਿੰਦਰ ਕੌਸ਼ਲ ਨੇ ਦੱਸਿਆ ਕਿ ਉਨ੍ਹਾਂ ਦੇ ਹਸਪਤਾਲ ਵੱਲੋਂ ਆਏ ਮਾਹਰ ਡਾਕਟਰਾਂ ਨੇ ਮਰੀਜ਼ਾਂ ਦੇ ਮੁਫ਼ਤ ਸ਼ੂਗਰ, ਈਸੀਜੀ, ਬਲੱਡ ਪ੍ਰੈਸ਼ਰ ਚੈੱਕ ਕੀਤੇ।ਇਸ ਤੋਂ ਇਲਾਵਾ ਦਿਲ ਦੀਆਂ ਬਿਮਾਰੀਆਂ ਤੇ ਜੋੜਾਂ ਦੇ ਦਰਦ ਦੇ ਮਰੀਜ਼ਾਂ ਦੇ ਮੁਆਇਨੇ ਵੀ ਕੀਤੇ।ਡਾ. ਕੌਸ਼ਲ ਨੇ ਦੱਸਿਆ ਕਿ ਕੈਂਪ ਵਿੱਚ ਕਰੀਬ 50-60 ਮਰੀਜ਼ਾਂ ਦੇ ਮੁਆਇਨੇ ਕੀਤੇ ਗਏ।'ਇਕ ਜਜ਼ਬਾ' ਐੱਨ ਜੀ ਓ ਵੱਲੋਂ ਦਿਵਿਆਂਗਾਂ ਨੂੰ ਟ੍ਰਾਈ ਸਾਈਕਲਾਂ ਦਿੱਤੀਆਂ ਗਈਆਂ।ਕੰਨਾਂ ਦੀਆਂ ਮਸ਼ੀਨਾਂ ਦੇਣ ਲਈ ਲੋੜਵੰਦਾਂ ਦੇ ਫਾਰਮ ਭਰੇ ਗਏ।ਇਸ ਮੌਕੇ ਕਾਂਗਰਸ ਦੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਵਿਸ਼ਾਲ ਭਾਰਤੀ ਵੱਲੋਂ ਆਪਣੇ ਜਨਮ ਦਿਨ 'ਤੇ ਕੀਤੇ ਨਾਯਾਬ ਤਰੱਦਦ ਦੀ ਤਾਰੀਫ਼ ਕਰਦਿਆਂ ਕਿਹਾ ਕਿ ਖ਼ੂਨ ਦਾਨ ਉਨ੍ਹਾਂ ਲੋੜਵੰਦਾਂ ਲਈ ਨਵੀਂ ਜ਼ਿੰਦਗੀ ਦਾ ਇੱਕ ਉੱਤਮ ਤੋਹਫ਼ਾ ਹੈ, ਜੋ ਲੋੜੀਂਦੇ ਖ਼ੂਨ ਦੀ ਉਡੀਕ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹੁੰਦੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦਾ ਇਹ ਇਖ਼ਲਾਕੀ ਫਰਜ਼ ਬਣਦਾ ਹੈ ਕਿ ਉਹ ਲੋੜਵੰਦਾਂ ਲਈ ਖ਼ੂਨਦਾਨ ਕਰਨ ਲਈ ਤਤਪਰ ਰਹਿਣ।ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਨਾਲ ਸਰੀਰ 'ਤੇ ਕੋਈ ਮਾੜਾ ਅਸਰ ਨਹੀਂ ਪੈਂਦਾ, ਸਗੋਂ ਇਹ ਖ਼ੂਨ ਥੋੜ੍ਹੇ ਸਮੇਂ ਉਪਰੰਤ ਹੀ ਪੂਰਾ ਹੋ ਜਾਂਦਾ ਹੈ।ਇਸ ਮੌਕੇ ਜਤਿੰਦਰ ਸਿੰਘ ਜੋਗਾ ਸਰਪੰਚ ਬਲਾਲਾ, ਐਡਵੋਕੇਟ ਜਸਪ੍ਰੀਤ ਸਿੰਘ ਕਲਾਲਮਾਜਰਾ, ਕੌਂਸਲਰ ਤੇ ਕਾਂਗਰਸ ਦੇ ਬਲਾਕ ਪ੍ਰਧਾਨ ਸੰਨੀ ਦੁਆ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਸਮੇਤ ਵੱਖ ਵੱਖ ਸਿਆਸੀ ਪਾਰਟੀਆਂ ਤੇ ਸਮਾਜਿਕ ਸੰਸਥਾਵਾਂ ਦੇ ਆਗੂ ਹਜ਼ਾਰ ਰਹੇ।

## ਐਡਵੋਕੇਟ ਕਸ਼ਮੀਰੀ ਲਾਲ ਨਮਿੱਤ ਪਾਠ ਦਾ ਭੋਗ ਅੱਜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਬਾਰ ਐਸੋਸੀਏਸ਼ਨ ਦੇ ਸੀਨੀਅਰ ਵਕੀਲ ਐਡਵੋਕੇਟ ਕਸ਼ਮੀਰੀ ਲਾਲ ਸਿੰਗਲਾ ਦਾ ਬੀਤੇ ਦਿਨ ਅਚਾਨਕ ਦੇਹਾਂਤ ਹੋ ਗਿਆ ਸੀ।ਸਵ. ਐਡਵੋਕੇਟ ਕਸ਼ਮੀਰੀ ਲਾਲ ਸਿੰਗਲਾ ਦੇ ਦੇਹਾਂਤ 'ਤੇ ਗਿੱਦੜਬਾਹਾ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਵਪਾਰਕ ਜੱਥੇਬੰਦੀਆਂ ਤੋਂ ਇਲਾਵਾ ਬਾਰ ਐਸੋਸੀਏਸ਼ਨ ਗਿੱਦੜਬਾਹਾ ਦੇ ਮੈਂਬਰਾਂ ਤੇ ਕੋਰਟ ਕੰਪਲੈਕਸ ਦੇ ਕਰਮਚਾਰੀਆਂ ਨੇ ਸਿੰਗਲਾ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਐਡਵੋਕੇਟ ਕਸ਼ਮੀਰੀ ਲਾਲ ਸਿੰਗਲਾ ਦੀ ਆਤਮਿਕ ਸ਼ਾਂਤੀ ਲਈ ਅੰਮ੍ਰਿਤਬਾਨੀ ਅਤੇ ਪਾਠ ਦਾ ਭੋਗ ਅੱਜ 23 ਮਾਰਚ ਦਿਨ ਐਤਵਾਰ ਨੂੰ 11.30 ਤੋ 1 ਵਜੇ ਤੱਕ ਮਹਾਰਾਜਾ ਅਗਰਸੈਨ ਧਰਮਸ਼ਾਲਾ ਗਿੱਦੜਬਾਹਾ ਵਿਖੇ ਪਵੇਗਾ।

## ...ਸ.ਫ਼ਾ 1 ਦੇ ਬਾਕੀ

### ਬਾਬਾ ਅਰਜਨ ਸਿੰਘ ਭਦੌੜ...

ਨਹੀਂ। ਸੋਹਣ ਮਾਝੀ, ਰੁਮੇਸ਼ ਕੁਮਾਰ ਹਮਦਰਦ, ਨਰੈਣ ਸਿੰਘ ਭਦੌੜ, ਮੁਜ਼ਾਰਾ ਲਹਿਰ ਦੇ ਆਗੂਆਂ ਦੇ ਪੋਤੇ ਵੀ ਬਰਸੀ ਸਮਾਗਮ ਵਿਚ ਸ਼ਾਮਲ ਹੋਏ। ਹਾਕਮ ਸਿੰਘ ਭੁੱਲਰ ਨੇ ਆਖਿਆ ਕਿ ਜੋ ਕੁਰਬਾਨੀ ਬਾਬਾ ਅਰਜਨ ਸਿੰਘ, ਚੰਦ ਸਿੰਘ ਮਾਨ, ਨਰੈਣ ਸਿੰਘ ਤੇ ਹਰਨਾਮ ਸਿੰਘ ਭਦੌੜ ਨੇ ਭਦੌੜ ਦੇ ਲੋਕਾਂ ਲਈ ਕੀਤੀ ਤੇ ਜ਼ਮੀਨਾਂ ਦੇ ਮਾਲਕ ਬਣਾਇਆ, ਉਹ ਅੱਜ ਵੱਡੀਆਂ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ, ਉਹਨਾਂ ਨੂੰ ਆਪਣਾ ਪਿਛੋਕਣ ਭੁੱਲਣਾ ਨਹੀਂ ਚਾਹੀਦਾ। ਇਸ ਤੋਂ ਇਲਾਵਾ ਸੁਖਜੰਟ ਸਿੰਘ ਤਹਿਸੀਲ ਸਕੱਤਰ ਬਰਨਾਲਾ, ਜਗਰਾਜ ਸਿੰਘ ਰਾਮਾ ਤਹਿਸੀਲ ਸਕੱਤਰ ਤਪਾ, ਮੋਹਣ ਸਿੰਘ ਕ੍ਰਾਂਤੀਕਾਰੀ ਮੀਤ ਪ੍ਰਧਾਨ ਬਰਨਾਲਾ, ਰਣਜੀਤ ਕੌਰ ਸਕੱਤਰ ਪੰਜਾਬ ਇਸਤਰੀ ਸਭਾ ਬਰਨਾਲਾ ਨੇ ਵੀ ਸੰਬੋਧਨ ਕੀਤਾ।

### ਤਿੰਨ ਦੀ ਮੁਹਾਲੀ ਰੈਲੀ...

ਜਾਵੇਗਾ, ਪਰ ਅੱਜ ਸਰਕਾਰ ਲੁਧਿਆਣਾ ਦੀ ਜ਼ਿਮਨੀ ਚੋਣ ਵਿੱਚ ਵੋਟਾਂ ਬਟੋਰਨ ਦੇ ਮਨਸ਼ੇ ਨਾਲ ਸਨਅਤਕਾਰਾਂ ਨੂੰ ਖ਼ੁਸ਼ ਕਰਨ ਲਈ ਮਜ਼ਦੂਰਾਂ ਦਾ ਗਲਾ ਘੋਟ ਰਹੀ ਹੈ, ਪਰ ਮਜ਼ਦੂਰ ਵਰਗ ਮਹਿੰਗਾਈ ਦੀ ਚੱਕੀ ਵਿੱਚ ਪਿਸਣਾ ਹੋਰ ਬਹੁਤੀ ਦੇਰ ਬਰਦਾਸ਼ਤ ਨਹੀਂ ਕਰੇਗਾ, ਸਗੋਂ ਇਸ ਵਿਸ਼ਾਲ ਰੈਲੀ ਰਾਹੀਂ ਸਰਕਾਰ ਵੱਲੋਂ ਮਜ਼ਦੂਰਾਂ ਦੀ ਕੀਤੀ ਜਾ ਰਹੀ ਅਣਦੇਖੀ ਦਾ ਠੋਕਵਾਂ ਜਵਾਬ ਦੇਵੇਗਾ।

### ਬਰੈਂਪਟਨ 'ਚ ਦੋ ...

ਫੜੇ ਗਏ। ਪੁਲਸ ਨੇ ਉੱਥੋਂ 17 ਟਰੱਕ, ਕਈ ਟਰਾਲੇ ਤੇ ਲੱਦੇ ਹੋਏ ਸਾਮਾਨ ਸਮੇਤ ਚੋਰੀ ਕੀਤੇ ਦੋ ਟਰੱਕ ਵੀ ਬਰਾਮਦ ਕੀਤੇ, ਜਿਨ੍ਹਾਂ 'ਚ ਲੱਦੇ ਖਾਣ ਵਾਲੇ ਸਾਮਾਨ ਨੂੰ ਖਰਾਬੀ ਤੋਂ ਬਚਾਉਣ ਲਈ ਤੁਰੰਤ ਉਨ੍ਹਾਂ ਦੇ ਅਸਲੀ ਮਾਲਕਾਂ ਨੂੰ ਸੌਂਪ ਦਿੱਤਾ ਗਿਆ।

### ਹਿਮਾਚਲ 'ਚ ਪੰਜਾਬੀ...

ਐੱਲ ਈ ਡੀ ਨੂੰ ਖੋਲ੍ਹਣ ਦੀ ਕੋਸ਼ਿਸ਼ ਵੀ ਕੀਤੀ। ਜਦੋਂ ਢਾਬਾ ਮਾਲਕ ਪ੍ਰਦੀਪ ਗੁਲੇਰੀਆ ਨੇ ਇਸ ਦਾ ਵਿਰੋਧ ਕੀਤਾ ਤਾਂ ਦੋਹਾਂ ਨੇ ਮਿਲ ਕੇ ਉਸ ਨੂੰ ਧਮਕੀ ਦਿੱਤੀ ਅਤੇ ਫਿਰ ਦੇਸੀ ਕੱਟਾ ਕੱਢ ਕੇ ਫਾਇਰ ਕਰ ਦਿੱਤਾ। ਇਸ ਦੌਰਾਨ ਗੋਲੀ ਪ੍ਰਦੀਪ ਦੇ ਸੱਜੇ ਹੱਥ ਨਾਲ ਖਹਿ ਕੇ ਉਸ ਦੇ ਮੂੰਹ ਦੇ ਸੱਜੇ ਪਾਸੇ ਜਾ ਲੱਗੀ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਜ਼ੋਨਲ ਹਸਪਤਾਲ ਲਿਜਾਇਆ ਗਿਆ, ਜਿੱਥੇ ਗੰਭੀਰ ਹਾਲਤ ਨੂੰ ਦੇਖਦੇ ਹੋਏ ਨੇਰਚੌਕ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਵਿਅਕਤੀ ਗੋਲੀ ਚਲਾਉਣ ਤੋਂ ਬਾਅਦ ਢਾਬੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਨਾਲ ਵੀ ਛੇੜਛਾੜ ਕਰ ਰਹੇ ਸਨ। ਪੁਲਸ ਸੀ ਸੀ ਟੀ ਵੀ ਫੁਟੇਜ ਅਤੇ ਹੋਰ ਸੁਰਾਗਾਂ ਦੇ ਆਧਾਰ 'ਤੇ ਹਮਲਾਵਰਾਂ ਦੀ ਭਾਲ ਕਰ ਰਹੀ ਹੈ। ਇਸ ਘਟਨਾ ਨੇ ਸਥਾਨਕ ਵਾਸੀਆਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

## ਸਾਥੀ ਗੁਰਨਾਮ ਸਿੰਘ ਸਿੱਧੂ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ (ਐਮ ਐਸ ਭਾਟੀਆ)**-ਦੇਸ਼ ਭਗਤ ਵਿਰਾਸਤ ਦੇ ਅਧਾਰ ਤੇ ਉਸਰੀ ਕੌਮਾਗਾਟਾ ਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਇੱਥੇ ਸਾਥੀ ਉਜਾਗਰ ਸਿੰਘ ਬੱਦੋਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਮੇਟੀ ਦੇ ਵੱਖ-ਵੱਖ ਆਗੂਆਂ ਐਡਵੋਕੇਟ ਕੁਲਦੀਪ ਸਿੰਘ ਕਿਲਾ ਰਾਏਪੁਰ, ਜਸਦੇਵ ਸਿੰਘ ਲਲਤੋਂ, ਜੋਗਿੰਦਰ ਸਿੰਘ ਸਹਿਜਾਦ, ਪ੍ਰੇਮ ਸਿੰਘ ਸਹਿਜਾਦ, ਸੁਖਦੇਵ ਸਿੰਘ ਕਿਲਾ ਰਾਏਪੁਰ, ਮਲਕੀਤ ਸਿੰਘ ਬੱਦੋਵਾਲ ਉਚੇਚੇ ਤੌਰ 'ਤੇ ਸ਼ਾਮਲ ਹੋਏ।ਸਮੂਹ ਆਗੂਆਂ ਨੇ ਸਾਥੀ ਗੁਰਨਾਮ ਸਿੰਘ ਸਿੱਧੂ ਨੂੰ 2 ਮਿੰਟ ਮੌਨ ਧਾਰ ਕੇ ਨਿੱਘੀ ਤੇ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ । ਬੁਲਾਰਿਆਂ ਨੇ ਕਿਹਾ ਕਿ ਸਾਥੀ ਗੁਰਨਾਮ ਸਿੰਘ ਸਿੱਧੂ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਾਰਨ ਉਹਨਾਂ ਦੇ ਪਰਿਵਾਰ ਨੂੰ ਵੱਡਾ ਘਾਟਾ ਹੈ, ਉਥੇ ਰੇਹੜੀ ਫੜੀ ਯੂਨੀਅਨ ਦੇ ਰੂਪ 'ਚ ਜਥੇਬੰਦ ਹਜ਼ਾਰਾਂ ਛੋਟੇ ਕਾਰੋਬਾਰੀਆਂ, ਸਨਅਤੀ ਮਜ਼ਦੂਰ ਜਥੇਬੰਦੀਆਂ 'ਚ ਜਥੇਬੰਦ ਹਜ਼ਾਰਾਂ ਮਜ਼ਦੂਰਾਂ ਅਤੇ ਕੌਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਲਈ ਬੇਹੱਦ ਵੱਡਾ ਘਾਟਾ ਹੈ, ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ। ਸਾਥੀ ਗੁਰਨਾਮ ਸਿੰਘ ਸਿੱਧੂ ਨਮਿਤ ਪਾਠ ਦਾ ਭੋਗ, ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 27 ਮਾਰਚ ਦਿਨ ਵੀਰਵਾਰ ਨੂੰ ਠੀਕ 1 ਤੋਂ 2 ਵਜੇ ਤੱਕ ਰਿਸ਼ੀ ਨਗਰ ਐਕਸ ਬਲਾਕ ਲੁਧਿਆਣਾ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਹੋਵੇਗਾ।

## ਇੰਸਪਾਇਰ ਮਾਨਕ ਐਵਾਰਡ; ਡੀ ਸੀ ਐੱਮ ਸਕੂਲ ਨੇ ਜਿੱਤੇ ਦੋ ਪੁਰਸਕਾਰ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ ਦੋ ਵਿਦਿਆਰਥੀਆਂ ਨੇ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੁਆਰਾ ਆਯੋਜਿਤ ਦਿ ਇੰਸਪਾਇਰ ਮਾਨਕ ਐਵਾਰਡ 2024-25 ਵਿੱਚ 10,000-10,000 ਰੁਪਏ ਦੇ ਨਕਦ ਇਨਾਮ ਦੇ ਨਾਲ ਪੁਰਸਕਾਰ ਜਿੱਤਿਆ ਹੈ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਟੈਂਡੈਂਸ ਸਿਸਟਮ ਤੇ ਆਟੋਮੈਟਿਕ ਟੋਏ ਭਰਨ ਵਾਲੀ ਕਾਰ ਦਾ ਮਾਡਲ ਤਿਆਰ ਕੀਤਾ ਸੀ ਅਤੇ ਇਸ ਮੁਕਾਬਲੇ ਵਿੱਚ ਔਨਲਾਈਨ ਹਿੱਸਾ ਲਿਆ ਸੀ।

ਉਨ੍ਹਾਂ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਮੌਕ ਐਵਾਰਡ ਵਿੱਚ ਹਿੱਸਾ ਲਿਆ ਸੀ ਤੇ ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ 5 ਵਿਦਿਆਰਥੀਆਂ ਨੇ ਇਸ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ 10ਵੀਂ ਜਮਾਤ ਦੇ ਵਿਦਿਆਰਥੀ ਵਿਹਾਨ ਬੱਤਰਾ ਤੇ 8ਵੀਂ ਜਮਾਤ ਦੇ ਵਿਦਿਆਰਥੀ ਮਾਧਵ ਬਾਂਸਲ ਨੇ ਇਹ ਪੁਰਸਕਾਰ ਜਿੱਤ ਕੇ ਸਕੂਲ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਸੀਨੀਅਰ ਐਗਜ਼ੀਕਿਊਟਿਵ ਅਕਾਦਮਿਕ ਸੁਖਮਨ ਨੇ ਕਿਹਾ ਕਿ ਇਹ ਇੱਕ ਸਾਫਟਵੇਅਰ ਪ੍ਰੋਜੈਕਟ ਹੈ ਤੇ ਵਿਦਿਆਰਥੀ ਹਰ ਰੋਜ਼ ਪ੍ਰੋਜੈਕਟ ਤਿਆਰ ਕਰਦੇ ਹਨ ਤੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਹਨ। ਏਟੀਐੱਲ ਕੋਆਰਡੀਨੇਟਰ ਮਨਦੀਪ ਸਿੰਘ ਤੇ ਸੋਨਮ ਨੇ ਕਿਹਾ ਕਿ ਸਕੂਲ ਵਿਖੇ ਸਥਿਤ ਅਟਲ ਟਿੰਕਰਿੰਗ ਲੈਬ ਵਿੱਚ ਭਵਿੱਖ ਦੇ ਵਿਗਿਆਨੀਆਂ ਨੂੰ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇੱਥੇ ਹਰ ਰੋਜ਼ ਵਿਦਿਆਰਥੀਆਂ ਵੱਲੋਂ ਕਾਢਾਂ ਕੱਢੀਆਂ ਜਾਂਦੀਆਂ ਹਨ ਅਤੇ ਤਕਨਾਲੋਜੀ ਰਾਹੀਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

## ਦੇਵ ਸਮਾਜ ਕਾਲਜ ਵਿਖੇ ਕਾਮਰਸ ਵਿਭਾਗ ਵੱਲੋਂ ਵਰਕਸ਼ਾਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਆਪਣੀ ਉੱਚੇਰੀ ਸਿੱਖਿਆ ਤੇ ਸਮਾਜਿਕ ਗਤੀਵਿਧੀਆਂ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਏ ਪਲੱਸ ਗ੍ਰੇਡ ਪ੍ਰਾਪਤ ਕਾਲਜ ਹੈ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ-ਛਾਇਆ ਤੇ ਪ੍ਰਿੰਸੀਪਲ ਡਾ. ਸੰਗੀਤਾ ਦੇ ਉਚਿਤ ਮਾਰਗ ਦਰਸ਼ਨ ਹੇਠ ਲਗਾਤਾਰ ਤਰੱਕੀ ਦੇ ਮਾਰਗ 'ਤੇ ਅਗਸਰ ਹੈ।ਇਸੇ ਲੜੀ ਦੇ ਅੰਤਰਗਤ, ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਨੇ "ਸੋਲਫੁੱਲ ਸਟ੍ਰੈਚ" ਨਾਮਕ ਵਰਕਸ਼ਾਪ ਦਾ ਆਯੋਜਨ ਕੀਤਾ।ਇਹ ਵਰਕਸ਼ਾਪ ਵਿਦਿਆਰਥਣਾਂ ਦੀ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤੀ ਗਈ ਸੀ।ਇਸ ਵਰਕਸ਼ਾਪ ਡਾ. ਪ੍ਰਿਯੰਕਾ ਸੇਠੀ ਨੇ ਯੋਗਾ ਇੰਸਟ੍ਰਕਟਰ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਤੇ ਕਾਮਰਸ ਵਿਭਾਗ ਦੇ ਅਧਿਆਪਕਾਂ ਨਾਲ ਮਿਲ ਕੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਲਗਾਤਾਰ ਤਿੰਨ ਦਿਨ ਡਾ. ਪ੍ਰਿਯੰਕਾ ਸੇਠੀ (ਯੋਗਾ ਇੰਸਟ੍ਰਕਟਰ) ਦੁਆਰਾ ਭਾਗੀਦਾਰਾਂ ਨੂੰ ਯੋਗਾ ਦੁਆਰਾ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਤ ਕਰਨ, ਤਣਾਅ ਘਟਾਉਣ ਤੇ ਮਾਨਸਿਕਤਾ ਨੂੰ ਵਧਾਉਣ ਦੀ ਯੋਗਤਾ ਦੀ ਡੂੰਘੀ ਸਮਝ ਪ੍ਰਦਾਨ ਕਰਨਾ ਸੀ।ਯੋਗਾ ਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ਯੋਗਾ ਦੀਆਂ ਮੂਲ ਗੱਲਾਂ ਦੀ ਜਾਣ-ਪਛਾਣ ਨਾਲ ਹੋਈ, ਜਿਸ ਵਿੱਚ ਸਾਹ ਨਿਯੰਤਰਣ (ਪ੍ਰਾਣਾਯਾਮ), ਆਸਣਾਂ (ਆਸਣਾਂ) ਵਿੱਚ ਸਹੀ ਸੰਯੋਜਨ ਦੀ ਮਹੱਤਤਾ ਤੇ ਅੰਦਰੂਨੀ ਸ਼ਾਂਤੀ ਨੂੰ ਉਤਸ਼ਾਹਤ ਕਰਨ ਲਈ ਮਾਨਸਿਕਤਾ ਤਕਨੀਕਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ।ਇੰਸਟ੍ਰਕਟਰ ਨੇ ਜ਼ੋਰ ਦਿੱਤਾ ਕਿ ਯੋਗਾ ਸਿਰਫ਼ ਲਚਕਤਾ ਬਾਰੇ ਨਹੀਂ ਹੈ, ਸਗੋਂ ਮਨ ਤੇ ਸਰੀਰ ਵਿਚਕਾਰ ਸਬੰਧ ਵਿਕਸਤ ਕਰਨ ਬਾਰੇ ਹੈ।

ਯੋਗਾ ਇੰਸਟ੍ਰਕਟਰ ਨੇ ਯੋਗਾ ਦੇ ਇਤਿਹਾਸ, ਦਰਸ਼ਨ ਤੇ ਲਾਭਾਂ ਦੀ ਸੰਖੇਪ ਜਾਣਕਾਰੀ ਦਿੱਤੀ।ਅੰਤ ਵਿੱਚ ਇੰਸਟ੍ਰਕਟਰ ਨੇ ਯੋਗਾ ਵਿੱਚ ਆਮ ਸਵਾਲਾਂ ਤੇ ਚੁਣੌਤੀਆਂ ਨੂੰ ਸੰਬੋਧਤ ਕੀਤਾ।ਯੋਗਾ ਦੇ ਦੂਸਰੇ ਦਿਨ 'ਭਾਵਨਾਤਮਕ ਸੰਤੁਲਨ ਤੇ ਏਕੀਕਰਨ ਲਈ ਯੋਗਾ' ਵਿਸ਼ੇ ਅਨੁਸਾਰ ਸੰਚਿਤ ਭਾਵਨਾਵਾਂ ਤੇ ਊਰਜਾ ਰੁਕਾਵਟਾਂ ਨੂੰ ਛੱਡਣ ਲਈ ਆਸਣਾਂ ਦਾ ਇੱਕ ਗਤੀਸ਼ੀਲ ਪ੍ਰਵਾਹ ਅਭਿਆਸ ਕੀਤਾ ਗਿਆ।ਯੋਗ ਨਿਦ੍ਰਾ (ਯੋਗਿਕ ਨੀਂਦ) 'ਤੇ ਇੱਕ ਵਿਸ਼ੇਸ਼ ਸੈਸ਼ਨ, ਇੱਕ ਨਿਰਦੇਸ਼ਿਤ ਧਿਆਨ ਤਕਨੀਕ ਜੋ ਸਰੀਰ ਤੇ ਮਨ ਨੂੰ ਸੁਚੇਤ ਰਹਿੰਦੇ ਹੋਏ ਡੂੰਘਾਈ ਨਾਲ ਆਰਾਮ ਦੇਣ ਲਈ ਤਿਆਰ ਕੀਤੀ ਗਈ ਹੈ। ਭਾਗੀਦਾਰਾਂ ਨੂੰ ਸਰੀਰਕ ਆਸਣਾਂ ਤੇ ਭਾਵਨਾਤਮਕ ਸਿਹਤ ਵਿਚਕਾਰ ਡੂੰਘੇ ਸਬੰਧ ਦੀ ਪੜਚੋਲ ਕਰਨ ਲਈ ਵੀ ਉਤਸ਼ਾਹਤ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਪ੍ਰੋਗਰਾਮ ਦੇ ਸਫਲ ਆਯੋਜਨ ਤੇ ਕੋਆਰਡੀਨੇਟਰ ਡਾ. ਲੀਨਾ ਕੱਕੜ, ਮੁਖੀ, ਪੋਸਟ ਗ੍ਰੈਜੂਏਟ ਕਾਮਰਸ ਵਿਭਾਗ, ਕੋਆਰਡੀਨੇਟਰ ਮੈਡਮ ਪ੍ਰਿਯੰਕਾ ਰਹੇਜਾ ਤੇ ਡਾ. ਮਨਜੋਤ ਸ਼ਰਮਾ ਦੀ ਸ਼ਲਾਘਾ ਕਰਦਿਆ ਵਧਾਈ ਦਿੱਤੀ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵ : ਐਮ ਪੀ ਏ

**ਮਾਨਸਾ (ਆਤਮਾ ਸਿੰਘ ਪਮਾਰ)**-ਚੰਡੀਗੜ੍ਹ ਵਿਖੇ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਮਗਰੋਂ ਖਨੌਰੀ ਅਤੇ ਸ਼ੰਭੂ ਮੋਰਚਿਆਂ ਵਿਖੇ ਸ਼ਾਂਤੀ ਪੂਰਵਕ ਵਾਪਸੀ ਸਮੇਂ ਕਿਸਾਨ ਆਗੂਆਂ ਦੀ ਪੁਲਸ ਵੱਲੋਂ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਗੱਲਬਾਤ ਰਾਹੀਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕਰ ਰਹੀ ਸੀ ਅਤੇ ਦੂਸਰੇ ਪਾਸੇ ਬਿਨਾਂ ਵਜ੍ਹਾ ਪੁਰਅਮਨ ਵਾਪਸ ਜਾਂਦੇ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪਿਛਲੇ 13 ਮਹੀਨਿਆਂ ਤੋਂ ਚੱਲ ਰਹੇ ਸੰਘਰਸ਼ ਨੂੰ ਵੱਡੀ ਗਿਣਤੀ ਪੁਲਸ ਫੋਰਸ ਲਾ ਕੇ ਖਦੇੜਦਿਆਂ ਗਿਆ ਹੈ। ਗ੍ਰਿਫ਼ਤਾਰੀਆਂ ਦੇ ਵਿਰੋਧ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ ਖਦੇੜਨ ਲਈ ਵੱਡੀ ਗਿਣਤੀ 'ਓ ਪੁਲਸ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਕੀਤੀ ਗ਼ੈਰ ਜਮਹੂਰੀ ਕਾਰਵਾਈ ਨੂੰ ਲੋਕਤੰਤਰ ਦਾ ਘਾਣ ਦੱਸਿਆ।ਇਸ ਸਮੇਂ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਐਚ ਐਸ ਰਾਣੂ, ਕੈਸ਼ੀਅਰ ਡਾ ਰਾਕੇਸ਼ ਕੁਮਾਰ ਮਹਿਤਾ, ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ , ਸੀਨੀਅਰ ਵਾਇਸ ਪ੍ਰਧਾਨ ਅਵਤਾਰ ਸਿੰਘ ਬਟਾਲਾ ਅਤੇ ਸੀ ਆਰ ਸ਼ੰਕਰ, ਪ੍ਰੈਸ ਸਕੱਤਰ ਚਮਕੌਰ ਸਿੰਘ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

23 Mar Page-3.qxd 3/22/2025 10:45 PM Page 1



## ਦੋ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਤਿੱਬੜ ਪੁਲਸ ਦੇ ਐਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਇੱਕ ਇਤਲਾਹ 'ਤੇ ਕੰਮਾ ਮਸੀਹ ਪੁੱਤਰ ਭੁੱਟੋ ਵਾਸੀ ਮੁਸਤਫਾਬਾਦ ਜੱਟਾਂ ਦੇ ਘਰ ਰੇਡ ਕਰਕੇ ਉਸ ਨੂੰ ਚਾਲੂ ਭੱਠੀ ਦਾ ਸਾਮਾਨ ਸ਼ਰਾਬ ਨਜਾਇਜ਼ ਅਤੇ 30 ਕਿਲੋ ਲਾਹਣ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਥਾਣਾ ਤਿੱਬੜ ਪੁਲਸ ਦੇ ਏ.ਐਸ.ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਸੋਮੀ ਪਤਨੀ ਚੰਚਲ ਮਸੀਹ ਵਾਸੀ ਮੁਸਤਫਾਬਾਦ ਜੱਟਾਂ ਦੇ ਘਰ ਰੇਡ ਕਰਕੇ ਉਸ ਨੂੰ 100 ਕਿਲੋ ਲਾਹਣ ਸਮੇਤ ਕਾਬੂ ਕੀਤਾ ਹੈ। ਥਾਣਾ ਤਿੱਬੜ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਅਵਨੀ ਛਾਬੜਾ ਸਿੰਗਾਪੁਰ ਸਵਿਮਿੰਗ ਚੈਂਪੀਅਨਸ਼ਿਪ 'ਚ ਭਾਰਤ ਦੀ ਪ੍ਰਤੀਨਿਧਤਾ ਕਰੇਗੀ

**ਪਠਾਨਕੋਟ (ਦਵਿੰਦਰ ਸਿੰਘ)**- ਮੌਂਟੇਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਨੂੰ ਆਪਣੀ ਸਟਾਰ ਤੈਰਾਕ ਅਵਨੀ ਛਾਬੜਾ 'ਤੇ ਮਾਣ ਹੈ, ਜਿਸ ਨੇ 55ਵੀਂ ਸਿੰਗਾਪੁਰ ਨੈਸ਼ਨਲ ਏਜ ਗਰੁੱਪ ਸਵਿਮਿੰਗ ਚੈਂਪੀਅਨਸ਼ਿਪ 2025 ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਚੁਣੀ ਗਈ ਹੈ ਅਤੇ ਇਤਿਹਾਸ ਰਚਿਆ ਹੈ। ਇਹ ਪ੍ਰਤਿਸ਼ਠਿਤ ਪ੍ਰਤੀਯੋਗਤਾ 47ਵੀਂ ਐਸ ਈ ਏ ਏਜ ਗਰੁੱਪ ਚੈਂਪੀਅਨਸ਼ਿਪ, ਵਰਲਡ



ਐਕਵਾਟਿਕਸ ਚੈਂਪੀਅਨਸ਼ਿਪ ਅਤੇ ਸਾਊਥਈਸਟ ਏਸ਼ੀਅਨ ਗੇਮਜ਼ ਲਈ ਕਵਾਲੀਫਾਇੰਗ ਈਵੈਂਟ ਹੈ।ਇਸ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਦਾ ਆਯੋਜਨ ਸਿੰਗਾਪੁਰ ਐਕਵਾਟਿਕਸ (ਐਸਏਕਿਉ) ਦੁਆਰਾ ਕੀਤਾ ਜਾ ਰਿਹਾ ਹੈ, ਜੋ ਸਿੰਗਾਪੁਰ ਦਾ ਰਾਸ਼ਟਰੀ ਖੇਡ ਸੰਘ ਹੈ ਅਤੇ ਸਵਿਮਿੰਗ, ਵਾਟਰ ਪੋਲੋ, ਆਰਟਿਸਟਿਕ ਸਵਿਮਿੰਗ, ਡਾਈਵਿੰਗ ਅਤੇ ਓਪਨ ਵਾਟਰ ਸਵਿਮਿੰਗ ਵਰਗੇ ਖੇਡਾਂ ਨੂੰ ਸੰਚਾਲਤ ਕਰਦਾ ਹੈ। ਇਹ ਪ੍ਰਤਿਸ਼ਠਿਤ ਪ੍ਰਤੀਯੋਗਿਤਾ 18 ਤੋਂ 23 ਮਾਰਚ 2025 ਤੱਕ ਓਸੀਬੀਸੀ ਐਕਵਾਟਿਕ ਸੈਂਟਰ ਸਿੰਗਾਪੁਰ ਵਿੱਚ ਆਯੋਜਿਤ ਹੋਵੇਗੀ। ਇਹ ਜਾਣਕਾਰੀ ਸਕੂਲ ਦੇ ਚੇਅਰਮੈਨ ਵਿਨੋਦ ਮਹਾਜਨ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਹ ਛੇ ਦਿਨਾਂ ਦੇ ਇਸ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਸਿੰਗਾਪੁਰ ਦੇ ਚੋਟੀ ਦੇ ਤੈਰਾਕ ਭਾਰਤ, ਇੰਡੋਨੇਸ਼ੀਆ, ਜਾਪਾਨ, ਫਿਲੀਪੀਨਜ਼, ਸ੍ਰੀਲੰਕਾ ਅਤੇ ਹੋਰ ਦੇਸ਼ਾਂ ਦੇ ਦਿੱਗਜ ਖਿਡਾਰੀਆਂ ਨਾਲ ਪ੍ਰਤਿਸਪਰਧਾ ਕਰਨਗੇ। ਚੇਅਰਮੈਨ ਵਿਨੋਦ ਮਹਾਜਨ, ਵਾਈਸ-ਚੇਅਰਮੈਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਰਸ਼ਮੀ ਆਹਲੂਵਾਲੀਆ ਨੇ ਅਵਨੀ ਨੂੰ ਮੁਬਾਰਕਾਂ ਦਿੱਤੀਆਂ ਅਤੇ ਉਸ ਦੇ ਇਸ ਅੰਤਰਰਾਸ਼ਟਰੀ ਚੈਲੇਂਜ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੇ ਸਿਵਲ ਸਰਵਿਸਿਜ਼ ਕੋਚਿੰਗ ਕਲਾਸਾਂ ਦਾ ਕੀਤਾ ਉਦਘਾਟਨ

**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਦੇ ਨਾਲ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੋਂ ਇਲਾਵਾ ਉਨ੍ਹਾਂ ਲਈ ਰੁਜ਼ਗਾਰ ਦੇ ਵੱਖ-ਵੱਖ ਮੌਕੇ ਉਪਲਬਧ ਕਰਵਾਉਣ ਲਈ ਯਤਨ ਲਗਾਤਾਰ ਜਾਰੀ ਹਨ। ਇਨ੍ਹਾਂ ਹੀ ਯਤਨਾਂ ਸਦਕਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੇ ਮਿਸ਼ਨ 'ਉਮੀਦ' ਤਹਿਤ ਨੌਜਵਾਨਾਂ ਲਈ ਨਵੀਂ ਉਮੀਦ ਜਗਾਈ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਸ਼ਨ ਉਮੀਦ ਤਹਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਨੌਜਵਾਨਾਂ ਲੜਕੇ, ਲੜਕੀਆਂ ਲਈ ਆਈ.ਏ.ਐੱਸ, ਆਈ.ਪੀ.ਐੱਸ. ਤੇ ਪੀ.ਸੀ.ਐੱਸ. ਦੀ ਮੁਫ਼ਤ ਕੋਚਿੰਗ ਦੀ ਸ਼ੁਰੂਆਤ ਕੀਤੀ ਗਈ। ਇਸ ਮੁਫ਼ਤ ਕੋਚਿੰਗ ਕਲਾਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿੱਤਿਆ ਉੱਪਲ, ਐੱਸ.ਐੱਸ.ਪੀ. ਗੁਰਦਾਸਪੁਰ ਅਦਿੱਤਿਆ, ਏ.ਡੀ.ਸੀ. ਡਾ. ਹਰਜਿੰਦਰ ਸਿੰਘ ਬੇਦੀ ਅਤੇ ਐੱਸ.ਡੀ.ਐੱਮ. ਜਸਪਿੰਦਰ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਰਜੇਸ਼ ਸ਼ਰਮਾ, ਚੇਤਨ ਭਾਰਤ ਲਰਨਿੰਗ ਸੰਸਥਾ ਦੇ ਬਾਨੀ ਅਤੇ ਐੱਮ.ਡੀ. ਚੇਤਨ ਭਾਰਤ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿੱਤਿਆ ਉੱਪਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ



ਮਿਸ਼ਨ ਉਮੀਦ ਤਹਿਤ ਨੌਜਵਾਨਾਂ ਲਈ ਪ੍ਰਸ਼ਾਸਨਿਕ ਸੇਵਾਵਾਂ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕੋਚਿੰਗ ਕਲਾਸਾਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਲੱਗਣਗੀਆਂ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨ ਲੜਕੇ ਲੜਕੀਆਂ ਨੂੰ ਇਸ ਮੁਫ਼ਤ ਕੋਚਿੰਗ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਐੱਸ.ਐੱਸ.ਪੀ. ਗੁਰਦਾਸਪੁਰ ਅਦਿੱਤਿਆ ਨੇ ਕਿਹਾ ਕਿ ਮੁਫ਼ਤ ਕੋਚਿੰਗ ਕਲਾਸਾਂ ਦਾ ਇਹ ਉਪਰਾਲਾ ਨੌਜਵਾਨਾਂ ਨੂੰ ਅੱਗੇ ਵਧਣ ਵਿੱਚ ਮਦਦਗਾਰ ਸਾਬਤ ਹੋਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਰਪਣ ਸੁਸਾਇਟੀ ਦੇ ਸਹਿਯੋਗ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਇਹ ਮੁਫ਼ਤ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।

## ਮੋਦੀ ਸਰਕਾਰ ਮੁਕਾਬਲਿਆਂ ਦੇ ਨਾਂਅ ਹੇਠ ਆਦਿਵਾਸੀਆਂ ਦੀਆਂ ਹੱਤਿਆਵਾਂ ਬੰਦ ਕਰੇ : ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਪੱਟੀ)**- ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਅਤੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਛੱਤੀਸਗੜ੍ਹ ਦੇ ਬੀਜਾਪੁਰ ਅਤੇ ਕਾਂਕੇਰ ਇਲਾਕਿਆਂ ਵਿੱਚ 'ਮੁਕਾਬਲਿਆਂ' ਦੇ ਨਾਂਅ ਹੇਠ 30 ਨਕਸਲੀਆਂ ਨੂੰ ਘੇਰਾ ਪਾ ਕੇ ਬੇਰਹਿਮੀ ਨਾਲ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਆਦਿਵਾਸੀਆਂ ਦੀ ਐਲਾਨੀਆ ਕੀਤੀ ਜਾ ਰਹੀ ਨਸਲਕੁਸ਼ੀ ਬੰਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਉਨ੍ਹਾ ਦੱਸਿਆ ਕਿ ਮੋਦੀ ਹਕੂਮਤ ਵੱਲੋਂ ਨਕਸਲਵਾਦ ਨੂੰ ਖਤਮ ਕਰਨ ਦੀ ਆੜ ਹੇਠ ਆਦਿਵਾਸੀ ਲੋਕਾਂ ਦੇ ਕੀਤੇ ਜਾ ਰਹੇ ਕਤਲੇਆਮ, ਉਜਾੜੇ ਅਤੇ ਆਦਿਵਾਸੀ ਇਲਾਕਿਆਂ ਦੇ ਜਲ, ਜੰਗਲ, ਜ਼ਮੀਨ ਅਤੇ ਖਣਿਜ ਪਦਾਰਥਾਂ ਦੀ ਸਾਮਰਾਜੀ ਲੁੱਟ ਦੇ ਖਿਲਾਫ਼ ਪੰਜਾਬ ਵਿੱਚ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ 25 ਮਾਰਚ ਨੂੰ ਸਵੇਰੇ 11 ਵਜੇ ਸ੍ਰ. ਨਾਨਕ ਸਿੰਘ ਸੈਮੀਨਾਰ ਹਾਲ, ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਇਕ ਜਨਤਕ ਕਨਵੈਨਸ਼ਨ ਕਰਵਾਈ ਜਾਵੇਗੀ ਜਿਸ ਵਿੱਚ ਪ੍ਰਸਿੱਧ ਜਮਹੂਰੀ ਚਿੰਤਕ ਅਤੇ ਸਮਾਜਿਕ ਕਾਰਕੁੰਨ ਹਿਮਾਂਸ਼ੂ ਕੁਮਾਰ ਮੁੱਖ ਬੁਲਾਰੇ ਦੇ ਤੌਰ 'ਤੇ ਆਪਣੇ ਵਿਚਾਰ ਪ੍ਰਗਟ ਕਰਨਗੇ।ਉਨ੍ਹਾਂ ਕਿਹਾ ਕਿ ਮਾਓਵਾਦੀ ਲਹਿਰ, ਭਾਰਤੀ ਸਟੇਟ ਵੱਲੋਂ ਆਦਿਵਾਸੀ ਲੋਕਾਂ ਨਾਲ ਕੀਤੇ ਜਾ ਰਹੇ ਨੰਗੇ ਚਿੱਟੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲ ਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕੇ ਖਾਲੀ ਕਰਾਕੇ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ।ਜਮਹੂਰੀ ਫਰੰਟ ਦੇ ਆਗੂਆਂ ਨੇ ਸਾਰੀਆਂ ਹੀ ਜਮਹੂਰੀ ਤੇ ਨਿਆਂਪਸੰਦ ਸੰਸਥਾਵਾਂ ਅਤੇ ਸਮਾਜ ਦੇ ਸਮੂਹ ਵਰਗਾਂ ਦੇ ਲੋਕਾਂ ਨੂੰ ਹੁਕਮਰਾਨਾਂ ਦੇ ਇਨ੍ਹਾਂ ਮਨਸੂਬਿਆਂ ਅਤੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਉਣ ਲਈ ਇਸ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

## ਜ਼ਿਲ੍ਹਾ ਪ੍ਰਸ਼ਾਸਨ ਨੇ ਲੜਕੀਆਂ ਨੂੰ ਯੁੱਧ ਨਸ਼ਿਆਂ ਵਿਰੁੱਧ ਦੇ ਲੋਗੋ ਵਾਲੀਆਂ ਮੁਫ਼ਤ ਕਿੱਟਾਂ ਵੰਡੀਆਂ



**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਜਿੱਥੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ ਉਥੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਵੀ ਯਤਨ ਲਗਾਤਾਰ ਜਾਰੀ ਹਨ। ਇਨ੍ਹਾਂ ਯਤਨਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਬੇਹਾਲੀ, ਗੁਰਦਾਸਪੁਰ ਅਤੇ ਗਾਹਲੜੀ ਦੀਆਂ ਵਿਦਿਆਰਥਣਾਂ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਾਥ ਦੇਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਮਨਜੀਤ ਸਿੰਘ ਰਾਜਲਾ, ਜੀ.ਏ. ਅਦਿੱਤਿਆ ਗੁਪਤਾ, ਡੀ.ਈ.ਓ. ਰਜੇਸ਼ ਸ਼ਰਮਾ ਵੀ ਹਾਜ਼ਰ ਸਨ। ਸਕੂਲੀ ਵਿਦਿਆਰਥਣਾਂ ਨਾਲ ਗੱਲਬਾਤ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਲੜਕੀਆਂ ਨੂੰ ਵੀ ਮੋਹਰੀ ਹੋ ਕੇ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਆਲੇ-ਦੁਆਲੇ ਜੇਕਰ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਯੁੱਧ ਨਸ਼ਿਆਂ ਵਿਰੁੱਧ ਅਤੇ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਵੀ ਵੰਡੀਆਂ। ਇਸ ਮੌਕੇ ਸਕੂਲੀ ਵਿਦਿਆਰਥਣਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਾ ਸਾਥ ਦੇਣਗੀਆਂ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨਗੀਆਂ।

## ਬੌਬੀ ਰੱਲ੍ਹ ਦੀ ਪਲੇਠੀ ਪੁਸਤਕ 'ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ' ਢੱਡਰੀਆਂ ਵਾਲਿਆਂ ਵੱਲੋਂ ਲੋਕ ਅਰਪਣ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਲੇਖਕ ਬੌਬੀ ਰੱਲ੍ਹ ਦੀ 'ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ' ਦੇ ਸਿਰਲੇਖ ਹੇਠ ਪਲੇਠੀ ਵਾਰਤਕ ਪੁਸਤਕ ਨੂੰ ਬਾਬਾ ਰਣਜੀਤ ਸਿੰਘ ਖਾਲਸਾ (ਢੱਡਰੀਆਂ ਵਾਲਿਆਂ) ਨੇ ਜਾਰੀ ਕੀਤੀ।ਬੌਬੀ ਨੇ ਦੱਸਿਆ ਕਿ ਮੇਰੀ ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੈ, ਜਿਨ੍ਹਾਂ ਦੀ ਬਦੌਲਤ ਮੈਨੂੰ ਜ਼ਿੰਦਗੀ ਦੇ ਮੂਲ ਦਾ ਪਤਾ ਲੱਗਾ ਹੈ। ਭਾਈ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਇਸ ਪੁਸਤਕ ਵਿੱਚ ਗੁਰਬਾਣੀ ਦੇ ਸ਼ਬਦਾਂ ਦੇ ਹਵਾਲਿਆਂ



ਦੁਆਰਾ ਇੱਕ ਸਾਫ ਸੁਥਰੀ ਜ਼ਿੰਦਗੀ ਜਿਊਣ ਦੀ ਜੁਗਤ ਦੱਸੀ ਗਈ ਹੈ, ਜੋ ਨੌਜਵਾਨ ਵਰਗ ਨੂੰ ਸੇਧ ਦੇਵੇਗੀ।ਇਸ ਪੁਸਤਕ ਦਾ ਸਾਰ ਹੈ ਕਿ ਆਸਤਿਕ ਬਣ ਕੇ ਬੁੱਧੀ ਦਾ ਵਿਕਾਸ ਰੋਕ ਲੈਣਾ ਮੂਰਖਤਾ ਹੈ।ਨਾਸਤਿਕ ਬਣ ਕੇ ਇਨਸਾਨੀਅਤ ਪੱਖੀ ਸੋਚ ਤੋਂ ਆਵਾਰਾ ਹੋਣਾ ਵੀ ਮੂਰਖਤਾ ਹੈ। ਨਾ ਨਾਸਤਿਕ ਬਣੋ, ਨਾ ਆਸਤਿਕ ਬਣੋ ਭਾਵ ਚੰਗੇ ਇਨਸਾਨ ਬਣਨ ਦੀ ਚਾਹ ਰੱਖੋ। ਬਾਕੀ ਸਭ ਭੁੱਲ ਜਾਓ ਕੀ ਹੋਣਾ ਹੈ ਤੇ ਕੀ ਹੋਵੇਗਾ।ਇਸ ਪੁਸਤਕ ਨੂੰ ਬਰਕਤ ਪਬਲੀਕੇਸ਼ਨ ਮਲੇਰਕੋਟਲਾ ਨੇ ਪ੍ਰਕਾਸ਼ਿਤ ਕੀਤਾ ਹੈ।

## ਵਿਸ਼ਵ ਪਾਣੀ ਸੰਭਾਲ ਦਿਵਸ ਮਨਾਇਆ

**ਪੱਟੀ (ਬਲਦੇਵ ਸਿੰਘ ਸੰਧੂ)**- ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਨੇ ਡਾ ਭੁਪਿੰਦਰ ਸਿੰਘ ਏ ਓ ਦੀ ਅਗਵਾਈ ਵਿੱਚ ਸਰਕਲ ਇੰਚਾਰਜ ਰਜਿੰਦਰ ਕੁਮਾਰ ਏ ਈ ਓ, ਡਾ ਜਸਵਿੰਦਰ ਸਿੰਘ ਭਾਟੀਆ ਸਿਖਲਾਈ ਅਫਸਰ, ਖਾਲਸਾ ਕਾਲਜ ਸਿਖਲਾਈ ਕੇਂਦਰ, ਅੰਮ੍ਰਿਤਸਰ, ਮਨਮੋਹਨ ਸਿੰਘ ਏਈਓ, ਬਲਰਾਜ ਬਾਜਾ ਸਿੰਘ ਅਤੇ ਰਣਜੀਤ ਸਿੰਘ ਖੇਤੀ ਉਪ ਨਿਰੀਖਕ ਅਧਾਰਤ ਟੀਮ ਨੇ ਤਲਵੰਡੀ ਮੁਸਤੱਦਾ ਸਿੰਘ ਵਿਖੇ ਵਿਸ਼ਵ ਪਾਣੀ ਸੰਭਾਲ ਦਿਵਸ ਮਨਾਇਆ। ਇਸ ਮੌਕੇ ਮਾਹਿਰਾਂ ਨੇ ਹਾਜ਼ਰੀਨ ਨੂੰ ਕੁਦਰਤ ਦੀ ਅਨਮੋਲ ਦਾਤ ਪਾਣੀ ਦੀ ਮਹੱਤਤਾ ਅਤੇ ਇਸ ਦੀ ਸੁਚੱਜੀ ਵਰਤੋਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਜਿੱਥੇ ਅਸੀਂ ਹੋਰ ਦਿਹਾੜੇ ਮਨਾਉਂਦੇ ਹਾਂ ਉੱਥੇ ਸਾਨੂੰ ਕੁਦਰਤ ਦੇ ਅਨਮੋਲ ਸੋਮੇ ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ ਸੁਵੰਨਤਾ ਦੇ ਦਿਨਾਂ ਨੂੰ ਵੀ ਮਨਾਉਣਾ ਚਾਹੀਦਾ ਹੈ।ਇਸ ਨਾਲ ਸਾਨੂੰ ਇਹਨਾਂ ਦੀ ਸਾਡੇ ਜੀਵਨ ਵਿੱਚ ਮਹੱਤਤਾ ਬਾਰੇ ਪਤਾ ਲੱਗਦਾ ਹੈ ਅਤੇ ਸਮੇਂ ਦੇ ਨਾਲ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਕਹਿਰੇ ਕਣਕ ਝੋਨੇ ਦੇ ਫਸਲੀ ਚੱਕਰ ਨਾਲ ਜਿੱਥੇ ਪਾਣੀ ਦਾ ਪੱਧਰ ਹਰ ਸਾਲ ਘਟ ਰਿਹਾ ਹੈ ਉੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਵੀ ਬੁਰਾ ਅਸਰ ਪੈ



ਰਿਹਾ ਹੈ। ਇਸ ਲਈ ਸਾਨੂੰ ਨਾ ਸਿਰਫ ਘਰੇਲੂ ਕੰਮਾਂ ਦੌਰਾਨ ਪਾਣੀ ਦੀ ਬੱਚਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ ਸਗੋਂ ਖੇਤੀ ਦੀਆਂ ਅਜਿਹੀਆਂ ਤਕਨੀਕਾਂ ਨੂੰ ਅਪਣਾਉਣਾ ਚਾਹੀਦਾ ਹੈ ਜਿਸ ਨਾਲ ਘੱਟ ਤੋਂ ਘੱਟ ਪਾਣੀ ਦੀ ਖ਼ਪਤ ਹੋਵੇ। ਨਾਲ ਹੀ ਨਾਲ ਸਾਨੂੰ ਕੁਝ ਰਕਬਾ ਅਜਿਹੀਆਂ ਫਸਲਾਂ ਜਿਵੇਂ ਦਾਲਾਂ, ਤੇਲ ਬੀਜ ਫਸਲਾਂ, ਮੋਟੇ ਅਨਾਜ, ਸਾਉਣੀ ਦੀ ਮੱਕੀ ਆਦਿ ਹੇਠ ਰਕਬਾ ਲਿਆਉਣਾ ਚਾਹੀਦਾ ਹੈ। ਇਸ ਨਾਲ ਪਾਣੀ ਦੀ ਖਪਤ ਘਟੇਗੀ; ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ ਉੱਥੇ ਜੈਵਿਕ ਵੰਨ ਸੁਵੰਨਤਾ ਵਿੱਚ ਵਾਧਾ ਹੋਣ ਨਾਲ ਫਸਲਾਂ ਦਾ ਝਾੜ ਵੀ ਵਧੇਗਾ। ਫਸਲੀ ਵਿਭਿੰਨਤਾ ਅਪਨਾਉਣ ਨਾਲ ਜਿੱਥੇ ਦੂਜੇ ਮਿੱਤਰ ਜੀਵਾਂ ਦਾ ਵਾਧਾ ਹੋਵੇਗਾ ਉੱਥੇ ਸਹਾਇਕ ਧੰਦੇ ਵਜੋਂ ਅਪਣਾਏ ਜਾਂਦੇ ਸ਼ਹਿਦ ਮੱਖੀ ਪਾਲਣ ਆਦਿ ਤੋਂ ਵਾਧੂ ਆਮਦਨ ਵੀ ਮਿਲੇਗੀ। ਇਸ ਮੌਕੇ ਕਿਸਾਨਾਂ ਨੂੰ ਵਰਮੀ ਕੰਪੋਸਟ, ਸ਼ਹਿਦ ਮੱਖੀ ਪਾਲਣ ਅਤੇ ਖੁੰਬਾਂ ਦੀ ਮਹੱਤਤਾ ਦੱਸਦਿਆਂ ਕਿਹਾ ਗਿਆ ਕਿ ਉਹ ਸਿਖਲਾਈ ਲਈ ਖਾਲਸਾ ਕਾਲਜ ਕੇਂਦਰ ਅੰਮ੍ਰਿਤਸਰ ਜਾਂ ਨੇੜੇ ਦੇ ਕੇ ਵੀ ਕੇ ਕੇਂਦਰ ਨਾਲ ਸੰਪਰਕ ਕਰਨ। ਇਸ ਮੌਕੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕਣਕ ਦੀ ਵਾਢੀ ਉਪਰੰਤ ਖੇਤ ਖਾਲੀ ਹੋਣ ਤੇ ਮਿੱਟੀ ਪਰਖ ਕਰਾ ਲਈ ਜਾਵੇ ਅਤੇ ਮਿਲਣ ਵਾਲੀ ਰਿਪੋਰਟ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਕਿਸਾਨਾਂ ਨੂੰ ਮਹਿਕਮੇ ਦੁਆਰਾ ਸਬਸਿਡੀ ਤੇ ਦਿੱਤੀ ਜਾ ਰਹੀ ਜਿਪਸਮ ਅਤੇ ਪੀਐਮ ਕਿਸਾਨ ਨਿਧੀ ਯੋਜਨਾ ਤਹਿਤ ਆ ਰਹੀ ਮੁਸ਼ਕਲ ਲਈ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਇਸ ਮੌਕੇ ਫੀਲਡ ਵਰਕਰ ਦਿਲਬਾਗ ਸਿੰਘ, ਸਰਪੰਚ ਤਰਸੇਮ ਸਿੰਘ, ਸਰਪੰਚ ਰਸ਼ਪਾਲ ਸਿੰਘ, ਨੰਬਰਦਾਰ ਮਨਜੀਤ ਸਿੰਘ, ਹਰਪਾਲ ਸਿੰਘ, ਪਰਮਜੀਤ ਸਿੰਘ, ਨੰਬਰਦਾਰ ਸੰਤੋਖ ਸਿੰਘ, ਕੇਵਲ ਸਿੰਘ, ਜਸਵੀਰ ਸਿੰਘ, ਗੁਰਇਕਬਾਲ ਸਿੰਘ, ਨਵਦੀਪ ਸਿੰਘ, ਸਤਨਾਮ ਸਿੰਘ, ਬਲਜੀਤ ਸਿੰਘ ਤਲਵੰਡੀ, ਗੁਰਦੇਵ ਸਿੰਘ, ਤਰਸੇਮ ਸਿੰਘ ਘਰਿਆਲਾ, ਜਗਤ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਕਿਸਾਨਾਂ ਨੂੰ ਸਨਮਾਨਤ ਕੀਤਾ ਗਿਆ।

## ਗ੍ਰਿਫ਼ਤਾਰ ਕੀਤੇ ਕਿਸਾਨ ਆਗੂ ਤੁਰੰਤ ਰਿਹਾਅ ਕੀਤੇ ਜਾਣ : ਧਾਰੀਵਾਲ

**ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੇ ਪਿੰਡ ਸਭਰਾਂ ਵਿੱਚ ਮੀਟਿੰਗ ਇਕਾਈ ਆਗੂ ਬਲਕਾਰ ਸਿੰਘ ਸਭਰਾ, ਮੁਖਤਿਆਰ ਸਿੰਘ ਸਭਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਸਵਰਨ ਸਿੰਘ ਹਰੀਕੇ, ਜੁਗਰਾਜ ਸਿੰਘ ਸਭਰਾ ਨੇ ਕਿਹਾ



ਕਿ ਸ਼ੰਭੂ ਅਤੇ ਬਾਰਡਰ 'ਤੇ ਜੋ ਪੰਜਾਬ ਸਰਕਾਰ ਨੇ ਹਾਲਾਤ ਕੀਤੇ ਹਨ ਉਸ ਤੋਂ ਪੰਜਾਬ ਸਰਕਾਰ ਦਾ ਚਿਹਰਾ ਜੱਗ ਜ਼ਾਹਰ ਹੋਇਆ ਹੈ ਕਿਉਂਕਿ ਕੇਂਦਰ ਸਰਕਾਰ ਨਾਲ ਮੀਟਿੰਗ ਕਰਨ ਪਹੁੰਚੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਸ਼ਾਂਤਮਈ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨਾਂ ਮਜ਼ਦੂਰਾਂ 'ਤੇ ਧੱਕੇਸ਼ਾਹੀ ਕੀਤੀ ਗਈ। ਕਿਸਾਨਾਂ ਮਜ਼ਦੂਰਾਂ ਦੀ ਮਸੀਹਾ ਕਹਿਣ ਵਾਲੀ ਸਰਕਾਰ ਨੇ ਦੇਸ਼ ਦੇ ਅੰਨਦਾਤੇ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਅਤੇ ਵੱਡੇ ਪੱਧਰ 'ਤੇ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ ਗ੍ਰਿਫ਼ਤਾਰੀਆਂ ਕੀਤੀਆਂ, ਜਿਸ ਦੇ ਰੋਸ ਜਿਥੇ ਦੇਸ਼ਾਂ ਵਿਦੇਸ਼ਾਂ ਅਤੇ ਪੰਜਾਬ ਦੇ ਲੋਕਾਂ ਵਿੱਚ ਪਾਇਆ ਜਾ ਰਿਹਾ ਹੈ। ਜਿਸ ਕਰਕੇ ਪੰਜਾਬ ਤੇ ਕੇਂਦਰ ਖ਼ਿਲਾਫ਼ ਲੋਕ ਤਿੱਖੇ ਸੰਘਰਸ਼ ਲਈ ਤਿਆਰ ਹਨ। ਕੇਂਦਰ ਤੇ ਪੰਜਾਬ ਸਰਕਾਰ ਨੂੰ ਸੰਘਰਸ਼ ਦਾ ਰੂਪ ਦਿਖਾਉਣ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪਿੰਡ ਪੱਧਰੀ ਪੁਤਲੇ ਸਾੜਨ ਦਾ ਐਲਾਨ ਕੀਤਾ ਗਿਆ ਜਿਸ ਦੀ ਸ਼ੁਰੂਆਤ ਪੱਟੀ ਜ਼ੋਨ ਦੇ ਪਿੰਡ ਸਭਰਾਂ ਤੋਂ ਕੀਤੀ ਗਈ। ਪਿੰਡ ਸਭਰਾ ਦੇ ਅੱਡੇ 'ਤੇ ਪੁਤਲਾ ਫੂਕਿਆ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਜੇਲ੍ਹਾਂ ਵਿੱਚ ਬੰਦ ਕੀਤੇ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮੌਕੇ ਪ੍ਰਕਾਸ਼ ਸਿੰਘ, ਨਛੱਤਰ ਸਿੰਘ, ਹਰਦੀਪ ਸਿੰਘ, ਪਿਆਰਾ ਸਿੰਘ, ਅਜੀਤ ਸਿੰਘ, ਦਲੇਰ ਸਿੰਘ, ਗੁਰਦਿਆਲ ਸਿੰਘ, ਫੱਤੇ ਸਿੰਘ, ਹਰਜੀਤ ਸਿੰਘ, ਬਲਵੀਰ ਸਿੰਘ, ਅਮਰਜੀਤ ਸਿੰਘ, ਹਰਬੰਸ ਸਿੰਘ, ਪਾਲ ਸਿੰਘ, ਧਰਮ ਸਿੰਘ, ਰੇਸ਼ਮ ਸਿੰਘ, ਗੁਰਨਾਮ ਸਿੰਘ ਆਦਿ ਆਗੂ ਹਾਜ਼ਰ ਸਨ।

## ਖ਼ਾਲਸਾ ਕਾਲਜ 'ਚ ਪਰਵਾਸੀ ਪੰਜਾਬੀ ਕਵੀਆਂ ਦਾ ਕਵੀ ਦਰਬਾਰ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**— ਖ਼ਾਲਸਾ ਕਾਲਜ ਵਿਖੇ ਪੰਜਾਬੀ ਅਧਿਐਨ ਵਿਭਾਗ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ, ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਅਕਾਦਮੀ ਅੰਮ੍ਰਿਤਸਰ ਵੱਲੋਂ ਪੂਰੇ ਪੰਜਾਬ 'ਚ ਚੱਲ ਰਹੇ ਪੰਜਾਬ ਨਵ ਸਿਰਜਣਾ ਪ੍ਰੋਗਰਾਮਾਂ ਦੀ ਲੜੀ ਦੇ ਚਲਦਿਆਂ 'ਮਨੁ ਪਰਦੇਸੀ ਜੇ ਥੀਐ' ਵਿਸ਼ੇ 'ਤੇ ਪਰਵਾਸੀ ਪੰਜਾਬੀ ਕਵੀਆਂ ਦਾ ਕਵੀ ਦਰਬਾਰ ਕਰਵਾਇਆ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਦੀ ਯੋਗ ਅਗਵਾਈ ਅਧੀਨ ਕਰਵਾਏ ਸਮਾਗਮ ਦਾ ਆਗਾਜ਼ ਵਿਭਾਗ ਮੁਖੀ ਡਾ. ਆਤਮ ਸਿੰਘ ਰੰਧਾਵਾ ਅਤੇ ਸਮੂਹ ਸਟਾਫ਼ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਦਿਆਂ ਸਵਾਗਤ ਕੀਤਾ ਗਿਆ।ਇਸ ਮੌਕੇ ਡਾ. ਰੰਧਾਵਾ ਨੇ ਕਿਹਾ ਕਿ ਪਰਵਾਸ ਧਾਰਨ ਕਰ ਚੁੱਕੇ ਪੰਜਾਬੀ ਵਸਨੀਕਾਂ ਦੇ ਮਨ ਅੰਦਰ ਆਪਣੇ ਮੁਲਕ, ਕੌਮ ਅਤੇ ਵਿਰਸੇ ਪ੍ਰਤੀ ਕਈ ਤਰ੍ਹਾਂ ਦੀਆਂ ਵੇਦਨਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਜੋ ਵਾਰ-ਵਾਰ ਉਨ੍ਹਾਂ ਨੂੰ ਆਪਣੇ ਲੋਕਾਂ ਦੀ ਯਾਦ ਦਿਵਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਕੱਲਤਾ ਦੇ ਮਾਹੌਲ 'ਚ ਆਪਣੇ ਮਨ ਦੇ ਭਾਵਾਂ ਨੂੰ ਆਪਣੇ ਲੋਕਾਂ ਨਾਲ ਸਾਂਝਿਆਂ ਕਰਨ ਦੇ ਉਦੇਸ਼ ਵਜੋਂ ਇਹ ਖਾਸ ਕਿਸਮ ਦਾ ਸਮਾਗਮ ਰਚਾਇਆ ਗਿਆ ਹੈ। ਇਸ 'ਚ ਵੱਖ-ਵੱਖ ਮੁਲਕਾਂ 'ਚ ਰਹਿ ਰਹੇ ਪੰਜਾਬੀ ਦੇ ਸ਼ਾਇਰ



ਆਪਣਾ ਕਲਾਮ ਪੇਸ਼ ਕਰਨਗੇ।ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਪ੍ਰਧਾਨਗੀ ਕਰਦਿਆਂ ਪਰਵਾਸ ਧਾਰਨ ਕਰਨ ਦੇ ਅਨੁਭਵਾਂ ਨੂੰ ਸਾਂਝਾ ਕੀਤਾ। ਆਪਣੇ ਸ਼ੁਰੂਆਤੀ ਸਾਹਿਤਕ ਅਨੁਭਵਾਂ ਬਾਰੇ ਗੱਲ ਕਰਦਿਆਂ ਉਹਨਾਂ ਨੇ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਅਤੇ ਸਾਹਿਤ ਰਚਨ ਲਈ ਪ੍ਰੇਰਿਤ ਕੀਤਾ। ਜਸਵੰਤ ਸਿੰਘ ਜ਼ਫ਼ਰ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਨੇ ਪਰਵਾਸੀ ਪੰਜਾਬੀ ਸ਼ਾਇਰਾਂ ਦੀ ਸਾਹਿਤ ਨੂੰ ਦੇਣ ਸੰਬੰਧੀ ਗੱਲ ਕਰਦਿਆਂ ਕਿਹਾ ਕਿ ਪਰਦੇਸੀ ਸ਼ਾਇਰਾਂ ਦੀਆਂ ਵੇਦਨਾਵਾਂ ਦੀ ਪੇਸ਼ਕਾਰੀ ਇਹਨਾਂ ਕਵਿਤਾਵਾਂ ਵਿਚ ਹੋਈ ਮਿਲਦੀ ਹੈ। ਇਸ ਸਮਾਗਮ ਵਿਚ ਵੱਖ-ਵੱਖ ਮੁਲਕਾਂ ਤੋਂ ਆਏ ਪਰਵਾਸੀ ਪੰਜਾਬੀ ਸ਼ਾਇਰ ਜਸਵਿੰਦਰ (ਕੈਨੇਡਾ), ਕੁਲਵਿੰਦਰ (ਅਮਰੀਕਾ), ਜਗਜੀਤ ਨੌਸ਼ਹਿਰਵੀ (ਅਮਰੀਕਾ), ਪ੍ਰੀਤ ਮਨਪ੍ਰੀਤ (ਕੈਨੇਡਾ), ਰਾਜਵੰਤ ਰਾਜ (ਕੈਨੇਡਾ) ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਮਾਹੌਲ ਨੂੰ ਖ਼ੁਸ਼ਗਬਾਰ ਬਣਾਇਆ। ਸਮਾਗਮ ਦੇ ਅੰਤ 'ਤੇ ਆਏ ਹੋਏ ਮਹਿਮਾਨਾਂ ਨੂੰ ਕਾਲਜ ਦੇ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਡਾ. ਹੀਰਾ ਸਿੰਘ ਨੇ ਉਚੇਚੇ ਤੌਰ 'ਤੇ ਪਹੁੰਚੀਆਂ ਸ਼ਖ਼ਸ਼ੀਅਤਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅੰਮ੍ਰਿਤਸਰ ਦੀ ਪ੍ਰਸਿੱਧ ਸ਼ਾਇਰਾ ਅਰਤਿੰਦਰ ਸੰਧੂ ਅਤੇ ਕਹਾਣੀਕਾਰ ਦੀਪ ਦਵਿੰਦਰ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਪ੍ਰੋ. ਡਾ. ਪਰਮਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਦਯਾ ਸਿੰਘ, ਡਾ. ਜਸਬੀਰ ਸਿੰਘ, ਡਾ. ਨਵਜੋਤ ਕੌਰ, ਡਾ. ਅਮਨਦੀਪ ਕੌਰ, ਡਾ. ਗੁਰਪ੍ਰੀਤ ਸਿੰਘ, ਡਾ. ਮਨੀਸ਼ ਕੁਮਾਰ, ਡਾ. ਯਾਦਵਿੰਦਰ ਕੌਰ ਆਦਿ ਹਾਜ਼ਰ ਸਨ।

## ਬਿਨਾਂ ਢਕੀਆਂ ਟਰਾਲੀਆਂ ਰਾਹਗੀਰਾਂ ਲਈ ਬਣ ਰਹੀਆਂ ਮੁਸੀਬਤ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਦੇ ਆਸ-ਪਾਸ ਕਸਬਿਆਂ ਅੰਦਰ ਬਿਨਾਂ ਢੱਕੀਆਂ ਮਿੱਟੀ ਦੀਆਂ ਟਰਾਲੀਆਂ



ਸੜਕਾਂ 'ਤੇ ਚੱਲਣ ਕਾਰਨ ਰਾਹਗੀਰਾਂ ਲਈ ਮੁਸੀਬਤ ਦਾ ਕਾਰਨ ਬਣੀਆਂ ਹੋਈਆਂ ਹਨ। ਜਾਣਕਾਰੀ ਦਿੰਦੇ ਹੋਏ ਕੁਝ ਲੋਕਾਂ ਨੇ ਦੱਸਿਆ ਕਿ ਟਰੈਕਟਰ ਚਾਲਕਾਂ ਵੱਲੋਂ ਸੜਕਾਂ ਉੱਤੇ ਮਿੱਟੀ ਅਤੇ ਰੇਤੇ ਦੀਆਂ ਟਰਾਲੀਆਂ ਨੂੰ ਬਿਨਾਂ ਤਰਪਾਲ ਪਾਏ ਲਿਜਾਇਆ ਜਾਂਦਾ ਹੈ ਅਤੇ ਹਵਾ ਚੱਲਣ ਨਾਲ ਰੇਤਾ ਤੇ ਮਿੱਟੀ ਉੱਡ ਕੇ ਪਿੱਛੇ ਆ ਰਹੇ ਵਾਹਨ ਚਾਲਕਾਂ 'ਤੇ ਪੈਂਦਾ ਹੈ ਜਿਸ ਨਾਲ ਵਾਹਨ ਚਾਲਕਾਂ ਨੂੰ ਚੱਲਣ ਵਿੱਚ ਮੁਸ਼ਕਲ ਪੇਸ਼ ਹੁੰਦੀ ਹੈ। ਉਨ੍ਹਾਂ ਕਿਹਾ ਕਿ ਖਾਸ ਕਰਕੇ ਦੋ ਪਹੀਆ ਵਾਹਨ ਚਾਲਕਾਂ ਦੀਆਂ ਅੱਖਾਂ ਵਿੱਚ ਮਿੱਟੀ ਜਾਂ ਰੇਤ ਪੈਣ ਨਾਲ ਉਹ ਕਾਫੀ ਪਰੇਸ਼ਾਨ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੀਆਂ ਸਖਤ ਹਦਾਇਤਾਂ ਦੇ ਬਾਵਜੂਦ ਇਨ੍ਹਾਂ ਟਰੈਕਟਰ ਚਾਲਕਾਂ ਵੱਲੋਂ ਬਿਨਾਂ ਕਿਸੇ ਦੀ ਪਰਵਾਹ ਕੀਤੇ ਟਰਾਲੀਆਂ ਉੱਤੇ ਮਿੱਟੀ ਜਾਂ ਰੇਤਾ ਨੂੰ ਤਰਪਾਲ ਨਾਲ ਨਹੀਂ ਢਕਿਆ ਜਾਂਦਾ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਇਨਾਂ ਟਰੈਕਟਰ ਟਰਾਲੀ ਚਾਲਕਾਂ ਨੂੰ ਖਾਸ ਹਦਾਇਤਾਂ ਕੀਤੀਆਂ ਜਾਣ ਕਿ ਉਹ ਸੜਕ 'ਤੇ ਮਿੱਟੀ ਜਾਂ ਰੇਤਾ ਲਿਜਾਂਦੇ ਸਮੇਂ ਟਰਾਲੀਆਂ ਨੂੰ ਤਰਪਾਲਾਂ ਨਾਲ ਢਕ ਕੇ ਲਿਜਾਣ ਤਾਂ ਜੋ ਕੋਈ ਵੀ ਵਾਹਨ ਚਾਲਕ ਇਸ ਦਾ ਸ਼ਿਕਾਰ ਨਾ ਹੋ ਸਕੇ।

## ਸੈਂਸੋਡਾਇਨ ਨੇ ਗਿੰਨੀਜ਼ ਵਰਲਡ ਰਿਕਾਰਡ ਬਣਾਇਆ

**ਪਟਿਆਲ-** ਹੈਲੀਓਨ (ਪਹਿਲਾਂ ਗਲੈਕਸੋਸਮਿਥਕਲਾਈਨ ਕਨਜ਼ਿਊਮਰ ਹੈਲਥਕੇਅਰ) ਦਾ ਇੱਕ ਪ੍ਰਮੁੱਖ ਮੌਖਿਕ ਸੰਭਾਲ ਬ੍ਰਾਂਡ ਸੈਂਸੋਡਾਇਨ ਨੇ 24 ਘੰਟਿਆਂ ਵਿੱਚ ਸਭ ਤੋਂ ਵੱਧ ਆੱਨਲਾਇਨ ਡੈਂਟਲ ਸਕ੍ਰੀਨਿੰਗ ਟੈਸਟ ਸਫ਼ਲਤਾਪੂਰਵਕ ਕਰਨ ਦਾ ਗਿਨੀਜ਼ ਵਰਲਡ ਰਿਕਾਰਡ ਬਣਾਇਆ। ਮਹਾਂਕੁੰਭ 2025 ਵਿੱਚ ਆਯੋਜਿਤ ਰਿਕਾਰਡ-ਤੋੜ ਪਹਿਲਕਦਮੀ ਵਿੱਚ 27,000 ਤੋਂ ਵੱਧ ਵਿਅਕਤੀਆਂ ਨੇ ਦੰਦਾਂ ਦੀ ਜਾਂਚ ਕਰਾਈ, ਜੋ ਭਾਰਤੀਆਂ ਨੂੰ ਸਕ੍ਰਿਆ ਮੌਖਿਕ ਸੰਭਾਲ ਦੀ ਮਹੱਤਤਾ ਬਾਰੇ ਸਿੱਖਿਅਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਸੈਂਸੋਡਾਇਨ ਨੇ ਆਪਣਾ ਨਵਾਂ ਲਾਂਚ ਕੀਤਾ 20 ਰੁ. ਦਾ ਛੋਟਾ ਟੂਥਪੇਸਟ ਪੈਕ ਵੀ ਵੰਡਿਆ। ਹੈਲੀਓਨ ਇੰਡੀਆ ਸਬਕੰਟੀਨੈਂਟ ਦੇ ਕੈਟੇਗਿਰੀ ਲੀਡ-ਮੌਖਿਕ ਸਿਹਤ, ਕਿਸ਼ਲੇ ਸੇਠ ਨੇ ਕਿਹਾ, ਸੈਂਸੋਡਾਇਨ ਵਿੱਚ ਸਾਡਾ ਮਿਸ਼ਨ ਲੋਕਾਂ ਨੂੰ ਉਨ੍ਹਾਂ ਦੀ ਮੌਖਿਕ ਸਿਹਤ ਵੱਲ ਪਹਿਲਾ ਕਦਮ ਚੁੱਕਣ ਲਈ ਉਤਸ਼ਾਹਿਤ ਕਰਨਾ ਹੈ। ਮਹਾਂਕੁੰਭ 2025 ਵਿੱਚ ਇੱਕ ਗਿੰਨੀਜ਼ ਵਰਲਡ ਰਿਕਾਰਡ ਸਥਾਪਤ ਕਰਨਾ ਸਿਰਫ ਸੰਖਿਆਵਾਂ ਬਾਰੇ ਨਹੀਂ ਹੈ ।

## ਕਿਸਾਨ-ਮਜ਼ਦੂਰਾਂ ਦੀ ਖਿੱਚਧੂਹ ਕਰਕੇ ਮਾਨ ਸਰਕਾਰ ਨੇ ਦਿੱਤਾ ਕਿਸਾਨ ਵਿਰੋਧੀ ਹੋਣ ਦਾ ਸਬੂਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਾਨ ਸਰਕਾਰ ਨੇ ਕੇਂਦਰ ਸਰਕਾਰ ਨਾਲ ਮਿਲ ਕੇ ਕਿਸਾਨਾਂ ਨਾਲ ਮੀਟਿੰਗ ਕਰਨ ਦਾ ਡਰਾਮਾ ਕਰਕੇ ਆਪਣੀਆਂ ਹੱਕੀ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਮਜ਼ਦੂਰ ਜਥੇਬੰਦੀਆਂ ਦੇ ਵੱਡੀ ਗਿਣਤੀ ਵਿੱਚ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ, ਧੱਕੇਸ਼ਾਹੀ ਨਾਲ ਬਜ਼ੁਰਗ ਆਦਮੀਆਂ ਅਤੇ ਔਰਤਾਂ ਨੂੰ ਮੋਰਚੇ ਵਿੱਚੋਂ ਬਾਹਰ ਕੱਢ ਕੇ ਮਾਨ ਸਰਕਾਰ ਨੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੁੱਝ ਦਿਨ ਪਹਿਲਾਂ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਮੀਟਿੰਗ ਵਿੱਚ ਸੱਦ ਕੇ ਉਨ੍ਹਾਂ ਦੀ ਗੱਲ ਨਾ ਸੁਣ ਕੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ ਗਈ। ਦੁਬਾਰਾ ਕੇਂਦਰ ਵਿਚਲੀ ਭਾਜਪਾ ਸਰਕਾਰ ਨਾਲ ਮਿਲ ਕੇ ਮਾਨ ਸਰਕਾਰ ਨੇ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ । ਜਿਸ ਨੂੰ ਪੰਜਾਬ ਦੇ ਕਿਸਾਨ ਕਦੇ ਨਹੀਂ ਭੁੱਲਣਗੇ। ਕੱਕੜ ਨੇ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਦੇ ਅੰਨਦਾਤਾ ਨਾਲ ਚੱਟਾਨ ਵਾਂਗ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਤੰਤਰ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਿਆ ਹੈ। ਪੰਜਾਬ ਨੂੰ ਮਾਨ ਸਰਕਾਰ ਪੁਲਸ ਸਟੇਟ ਬਣਾ ਰਹੀ ਹੈ।ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਬੜੀ ਬੇਸਬਰੀ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਦੀ ਇੰਤਜ਼ਾਰ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਸਰਪੰਚ ਨਰਿੰਦਰ ਸਿੰਘ ਹੇਤਮਪੁਰਾ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਗੁਰਮੀਤ ਸਿੰਘ ਡਾਲਾ, ਸ਼ਮਸ਼ੇਰ ਸਿੰਘ ਸਾਰੰਗੜਾ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸ਼ਾਛੀਨਾਂ, ਗੁਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਭੁਪਿੰਦਰ ਸਿੰਘ ਬਿੱਟੂ ਕੱਕੜ, ਬਲਜੀਤ ਸਿੰਘ ਪੰਡੋਰੀ, ਸੂਬਾ ਸਿੰਘ ਹੇਤਮਪੁਰਾ, ਗੁਰਮੇਜ ਸਿੰਘ ਬਬਲਾ ਕੋਟਲਾ,ਸੂਬਾ ਸਿੰਘ ਪੰਜੂਰਾਏ, ਲਖਬੀਰ ਸਿੰਘ ਕੋਹਾਲੀ, ਸੋਨਾ ਸਿੱਧੂ ਬਲੱਗਣ, ਬਾਬਾ ਦਲਬੀਰ ਸਿੰਘ ਪੱਧਰੀ,ਬਲਵਿੰਦਰ ਸਿੰਘ ਕੋਹਾਲੀ, ਸੁੱਖ ਸ਼ਾਹ ਭਿੱਟੇਵੱਡ, ਸੁਖਦੇਵ ਸਿੰਘ ਨੱਥੂਪੁਰ, ਰਿੰਕੂ ਚੱਕ ਮਿਸ਼ਰੀ ਖਾਂ, ਗਿੰਦਰ ਲੋਪੋਕੇ, ਅਜੇਬੀਰ ਸਿੰਘ ਲੋਪੋਕੇ, ਗੁਰਜੰਟ ਸਿੰਘ ਮੁੱਧ, ਸਰਪੰਚ ਦਲਜੀਤ ਸਿੰਘ ਜੋਹਾ ਠੱਠਾ, ਸੁਰਜੀਤ ਸਿੰਘ ਰਾਣੀਆਂ ਆਦਿ ਹਾਜ਼ਰ ਸਨ।

## ਖੇਤੀਬਾੜੀ ਵਿਕਾਸ ਬੈਂਕ ਦਾ ਸਲਾਨਾ ਆਮ ਅਜਲਾਸ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਖੇਤੀਬਾੜੀ ਵਿਕਾਸ ਬੈਂਕ ਅਜਨਾਲਾ ਵੱਲੋਂ ਸਲਾਨਾ ਆਮ ਇਜਲਾਸ ਕਰਵਾਇਆ ਗਿਆ।ਖੇਤੀਬਾੜੀ ਵਿਕਾਸ ਬੈਂਕ ਵੱਲੋਂ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਾਸਤੇ ਅਤੇ ਉਹਨਾਂ ਨੂੰ ਜਾਣਕਾਰੀ ਦੇਣ ਵਾਸਤੇ ਬੈਂਕ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਮ ਇਜਲਾਸ ਬੈਂਕ ਦੀ ਹਦੂਦ ਅੰਦਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਤੌਰ 'ਤੇ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਅਮਨਦੀਪ ਸਿੰਘ ਅਤੇ ਐਡਵੋਕੇਟ ਮਨਦੀਪ ਸਿੰਘ ਮਹਾਰ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਜਿਸ ਵਿੱਚ ਚੇਅਰਮੈਨ ਅਤੇ ਬੈਂਕ ਦੇ ਸਹਾਇਕ ਜਨਰਲ ਮੈਨੇਜਰ ਸੁਰਿੰਦਰਪਾਲ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੈਂਕ ਹਰ ਵੇਲੇ ਕਿਸਾਨਾਂ ਦੀ ਮਦਦ ਵਾਸਤੇ ਤਤਪਰ ਹੈ। ਉਹਨਾਂ ਆਪਣੇ ਬੈਂਕ ਦੀਆਂ ਉਪਲਬਧੀਆਂ ਗਿਣਾਈਆਂ ਅਤੇ ਕਿਸਾਨਾਂ ਨੂੰ ਬੈਂਕ ਦੇ ਵਿੱਤੀ ਹਾਲਾਤ ਤੋਂ ਜਾਣੂ ਕਰਵਾਇਆ। ਇਸ ਤੋਂ ਬਾਅਦ ਬੈਂਕ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਚੇਅਰਮੈਨ ਅਮਨਦੀਪ ਸਿੰਘ, ਮਨਦੀਪ ਸਿੰਘ ਅਤੇ ਮਨਦੀਪ ਸਿੰਘ ਐਡਵੋਕੇਟ ਮਹਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਦੇ ਨਾਲ ਹੀ ਬੈਂਕ ਅਧਿਕਾਰੀਆਂ ਵੱਲੋਂ ਗੁੱਡ ਪੇ ਮਾਸਟਰ ਨੂੰ ਵੀ ਸਨਮਾਨਤ ਕੀਤਾ ਗਿਆ।

## ਵੈੱਲਫੇਅਰ ਐਸੋਸੀਏਸ਼ਨ ਨੇ ਮਿਲਾਵਟਖੋਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਕੀਤੀ ਮੰਗ

**ਵੇਰਕਾ (ਰਾਣਾ)**- ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਆਗੂਆਂ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਦੀ ਅਗਵਾਈ ਹੇਠ ਸਥਾਨਕ ਕੰਪਨੀ ਬਾਗ ਅੰਮ੍ਰਿਤਸਰ ਵਿਖੇ ਹੋਈ। ਜਿਸ ਵਿੱਚ ਕੀਮਤੀ ਮਨੁੱਖੀ ਜਾਨਾਂ ਲਈ ਖੌਅ ਬਣੀਆਂ ਮਿਲਾਵਟੀ ਖਾਧ ਵਸਤੂਆਂ 'ਚ ਮਿਲਾਵਟ ਕਰਨ ਵਾਲੇ ਮਿਲਾਵਟਖੋਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਆਖਿਆ ਕਿ ਬਜ਼ਾਰਾਂ ਵਿੱਚ ਸ਼ਰੇਆਮ ਕੁਝ ਇਕ ਦੁਕਾਨਦਾਰ ਜ਼ਹਿਰ ਵੇਚਦੇ ਹਨ। ਹੋਰ ਤਾਂ ਹੋਰ ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਘਿਉ, ਪਨੀਰ, ਮੱਖਣ, ਦਹੀਂ ਅਤੇ ਮਠਿਆਈ 'ਚ ਮਿਲਾਵਟ ਹੋਣ ਕਾਰਨ ਲੋਕ ਖ਼ਤਰਨਾਕ ਬਿਮਾਰੀਆਂ ਦੀ ਜਕੜ ਵਿੱਚ ਆ ਰਹੇ ਹਨ। ਜਿਸ ਕਾਰਨ ਉਹ ਕੁਦਰਤੀ ਮੌਤ ਹੋਣ ਤੋਂ ਪਹਿਲਾਂ ਹੀ ਅਣਆਈ ਮੌਤ ਮਰ ਰਹੇ ਹਨ। ਪ੍ਰੰਤੂ ਸ਼ਾਸਨ-ਪ੍ਰਸ਼ਾਸਨ ਬੇਖ਼ਬਰ ਤੇ ਮੂਕ-ਦਰਸ਼ਕ ਬਣਿਆ ਹੋਇਆ ਹੈ। ਸੰਬੰਧਤ ਵਿਭਾਗ ਵੀ ਤਿਉਹਾਰਾਂ ਦੇ ਮੌਕੇ ਕੇਵਲ ਖਾਨਾਪੂਰਤੀ ਕਰਨ ਵਾਸਤੇ ਛਾਪਾਮਰੀ ਕਰਦਾ ਹੋਇਆ ਆਪਣੇ ਕਰਤੱਵਾਂ ਦੀ ਪਾਲਣਾ ਕਰਦਾ ਹੈ। ਜਿਹੜਾ ਬਾਕੀ ਦਿਨ ਕੁੰਭਕਰਨੀ ਨੀਂਦ ਸੁੱਤਾ ਰਹਿੰਦਾ ਹੈ ਜਾਂ ਫਿਰ ਆਮ ਲੋਕ ਧਾਰਨਾ ਮੁਤਾਬਕ ਮਾਸਿਕ ਉਗਰਾਹੀ ਕਰਨ ਵਿੱਚ ਮਸਰੂਫ



ਰਹਿੰਦਾ ਹੈ। ਤਦ ਹੀ ਕੁਝ ਇਕ ਲੋਕ ਬੇਖੌਫ ਤੇ ਨਿਡਰ ਹੋਏ ਧੜਾਧੜ ਮਿਲਾਵਟੀ ਖਾਧ ਪਦਾਰਥ ਵੇਚਦੇ ਹਨ। ਇਸ ਮੌਕੇ ਉਕਤ ਜਥੇਬੰਦਕ ਆਗੂਆਂ ਨੇ ਦੱਸਿਆ ਕਿ ਕੁਝ ਅਹਾਤੇ, ਢਾਬੇ ਅਤੇ ਰੈਸਟੋਰੈਂਟ ਦਾ ਸਾਫ-ਸਫਾਈ ਪੱਖੋਂ ਬੜਾ ਮੰਦਾ ਹਾਲ ਹੈ। ਜਿੱਥੇ ਬਾਹਰੋ-ਬਾਹਰ ਸਫਾਈ ਨਜ਼ਰ ਆਉਂਦੀ ਹੈ, ਪਰ ਖਾਣ-ਪੀਣ ਦੇ ਪਦਾਰਥ ਬਣਾਉਣ ਵਾਲੀ ਰਸੋਈ ਨਾ ਵੇਖਣਯੋਗ ਹੁੰਦੀ ਹੈ। ਫਿਰ ਬਾਥਰੂਮਾਂ ਬਾਰੇ ਤਾਂ ਨਾ ਹੀ ਪੁੱਛੋ। ਇਸ ਦੌਰਾਨ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਦੇ ਅਹੁਦੇਦਾਰਾਂ ਨੇ ਮੁੱਖ ਮੰਤਰੀ ਪੰਜਾਬ, ਮੁੱਖ ਸਕੱਤਰ ਪੰਜਾਬ ਸਰਕਾਰ, ਕੈਬਨਿਟ ਮੰਤਰੀ ਸਿਹਤ ਤੇ ਪਰਵਾਰ ਕਲਿਆਣ ਵਿਭਾਗ ਪੰਜਾਬ ਸਰਕਾਰ, ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਅਤੇ ਜ਼ਿਲ੍ਹਾ ਸਿਵਲ ਸਰਜਨ ਅੰਮ੍ਰਿਤਸਰ ਪਾਸੋਂ ਉਪਰੋਕਤ ਮਾਮਲੇ ਨੂੰ ਤੁਰੰਤ ਠੱਲ੍ਹ ਪਾਉਣ ਅਤੇ ਗੰਭੀਰਤਾ ਨਾਲ ਵਿਚਾਰ ਕਰਦੇ ਹੋਏ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮਿਲਾਵਟਖੋਰਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਮੀਟਿੰਗ ਵਿੱਚ ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਮਜੀਠਾ, ਸੀ.ਐਚ.ਟੀ ਵਰਿੰਦਰ ਸਿੰਘ ਸੈਂਸਰਾ ਕਲਾਂ, ਹਰੀਸ਼ ਸਿੰਘ ਪਿਆਸਾ, ਗੌਰਵ ਗੁਪਤਾ, ਹਰਸ਼ ਕੁਮਾਰ ਅਤੇ ਸਾਹਿਬ ਸਿੰਘ ਆਦਿ ਵੀ ਹਾਜ਼ਰ ਸਨ।

## ਖਾਲਸਾ ਕਾਲਜੀਏਟ ਸਕੂਲ ਦੇ ਸ਼ਾਨਦਾਰ ਨਤੀਜੇ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜੀਏਟ ਮਹਿਤਾ ਚੌਂਕ ਦੇ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਦੇ ਨਤੀਜੇ ਘੋਸ਼ਿਤ ਕੀਤੇ ਗਏ। ਸਕੂਲ ਦੇ ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਬਹੁਤ ਹੀ ਪ੍ਰਸੰਸਾਯੋਗ ਪ੍ਰਦਰਸ਼ਨ ਕੀਤਾ। ਨੌਵੀਂ ਜਮਾਤ ਦੀ ਸਿਮਰਨਜੀਤ ਕੌਰ, ਗੁਰਲੀਨ ਕੌਰ ਅਤੇ ਖੁਸ਼ਮੀਤ ਰਾਏ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ 11ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਸੰਦੀਪ ਕੌਰ, ਨਵਜੋਤ ਕੌਰ , ਰਵਜੋਤ ਸਿੰਘ ਅਤੇ ਸੁਰਖਾਬ ਸਿੰਘ ਨੇ ਲੜੀਵਾਰ ਪਹਿਲਾ, ਦੂਜਾ ਅਤੇ ਤੀਜਾ ਦਰਜਾ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਮੌਕੇ ਸੁਖਦੇਵ ਸਿੰਘ ਨੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਅਧਿਆਪਕ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਉਪਰੰਤ ਸਕੂਲ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਅਤੇ ਸਟਾਫ ਮੈਂਬਰਾਂ ਨੇ ਸਕੂਲ ਦੇ ਚਮਕਦੇ ਸਿਤਾਰਿਆਂ ਨੂੰ ਸਨਮਾਨਤ ਕੀਤਾ। ਪ੍ਰਿੰਸੀਪਲ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ।ਇਸ ਮੌਕੇ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਯਾਦਵਿੰਦਰ ਸਿੰਘ, ਸੁਖਜੀਤ ਸਿੰਘ, ਮਨਪ੍ਰੀਤ ਕੌਰ, ਬਲਜੀਤ ਕੌਰ, ਰਿਤਿਕਾ ਸ਼ਰਮਾ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ।

## ਈ ਸੀ ਸੀ ਨੂੰ ਮਿਲੀ ਹਰੀ ਝੰਡੀ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- 20 ਮਾਰਚ ਨੂੰ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਮੀਟਿੰਗ ਚਾਰ ਮੈਂਬਰੀ ਵਫ਼ਦ ਦੇ ਨਾਲ ਪੰਜਾਬ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਦੀ ਅਗਵਾਈ ਹੇਠ ਡਾਇਰੈਕਟਰ ਸ਼ੀਨਾ ਅਗਰਵਾਲ, ਡਿਪਟੀ ਡਾਇਰੈਕਟਰ ਸੁਮਨਦੀਪ ਕੌਰ, ਪੋਸ਼ਣ ਮੁਖੀ ਪ੍ਰਿਯੰਕਾ ਹੈਡ ਕਲਰਕ ਪ੍ਰਭਜੋਤ ਸਿੰਘ ਨਾਲ ਕੀਤੀ ਗਈ। ਇਸ ਮੀਟਿੰਗ ਵਿੱਚ ਆਂਗਣਵਾੜੀ ਵਰਕਰਾਂ ਨੂੰ ਈ ਸੀ ਸੀ ਦੀ ਟ੍ਰੇਨਿੰਗ ਦੇਣ ਅਤੇ ਆਂਗਣਵਾੜੀ ਦੇ ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਆਈ ਕਾਰਡ, ਖਿਡੌਣਿਆਂ ਦੀ ਕਿੱਟ ਅਤੇ ਸਟੱਡੀ ਮਟੀਰੀਅਲ ਮੁਹੱਈਆ ਕਰਵਾਉਣ ਲਈ ਹਰੀ ਝੰਡੀ ਦਿੱਤੀ ਗਈ। ਡਾਇਰੈਕਟਰ ਸ਼ੀਨਾ ਅਗਰਵਾਲ ਵੱਲੋਂ ਜਥੇਬੰਦੀ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਗਿਆ ਕਿ ਇਹ ਵਿਭਾਗ ਵਚਨਬੱਧ ਹੈ ਕਿ ਜੁਲਾਈ ਮਹੀਨੇ ਤੱਕ ਪੂਰੇ ਪੰਜਾਬ ਵਿੱਚ ਈ ਸੀ ਸੀ ਦਾ ਪੂਰਾ ਸਟੱਡੀ ਮਟੀਰੀਅਲ ਦਿੱਤਾ ਜਾਵੇਗਾ। 23000 ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਸਿਹਤ ਬੀਮੇ ਲਈ ਪੰਜ ਲੱਖ ਦਾ ਇਲਾਜ ਕਰਵਾਉਣ ਲਈ ਆਯੁਸ਼ਮਾਨ ਕਾਰਡ ਜਾਰੀ ਕੀਤੇ ਗਏ ਅਤੇ ਰਹਿੰਦੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਜਲਦ ਦਿੱਤੇ ਜਾਣ ਦਾ ਭਰੋਸਾ ਦਿੱਤਾ ਗਿਆ।ਪੂਰੇ ਪੰਜਾਬ ਵਿੱਚ ਆਂਗਣਵਾੜੀ ਵਰਕਰਾਂ ਨੂੰ ਈ ਸੀ ਸੀ ਦੀ ਟ੍ਰੇਨਿੰਗ ਦੇਣ ਦੀ ਸ਼ੁਰੂਆਤ ਕੀਤੀ ਗਈ। ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਪੰਜਾਬ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਨੇ ਕਿਹਾ ਕਿ



ਜਥੇਬੰਦੀ ਦੀ ਜਿੱਤ ਹੋਈ ਹੈ ਅਤੇ ਆਪਣੀਆਂ ਮੰਗਾਂ ਮਨਵਾਉਣ ਵਿੱਚ ਸਫਲ ਹੋਈ ਹੈ। ਐਨ ਜੀ ਓ ਬਲਾਕ ਬਠਿੰਡਾ, ਤਰਸਿੱਕਾ ਅਤੇ ਸਿੱਧਵਾਂ ਬੇਟ ਨੂੰ ਵਿਭਾਗ ਵਿੱਚ ਮਰਜ ਕਰਨ ਦੀ ਮੰਗ ਪ੍ਰਵਾਨ ਕੀਤੀ ਗਈ। ਵਿਦੇਸ਼ ਜਾਣ ਲਈ ਵਰਕਰਾਂ ਨੂੰ ਐਮਰਜੈਂਸੀ ਛੁੱਟੀ ਦੇਣ ਦਾ ਭਰੋਸਾ ਦਿੱਤਾ ਗਿਆ। ਬਿਨਾਂ ਤਨਖਾਹ ਛੁੱਟੀ ਬਹਾਲ ਕਰਨ ਦੀ ਮੰਗ ਪ੍ਰਵਾਨ ਕੀਤੀ ਗਈ। ਪੰਜਾਬ ਸਰਕਾਰ ਨੂੰ ਮਾਣਭੱਤਾ ਦੁੱਗਣਾ ਕਰਨ ਦੀ ਸਿਫਾਰਿਸ਼ ਕੀਤੀ ਗਈ। ਨਵੀਂ ਸਿੱਖਿਆ ਨੀਤੀ ਤਹਿਤ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇਣ, ਤਿੰਨ ਤੋਂ ਛੇ ਸਾਲ ਦੇ ਬੱਚੇ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜਣ, ਮੋਬਾਈਲ ਫੋਨ, ਸਿਮ ਕਾਰਡ, ਯੂਨੀਫਾਰਮ ਭੱਤਾ ਵਧਾਉਣ ਡਾਟਾ ਪੈਕ 3000 ਤੱਕ ਵਧਾਉਣ ਦੀ ਮੰਗ ਜਲਦ ਹੀ ਪ੍ਰਵਾਨ ਕੀਤੀ ਜਾਵੇਗੀ।ਸੈਂਟਰ ਸਰਕਾਰ ਵੱਲੋਂ ਵਾਧਾ ਕੀਤੀ ਗਈ 17 ਮਹੀਨਿਆਂ ਦੀ 600,300 ਵਾਲੀ ਰਾਸ਼ੀ ਦੋ ਕਿਸ਼ਤਾਂ 9 ਅਤੇ 8 ਮਹੀਨੇ ਵਿੱਚ ਕਰਮਵਾਰ ਦਿੱਤੀ ਜਾਵੇਗੀ। ਸਟੇਟ ਫੰਡ ਦਾ ਦੋ ਮਹੀਨਿਆਂ ਜਨਵਰੀ ਅਤੇ ਫਰਵਰੀ ਦਾ ਬਜਟ 29 ਮਾਰਚ ਤੱਕ ਜਾਰੀ ਕੀਤਾ ਜਾਵੇਗਾ ।ਐੱਸ ਐਨ ਪੀ (ਰਾਸ਼ਨ) ਵਿਚ ਸੁਧਾਰ ਕੀਤਾ ਜਾਵੇਗਾ। ਖਾਲੀ ਪਈਆਂ ਅਸਾਮੀਆਂ ਵਿੱਚ ਸੁਪਰਵਾਈਜ਼ਰ, ਆਂਗਣਵਾੜੀ ਵਰਕਰ, ਹੈਲਪਰ ਦੀ ਭਰਤੀ, ਆਸ਼ਰਿਤਾਂ ਦੀ ਭਰਤੀ ਅਤੇ ਬਦਲੀਆਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ। ਪਿੰਡਾਂ ਅਤੇ ਸ਼ਹਿਰਾਂ ਦੇ ਸੈਂਟਰ ਦਾ ਕਿਰਾਇਆ 3000 ਅਤੇ 4000 ਦੀ ਰਾਸ਼ੀ ਨਾਲ ਤਿਮਾਹੀ ਦੇਣ ਦਾ ਭਰੋਸਾ ਦਿੱਤਾ ਗਿਆ। ਮੀਟਿੰਗ ਸੁਖਾਵੇਂ ਮਾਹੌਲ ਵਿੱਚ ਪੰਜਾਬ ਪ੍ਰਧਾਨ ਬਰਿੰਦਰਜੀਤ ਕੌਰ ਸਾਰੰਗੜਾ ਨੇ ਚਾਰ ਮੈਂਬਰੀ ਵਫਦ ਨਾਲ ਕੀਤੀ, ਜਿਸ ਵਿੱਚ ਪੰਜਾਬ ਪ੍ਰੈਸ ਸਕੱਤਰ ਮਧੂ ਕੁਮਾਰੀ, ਪੰਜਾਬ ਮੀਤ ਪ੍ਰਧਾਨ ਸਤਵਿੰਦਰ ਕੌਰ ਅਤੇ ਸਟੇਟ ਕਮੇਟੀ ਮੈਂਬਰ ਸੋਨੀਆ ਰਾਣੀ ਹਾਜ਼ਰ ਹੋਏ।

## ਖਾਲਸਾ ਨੇ ਮਾਰਕਿਟ ਕਮੇਟੀ ਦੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਮਾਰਕਿਟ ਕਮੇਟੀ ਦੀਨਾਨਗਰ ਦੇ ਨਵਨਿਯੁਕਤ ਚੇਅਰਮੈਨ ਬਲਜੀਤ ਸਿੰਘ ਖਾਲਸਾ ਨੇ ਅੱਜ ਮਾਰਕਿਟ ਕਮੇਟੀ ਦਫਤਰ ਦੀਨਾਨਗਰ ਵਿਖੇ ਅਪਣੇ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ। ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ,



ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ, ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਲੋਕ ਸਭਾ ਹਲਕਾ ਇੰਚਾਰਜ ਤੇ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਉਚੇਚੇ ਤੌਰ 'ਤੇ ਸ਼ਾਮਲ ਹੋਏ।ਬਲਜੀਤ ਸਿੰਘ ਖਾਲਸਾ ਦੀ ਤਾਪਜੋਸ਼ੀ ਮੌਕੇ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਅਤੇ ਵਰਕਰਾਂ ਦੀ ਪਾਰਟੀ ਹੈ। ਆਮ ਆਦਮੀ ਪਾਰਟੀ ਵਿੱਚ ਵਫਾਦਾਰੀ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਵੀ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਤਕੜੇ ਹੋ ਕੇ ਪਾਰਟੀ ਲਈ ਕੰਮ ਕਰਨ ਕਿਉਂਕਿ ਉਹਨਾਂ ਕੋਲ ਅੱਗੇ ਵਧਣ ਲਈ ਹੋਰ ਵੀ ਅਨੇਕਾਂ ਮੌਕੇ ਹਨ ਅਤੇ ਬਲਜੀਤ ਸਿੰਘ ਖਾਲਸਾ ਦੀ ਨਿਯੁਕਤੀ ਨੂੰ ਉਹਨਾਂ ਨੂੰ ਇਕ ਪ੍ਰੇਰਨਾ ਵਾਂਗ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਨਵਨਿਯੁਕਤ ਚੇਅਰਮੈਨ ਬਲਜੀਤ ਸਿੰਘ ਖਾਲਸਾ ਨੇ ਵੀ ਆਪਣੀ ਨਿਯੁਕਤੀ ਲਈ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਨ ਦੇ ਇਲਾਵਾ ਸੂਬਾ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਲੋਕ ਸਭਾ ਹਲਕਾ ਇੰਚਾਰਜ ਰਾਜੀਵ ਸ਼ਰਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਲਈ ਅੱਗੇ ਨਾਲੋਂ ਵੀ ਵੱਧ ਜੋਸ਼ ਨਾਲ ਕੰਮ ਕਰਨ ਦੇ ਇਲਾਵਾ ਦਿੱਤੀ ਗਈ ਜ਼ਿੰਮੇਵਾਰੀ ਨੂੰ ਵੀ ਸੰਜੀਦਾ ਤਰੀਕੇ ਨਾਲ ਨਿਭਾਉਣਗੇ।

23-MAR-PAGE-4.qxd 3/22/2025 9:11 PM Page 1



## ਤਨਖਾਹਾਂ ਦੇ ਬਕਾਏ ਸੰਬੰਧੀ ਅਧਿਆਪਕਾਂ ਦਾ ਵਫ਼ਦ ਖ਼ਜ਼ਾਨਾ ਅਫ਼ਸਰ ਨੂੰ ਮਿਲਿਆ



**ਸਮਰਾਲਾ (ਸੁਰਜੀਤ ਸਿੰਘ)**-ਤਨਖਾਹਾਂ ਦੇ ਬਕਾਏ ਨੂੰ ਲੈ ਕੇ ਮਾਸਟਰ ਕੇਡਰ ਅਧਿਆਪਕ ਯੂਨੀਅਨ ਦਾ ਇੱਕ ਵਫ਼ਦ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਜਗਤਾਰ ਸਿੰਘ ਗੁਰਮ ਨੂੰ ਵਿੱਤ ਸਕੱਤਰ ਜਸਵਿੰਦਰ ਐਤੀਆਣਾ ਤੇ ਯੂਨੀਅਨ ਆਗੂ ਗੁਰਪਾਲ ਤਾਮਕੋਟ ਦੀ ਅਗਵਾਈ ਵਿੱਚ ਮਿਲਿਆ।ਵਫ਼ਦ ਵਿੱਚ ਗੁਰਿੰਦਰ ਸਿੰਘ, ਵਿਕਾਸਦੀਪ ਸਿੰਘ, ਗੁਰਸ਼ਰਨ ਸਿੰਘ, ਗਗਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਨੀਟਾ ਖਾਨ, ਮੁਨੀਸ਼, ਰੋਹਿਤ ਵਿਨੋਦ, ਬਲਜੀਤ ਕੌਰ, ਜਸਵੀਰ ਕੌਰ, ਸੁਖਜੀਤ ਕੌਰ ਤੋਂ ਇਲਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਲੁਧਿਆਣਾ ਦੇ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਡੀ ਟੀ ਐਫ ਦੇ ਜ਼ਿਲ੍ਹਾ ਜਨਰਲ ਸਕੱਤਰ ਰੁਪਿੰਦਰਪਾਲ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਾਸਟਰ ਕਾਡਰ 4161 ਅਧਿਆਪਕਾਂ ਨੂੰ 9 ਮਈ ਤੋਂ ਤਨਖਾਹਾਂ ਦਾ ਬਣਦਾ ਬਕਾਇਆ ਜਾਰੀ ਕਰਨ ਸੰਬੰਧੀ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਦੇ ਅਧਾਰ 'ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬਕਾਏ ਡੀ ਅਦਾਇਗੀ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਅਧਿਆਪਕਾਂ ਦੇ ਤਨਖਾਹ ਦੇ ਬਿੱਲਾਂ ਤੇ ਜ਼ਿਲ੍ਹਾ ਖਜ਼ਾਨਾ ਦਫਤਰ ਵਲੋਂ ਇਤਰਾਜ਼ ਲਾ ਕੇ ਅਧਿਆਪਕਾਂ ਨੂੰ ਬਕਾਇਆ ਦੇਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ।ਖਜ਼ਾਨਾ ਅਫ਼ਸਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਵਾਰ ਵਾਰ ਫੋਨ ਕਰਨ 'ਤੇ ਉਨ੍ਹਾਂ ਵੱਲੋਂ ਫੋਨ ਨਹੀਂ ਚੁੱਕਿਆ ਗਿਆ।ਇਸ ਸਬੰਧ ਵਿੱਚ ਯੂਨੀਅਨ ਵਲੋਂ ਰੋਸ ਪ੍ਰਗਟ ਕਰਨ ਤੇ ਜ਼ਿਲ੍ਹਾ ਖਜ਼ਾਨਾ ਅਫਸਰ ਨੇ ਸੋਮਵਾਰ ਤੱਕ ਸਮੱਸਿਆ ਦਾ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ। ਆਗੂਆਂ ਨੇ ਕਿਹਾ ਕਿ ਜੇਕਰ 9 ਮਈ ਤੋਂ ਬਣਦਾ ਬਕਾਇਆ ਦੇਣ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਨਾ ਕੀਤਾ ਤਾਂ ਸੰਘਰਸ਼ ਦਾ ਰਸਤਾ ਅਪਣਾਇਆ ਜਾਵੇਗਾ।

## ਕੈਂਬਰਿਜ ਕਾਨਵੈਂਟ ਸਕੂਲ ਦਾ ਨਤੀਜਾ ਰਿਹਾ 100 ਪ੍ਰਤੀਸ਼ਤ



**ਕੋਟ ਈਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਸਾਲਾਨਾ ਪ੍ਰੀਖਿਆਵਾਂ ਵਿੱਚ ਸਾਰੀਆਂ ਜਮਾਤਾਂ ਵਿੱਚ ਸ਼ਾਨਦਾਰ 100% ਨਤੀਜਾ ਪ੍ਰਾਪਤ ਕਰਕੇ ਇਤਿਹਾਸ ਰਚਿਆ ਹੈ।ਇਹ ਸ਼ਾਨਦਾਰ ਪ੍ਰਾਪਤੀ ਸਕੂਲ ਦੀ ਅਕਾਦਮਿਕ ਉੱਤਮਤਾ ਪ੍ਰਤੀ ਵਚਨਬੱਧਤਾ ਤੇ ਇਸਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਦੀ ਸਖ਼ਤ ਮਿਹਨਤ ਅਤੇ ਸਮਰਪਣ ਦਾ ਪ੍ਰਮਾਣ ਹੈ।ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਹਰ ਇੱਕ ਵਿਦਿਆਰਥੀ ਨੇ ਆਪਣੀਆਂ ਪ੍ਰੀਖਿਆਵਾਂ ਸ਼ਾਨਦਾਰ ਢੰਗ ਨਾਲ ਪਾਸ ਕੀਤੀਆਂ ਹਨ।ਇਹ ਸ਼ਾਨਦਾਰ ਪ੍ਰਾਪਤੀ ਸਕੂਲ ਦੇ ਸਖ਼ਤ ਅਕਾਦਮਿਕ ਪ੍ਰੋਗਰਾਮਾਂ, ਨਵੀਨਤਾਕਾਰੀ ਅਧਿਆਪਨ ਵਿਧੀਆਂ ਤੇ ਸਹਾਇਕ ਸਿੱਖਣ ਦੇ ਵਾਤਾਵਰਣ ਦਾ ਪ੍ਰਤੀਬਿੰਬ ਹੈ।ਵਿਦਿਆਰਥੀਆਂ ਦੀ ਸਫ਼ਲਤਾ ਸਕੂਲ ਦੇ ਤਜਰਬੇਕਾਰ ਤੇ ਯੋਗ ਅਧਿਆਪਕਾਂ ਦੁਆਰਾ ਪ੍ਰਦਾਨ ਕੀਤੀ ਗਈ ਮਾਰਗਦਰਸ਼ਨ ਤੇ ਸਲਾਹ ਨੂੰ ਵੀ ਜ਼ਿੰਮੇਵਾਰ ਠਹਿਰਾਉਂਦੀ ਹੈ।ਸਕੂਲ ਦੇ ਚੇਅਰਮੈਨ ਸ਼੍ਰੀ ਮਨਦੀਪ ਮਾਲੜਾ ਨੇ ਇਸ ਪ੍ਰਾਪਤੀ 'ਤੇ ਬਹੁਤ ਮਾਣ ਅਤੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ, 'ਅਸੀਂ ਸਾਰੀਆਂ ਜਮਾਤਾਂ ਵਿੱਚ 100% ਨਤੀਜਾ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ।ਇਹ ਸਾਡੇ ਸਕੂਲ ਲਈ ਇੱਕ ਮੀਲ ਪੱਥਰ ਵਾਲਾ ਪਲ ਹੈ ਤੇ ਅਸੀਂ ਆਪਣੇ ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਦੇ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਧੰਨਵਾਦੀ ਹਾਂ।ਅਸੀਂ ਉੱਤਮਤਾ ਲਈ ਯਤਨਸ਼ੀਲ ਰਹਾਂਗੇ ਤੇ ਆਪਣੇ ਵਿਦਿਆਰਥੀਆਂ ਨੂੰ ਸਭ ਤੋਂ ਵਧੀਆ ਸੰਭਵ ਸਿੱਖਿਆ ਪ੍ਰਦਾਨ ਕਰਾਂਗੇ।' ਸਕੂਲ ਦੇ ਪ੍ਰਬੰਧਨ ਤੇ ਸਟਾਫ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਧਾਈ ਦਿੱਤੀ ਹੈ ਅਤੇ ਇੱਕ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਜਾਰੀ ਰੱਖਣ ਦਾ ਵਾਅਦਾ ਕੀਤਾ ਹੈ, ਜੋ ਅਕਾਦਮਿਕ ਉੱਤਮਤਾ, ਰਚਨਾਤਮਕਤਾ ਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਤ ਕਰਦਾ ਹੈ।

## ਐਨ.ਐਚ.ਐਮ ਕਰਮਚਾਰੀਆਂ ਨੇ ਸਿਵਲ ਸਰਜਨ ਨੂੰ ਦਿੱਤਾ ਮੰਗ ਪੱਤਰ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿਛਲੇ ਦਿਨੀਂ ਐਨ.ਐਚ.ਐਮ ਇੰਪਲਾਇਜ਼ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਉਲੀਕੇ ਗਏ ਪੈਨ ਡਾਊਨ ਹੜਤਾਲ ਸਬੰਧੀ ਸਿਵਲ ਸਰਜਨ ਨੂੰ ਮੰਗ ਪੱਤਰ ਅਤੇ ਅਗਾਊਂ ਸੂਚਨਾ ਦਿੱਤੀ। ਜ਼ਿਲ੍ਹਾ ਪ੍ਰਧਾਨ ਤੇ ਸੂਬਾ ਆਗੂ ਹਰਪਾਲ ਸਿੰਘ ਸੋਢੀ ਤੇ ਅਮਰਜੀਤ ਸਿੰਘ ਨੇ ਕਿਹਾ ਸਰਕਾਰ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ 31/01/2025 ਨੂੰ ਪੱਤਰ ਜਾਰੀ ਕਰਕੇ ਦੋ ਮਹੀਨਿਆਂ ਦੇ ਅੰਦਰ-ਅੰਦਰ ਤਨਖਾਹਾਂ ਵਿੱਚ ਵਾਧੇ ਅਤੇ ਕਮਾਈ ਛੁੱਟੀ ਦੇਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਇਨ੍ਹਾਂ ਮੰਗਾਂ ਪੂਰਾ ਕਰਨ ਸਬੰਧੀ ਕੋਈ ਵੀ ਪੱਤਰ ਜਾਰੀ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਐਨ.ਐਚ.ਐਮ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਕ੍ਰਮਚਾਰੀ ਭਾਰੀ ਸਦਮੇ ਵਿਚ ਹਨ, ਜਿਸ ਦੇ ਰੋਸ ਵਜੋਂ ਐਨ.ਐਚ.ਐਮ ਕ੍ਰਮਚਾਰੀਆਂ ਵੱਲੋਂ 24-03-25 ਤੋਂ 26-03-25 ਤੱਕ ਕੰਮ ਛੱਡੋ/ਪੈਨ ਡਾਊਨ ਹੜਤਾਲ ਤੇ ਜਾਣ ਦਾ ਫੈਸਲਾ ਕੀਤਾ ਤੇ ਇਨ੍ਹਾਂ ਤਿੰਨਾਂ ਦੀ ਕੰਮ ਛੱਡੋ ਹੜਤਾਲ ਦੌਰਾਨ ਐਨ.ਐਚ.ਐਮ ਕ੍ਰਮਚਾਰੀਆਂ ਸਿਹਤ ਸੰਸਥਾਵਾਂ ਵਿਖੇ ਐਨ.ਸੀ.ਡੀ ਸਕਰੀਨਿੰਗ ਕੰਪੇਨ, ਟੀ.ਬੀ.ਕੰਪੇਨ, ਓ.ਪੀ.ਡੀ, ਕਲੀਨੀਕਲ ਡਿਊਟੀਆਂ ਪ੍ਰਭਾਵਤ ਹੋਣਗੀਆਂ।

## ਗੋਲਡਨ ਬੈੱਲਜ਼ ਗਲੋਬਲ ਸਕੂਲ 'ਚ ਵਿਦਿਆਰਥੀਆਂ ਦੇ ਨਤੀਜੇ ਸ਼ਾਨਦਾਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਗੋਲਡਨ ਬੈੱਲਜ਼ ਗਲੋਬਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਵੱਲੋਂ ਛੋਟੇ ਬੱਚਿਆਂ ਦੇ ਨਤੀਜੇ ਐਲਾਨੇ ਗਏ।ਸਕੂਲ ਦੇ ਵਿਦਿਆਰਥੀ ਚਮਕਦੇ ਹੋਏ ਸਾਹਮਣੇ ਆਏ ਹਨ। ਨਤੀਜਿਆਂ ਦੌਰਾਨ ਬੱਚਿਆਂ ਲਈ ਸੈਲਫ਼ੀ ਪੁਆਇੰਟ ਦਾ ਪ੍ਰਬੰਧ ਕੀਤਾ ਗਿਆ ਸੀ।ਬੱਚਿਆਂ ਨੇ ਬਹੁਤ ਮਸਤੀ ਕੀਤੀ।ਪ੍ਰਿੰਸੀਪਲ ਸ਼੍ਰੀਮਤੀ ਕੈਲਾਸ਼ ਬਾਂਸਲ ਨੇ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦੇ ਗ੍ਰੇਡਾਂ ਅਨੁਸਾਰ ਨਤੀਜੇ ਦਿੱਤੇ ਗਏ ਹਨ।ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਦਰਅਸਲ ਇਹ ਸਕੂਲ ਤੇ ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ, ਜਿਨ੍ਹਾਂ ਦੇ ਬੱਚਿਆਂ ਨੇ ਪ੍ਰੀਖਿਆ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 270 ਲੋੜਵੰਦਾਂ ਨੂੰ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 270 ਲੋੜਵੰਦ ਪਰਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਸੰਤ ਸਿੰਘ ਬਰਾੜ ਸ੍ਰੀ ਮੁਕਤਸਰ ਸਾਹਿਬ ਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿੱਚ ਤਕਸੀਮ ਕੀਤੇ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬੇ ਸਹਾਰਾ ਵਿਧਵਾਵਾਂ, ਬਜ਼ੁਰਗਾਂ, ਬੇਸਹਾਰਾ ਬੱਚਿਆਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਗਈ ਹੈ ਤੇ ਇਹ ਸਹਾਇਤਾ ਰਾਸ਼ੀ ਹਰ ਮਹੀਨੇ ਦਿੱਤੀ ਜਾਂਦੀ ਹੈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਵਾਰਾਂ ਵੱਲੋਂ ਡਾ. ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਪਹੁੰਚੀ ਨਵਦੀਪ ਕੌਰ ਸਿੱਧੂ (ਕਨੇਡਾ) ਨੇ ਡਾਕਟਰ ਉਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਤੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੁਨੀਆ ਭਰ ਵਿਚ ਕੀਤੇ ਜਾ ਰਹੇ ਕੰਮ ਸ਼ਲਾਘਾਯੋਗ ਹਨ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਸਾਰਾ ਖਰਚਾ ਉਬਰਾਏ ਵੱਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤਾ ਜਾਂਦਾ ਹੈ।ਇੰਡੀਆ ਟਾਕ ਕਸ਼ੱਤਰੀ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਨਿਰੰਜਨ ਸਿੰਘ ਰੱਖੜਾ ਨੇ ਡਾ. ਉਬਰਾਏ ਬਾਰੇ ਦੱਸਿਆ ਕਿ ਅਜਿਹੀਆਂ ਰੂਹਾਂ ਦੁਨੀਆਂ ਵਿੱਚ ਬਹੁਤ ਹੀ ਘੱਟ ਪੈਦਾ ਹੁੰਦੀਆਂ ਹਨ।

## ਸਰਕਾਰੀ ਕਾਲਜ ਸੁਖਚੈਨ 'ਚ ਅਥਲੈਟਿਕਸ ਮੁਕਾਬਲੇ ਕਰਾਏ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਰਕਾਰੀ ਕਾਲਜ ਸੁਖਚੈਨ ਵਿਖੇ ਸਲਾਨਾ ਅਥਲੈਟਿਕਸ ਸਮਾਰੋਹ ਕਰਾਇਆ ਗਿਆ। ਇਸ ਵਿੱਚ 100 ਮੀਟਰ ਲੜਕੇ-ਲੜਕੀਆਂ, 200 ਮੀਟਰ ਲੜਕੇ ਲੜਕੀਆਂ, 400 ਮੀਟਰ ਲੜਕੇ ਤੇ ਲੜਕੀਆਂ, 800 ਮੀਟਰ ਲੜਕੀਆਂ 1500 ਮੀਟਰ ਲੜਕੇ, ਗੋਲਾ ਸੁੱਟਣਾ, ਲੰਬੀ ਛਾਲ ਤੇ ਤੀਹਰੀ ਛਾਲ ਦੇ ਮੁਕਾਬਲੇ ਕਰਾਏ ਗਏ। ਅੰਤ ਵਿੱਚ ਵਿਦਿਆਰਥੀਆਂ ਵੱਲੋਂ ਰੱਸਾਕਸ਼ੀ ਦੇ ਮੁਕਾਬਲੇ ਵੀ ਕੀਤੇ ਗਏ! ਇਸ ਅਥਲੈਟਿਕ ਸਮਾਰੋਹ ਵਿੱਚ ਬੈਸਟ ਐਥਲੀਟ ਲੜਕਿਆਂ ਵਿੱਚੋਂ ਰਣਦੀਪ ਸਿੰਘ ਬੀਏ ਭਾਗ ਦੂਜਾ ਤੇ ਲੜਕੀਆਂ ਵਿੱਚੋਂ ਆਸ਼ਿਕਾ ਬੀਏ ਭਾਗ ਪਹਿਲਾ ਤੇ ਪਾਇਲ ਬਿਸ਼ਨੋਈ ਭਾਗ ਦੂਜਾ ਦੀ ਵਿਦਿਆਰਥਣ ਚੁਣੀ ਗਈ। ਸਮਾਰੋਹ ਵਿੱਚ ਮੁੱਖ ਮਹਿਮਾਨ ਪ੍ਰਿੰਸੀਪਲ ਰਿਟਾਇਰਡ ਡਾ. ਸੁਰਜੀਤ ਸਿੰਘ ਤੇ ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਡਾਕਟਰ ਰਜਿੰਦਰ ਸਿੰਘ ਸੇਖੋਂ, ਅਨੰਤ ਗੁਦਾਰਾ, ਅਜੇ ਪਾਲ ਬਿਸ਼ਨੋਈ, ਪ੍ਰੋਫੈਸਰ ਗੁਰਦੀਪ ਸਿੰਘ ਅਬੋਹਰ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਰਜੇਸ਼ ਕੁਮਾਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਕਾਲਜ ਦੇ ਇੰਚਾਰਜ ਡਾਕਟਰ ਹਰਜੀਤ ਸਿੰਘ ਗਿੱਲ ਨੇ ਆਪਣੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਅਥਲੈਟਿਕ ਸਮਾਰੋਹ ਦਾ ਕੰਮ ਬੜੀ ਮਿਹਨਤ ਨਾਲ ਸਫਲਤਾ ਪੂਰਵਕ ਨਿਭਾਇਆ।ਇਸ ਸਮਾਰੋਹ ਵਿੱਚ ਪ੍ਰੋਫੈਸਰ ਪੁਨੀਤ ਕਰਵਲ, ਪ੍ਰੋਫੈਸਰ ਨਵੀਨ, ਪ੍ਰੋਫ਼ੈਸਰ ਈਸ਼ਵਰ ਸਿੰਘ, ਪ੍ਰੋਫ਼ੈਸਰ ਰੇਨੂ ਬਾਲਾ, ਪ੍ਰੋਫੈਸਰ ਰਮੇਸ਼ ਰੰਗੀਲਾ, ਪ੍ਰੋਫੈਸਰ ਟਵਿੰਕਲ, ਨਾਲ ਰਾਹੁਲ ਕੁਮਾਰ, ਸੰਦੀਪ ਕੁਮਾਰ ਆਦਿ ਨੇ ਪੂਰੇ ਸਹਿਯੋਗ ਨਾਲ ਨਿਭਾਇਆ।ਇਸ ਮੀਟ ਦੇ ਆਖਰ ਵਿੱਚ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਨਾਲ ਕਾਲਜ ਦੇ ਮਾਹੌਲ ਨੂੰ ਰੰਗੀਨ ਬਣਾਇਆ ਗਿਆ।ਇਸ ਦੌਰਾਨ ਡਾਕਟਰ ਸੁਰਜੀਤ ਸਿੰਘ ਵੱਲੋਂ ਸਾਰੇ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਅਨੰਤ ਗੁਦਾਰਾ ਨੇ ਵਿਦਿਆਰਥੀਆਂ ਲਈ ਖੇਡਾਂ ਦੇ ਸਾਮਾਨ ਲਈ 21 ਹਜ਼ਾਰ ਦੇਣ ਦਾ ਐਲਾਨ ਕੀਤਾ ਤੇ ਅਜੇ ਪਾਲਿਸ਼ ਨੇ 21 ਹਜ਼ਾਰ ਦਾ ਵਿਸ਼ੇਸ਼ ਯੋਗਦਾਨ ਦਿੱਤਾ।

# ਕਿਸਾਨਾਂ ਉੱਪਰ ਜਬਰ ਸੂਬਾ ਤੇ ਕੇਂਦਰ ਸਰਕਾਰ ਦੀ ਮਿਲੀਭੁਗਤ : ਚੌਹਾਨ

**ਮਾਨਸਾ (ਆਤਮਾ ਸਿੰਘ ਪਮਾਰ)**



ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਇੱਕ ਸਾਲ ਤੋਂ ਵੱਧ ਲੰਮੇ ਸਮੇਂ ਤੋਂ ਚਲਦੇ ਧਰਨੇ ਨੂੰ ਜਬਰੀ ਚੁੱਕਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਪੁਲਸ ਤੈਨਾਤ ਕਰਕੇ ਕਿਸਾਨਾਂ 'ਤੇ ਜਬਰ ਢਾਹਿਆ ਗਿਆ। ਇਹ ਸੂਬਾ ਤੇ ਕੇਂਦਰ ਸਰਕਾਰ ਦੀ ਮਿਲੀਭੁਗਤ ਦਾ ਨਤੀਜਾ ਹੈ, ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਆਪ ਸਰਕਾਰ ਨੇ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਦਿੱਤਾ ਹੈ, ਜਿਸ ਦੀ ਸੀ ਪੀ ਆਈ ਜ਼ਿਲ੍ਹਾ ਮਾਨਸਾ ਵੱਲੋਂ ਪੁਰਜ਼ੋਰ ਨਿਖੇਧੀ ਕੀਤੀ ਗਈ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਗੈਰ- ਰਾਜਨੀਤਕ ਤੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਨੂੰ ਗੱਲਬਾਤ ਲਈ ਚੰਡੀਗੜ੍ਹ ਬੁਲਾ ਕੇ ਗ੍ਰਿਫ਼ਤਾਰ ਕਰਨਾ ਸਿਰੇ ਦਾ ਵਿਸ਼ਵਾਸਘਾਤ ਹੈ।ਆਗੂ ਰਹਿਤ ਹੋਏ ਕਿਸਾਨਾਂ 'ਤੇ ਬਲ ਦਾ ਪ੍ਰਯੋਗ ਕਰਨਾ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਹੈ।ਇੱਕ ਪਾਸੇ ਕੇਂਦਰ ਤੇ ਸੂਬਾ ਸਰਕਾਰਾਂ ਦੇ ਮੰਤਰੀ ਸਾਂਝੀ ਮੀਟਿੰਗ ਵਿੱਚ ਗੱਲਬਾਤ ਅੱਗੇ ਜਾਰੀ ਰੱਖਦੇ ਹੋਏ 4 ਮਈ ਨੂੰ ਦੁਬਾਰਾ ਮੀਟਿੰਗ ਦਾ ਸਮਾਂ ਤੈਅ ਕਰਦੇ ਹਨ ਤੇ ਪੰਜਾਬ ਦੇ ਮੰਤਰੀ ਪ੍ਰੈੱਸ ਕਾਨਫਰੰਸ ਮੌਕੇ ਪੱਤਰਕਾਰਾਂ ਕੋਲ ਬਲ ਪ੍ਰਯੋਗ ਰਾਹੀਂ ਧਰਨਾ ਉਠਾਉਣ ਤੋਂ ਸਾਫ਼ ਮੁੱਕਰ ਜਾਂਦੇ ਹਨ।ਦੂਸਰੇ ਪਾਸੇ ਕਿਸਾਨਾਂ ਦੇ ਕੈਂਪ ਵਿੱਚ ਪੁਲਸ ਭੇਜ ਕੇ ਰਾਤ ਦਾ ਖਾਣਾ ਖਾ ਰਹੇ ਕਿਸਾਨ ਬਜ਼ੁਰਗਾਂ ਤੇ ਔਰਤਾਂ ਨੂੰ ਧੂਹ ਕੇ ਬਾਹਰ ਕੱਢਿਆ ਗਿਆ।ਬੁਲਡੋਜ਼ਰਾਂ ਰਾਹੀਂ ਸਟੇਜ ਤੇ ਰਹਿਣ ਲਈ ਤੰਬੂਆਂ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਅਤੇ ਲੱਖਾਂ ਰੁਪਏ ਦੇ ਕੀਮਤੀ ਸਾਮਾਨ ਦੀ ਭੰਨ-ਤੋੜ ਕੀਤੀ ਗਈ।ਇਸ ਜਬਰ ਦਾ ਮੂੰਹ ਤੋੜਵਾਂ ਜਵਾਬ ਦੇਣ ਤੇ 26 ਮਾਰਚ ਨੂੰ ਪਹਿਲਾਂ ਤੋਂ ਉਲੀਕੇ ਕਿਸਾਨੀ ਮੰਗਾਂ ਸਬੰਧੀ ਪ੍ਰੋਗਰਾਮ ਅਨੁਸਾਰ ਵੱਡੀ ਗਿਣਤੀ ਵਿੱਚ ਚੰਡੀਗੜ੍ਹ ਵਿਖੇ ਬਜਟ ਸੈਸ਼ਨ ਮੌਕੇ ਕੀਤੇ ਜਾ ਰਹੇ ਜ਼ੋਰਦਾਰ ਪ੍ਰਦਰਸ਼ਨ ਦੀ ਹਮਾਇਤ ਕੀਤੀ।ਕਮਿਊਨਿਸਟ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਇੱਕ ਤਰ੍ਹਾਂ ਨਾਲ ਪੁਲਸ ਰਾਜ ਠੋਸ ਦਿੱਤਾ ਹੈ, ਜਿਸ ਨੂੰ ਸੂਬੇ ਦੀ ਜਨਤਾ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ।

## ਕਰਨਲ ਬਾਠ ਨੂੰ ਇਨਸਾਫ ਲਈ ਕਾਂਗਰਸੀ ਮੈਂਬਰਾਂ ਸੰਸਦ ਦੇ ਬਾਹਰ ਕੀਤੀ ਨਾਅਰੇਬਾਜ਼ੀ



ਪੰਜਾਬ ਦੇ ਸਾਂਸਦ ਮੈਂਬਰ ਪਾਰਲੀਮੈਂਟ ਦੇ ਬਾਹਰ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਪਰਵਾਰ ਨੂੰ ਇਨਸਾਫ ਲਈ ਨਾਅਰੇਬਾਜ਼ੀ ਕਰਦੇ ਹੋਏ।

**ਸਮਰਾਲਾ (ਸੁਰਜੀਤ ਸਿੰਘ)**-ਪਟਿਆਲਾ ਵਿਖੇ ਆਰਮੀ ਦੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਤੇ ਉਨ੍ਹਾਂ ਦੇ ਬੇਟੇ ਦੀ ਪੁਲਸ ਮੁਲਾਜ਼ਮਾਂ ਵੱਲੋਂ ਕੀਤੀ ਕੁੱਟਮਾਰ ਦੇ ਮਾਮਲੇ ਦੀ ਗੂੰਜ ਦੇਸ਼ ਦੀ ਸੰਸਦ ਵਿੱਚ ਵੀ ਪੈ ਗਈ ਹੈ।ਪੰਜਾਬ ਦੇ ਲੋਕ ਸਭਾ ਮੈਂਬਰ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ, ਧਰਮਵੀਰ ਗਾਂਧੀ ਤੇ ਡਾ. ਅਮਰ ਸਿੰਘ ਸਮੇਤ ਪਾਰਲੀਮੈਂਟ ਮੈਂਬਰਾਂ ਨੇ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਖਿਲਾਫ ਨਾਅਰੇਬਾਜ਼ੀ ਕੀਤੀ।ਇਨ੍ਹਾਂ ਆਗੂਆਂ ਨੇ ਘਟਨਾ ਦੀ ਸੀ ਬੀ ਆਈ ਤੋਂ ਜਾਂਚ ਦੀ ਮੰਗ ਕਰਦਿਆਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਰਿਵਾਰ ਨੂੰ ਇਨਸਾਫ ਦੀ ਮੰਗ ਕੀਤੀ।ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨੇ ਮੰਗ ਕੀਤੀ ਕਿ ਕਰਨਲ ਪੁਸ਼ਪਿੰਦਰ ਬਾਠ ਦੇ ਪਰਵਾਰ ਵੱਲੋਂ ਕੀਤੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।ਉਨ੍ਹਾਂ ਨੇ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਨੂੰ ਬਹੁਤ ਕਮਜ਼ੋਰ ਦੱਸਿਆ।ਸੰਸਦ ਮੈਂਬਰਾਂ ਨੇ ਕਿਹਾ ਕਿ ਕਮਜ਼ੋਰ ਕਾਰਵਾਈ ਨੇ ਆਮ ਪੰਜਾਬੀਆਂ ਦੇ ਅਧਿਕਾਰਾਂ ਦੀ ਰਾਖੀ ਲਈ ਬਹੁਤ ਮਾੜੀ ਮਿਸਾਲ ਕਾਇਮ ਕੀਤੀ ਹੈ।

## ਸਾਬਕਾ ਸਰਪੰਚ ਆਤਮਾ ਸਿੰਘ ਨੂੰ ਸਦਮਾ, ਪਤਨੀ ਦਾ ਦਿਹਾਂਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-



ਸਾਬਕਾ ਸਰਪੰਚ ਆਤਮਾ ਸਿੰਘ ਲੋਹਗੜ੍ਹ ਦੀ ਧਰਮ ਪਤਨੀ ਬੀਬੀ ਜਸਵਿੰਦਰ ਕੌਰ (68) ਦਾ ਬੀਤੇ ਦਿਨ ਦਿਹਾਂਤ ਹੋ ਗਿਆ। ਇਸ ਦੀ ਦੁੱਖਦਾਈ ਮੌਕੇ 'ਤੇ ਐਡਵੋਕੇਟ ਇਕਬਾਲ ਸਿੰਘ ਝੂੰਦਾਂ, ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਸਾਬਕਾ ਸਰਪੰਚ ਦਿਲਬਾਗ ਸਿੰਘ, ਮਹੰਤ ਚਮਕੌਰ ਸਿੰਘ ਲੋਹਗੜ੍ਹ, ਸਰਪੰਚ ਗੁਰਦੀਪ ਸਿੰਘ ਛਾਪਾ, ਮਾ: ਰਘਬੀਰ ਸਿੰਘ ਵਿਰਕ, ਮਾ: ਕੁਲਵੰਤ ਸਿੰਘ ਲੋਹਗੜ੍ਹ, ਗੁਰਵਿੰਦਰ ਸਿੰਘ ਰਿੱਕੂ, ਜਸਵੰਤ ਸਿੰਘ ਚਹਿਲ, ਬੇਅੰਤ ਸਿੰਘ ਲੋਹਗੜ੍ਹ, ਮਨਜੀਤ ਸਿੰਘ ਧਨੇਸਰ, ਬੱਗਾ ਸਿੰਘ ਧਨੇਸਰ, ਡਾ: ਅੰਮ੍ਰਿਤ ਸਿੰਘ, ਮਨਦੀਪ ਸਿੰਘ ਹੈਪੀ ਆਦਿ ਆਗੂਆਂ ਨੇ ਪੀੜਤ ਲੋਹਗੜ੍ਹ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

## ਭਗਵਾਨਪੁਰਾ ਸ਼ੂਗਰ ਮਿੱਲ ਚਲਵਾਉਣ ਲਈ ਕਿਸਾਨ ਸੰਘਰਸ਼ ਦੇ ਰੌਅ 'ਚ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਧੂਰੀ ਦੀ ਭਗਵਾਨਪੁਰਾ ਸ਼ੂਗਰ ਮਿੱਲ ਬੰਦ ਹੋਣ ਕਾਰਨ ਕਿਸਾਨ ਧਿਰਾਂ ਦਾ ਆਰੰਭਿਆ ਸੰਘਰਸ਼ ਮੁੜ ਭਖਣ ਦੇ ਆਸਾਰ ਹਨ।ਤਾਜ਼ਾ ਪ੍ਰਸਥਿਤੀਆਂ ਵਿੱਚ ਜਿੱਥੇ ਗੰਨਾ ਸੰਘਰਸ਼ ਕਮੇਟੀ ਇਸ ਮਿੱਲ ਦੀ ਲੜਾਈ ਦੀ ਵਿਉਂਤਬੰਦੀ ਦੇ ਸੰਕੇਤ ਦੇ ਚੁੱਕੀ ਹੈ, ਉੱਥੇ ਇਸ ਮਾਮਲੇ 'ਤੇ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਵੀ ਸਮੀਖਿਆ ਮੀਟਿੰਗ ਕਰਨ ਦੇ ਰੌਅ 'ਚ ਹਨ।ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਬੁਗਰਾ ਨੇ ਕਿਹਾ ਕਿ ਉਨ੍ਹਾਂ ਮੂਲੋਵਾਲ ਵਿੱਚ ਮੁੱਖ ਮੰਤਰੀ ਦੇ ਓਐੱਸਡੀ ਨਾਲ ਗੰਨਾ ਮਿੱਲ ਮੁੜ ਚਲਾਉਣ ਦੀ ਗੱਲਬਾਤ ਕੀਤੀ, ਪਰ ਸੰਘਰਸ਼ ਬਗ਼ੈਰ ਹੱਲ ਨਿਕਲਦਾ ਦਿਖਾਈ ਨਹੀਂ ਦਿੱਤਾ।ਪੀਏਡੀਬੀ ਧੂਰੀ ਦੇ ਚੇਅਰਮੈਨ ਸਤਵੰਤ ਸਿੰਘ ਗਿੱਲ ਨੇ ਦੱਸਿਆ ਕਿ ਕੁਲਦੀਪ ਸਿੰਘ ਮਾਣਾ ਸਮੇਤ ਉਹ ਮੁੱਖ ਮੰਤਰੀ ਦੇ ਓਐੱਸਡੀ ਨੂੰ ਗੈਸਟ ਹਾਊਸ ਬੱਬਨਪੁਰ ਵਿੱਚ ਮਿਲੇ ਸੀ ਤੇ ਗੰਨਾ ਮਿੱਲ ਧੂਰੀ ਨੂੰ ਚਾਲੂ ਕਰਵਾਏ ਜਾਣ ਤੇ ਇਸ ਮਾਮਲੇ 'ਤੇ ਮੁੱਖ ਮੰਤਰੀ ਨਾਲ ਕਿਸਾਨ ਵਫ਼ਦ ਦੀ ਮੀਟਿੰਗ ਦੀ ਜ਼ੋਰਦਾਰ ਮੰਗ ਉਠਾਈ ਸੀ।ਸ਼ੂਗਰਕੇਨ ਸੁਸਾਇਟੀ ਦੇ ਸਾਬਕਾ ਚੇਅਰਮੈਨ ਅਵਤਾਰ ਸਿੰਘ ਤਾਰੀ ਭੁੱਲਰਹੇੜੀ ਤੇ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਅਲਾਲ ਨੇ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਸੰਘਰਸ਼ ਛੇੜਨ ਦਾ ਸੱਦਾ ਦਿੱਤਾ।ਇਸ ਦੌਰਾਨ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਸੰਯੁਕਤ ਮੋਰਚੇ ਦੀਆਂ ਜਥੇਬੰਦੀਆਂ ਨਾਲ ਛੇਤੀ ਹੀ ਸਮੀਖਿਆ ਮੀਟਿੰਗ ਕਰਕੇ ਮਸ਼ਵਰੇ ਮਗਰੋਂ ਅਗਲੀ ਵਿਉਂਤਬੰਦੀ ਕੀਤੀ ਜਾਵੇਗੀ।ਬੀਕੇਯੂ ਏਕਤਾ ਉਗਰਾਹਾਂ ਦੇ ਹਰਪਾਲ ਸਿੰਘ ਪੇਧਨੀ ਨੇ ਵੀ ਗੰਨਾ ਮਿੱਲ ਦੇ ਮੁੜ ਚੱਲਣ ਦੀ ਪੈਰਵੀ ਕੀਤੀ।ਓਧਰ, ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀਆਂ ਬਕਾਇਆ ਅਦਾਇਗੀਆਂ ਕਰਵਾਈਆਂ, ਜਿਸ ਤੋਂ ਖਫ਼ਾ ਪ੍ਰਾਈਵੇਟ ਮਿੱਲ ਮਾਲਕ ਹੁਣ ਮਿੱਲ ਨਾ ਚਲਾਉਣ ਦੀ ਜ਼ਿੱਦ 'ਤੇ ਉਤਾਰੂ ਹੈ।ਫਿਰ ਵੀ ਸਰਕਾਰ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਸੰਘਰਸ਼ 'ਤੇ ਬੈਠੇ ਕਿਸਾਨਾਂ ਨਾਲ ਕੀਤਾ ਜਬਰ ਅਸਹਿ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜਦੋਂ ਫ਼ੌਜਾਂ ਦੇ ਜਰਨੈਲ ਕਿਸੇ ਫਰੰਟ 'ਤੇ ਹਮਲਾ ਕਰਦੇ ਹਨ ਤਾਂ ਜਰਨੈਲ ਨੂੰ ਕਿਸੇ ਦੂਜੇ ਫਰੰਟ ਤੇ ਵੀ ਯੋਜਨਾ ਬਣਾ ਕੇ ਰੱਖਣ ਦੀ ਸੂਝਵਾਨਤਾ ਹੋਣੀ ਚਾਹੀਦੀ ਹੈ ਤਾਂ ਜੁ ਇੱਕ ਪਾਸਿਓਂ ਅਸਫ਼ਲਤਾ ਮਿਲਣ 'ਤੇ ਦੂਜੇ ਫਰੰਟ ਤੇ ਫ਼ਤਹਿ ਪ੍ਰਾਪਤ ਕੀਤੀ ਜਾ ਸਕੇ ਤੇ ਉਸ ਮੁਸ਼ਕਲ ਵਿਚੋਂ ਬਚ ਕੇ ਵੀ ਨਿਕਲ ਸਕਣ। ਇਸ ਲਈ ਜਦੋਂ ਹੁਣ ਲੰਮਾਂ ਸਮਾਂ ਖਨੌਰੀ ਤੇ ਸ਼ੰਭੂ ਬਾਰਡਰ ਦੀਆਂ ਸਰਹੱਦਾਂ ਅਸੀ ਆਪਣਾ ਰਾਜ ਭਾਗ ਨਾ ਹੋਣ 'ਤੇ ਵੀ ਬੰਦ ਕਰ ਰੱਖੀਆਂ ਸਨ ਤਾਂ ਹੁਕਮਰਾਨਾਂ ਤੇ ਕਿਸਾਨ ਆਗੂਆਂ ਨੂੰ ਚਾਹੀਦਾ ਹੈ ਕਿ ਪੰਜਾਬ ਸੂਬੇ, ਪੰਜਾਬੀਆਂ, ਮਜ਼ਦੂਰਾਂ ਦੀ ਮਾਲੀ ਤੇ ਸਮਾਜਿਕ ਹਾਲਤ ਨੂੰ ਸਹੀ ਰੱਖਣ ਹਿੱਤ ਫੌਰੀ ਤੌਰ 'ਤੇ ਦੂਜੇ ਫਰੰਟ ਵਾਲੀ ਸੋਚ ਤੇ ਅਮਲ ਕਰਕੇ ਆਪਣੀਆਂ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਨੂੰ ਖੁਲਵਾਉਣ ਲਈ ਜ਼ਿੰਮੇਵਾਰੀ ਪੂਰੀ ਕੀਤੀ ਜਾਵੇ ਤਾਂ ਜੁ ਪੰਜਾਬ ਦੇ ਜ਼ਿਮੀਦਾਰਾਂ ਦੇ ਉਤਪਾਦ ਤੇ ਛੋਟੇ ਵਪਾਰੀਆ ਦੀਆਂ ਤਿਆਰ ਵਸਤਾਂ ਅਸੀਂ ਅਰਬ ਮੁਲਕਾਂ, ਮੱਧ ਏਸ਼ੀਆ ਵਿੱਚ ਭੇਜ ਕੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰ ਸਕੀਏ।ਜਦੋਂ ਹੁਣ ਪਾਕਿਸਤਾਨ ਆਪਣੀ ਕਣਕ ਦੀ ਮੰਗ ਨੂੰ ਪੂਰਾ ਕਰਨ ਲਈ ਰੂਸ ਤੋਂ ਮਹਿੰਗੀ ਕਣਕ ਮੰਗਵਾ ਰਿਹਾ ਹੈ ਤਾਂ ਸਾਡੇ ਵੱਟ ਨਾਲ ਲੱਗਦੇ ਪਾਕਿਸਤਾਨ ਤੇ ਲਾਹੌਰ ਨੂੰ ਪੰਜਾਬ ਦੇ ਜ਼ਿਮੀਦਾਰਾਂ ਦੀ ਫ਼ਸਲ ਭੇਜਣ ਲਈ ਇਹ ਸਰਹੱਦਾਂ ਤੁਰੰਤ ਖੋਲ੍ਹੀਆਂ ਜਾਣ ਤਾਂ ਜੁ ਵਪਾਰ ਦੇ ਨਾਲ-ਨਾਲ ਅਸੀਂ ਆਪਣੇ ਸੱਭਿਅਤਾ, ਵਿਰਸੇ-ਵਿਰਾਸਤ, ਬੋਲੀ, ਭਾਸ਼ਾ ਤੇ ਸਹਿਤ ਦਾ ਵੀ ਆਪਣੇ ਪੁਰਾਤਨ ਪੰਜਾਬ ਦੇ ਇਲਾਕਿਆਂ ਨਾਲ ਅਦਾਨ-ਪ੍ਰਦਾਨ ਕਰਕੇ ਇਸ ਮੁਹੱਬਤ ਨੂੰ ਪਹਿਲੇ ਦੀ ਤਰ੍ਹਾਂ ਪ੍ਰਫੁੱਲਤ ਕਰਕੇ ਦੋਵੇ ਮੁਲਕਾਂ ਦੇ ਨਿਵਾਸੀ ਅੱਗੇ ਵੱਧ ਸਕਣ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ਼ੰਭੂ ਤੇ ਖਨੌਰੀ ਬਾਰਡਰ ਉਤੇ ਪੰਜਾਬ ਪੁਲਿਸ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਜਬਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਤੇ ਕਿਸਾਨੀ ਆਗੂਆਂ ਨੂੰ ਅਜਿਹੇ ਸਮਿਆਂ 'ਤੇ 2-3 ਫਰੰਟਾਂ 'ਤੇ ਆਪਣੀ ਯੋਜਨਾ ਨੂੰ ਅੱਗੇ ਵਧਾਉਣ ਦੀ ਨੇਕ ਰਾਏ ਦਿੰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਬੀਤੀਆ ਚੋਣਾਂ ਵਿੱਚ ਇਨ੍ਹਾਂ ਨੇ ਭਗਵੰਤ ਸਿੰਘ ਮਾਨ ਤੇ ਝਾੜੂ ਪਾਰਟੀ ਨੂੰ ਹੀ ਵੋਟਾਂ ਪਾਈਆਂ।ਹੁਣ ਜਦੋਂ ਕਿਸਾਨਾਂ ਉਤੇ ਭੀੜ ਤੇ ਮੁਸ਼ਕਲ ਬਣੀ ਹੋਈ ਹੈ ਤੇ ਇਨ੍ਹਾਂ ਨੇ ਇਹ ਉਮੀਦ ਰੱਖ ਕੇ ਹੀ ਵੋਟਾਂ ਪਾਈਆ ਸਨ ਕਿ ਕਿਸਾਨਾਂ ਦੇ ਮਸਲੇ ਇਹ ਸਰਕਾਰ ਹੱਲ ਕਰੇਗੀ। ਹੁਣ ਭਗਵੰਤ ਮਾਨ ਨੂੰ ਇਨ੍ਹਾਂ ਦੇ ਮਸਲੇ ਹੱਲ ਕਰਨੇ ਬਣਦੇ ਹਨ ਤੇ ਕਿਸਾਨਾਂ ਨੂੰ ਵੀ ਉਸ ਤੋਂ ਕੰਮ ਲੈਣ ਦੀ ਜ਼ਿੰਮੇਵਾਰੀ ਬਣਦੀ ਹੈ।

## ਕੌਮੀ ਲੋਕ ਅਦਾਲਤ 10 ਮਈ ਨੂੰ

**ਜਲਾਲਾਬਾਦ (ਜੀਤ ਕੁਮਾਰ)**-ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ. ਅਵਤਾਰ ਸਿੰਘ ਨੇ ਦੱਸਿਆ ਕਿ 10 ਮਈ 2025 ਨੂੰ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਦੀਆਂ ਅਦਾਲਤਾਂ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੇ ਕੇਸ ਅਦਾਲਤ ਵਿਚ ਚੱਲ ਰਹੇ ਹਨ ਉਹ ਆਪਣੇ ਕੇਸਾਂ ਦਾ ਨਿਪਟਾਰਾ ਲੋਕ ਅਦਾਲਤਾਂ ਰਾਹੀਂ ਕਰਵਾਉਣ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਜਾਂ ਝਗੜਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਨੂੰ ਤਰਜੀਹ ਦੇਣ। ਸੀ ਜੇ ਐਮ-ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਰੂਚੀ ਸਵਪਨ ਸ਼ਰਮਾ ਨੇ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 01638-261500 ਤੇ ਸੰਪਰਕ ਕੀਤਾ ਜਾ ਸਕਦਾ ਹੈ।

## 25 ਦੀ ਮੋਹਾਲੀ ਰੈਲੀ 'ਚ ਮੁਲਾਜ਼ਮ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਭਗਵੰਤ ਮਾਨ ਸਰਕਾਰ ਦੇ ਖਿਲਾਫ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਫਰੀਦਕੋਟ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ 25 ਮਾਰਚ ਨੂੰ ਮੋਹਾਲੀ ਵਿਖੇ ਹੋ ਰਹੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨਗੇ।ਇਹ ਫੈਸਲਾ ਅੱਜ ਇਥੇ ਡਿਪਟੀ ਕਮਿਸ਼ਨਰ ਦੇ ਦਫਤਰ ਮਿੰਨੀ ਸਕਤਰੇਤ ਸਾਹਮਣੇ ਪਾਰਕ ਵਿੱਚ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਿਆ ਗਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂ ਬਲਕਾਰ ਸਿੰਘ ਸਹੋਤਾ, ਸੁਖਵਿੰਦਰ ਸਿੰਘ, ਸ਼ਿਵ ਨਾਥ ਦਰਦੀ, ਅਸ਼ੋਕ ਕੌਸ਼ਲ ਤੇ ਜੋਤੀ ਪ੍ਰਕਾਸ਼ ਨੇ ਭਗਵੰਤ ਮਾਨ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਧਰਮਵੀਰ ਸਿੰਘ, ਮਨੀਸ਼ ਕੁਮਾਰ, ਰਵਿੰਦਰ ਕੁਮਾਰ, ਬਾਬੂ ਲਾਲ, ਲਖਵਿੰਦਰ ਸਿੰਘ, ਰਾਮਵੀਰ, ਪਰਮਜੀਤ ਸਿੰਘ ਪੰਮਾ, ਸਿਕੰਦਰ ਸਿੰਘ ਆਦਿ ਹਾਜ਼ਰ ਸਨ।

## ਮਿਸ਼ਨ ਲਾਲੀ ਤੇ ਹਰਿਆਲੀ ਐਵਾਰਡ ਨਾਲ 5 ਸ਼ਖਸੀਅਤਾਂ ਸਨਮਾਨਤ

**ਪਟਿਆਲਾ (ਰਜਿੰਦਰ ਸਿੰਘ ਥਿੰਦ)**



ਸਮਾਜ ਸੇਵਾ ਦੇ ਖੇਤਰ ਵਿੱਚ ਸੰਜੀਦਗੀ ਨਾਲ ਸੇਵਾ ਕਰ ਰਹੀ ਸੰਸਥਾ ਯੂਨੀਵਰਸਲ ਵੈੱਲਫੇਅਰ ਕਲੱਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ 12ਵਾਂ ਸਾਲਾਨਾ ਸਨਮਾਨ ਸਮਾਗਮ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਕਲਾਸ ਰੂਮ ਵਿਖੇ ਕਰਵਾਇਆ ਗਿਆ, ਜਿੱਥੇ ਗਰੁੱਪ ਵੱਲੋਂ ਨਾਮਜ਼ਦ 5 ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਮੌਕੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਫੁੱਲਾਂ ਦੇ ਬੁੱਕੇ ਦੇ ਕੇ ਸਵਾਗਤ ਕੀਤਾ ਗਿਆ।ਇਸ ਸਮਾਗਮ ਵਿੱਚ ਦਰਸ਼ਨ ਸਿੰਘ ਵਾਲੀਆ ਨੂੰ ਆਪਣੇ ਪਿਤਾ ਸਵ. ਕੁਲਦੀਪ ਸਿੰਘ ਦੇ ਅੰਤਿਮ ਅਰਦਾਸ ਸਮਾਗਮ ਮੌਕੇ, ਸਤਨਾਮ ਸਿੰਘ ਲੋਟ ਨੂੰ ਆਪਣੇ ਪਿਤਾ ਸਵ. ਸੁਰਿੰਦਰ ਸਿੰਘ ਦੇ ਅੰਤਿਮ ਅਰਦਾਸ ਸਮਾਗਮ ਮੌਕੇ, ਕੁੰਵਰ ਹਰਪ੍ਰੀਤ ਸਿੰਘ ਗਿੱਲ ਕਾਕਾ ਜੀ ਬੈਂਅ ਨੂੰ ਆਪਣੇ ਸਵ. ਗੁਰਮੀਤ ਸਿੰਘ ਗਿੱਲ ਕਾਕਾ ਜੀ ਬੈਂਅ ਦੇ ਅੰਤਿਮ ਅਰਦਾਸ ਸਮਾਗਮ ਮੌਕੇ, ਰੋਹਿਤ ਸਿੰਗਲਾ ਨਾਭਾ ਨੂੰ ਆਪਣੇ ਮਾਤਾ ਸਵ. ਨਿਰਮਲਾ ਦੇਵੀ ਦੇ ਅੰਤਿਮ ਅਰਦਾਸ ਸਮਾਗਮ ਮੌਕੇ ਖੂਨਦਾਨ ਕੈਂਪ ਲਗਾਉਣ ਬਦਲੇ ਅਤੇ ਇੰਦਰਜੀਤ ਸਿੰਘ ਫੁੱਟਬਾਲ ਕੋਚ ਬਹਦਰਗੜ੍ਹ ਨੂੰ ਖੂਨਦਾਨ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਉਣ, ਬੂਟੇ ਵੰਡਣ ਤੇ ਬੂਟੇ ਲਗਾਉਣ ਬਦਲੇ 'ਮਿਸ਼ਨ ਲਾਲੀ ਤੇ ਹਰਿਆਲੀ ਐਵਾਰਡ-2024' ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ।ਇਹ ਸਨਮਾਨ ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ ਚੇਅਰਮੈਨ, ਨਰਿੰਦਰ ਸਿੰਘ ਕਾਠਗੜ੍ਹ ਪ੍ਰਧਾਨ, ਅਮਰਜੀਤ ਸਿੰਘ ਨੌਗਾਵਾਂ ਪ੍ਰਧਾਨ ਪੰਚਾਇਤ ਯੂਨੀਅਨ ਪਟਿਆਲਾ, ਚਾਚਾ ਜਗਰਾਜ ਸਿੰਘ ਚਹਿਲ, ਸੁਖਦੀਪ ਸਿੰਘ ਸੋਹਲ ਤੇ ਤਜਿੰਦਰ ਸਿੰਘ ਮੰਡੌੜ ਨੇ ਸਾਂਝੇ ਰੂਪ ਵਿੱਚ ਪ੍ਰਦਾਨ ਕੀਤੇ।ਇਸ ਮੌਕੇ ਅਵਤਾਰ ਸਿੰਘ ਬਲਬੇੜਾ, ਜਗਸੀਰ ਸਿੰਘ ਬੌੜਾਂ ਕਲਾਂ, ਕਿਰਪਾਲ ਸਿੰਘ ਪੰਜੌਲਾ, ਰਵਿੰਦਰ ਸਿੰਘ ਭਾਂਖਰ, ਠੇਕੇਦਾਰ ਗੁਰਬਚਨ ਸਿੰਘ, ਪਵਨ ਕੁਮਾਰ ਸ਼ਰਮਾ, ਭਾਈ ਜਰਨੈਲ ਸਿੰਘ ਝੰਡੀ, ਕਰਮ ਸਿੰਘ ਭਾਨਰਾ, ਮਨਵਿੰਦਰ ਸਿੰਘ ਮਨੀ ਟੌਹੜਾ, ਰਣਜੀਤ ਸਿੰਘ ਤੇ ਗੁਰੀ ਨਾਭਾ ਹਾਜ਼ਰ ਸਨ।

# ਪੰਚਾਇਤ ਵੱਲੋਂ ਸਾਹਿਤਕ ਸਮਾਗਮ ਦਾ ਹੋਣਾ ਨਿਵੇਕਲੀ ਤੇ ਖ਼ੂਬਸੂਰਤ ਪਿਰਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਸੱਭਿਅਕ ਗੀਤਾਂ ਤੇ ਕੱਚ ਘਰੜ ਖ਼ਿਲਾਫ਼ ਹੋਕਾ ਦੇਣ ਵਾਲੀ ਸ਼ਖ਼ਸੀਅਤ ਨੌਜਵਾਨ ਅੰਗਰੇਜ਼ ਸਿੰਘ ਮੱਲਕੇ ਨੇ ਸੁਪਨਾ ਬੁਣਿਆ ਸੀ ਕਿ ਇਕ ਸਾਹਿਤਕ ਮੰਚ ਦਾ ਗਠਨ ਹੋਵੇ ਤੇ ਨਿਵੇਕਲੇ ਪ੍ਰੋਗਰਾਮ ਉਲੀਕੇ ਜਾਣ।ਉਸ ਦੇ ਇਸ ਸੁਫ਼ਨੇ ਲਈ 'ਨੌਜਵਾਨ ਸਾਹਿਤ ਸਭਾ ਭਲੂਰ' ਹੁੰਗਾਰਾ ਤੇ ਹੁਲਾਰਾ ਬਣੀ।ਸਰਪੰਚ ਜਸਵਿੰਦਰ ਸਿੰਘ ਰਾਜਾ ਮੱਲਕੇ ਤੇ ਗ੍ਰਾਮ ਪੰਚਾਇਤ ਮੱਲਕੇ ਦਾ ਥਾਪੜਾ ਨੌਜਵਾਨ ਅੰਗਰੇਜ਼ ਸਿੰਘ ਮੱਲਕੇ ਲਈ ਇਕ ਖ਼ੂਬਸੂਰਤ ਕਦਮ ਪੁੱਟਣ ਲਈ ਰਾਹ ਦਸੇਰਾ ਬਣਿਆ।ਇਸ ਤਰ੍ਹਾਂ 'ਸਾਹਿਤਕ ਮੰਚ ਮੱਲਕੇ' ਤੇ 'ਗ੍ਰਾਮ ਪੰਚਾਇਤ ਮੱਲਕੇ' ਵੱਲੋਂ ਕਰਵਾਇਆ ਸਾਹਿਤਕ ਸਮਾਗਮ ਵਿਲੱਖਣ ਤੇ ਖ਼ੂਬਸੂਰਤ ਪੈੜਾਂ ਪਾਉਂਦਾ ਸਿਖ਼ਰ ਹੋ ਨਿੱਬੜਿਆ।ਮੱਲਕੇ ਦੇ ਸਰਪੰਚ ਜਸਵਿੰਦਰ ਸਿੰਘ ਰਾਜਾ ਮੱਲਕੇ ਦੀ ਪਹਿਲਕਦਮੀ ਕਾਰਗਰ ਸਾਬਿਤ ਹੋਵੇਗੀ।ਇਸ ਸਮਾਗਮ ਵਿੱਚ ਸ਼ਾਇਰ ਚਰਨ ਲਿਖਾਰੀ ਨੂੰ ਪਾਠਕਾਂ ਤੇ ਲੇਖਕਾਂ ਦੇ ਰੂ-ਬ-ਰੂ ਕੀਤਾ ਗਿਆ।ਗੀਤਕਾਰ ਸਾਬੂ ਪਨਗੋਟਾ ਤੇ ਗੀਤਕਾਰ ਕੁਲਦੀਪ ਕੰਡਿਆਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਪਹੁੰਚੇ ਕਵੀਆਂ ਨੇ ਖ਼ੂਬਸੂਰਤ ਰਚਨਾਵਾਂ ਨਾਲ ਰੰਗ ਬੰਨ੍ਹ ਦਿੱਤੇ।ਇਸ ਮੌਕੇ ਸ਼ਾਇਰ ਚਰਨ ਲਿਖਾਰੀ ਬਾਰੇ ਆਪਣੇ ਸ਼ਬਦਾਂ ਦੀ ਸਾਂਝ ਪਾਉਂਦਿਆਂ ਕਵਿੱਤਰੀ ਅਨੰਤ ਗਿੱਲ ਭਲੂਰ ਨੇ ਕਿਹਾ ਕਿ ਚਰਨ ਲਿਖਾਰੀ ਪੰਜਾਬ ਦੀ ਮਿੱਟੀ ਦਾ ਪਿਆਰਾ, ਸਾਊ ਤੇ ਸੰਗਾਊ ਪੁੱਤ ਹੈ।ਉਸ ਦੀ ਕਲਮ ਪੰਜਾਬ ਦੇ ਸੂਰਬੀਰ, ਬਹਾਦਰਾਂ, ਯੋਧਿਆਂ ਦੀਆਂ ਵਾਰਾਂ ਗਾਉਂਦੀ ਪੰਜਾਬੀ ਸਾਹਿਤ ਤੇ ਪੰਜਾਬੀ ਮਾਂ ਬੋਲੀ ਦਾ ਮਾਣ ਬਣਦੀ ਹੈ।ਸ਼ਾਇਰ ਚਰਨ ਲਿਖਾਰੀ ਦੀ ਹਰ ਲਿਖਤ ਨਵੀਆਂ ਕਲਮਾਂ ਨੂੰ ਸੁਚੱਜਾ ਤੇ ਨਰੋਆ ਸਾਹਿਤ ਰਚਣ ਦਾ ਸੁਨੇਹਾ ਦਿੰਦੀ ਹੈ।ਇਸੇ ਤਰ੍ਹਾਂ ਅੰਗਰੇਜ਼ ਸਿੰਘ ਮੱਲਕੇ ਤੇ ਹੋਰ ਲੇਖਕਾਂ ਨੇ ਗੀਤਕਾਰ ਸਾਬੂ ਪਨਗੋਟਾ ਤੇ ਗੀਤਕਾਰ ਕੁਲਦੀਪ ਕੰਡਿਆਰਾ ਦੀਆਂ ਲਿਖਤਾਂ ਦਾ ਜ਼ਿਕਰ ਕਰਦਿਆਂ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੀਆਂ ਕਲਮਾਂ ਨੂੰ ਸੰਭਾਲਣ ਦੀ ਲੋੜ ਹੈ।ਇੱਥੇ ਲਈ ਜਿੱਥੇ ਸਰਪੰਚ ਹਰਵਿੰਦਰ ਕੌਰ, ਸਰਪੰਚ ਜਸਵਿੰਦਰ ਸਿੰਘ ਰਾਜਾ ਮੱਲਕੇ, ਅੰਗਰੇਜ਼ ਸਿੰਘ ਮੱਲਕੇ, ਬੇਅੰਤ ਗਿੱਲ ਭਲੂਰ, ਗੁਰਜੰਟ ਸਿੰਘ ਤੱਖੀ, ਨਗਿੰਦਰ ਸਿੰਘ ਢਿੱਲੋਂ, ਰਾਣਾ ਸਿੰਘ, ਸਤਨਾਮ ਬੁਰਜ ਹਰੀਕਾ, ਸਤਨਾਮ ਸ਼ਦੀਦ ਸਮਾਲਸਰ, ਅਨੰਤ ਗਿੱਲ ਭਲੂਰ, ਜਸਕਰਨ ਲੰਡੇ ਤੇ ਗ੍ਰਾਮ ਪੰਚਾਇਤ ਦਾ ਸਹਿਯੋਗ ਰਿਹਾ, ਉੱਥੇ ਹੀ ਉਚੇਚੇ ਤੌਰ 'ਤੇ ਪਹੁੰਚੇ ਕਵੀਆਂ ਤੇ ਪਿੰਡ ਮੱਲਕੇ ਦੇ ਲੋਕਾਂ ਦਾ ਸਲਾਹੁਣਯੋਗ ਸਹਿਯੋਗ ਰਿਹਾ ਹੈ।ਅਖੀਰ ਵਿੱਚ ਸਾਬਕਾ ਸਰਪੰਚ ਕੁਲਦੀਪ ਸਿੰਘ ਮੱਲਕੇ ਤੇ ਸਰਪੰਚ ਜਸਵਿੰਦਰ ਸਿੰਘ ਰਾਜਾ ਮੱਲਕੇ ਵੱਲੋਂ ਸਾਰੇ ਕਵੀ ਵੀਰਾਂ ਦਾ ਧੰਨਵਾਦ ਕੀਤਾ ਗਿਆ।

ਨੌਜਵਾਨ ਅੰਗਰੇਜ਼ ਸਿੰਘ ਮੱਲਕੇ ਨੇ ਆਖਿਆ ਕਿ ਅਸੀਂ ਲੱਚਰਤਾ ਤੇ ਇਸ਼ਕ ਮੁਸ਼ਕ ਦੇ ਝੂਠ ਦਾ ਪਰਦਾਫਾਸ਼ ਕਰਨ ਲਈ ਪੰਜਾਬ ਪੱਧਰ 'ਤੇ ਸਾਹਿਤਕ ਸਮਾਗਮ ਕਰਵਾਉਣ ਲਈ ਯਤਨਸ਼ੀਲ ਹਾਂ।ਇਨ੍ਹਾਂ ਕਾਰਜਾਂ ਲਈ ਅਸੀਂ ਸ਼ਾਇਰਾਂ, ਕਵੀਆਂ ਤੇ ਗੀਤਕਾਰਾਂ ਦਾ ਸਾਥ ਲੈ ਕੇ ਅੱਗੇ ਵਧਾਂਗੇ।ਇਸ ਮੌਕੇ ਸ਼ਾਇਰ ਚਰਨ ਲਿਖਾਰੀ ਨੇ ਖ਼ੂਬਸੂਰਤ ਰਚਨਾਵਾਂ ਰਾਹੀਂ ਸਭ ਦਾ ਦਿਲ ਜਿੱਤ ਲਿਆ ਅਤੇ ਕੁਲਦੀਪ ਕੰਡਿਆਰਾ ਤੇ ਸਾਬ ਪਨਗੋਟਾ ਨੇ ਵੀ ਆਪਣੇ ਗੀਤਾਂ ਦੇ ਰੰਗ ਬਿਖੇਰਦਿਆਂ ਸੁਚੱਜੀ ਗੀਤਕਾਰੀ ਦਾ ਸੁਨੇਹਾ ਦਿੱਤਾ।ਇਸ ਮੌਕੇ ਸਾਰੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ।ਇਸ ਸਮਾਗਮ ਨੂੰ ਖ਼ੂਬਸੂਰਤ ਰੰਗਤ ਦੇਣ

## ਕਿਸਾਨਾਂ 'ਤੇ ਤਸ਼ੱਦਦ ਕਰਨਾ ਬੰਦ ਕਰੇ ਪੰਜਾਬ ਸਰਕਾਰ : ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾ ਬਰਾੜ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਦਾ ਮਾਹੌਲ ਦਿਨੋਂ ਦਿਨ ਵਿਗੜਦਾ ਜਾ ਰਿਹਾ ਹੈ ਤੇ ਪੰਜਾਬ ਅੰਦਰ ਹਰ ਰੋਜ਼ ਵਾਪਰ ਰਹੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਜੈ ਕਿਸਾਨ ਜੈ ਜਵਾਨ ਦਾ' ਨਾਹਰਾ ਲਗਾ ਕੇ ਸੱਤਾ 'ਤੇ ਕਾਬਜ਼ ਹੋਈ ਸੀ, ਪਰ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਲੋਕਤੰਤਰਿਕ ਪ੍ਰਣਾਲੀ ਨੂੰ ਛੱਡ ਕੇ ਪੁਲਸ ਰਾਹੀਂ ਧੱਕੇ ਨਾਲ ਆਪਣੀਆਂ ਲੋਕਮਾਰੂ ਨੀਤੀਆਂ ਲਾਗੂ ਕਰਾਉਣਾ ਚਾਹੁੰਦੀ ਹੈ, ਜਿਸ ਦੀ ਤਾਜ਼ਾ ਉਦਾਹਰਨ ਬੀਤੇ ਦਿਨੀਂ ਕਿਸਾਨ ਆਗੂਆਂ ਨਾਲ ਕੀਤੀ ਗਈ ਧੱਕੇਸ਼ਾਹੀ ਤੋਂ ਮਿਲਦੀ ਹੈ। ਭੀਨਾ ਬਰਾੜ ਨੇ ਕਿਹਾ ਕਿ ਕਿਸਾਨਾਂ 'ਤੇ ਉਸ ਸਮੇਂ ਤਸ਼ੱਦਦ ਕੀਤਾ ਗਿਆ, ਜਦੋਂ ਉਹ ਸ਼ਾਂਤਮਈ ਢੰਗ ਨਾਲ ਧਰਨਾ ਲਗਾ ਕੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰ ਰਹੇ ਸਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਕਿਸਾਨਾਂ ਉਪਰ ਤਸ਼ੱਦਦ ਕਰਨਾ ਬੰਦ ਕੀਤਾ ਜਾਵੇ ਤੇ ਕਿਸਾਨਾਂ ਨਾਲ ਬੈਠ ਕੇ ਗੱਲਬਾਤ ਰਾਹੀਂ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਕੀਤੀ ਜਾਵੇ।

## ਜਸ਼ਨਦੀਪ ਦੁੱਗਾਂ ਬਣਿਆ ਅਫ਼ਸਰ ਕਲੋਨੀ ਦਾ ਮਾਣ



**ਸੰਗਰੂਰ (ਪ੍ਰਵੀਨ ਸਿੰਘ)**-ਆਈ.ਆਈ.ਟੀ. ਜੈਮ 2025 ਵਿੱਚ ਭੌਤਿਕ ਵਿਗਿਆਨ ਵਿੱਚ ਭਾਰਤ ਪੱਧਰ 'ਤੇ 13ਵਾਂ ਸਥਾਨ ਪ੍ਰਾਪਤ ਕਰਨ ਵਾਲੇ ਜਸ਼ਨਦੀਪ ਸਿੰਘ ਨੇ ਮੱਲਾਂ ਮਾਰਦਿਆਂ ਆਈ.ਆਈ.ਟੀ. ਜੈਮ ਦੀ ਪ੍ਰੀਖਿਆ ਵਿੱਚੋਂ ਭੌਤਿਕ ਵਿਗਿਆਨ ਵਿਸ਼ੇ ਵਿੱਚ ਭਾਰਤ ਪੱਧਰ 'ਤੇ 13ਵਾਂ ਸਥਾਨ ਪ੍ਰਾਪਤ ਕਰਕੇ ਅਫ਼ਸਰ ਕਲੌਨੀ ਸੰਗਰੂਰ ਤੇ ਆਪਣਾ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ, ਜਿਸ ਕਾਰਨ ਪਰਿਵਾਰਕ ਮੈਂਬਰਾਂ ਤੇ ਕਲੌਨੀ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਜਸ਼ਨਦੀਪ ਸਿੰਘ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਤੋਂ ਲੈ ਕੇ ਕਾਲਜ ਪੱਧਰ ਤੱਕ ਪੜ੍ਹਾਉਣ ਵਾਲੇ ਅਧਿਆਪਕਾਂ, ਪ੍ਰੀਖਿਆ ਦੀ ਤਿਆਰੀ ਕਰਵਾਉਣ ਵਾਲੇ "ਫ਼ਿਜ਼ੀਕਸ ਵਾਲਾ" ਆਪਣੇ ਮਾਪਿਆਂ ਤੇ ਆਪਣੀ ਮਿਹਨਤ ਨੂੰ ਦਿੰਦਾ ਹੋਇਆ ਸਭ ਦਾ ਧੰਨਵਾਦ ਕਰਦਾ ਹੈ। ਜਸ਼ਨਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਨਿਰੰਤਰ ਮਿਹਨਤ ਤੇ ਆਪਣੇ ਟੀਚੇ ਨੂੰ ਮੁੱਖ ਰੱਖਦਿਆਂ ਅਡੋਲ ਇਰਾਦੇ ਨਾਲ ਹਰ ਮੰਜ਼ਲ ਨੂੰ ਫ਼ਤਿਹ ਕੀਤਾ ਜਾ ਸਕਦਾ ਹੈ। ਉਸ ਨੇ ਦੱਸਿਆ ਕਿ ਉਹ ਉੱਚ ਵਿੱਦਿਆ ਹਾਸਲ ਕਰਕੇ ਖੋਜਾਰਥੀ (ਰਿਸਰਚ ਸਕਾਲਰ) ਬਣਨਾ ਚਾਹੁੰਦਾ ਹੈ।

## ਰਾਮ ਕ੍ਰਿਸ਼ਨ ਅਰਾਧਨਾ ਮੰਚ ਵੱਲੋਂ ਰਾਮ ਕਥਾ ਦਾ ਪੋਸਟਰ ਰਿਲੀਜ਼



**ਬਾਘਾ ਪੁਰਾਣਾ (ਮਨੀ ਸਿੰਗਲਾ)**-ਰਾਮ ਕ੍ਰਿਸ਼ਨ ਅਰਾਧਨਾ ਮੰਚ ਬਾਘਾ ਪੁਰਾਣਾ ਵੱਲੋਂ ਇੱਕ ਬੈਠਕ ਕੀਤੀ ਗਈ, ਜਿਸ ਵਿੱਚ ਰਾਮ ਕ੍ਰਿਸ਼ਨ ਅਰਾਧਨਾ ਮੰਚ ਦੇ ਚੇਅਰਮੈਨ ਵਿਜੈ ਸ਼ਰਮਾ ਨੇ ਮਹਿੰਦਰਾ ਪੈਲੇਸ, ਚੰਨੂੰ ਵਾਲਾ ਰੋਡ, ਬਾਘਾ ਪੁਰਾਣਾ ਵਿੱਚ 5 ਅਪ੍ਰੈਲ ਤੋਂ 9 ਅਪ੍ਰੈਲ ਤੱਕ ਸ਼ਾਮ 7 ਵਜੇ ਤੋਂ 10 ਵਜੇ ਤੱਕ ਹੋਣ ਜਾ ਰਹੀ ਸ੍ਰੀ ਰਾਮ ਕਥਾ ਦੀ ਜਾਣਕਾਰੀ ਦਿੱਤੀ। ਇਸ ਸਮਾਗਮ ਸੰਬੰਧੀ ਚੇਅਰਮੈਨ ਵਿਜੈ ਸ਼ਰਮਾ ਨੇ ਸਾਰੀਆਂ ਸੰਸਥਾਵਾਂ ਨਾਲ ਮਿਲ ਕੇ ਪੋਸਟਰ ਰਿਲੀਜ਼ ਕੀਤਾ।ਇਸ ਮੌਕੇ ਸ੍ਰੀ ਦੁਰਗਾ ਮੰਡਲ ਕਮੇਟੀ ਪ੍ਰਧਾਨ ਰਿੰਪੀ ਮਿੱਤਲ, ਸ੍ਰੀ ਸ਼ਿਵ ਮੰਦਰ ਪ੍ਰਧਾਨ ਬਲਵਿੰਦਰ ਗਰਗ, ਸ੍ਰੀ ਸ਼ਨੀ ਮੰਦਰ ਰਾਜ ਕੁਮਾਰ, ਡਾ. ਸਾਹਿਲ, ਯੋਗੀ, ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਪ੍ਰਧਾਨ ਦੀਪਕ ਗਰਗ ਬੌਬੀ, ਪਵਨ ਬਾਂਸਲ, ਰਤਨ ਜਿੰਦਲ, ਬਾਬਾ ਬਰਫਾਨੀ ਸੇਵਾ ਮੰਡਲ ਪ੍ਰਧਾਨ ਪ੍ਰਵੀਨ ਗੋਇਲ, ਸਾਲਾਸਰ ਬਾਲਾ ਜੀ ਸੇਵਾ ਮੰਡਲ ਪ੍ਰਧਾਨ ਵਿਜੈ ਗਰਗ, ਖਾਟੂ ਸ਼ਾਮ ਸੇਵਾ ਸੰਮਤੀ ਪ੍ਰਧਾਨ ਮੋਹਿਤ ਗਰਗ, ਭਾਰਤ ਵਿਕਾਸ ਪ੍ਰੀਸ਼ਦ ਪ੍ਰਧਾਨ ਭੂਸ਼ਣ ਗੋਇਲ, ਚੇਅਰਮੈਨ ਸ਼ਸ਼ੀ, ਬਾਬਾ ਰੋਡੂ ਮੰਦਰ ਕਮੇਟੀ ਪ੍ਰਧਾਨ ਪਵਨ ਢੰਡ, ਅਨੰਦਪੁਰ ਵਾਸੀ ਕੁਟੀਆ ਪ੍ਰਬੰਧਕ ਕਮੇਟੀ ਬਿੱਟਾ, ਅਦਿੱਤੀ ਸਬਜ਼ੀ ਮੰਡੀ, ਗਣਪਤੀ ਸੇਵਾ ਮੰਡਲ ਪ੍ਰਧਾਨ ਸਰਜੀਵਨ ਬਾਂਸਲ, ਸੋਨੀ, ਰਾਮਸ਼ਰਨ ਆਸ਼ਰਮ ਰਾਮ ਤੀਰਥ ਬਾਂਸਲ, ਬਿੰਦੂ ਜੈਦਕਾ, ਬਾਬਾ ਖੇਤਰਫਲ ਮੰਦਿਰ ਸੇਵਾ ਕਮੇਟੀ ਪ੍ਰਧਾਨ ਰਾਕੇਸ਼ ਜਿੰਦਲ, ਲਾਈਫ ਲਾਈਨ ਵੈੱਲਫੇਅਰ ਕਲੱਬ ਰਮਨ ਅਰੋੜਾ, ਕਰੋ ਯੋਗ ਰਹੋ ਨਿਰੋਗ ਰਜੀਵ ਟੋਲੀ, ਬਿੱਟੂ ਬਾਂਸਲ, ਵਿਨੋਦ ਕਬਾੜੀਆ, ਮੰਦਰ ਸ਼ਿਵ ਐਨਕਲੇਵ ਪ੍ਰਧਾਨ ਮਨੀਸ਼ ਗਰਗ, ਦਿਵਿਆ ਜੋਤੀ ਜਾਗਰਤੀ ਸੰਸਥਾਨ ਵੱਲੋਂ ਸੁਆਮੀ ਨੀਰਜਾ ਨੰਦ, ਪ੍ਰੈਜ਼ੀਡੈਂਟ ਸੁਨੀਲ ਠੁਕਰਾਲ, ਵਾਈਸ ਪ੍ਰੈਜ਼ੀਡੈਂਟ ਨਰੇਸ਼ ਜੈਦਕਾ, ਕੈਸ਼ੀਅਰ ਜਗਸੀਰ ਸੋਨੀ, ਸੈਕਟਰੀ ਵਿਜੇ ਬਾਗਲਾ ਆਦਿ ਮੌਜੂਦ ਸਨ।

## ਗੋਬਿੰਦਗੜ੍ਹ ਜੇਜੀਆਂ ਦੀ ਪੰਚਾਇਤ ਵੱਲੋਂ ਨਸ਼ਿਆਂ ਖਿਲਾਫ ਮਤਾ ਪਾਸ



**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੇੜਲੇ ਪਿੰਡ ਗੋਬਿੰਦਗੜ੍ਹ ਜੇਜੀਆ ਦੀ ਪੰਚਾਇਤ ਵੱਲੋਂ ਨਸ਼ਿਆਂ ਖਿਲਾਫ ਪਿੰਡ ਦੇ ਸਾਂਝੇ ਚੌਂਕ ਵਿੱਚ ਮਤਾ ਪਾਇਆ ਗਿਆ। ਪਿੰਡ ਦੀ ਸਰਪੰਚ ਤੇਜ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਿੰਡ ਦੀ ਸਮੁੱਚੀ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਨੇ ਮਤਾ ਪਾਇਆ ਹੈ ਕਿ ਜੇਕਰ ਕੋਈ ਵੀ ਵਿਅਕਤੀ ਪਿੰਡ ਵਿੱਚ ਨਸ਼ਾ ਕਰਦਾ ਜਾਂ ਨਸ਼ਾ ਵੇਚਦਾ ਫੜਿਆ ਗਿਆ ਤਾਂ ਸਮੁੱਚੀ ਪੰਚਾਇਤ ਵੱਲੋਂ ਉਸ ਦੀ ਕੋਈ ਮੱਦਦ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਉਸ ਦੀ ਜਮਾਨਤ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਚਿੱਟਾ ਜਾਂ ਕੋਈ ਵੀ ਮੈਡੀਕਲ ਨਸ਼ਾ ਕਰਦਾ ਵੇਚਦਾ ਹੈ ਤਾਂ ਉਸ ਦੀ ਵੀ ਇਤਲਾਹ ਪੁਲਸ ਪ੍ਰਸ਼ਾਸਨ ਨੂੰ ਦਿੱਤੀ ਜਾਵੇਗੀ ਤਾਂ ਜੋ ਉਸ ਉਪਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਹ ਫੈਸਲਾ ਪਿੰਡ ਦੇ ਮੋਹਤਵਰ ਵਿਅਕਤੀਆਂ ਨੇ ਸਮੁੱਚੀ ਪੰਚਾਇਤ, ਨੰਬਰਦਾਰ, ਨਗਰ ਨਿਵਾਸੀਆਂ ਦੇ ਵਿਚਾਰ ਵਟਾਂਦਰੇ ਦੌਰਾਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਵਧਦੇ ਨਸ਼ਿਆਂ ਦੇ ਰੁਝਾਨ ਨੇ ਮਾਪਿਆਂ ਦੇ ਪੁੱਤਰਾਂ ਨੂੰ ਨਸ਼ੇੜੀ ਬਣਾ ਦਿੱਤਾ ਹੈ, ਨਸ਼ੇ ਸਾਡੇ ਸਮਾਜ ਨੂੰ ਖੋਖਲਾ ਕਰ ਰਹੇ ਹਨ, ਜਿਸ ਕਾਰਨ ਹਰ ਰੋਜ਼ ਚਿੱਟੇ ਨਸ਼ੇ ਨਾਲ ਨੌਜਵਾਨ ਇਸ ਦੀ ਭੇਟ ਚੜ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਪੁਲਸ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਦੇਵਾਂਗੇ ਤੇ ਪਿੰਡ ਨੂੰ ਨਸ਼ਿਆਂ ਤੋਂ ਮੁਕਤ ਬਣਾਉਣ ਲਈ ਪੂਰੀ ਕੋਸ਼ਿਸ਼ ਕਰਾਂਗੇ। ਇਸ ਮੌਕੇ ਪਿੰਡ ਦੀ ਸਮੁੱਚੀ ਪੰਚਾਇਤ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

## ਜਸਟਿਸ ਅਮਨ ਚੌਧਰੀ ਨੇ ਕੋਰਟ ਕੰਪਲੈਕਸ ਵਿਖੇ ਕੀਤੀ ਸ਼ਿਰਕਤ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮਾਨਯੋਗ ਜਸਟਿਸ ਅਮਨ ਚੌਧਰੀ ਪੰਜਾਬ ਤੇ ਹਰਿਆਣਾ ਹਾਈਕੋਰਟ, ਜੋ ਕਿ ਜ਼ਿਲ੍ਹਾ ਮੋਗਾ ਦੇ ਪ੍ਰਸ਼ਾਸਨਕ ਜੱਜ ਹਨ, ਕੋਰਟ ਕੰਪਲੈਕਸ ਨਿਹਾਲ ਸਿੰਘ ਵਾਲਾ ਵਿਖੇ ਪਹੁੰਚੇ, ਜਿੱਥੇ ਸ੍ਰੀ ਸੰਦੀਪ ਅਰੋੜਾ ਐਡਵੋਕੇਟ ਪ੍ਰਧਾਨ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਤੇ ਸਮੂਹ ਵਕੀਲ ਸਾਹਿਬਾਨਾਂ ਨੇ ਉਨ੍ਹਾ ਦਾ ਸਵਾਗਤ ਕੀਤਾ। ਇਸ ਤੋਂ ਤੁਰੰਤ ਮਾਨਯੋਗ ਜਸਟਿਸ ਅਮਨ ਚੌਧਰੀ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਦੇ ਬਾਰ ਮੈਂਬਰਾਂ ਨਾਲ ਰੂਬਰੂ ਹੋਏ, ਜਿੱਥੇ ਉਨ੍ਹਾਂ ਨੇ ਬਾਰ ਦੇ ਸਮੂਹ ਮੈਂਬਰਾਂ ਤੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ ਅਤੇ ਕੁੱਝ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਕੀਤਾ ਅਤੇ ਕੁੱਝ ਸਮੱਸਿਆਵਾਂ ਜਲਦ ਤੋਂ ਜਲਦ ਹੱਲ ਕਰਨ ਦਾ ਵਾਅਦਾ ਕੀਤਾ।ਇਸ ਮੌਕੇ ਸ੍ਰੀ ਸੰਦੀਪ ਅਰੋੜਾ ਐਡਵੋਕੇਟ ਪ੍ਰਧਾਨ ਬਾਰ ਐਸੋਸੀਏਸ਼ਨ ਨੇ ਮਾਨਯੋਗ ਜਸਟਿਸ ਅਮਨ ਚੌਧਰੀ ਦਾ ਨਿਹਾਲ ਸਿੰਘ ਵਾਲਾ ਕੋਰਟ ਪਹੁੰਚਣ ਤੇ ਸਮੂਹ ਵਕੀਲ ਸਾਹਿਬਾਨ ਨੂੰ ਆ ਰਹੀਆਂ ਸਮੱਸਿਆਵਾਂ ਸੁਣਨ ਲਈ ਧੰਨਵਾਦ ਕੀਤਾ।ਇਸ ਮੌਕੇ ਸ੍ਰੀਮਤੀ ਮੀਤੂ ਰਾਣੀ ਵਾਈਸ ਪ੍ਰਧਾਨ, ਸ੍ਰੀ ਗੌਤਮ ਗੋਇਲ ਸਕੱਤਰ, ਹਰਗੀਤ ਸਿੰਘ ਫਾਇਨਾਂਸ ਸਕੱਤਰ, ਸ੍ਰੀਮਤੀ ਕੁਲਵੰਤ ਕੌਰ ਐਗਜ਼ੈਕਟਿਵ ਮੈਂਬਰ, ਹਰਿੰਦਰ ਸਿੰਘ ਬਰਾੜ ਸੀਨੀਅਰ ਵਕੀਲ, ਗੁਰਪ੍ਰੀਤ ਸਿੰਘ ਹੇਅਰ, ਗੁਰਪ੍ਰੀਤ ਸਿੰਘ ਕਾਂਗੜ, ਦਲਜੀਤ ਸਿੰਘ ਧਾਲੀਵਾਲ, ਪਰਵਿੰਦਰ ਸਿੰਘ ਧਾਲੀਵਾਲ, ਸੰਭਵ ਜੈਨ ਆਦਿ ਹਾਜ਼ਰ ਸਨ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌ ਨੇ ਅੰਤਰਰਾਸ਼ਟਰੀ ਪੱਧਰ 'ਤੇ ਜਿੱਤੇ ਮੈਡਲ



**ਕੋਟਕਪੂਰਾ (ਰਛਪਾਲ ਭੁੱਲਰ)**-ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਸਿਲਵਰ ਜ਼ੋਨ ਓਲੰਪੀਅਡ ਦੁਆਰਾ ਕਰਵਾਈਆਂ ਗਈਆਂ ਵੱਖ-ਵੱਖ ਵਿਸ਼ਿਆਂ ਦੀਆਂ ਪ੍ਰੀਖਿਆਵਾਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ 13 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ।ਇਨ੍ਹਾਂ ਪ੍ਰੀਖਿਆਵਾਂ ਵਿੱਚ ਕੁੱਲ 56 ਵਿਦਿਆਰਥੀਆਂ ਨੇ ਭਾਗ ਲਿਆ।ਇਸ ਤੋਂ ਇਲਾਵਾ 10 ਵਿਦਿਆਰਥੀਆਂ ਨੇ ਸਿਲਵਰ ਮੈਡਲ ਤੇ 3 ਵਿਦਿਆਰਥੀਆਂ ਨੇ ਕਾਂਸੀ ਦੇ ਤਮਗੇ ਹਾਸਲ ਕੀਤੇ।ਇਸ ਤੋਂ ਇਲਾਵਾ ਜਨਰਲ ਨੌਲੇਜ ਦੇ ਵਿਸ਼ੇ ਵਿੱਚੋਂ ਸਕੂਲ ਦੀਆਂ ਦੋ ਵਿਦਿਆਰਥਣਾਂ ਅਮਨਜੋਤ ਕੌਰ (ਦਸਵੀਂ) ਤੇ ਹਰਮਨਦੀਪ ਕੌਰ (ਦਸਵੀਂ) ਨੇ ਸਟੇਟ ਪੱਧਰ 'ਤੇ ਸਥਾਨ ਹਾਸਲ ਕੀਤਾ।ਇਨ੍ਹਾਂ ਪ੍ਰੀਖਿਆਵਾਂ ਵਿੱਚ ਗੁਰਸ਼ਿੰਦਰ ਸਿੰਘ, ਲੈਕਚਰਾਰ ਬਾਇਓਲੌਜੀ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਨ੍ਹਾਂ ਪ੍ਰਾਪਤੀਆਂ 'ਤੇ ਸਕੂਲ ਦੇ ਐੱਮ. ਡੀ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸੋਮਾ ਦੇਵੀ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

## ਪੁਲਸ ਮੁਲਾਜ਼ਮਾਂ ਨੇ ਵਿਅਕਤੀ ਦੀ ਜਾਨ ਬਚਾਈ



ਜਾਨ ਬਚਾਉਣ ਵਾਲੇ ਮੁਲਾਜ਼ਮ।

**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਪੁਲਸ ਮੁਲਾਜ਼ਮ ਏ ਐੱਸ ਆਈ ਬਲਦੇਵ ਸਿੰਘ ਤੇ ਜਸਵੀਰ ਸਿੰਘ ਨੇ ਇੱਕ ਵਿਅਕਤੀ ਦੀ ਜਾਨ ਬਚਾਈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਅੜੈਚਾਂ ਦੇ ਵਾਸੀ ਧਰਮਿੰਦਰ ਸਿੰਘ ਜੋ ਕਿ ਨਹਿਰ ਵਿੱਚ ਛਾਲ ਮਾਰਨ ਜਾ ਰਿਹਾ ਸੀ, ਉਸ ਨੂੰ ਪੁਲਸ ਮੁਲਾਜ਼ਮਾਂ ਜਸਵੀਰ ਸਿੰਘ ਤੇ ਬਲਦੇਵ ਸਿੰਘ ਨੇ ਬਚਾ ਲਿਆ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏ.ਐੱਸ.ਆਈ. ਬਲਦੇਵ ਸਿੰਘ ਨੇ ਦੱਸਿਆ ਕਿ ਇਹ ਵਿਅਕਤੀ ਨਹਿਰ ਵਿੱਚ ਛਾਲ ਮਾਰਨ ਹੀ ਲੱਗਿਆ ਸੀ ਕਿ ਐਨ ਮੌਕੇ 'ਤੇ ਪੁਲਸ ਮੁਲਾਜ਼ਮ ਜਸਵੀਰ ਸਿੰਘ ਨੇ ਉਸ ਨੂੰ ਬਚਾ ਲਿਆ।ਉਨ੍ਹਾਂ ਦੱਸਿਆ ਕਿ ਛਾਲ ਮਾਰਨ ਜਾ ਰਹੇ ਵਿਅਕਤੀ ਦੇ ਘਰਦਿਆਂ ਨੂੰ ਇਤਲਾਹ ਦੇ ਦਿੱਤੀ ਗਈ।ਛਾਲ ਮਾਰਨ ਵਾਲੇ ਵਿਅਕਤੀ ਦੀ ਪਹਿਚਾਣ ਧਰਮਿੰਦਰ ਸਿੰਘ ਵਾਸੀ ਅੜੈਚਾਂ ਵਜੋਂ ਹੋਈ ਹੈ, ਜਿਸ ਨੂੰ ਥਾਣਾ ਦੋਰਾਹਾ ਵਿਖੇ ਲਿਜਾਇਆ ਗਿਆ।ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਦੋਰਾਹਾ ਪੁਲਸ ਮੁਲਾਜ਼ਮਾਂ ਦੀ ਖੂਬ ਸ਼ਲਾਘਾ ਕੀਤੀ ਗਈ।

23-MAR-PAGE-5.qxd 3/22/2025 9:10 PM Page 1



# ਕਰਨਲ ਦੇ ਹੱਕ 'ਚ ਸਾਬਕਾ ਸੈਨਿਕਾਂ ਵੱਲੋਂ ਡੀ ਸੀ ਦਫ਼ਤਰ ਅੱਗੇ ਰੋਸ ਮੁਜ਼ਾਹਰਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਵਿੱਚ ਬੀਤੇ ਦਿਨੀਂ ਪੁਲਸ ਅਫ਼ਸਰਾਂ ਦੀ ਕੁੱਟਮਾਰ ਦਾ ਸ਼ਿਕਾਰ ਹੋਏ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਪਰਿਵਾਰ ਵੱਲੋਂ ਇਨਸਾਫ ਦੀ ਮੰਗ ਨੂੰ ਲੈ ਕੇ ਸ਼ਨਿੱਚਰਵਾਰ ਨੂੰ ਇੱਥੇ ਡੀ ਸੀ ਦਫਤਰ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਧਰਨੇ 'ਚ ਪੰਜਾਬ ਤੋਂ ਹਜ਼ਾਰਾਂ ਦੀ ਗਿਣਤੀ 'ਚ ਸਾਬਕਾ ਸੈਨਿਕਾਂ ਤੋਂ ਇਲਾਵਾ ਕਿਸਾਨ ਤੇ ਵੱਖ-ਵੱਖ ਵਰਗਾਂ ਦੇ ਲੋਕ ਸ਼ਾਮਲ ਹੋਏ ਹਨ।ਇਸ ਮੌਕੇ ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਦੇ ਪ੍ਰਧਾਨ ਪ੍ਰਗਟ ਸਿੰਘ ਦੀ ਅਗਵਾਈ ਹੇਠ ਅੱਜ ਦੇ ਇਸ ਧਰਨੇ ਪੰਜਾਬ ਤੋਂ ਫੌਜ ਦੇ ਕਈ ਸਾਬਕਾ ਕਰਨਲ, ਜਰਨਲ, ਮੇਜਰਾਂ ਤੋਂ ਇਲਾਵਾ ਸਾਬਕਾ ਸੈਨਿਕਾਂ ਵੱਲੋਂ ਪਰਵਾਰ ਨੂੰ ਇਨਸਾਫ਼ ਮਿਲਣ ਤੱਕ ਉਨ੍ਹਾਂ ਦਾ ਡੱਟ ਕੇ ਸਾਥ ਦੇਣ ਦਾ ਵਿਸ਼ਵਾਸ ਦਿਵਾਉਂਦੇ ਸਰਕਾਰ ਤੋਂ ਪਰਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਕਰਨਲ ਦੀ ਧਰਮਪਤਨੀ ਜਸਵਿੰਦਰ ਕੌਰ ਬਾਠ ਨੇ ਸਰਕਾਰ ਵੱਲੋਂ ਕੀਤੀ ਪੇਸ਼ਕਸ਼ ਨੂੰ ਨਕਾਰਦੇ ਹੋਏ ਮੰਗ ਕੀਤੀ ਗਈ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਪਟਿਆਲਾ ਦੇ ਐੱਸ ਐੱਸ ਪੀ ਡਾ. ਨਾਨਕ ਸਿੰਘ ਦਾ ਫ਼ੌਰੀ ਤਬਾਦਲਾ ਕੀਤਾ ਜਾਵੇ ਤੇ ਘਟਨਾ ਦੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ ਅਤੇ ਘਟਨਾ ਵਿੱਚ ਕਥਿਤ ਤੌਰ 'ਤੇ ਸ਼ਾਮਲ ਚਾਰੇ ਇੰਸਪੈਕਟਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ।ਗ਼ੌਰਤਲਬ ਹੈ ਕਿ ਇਸ ਘਟਨਾ ਵਿੱਚ ਉਨ੍ਹਾਂ ਦਾ ਪੁੱਤਰ ਅੰਗਦ ਸਿੰਘ ਵੀ ਜ਼ਖ਼ਮੀ ਹੋ ਗਿਆ ਸੀ।

ਇਸ ਦੌਰਾਨ ਧਰਨੇ ਦੀ ਕਵਰੇਜ ਕਰਨ ਗਏ ਕਈ ਮੀਡੀਆ ਕਰਮੀਆਂ ਨਾਲ ਉਥੇ ਮੌਜੂਦ ਲੋਕਾਂ ਵੱਲੋਂ ਬਦਸਲੂਕੀ ਕੀਤੀ ਗਈ।ਇਸ ਕਾਰਨ ਮੀਡੀਆ ਕਰਮੀ ਮੁਜ਼ਾਹਰੇ ਦਾ ਬਾਈਕਾਟ ਕਰ ਕੇ ਵਾਪਸ ਪਰਤ ਗਏ। ਇਸ ਧਰਨੇ ਵਿੱਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਲੋਕ ਵੀ ਸ਼ਾਮਲ ਹਨ।ਇਸ ਮੌਕੇ ਸਾਬਕਾ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਤੇ ਬੀਬਾ ਜੈ ਇੰਦਰ ਕੌਰ ਨੇ ਧਰਨੇ 'ਚ ਮੰਗ ਕੀਤੀ ਗਈ ਕਿ ਐੱਸ ਐੱਸ ਪੀ ਡਾ. ਨਾਨਕ ਸਿੰਘ ਦੀ ਤੁਰੰਤ ਇਥੋਂ ਬਦਲੀ ਤੇ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਦੱਸੇ ਜਾਂਦੇ ਚਾਰੇ ਇੰਸਪੈਕਟਰਾਂ ਦੀ ਗ੍ਰਿਫ਼ਤਾਰੀ ਕੀਤੀ ਜਾਵੇ।ਮਾਮਲੇ ਦੀ ਸੀ ਬੀ ਆਈ ਤੋਂ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ ਹੈ।ਇਹ ਮੰਗਾਂ ਮੰਨੇ ਜਾਣ ਤੱਕ ਧਰਨਾ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ।

ਉਧਰ, ਜ਼ਿਲ੍ਹੇ ਦੇ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਨਲ ਬਾਠ ਵੱਲੋਂ ਆਪਣੀ ਸ਼ਿਕਾਇਤ ਵਿੱਚ ਜਿਹੜੇ ਵੀ ਵਿਅਕਤੀਆਂ ਦੇ ਨਾਂਅ ਲਏ ਗਏ ਹਨ, ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਕੇਸ ਵਿੱਚ ਕਰਨਲ ਬਾਠ ਦੇ ਕਹਿਣ 'ਤੇ ਇੱਕ ਹੋਰ ਉਸ ਵਿਅਕਤੀ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ, ਜਿਸ ਦਾ ਸ਼ਿਕਾਇਤ ਵਿੱਚ ਨਾਂ ਵੀ ਨਹੀਂ ਸੀ।

ਇਸ ਦੌਰਾਨ ਪਟਿਆਲਾ ਮੀਡੀਆ ਕਲੱਬ ਨੇ ਕਰਨਲ ਪੁਸ਼ਪਿੰਦਰ ਸਿੰਘ ਬਾਠ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਡੀ ਸੀ ਦਫਤਰ ਬਾਹਰ ਧਰਨੇ ਵਿੱਚ ਮੀਡੀਆ ਨਾਲ ਹੋਈ ਬਦਸਲੂਕੀ ਦੀ ਸਖ਼ਤ ਨਿਖੇਧੀ ਕੀਤੀ ਹੈ ਤੇ ਕਰਨਲ ਬਾਠ ਦੀ ਪਤਨੀ ਜਸਵਿੰਦਰ ਕੌਰ ਬਾਠ ਨੂੰ ਵੀ ਸਲਾਹ ਦਿੱਤੀ ਹੈ ਕਿ ਉਹ ਭਾਸ਼ਾ ਦੀ ਮਰਿਆਦਾ ਦਾ ਖਿਆਲ ਰੱਖਣ।

ਇਥੇ ਜਾਰੀ ਇੱਕ ਬਿਆਨ ਵਿੱਚ ਕਲੱਬ ਦੇ ਪ੍ਰਧਾਨ ਨਵਦੀਪ ਢੀਂਗਰਾ ਤੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਕਿਹਾ ਕਿ ਜਸਵਿੰਦਰ ਕੌਰ ਬਾਠ ਇਕ ਪਾਸੇ ਤਾਂ ਪ੍ਰੈੱਸ ਕਾਨਫਰੰਸਾਂ ਕਰ ਕੇ ਆਪਣੇ ਲਈ ਨਿਆਂ ਮੰਗ ਰਹੇ ਹਨ ਤੇ ਮੀਡੀਆ ਵਿੱਚ ਮਾਮਲਾ ਉੱਭਰਨ ਸਦਕਾ ਹੀ ਪੰਜਾਬ ਪੁਲਸ ਨੂੰ ਕੇਸ ਦਰਜ ਕਰਨਾ ਪਿਆ ਹੈ।ਉਨ੍ਹਾਂ ਕਿਹਾ, "ਦੂਜੇ ਪਾਸੇ ਉਹ ਮੀਡੀਆ ਲਈ ਬਹੁਤ ਹੀ ਇਤਰਾਜ਼ਯੋਗ ਭਾਸ਼ਾ ਵਰਤ ਰਹੇ ਹਨ, ਜੋ ਬਹੁਤ ਹੀ ਨਿੰਦਣਯੋਗ ਗੱਲ ਹੈ ਤੇ ਇਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ।" ਉਨ੍ਹਾਂ ਕਿਹਾ ਕਿ ਬੀਬੀ ਜਸਵਿੰਦਰ ਕੌਰ ਬਾਠ ਤੇ ਉਨ੍ਹਾਂ ਦੇ ਸਾਥੀਆਂ ਨੂੰ ਮੀਡੀਆ ਨਾਲ ਬਦਸਲੂਕੀ ਤੇ ਬਦਕਲਾਮੀ ਲਈ ਮੁਆਫੀ ਮੰਗਣੀ ਚਾਹੀਦੀ ਹੈ।ਉਨ੍ਹਾਂ ਸ੍ਰੀਮਤੀ ਬਾਠ ਨੂੰ 'ਮੀਡੀਆ ਤੇ ਕਥਿਤ ਮੀਡੀਆ' ਵਿੱਚ ਅੰਤਰ ਸਮਝਣ ਦੀ ਵੀ ਸਲਾਹ ਦਿੱਤੀ। ਇਸ ਮੌਕੇ ਇਸ ਕੇਸ 'ਚ ਪੁਲਸ ਅਫਸਰ ਦੇ ਪਰਵਾਰਾਂ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਾਲਿਆਂ ਨੂੰ ਜਾਣ-ਬੁੱਝ ਕੇ ਫਸਾਇਆ ਜਾ ਰਿਹਾ ਹੈ।



# ਮਨਰੇਗਾ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁੱਹਈਆ ਕਰਵਾਉਣ ਲਈ ਤੱਤਕਲੀਨ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਨੇ ਸਾਲ 2005 ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਕਾਨੂੰਨ 2005 ਲਾਗੂ ਕੀਤਾ ਸੀ।ਮਨਰੇਗਾ ਸਕੀਮ ਲਈ ਪੈਸਾ ਕੇਂਦਰ ਸਰਕਾਰ ਦਿੰਦੀ ਹੈ, ਪ੍ਰੰਤੂ ਸੂਬਿਆਂ ਵਿੱਚ ਪੇਂਡੂ ਵਿਕਾਸ ਵਿਭਾਗ ਤਹਿਤ ਇਸ ਮਨਰੇਗਾ ਸਕੀਮ ਤਹਿਤ ਹਰ ਇੱਕ ਮਨਰੇਗਾ ਮਜ਼ਦੂਰ ਨੂੰ ਇੱਕ ਸਾਲ ਵਿੱਚ 100 ਦਿਨ ਦਾ ਰੁਜ਼ਗਾਰ ਦੇਣ ਦੀ ਗਰੰਟੀ ਦਿੱਤੀ ਗਈ ਹੈ।ਮਨਰੇਗਾ ਕਾਨੂੰਨ ਦੀ ਸ਼ਰਤ ਹੈ ਕੀ ਮੰਗ ਕਰਨ ਦੇ 15 ਦਿਨਾਂ ਅੰਦਰ ਮਨਰੇਗਾ ਦਾ ਕੰਮ ਦੀ ਮੰਗ ਕਰਨ ਵਾਲੇ ਮਜ਼ਦੂਰ ਨੂੰ ਕੰਮ ਦਿੱਤਾ ਜਾਵੇਗਾ ਤੇ 15 ਦਿਨਾਂ ਵਿੱਚ ਮਨਰੇਗਾ ਦਾ ਕੰਮ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਉਸ ਸਮੇਂ ਕੀਤਾ, ਜਦ ਉਨ੍ਹਾਂ ਨਾਲ ਸੰਬੰਧਤ ਮਜ਼ਦੂਰ ਜਥੇਬੰਦੀਆਂ ਵੱਲੋਂ ਮਨਰੇਗਾ ਮਜ਼ਦੂਰਾਂ ਦੇ ਪੱਖ ਵਿੱਚ ਕੀਤੇ ਗਏ ਰੋਸ ਮੁਜ਼ਾਹਰੇ ਮੌਕੇ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਪੰਜਾਬ ਵਿੱਚ ਮਨਰੇਗਾ ਦੇ ਕੰਮ ਵਿੱਚ ਅਨੇਕਾਂ ਬੇਨਿਯਮੀਆਂ ਪਾਈਆਂ ਜਾ ਰਹੀਆਂ ਹਨ ਤੇ ਮਨਰੇਗਾ ਦਾ ਕੰਮ ਪਾਰਦਰਸ਼ੀ ਢੰਗ ਨਾਲ ਨਹੀਂ ਚੱਲ ਰਿਹਾ ਹੈ।ਵਿਜੇ ਧੀਰ ਨੇ ਕਿਹਾ ਕਿ ਪਿੰਡਾਂ ਵਿੱਚ ਮਨਰੇਗਾ ਮਜ਼ਦੂਰਾਂ ਨੂੰ ਮੰਗ ਕਰਨ ਤੇ ਮਨਰੇਗਾ ਦਾ ਕੰਮ ਨਹੀਂ ਦਿੱਤਾ ਜਾ ਰਿਹਾ ਹੈ ਤੇ ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ ਜਾ ਰਿਹਾ ਹੈ।ਧੀਰ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀ ਕਿਸੇ ਵੀ ਪੱਧਰ ਤੇ ਸੁਣਵਾਈ ਨਹੀਂ ਹੋ ਰਹੀ। ਧੀਰ ਨੇ ਉਦਾਹਰਨ ਦਿੰਦਿਆਂ ਦੱਸਿਆ ਕਿ ਮੋਗਾ ਬਲਾਕ-2 ਦੇ ਪਿੰਡ ਰੱਤੀਆ ਦੇ 28 ਮਨਰੇਗਾ ਮਜ਼ਦੂਰਾਂ ਨੇ ਬੀਤੇ ਸਾਲ ਦਰਖਾਸਤ 23 ਦਸੰਬਰ 2024 ਰਾਹੀਂ ਮਨਰੇਗਾ ਮਜ਼ਦੂਰੀ ਦੇ ਕੰਮ ਦੀ ਮੰਗ ਕੀਤੀ ਸੀ, ਜਿਹੜਾ ਅੱਜ ਤੱਕ ਨਹੀਂ ਦਿੱਤਾ ਗਿਆ ਹੈ।ਇਨ੍ਹਾਂ ਮਨਰੇਗਾ ਮਜ਼ਦੂਰਾਂ ਨੇ ਦਰਖਾਸਤ 28 ਜਨਵਰੀ 2025 ਰਾਹੀਂ ਬੇਰੁਜ਼ਗਾਰੀ ਭੱਤੇ ਦੀ ਮੰਗ ਕੀਤੀ ਸੀ, ਪ੍ਰੰਤੂ ਮਹਿੰਗਾਈ ਭੱਤਾ ਵੀ ਨਹੀਂ ਦਿੱਤਾ ਗਿਆ ਹੈ।ਧੀਰ ਨੇ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦੇ ਬਲਾਕ ਜ਼ੀਰਾ ਵਿੱਚ ਪੈਂਦੇ ਪਿੰਡ ਵਾੜਾ ਚੈਨ ਸਿੰਘ ਵਾਲਾ ਉਰਫ ਰਾਮਗੜ੍ਹ ਦੇ 19 ਮਨਰੇਗਾ ਮਜ਼ਦੂਰਾਂ ਨੇ ਦਰਖਾਸਤ 17 ਸਤੰਬਰ 2024 ਰਾਹੀਂ ਕੰਮ ਦੀ ਮੰਗ ਕੀਤੀ ਸੀ ਅਤੇ ਦਰਖਾਸਤ 28 ਦਸੰਬਰ 2024 ਰਾਹੀਂ ਬੇਰੁਜ਼ਗਾਰੀ ਭੱਤੇ ਦੀ ਮੰਗ ਕੀਤੀ ਸੀ, ਪ੍ਰੰਤੂ ਨਾ ਮਨਰੇਗਾ ਦਾ ਕੰਮ ਦਿੱਤਾ ਗਿਆ ਤੇ ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ ਗਿਆ।

ਮਜ਼ਦੂਰ ਆਗੂ ਵਿਜੇ ਧੀਰ ਨੇ ਇਸ ਮੌਕੇ ਮੰਗ ਕੀਤੀ ਕਿ ਮਨਰੇਗਾ ਦੇ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਲਈ ਤੇ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਕਰਨ ਲਈ ਕੇਂਦਰ ਸਰਕਾਰ ਸੂਬਿਆਂ ਵਿੱਚ ਕੇਂਦਰ ਦੀ ਮੋਨੀਟਰਿੰਗ ਮਸ਼ੀਨਰੀ ਸਥਾਪਤ ਕਰੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੱਲੇਦਾਰਾਂ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿਡ ਡੇ ਮੀਲ ਕੁੱਕ ਯੂਨੀਅਨ ਦੇ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਐੱਲ ਪੀ ਜੀ ਗੈੱਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ ਆਦਿ ਹਾਜ਼ਰ ਸਨ।

## ਭੋਗ 'ਤੇ ਵਿਸ਼ੇਸ਼

# ਪਰਵਾਰ ਤੇ ਸਮਾਜ ਪ੍ਰਤੀ ਹਮੇਸ਼ਾ ਸੰਜੀਦਾ ਰਹੇ ਬੀਬੀ ਸੁਨੀਤਾ ਰਾਣੀ



ਸੀ ਪੀ ਆਈ ਮੈਂਬਰ ਕੰਟਰੋਲ ਕਮਿਸ਼ਨ, ਸਕੱਤਰ ਸਬ ਡਵੀਜ਼ਨ ਬੁਢਲਾਡਾ, ਸਾਬਕਾ ਕੌਂਸਲਰ ਤੇ ਉੱਘੇ ਸਮਾਜ ਸੇਵੀ ਕਾਮਰੇਡ ਵੇਦ ਪ੍ਰਕਾਸ਼ ਬੁਢਲਾਡਾ ਦੀ ਧਰਮ ਪਤਨੀ ਸਵ: ਬੀਬੀ ਸੁਨੀਤਾ ਰਾਣੀ ਦੀ 12 ਮਾਰਚ ਨੂੰ ਹੋਈ ਅਚਾਨਕ ਮੌਤ ਨੇ ਜਿੱਥੇ ਪਰਵਾਰ ਤੇ ਪਾਰਟੀ ਨੂੰ ਝੰਜੋੜਿਆ, ਉੱਥੇ ਸ਼ਹਿਰ ਵਿੱਚ ਵੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ।62 ਸਾਲਾ ਸੁਨੀਤਾ ਰਾਣੀ ਜੋ ਆਪਣੇ ਪਰਵਾਰ ਪ੍ਰਤੀ ਹਮੇਸ਼ਾ ਸੰਜੀਦਾ ਰਹੀ, ਉਥੇ ਧਾਰਮਿਕ ਸਮਾਜਿਕ ਰੁਚੀਆਂ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਰਹੇ, ਕਿਉਂਕਿ ਜਿੱਥੇ ਉਨ੍ਹਾਂ ਦੇ ਪਤੀ ਕਾਮਰੇਡ ਵੇਦ ਪ੍ਰਕਾਸ਼ ਪਾਰਟੀ ਗਤੀਵਿਧੀਆਂ ਤੇ ਸਮਾਜਿਕ ਕਾਰਜਾਂ ਵਿੱਚ ਬੇਗਰਜ਼ ਸੇਵਾਵਾਂ ਨਿਭਾਅ ਰਹੇ ਹਨ। ਸੁਨੀਤਾ ਰਾਣੀ ਦੀ ਪਰਿਵਾਰਕ ਜ਼ਿੰਮੇਵਾਰੀਆਂ 'ਤੇ ਪਹਿਰਾ ਦਿੰਦਿਆਂ ਬੇਟਾ ਮੁਨੀਸ਼ ਕੁਮਾਰ ਮੋਨੂ ਤੇ ਬੇਟੀ ਕੁਸਮ ਨੂੰ ਉੱਚ ਦਰਜੇ ਦੀ ਸਿੱਖਿਆ ਦਿਵਾਉਂਦਿਆਂ ਬੇਟਾ ਮੁਨੀਸ਼ ਕੁਮਾਰ 33 ਜੋ ਬਤੌਰ ਐਕਸੀਅਨ ਜਲ ਸਰੋਤ ਮਹਿਕਮੇ ਵਿੱਚ ਚੰਡੀਗੜ੍ਹ ਵਿਖੇ ਸੇਵਾਵਾਂ ਨਿਭਾਅ ਰਹੇ ਹਨ, ਨੂੰਹ ਰਾਣੀ ਸੀਮਾ ਕੋਆਪ੍ਰੇਟਿਵ ਸੋਸਾਇਟੀ ਮੋਹਾਲੀ ਵਿਖੇ ਆਡਿਟ ਇੰਸਪੈਕਟਰ ਦੇ ਤੌਰ ਕੰਮ ਕਰ ਰਹੀ ਹੈ।ਉਥੇ ਬੇਟੀ ਬਠਿੰਡਾ ਵਿਖੇ ਮੈਰਿਡ ਹੋਣ ਕਰਕੇ ਆਪਣੇ ਸਹੁਰੇ ਪਰਵਾਰ ਵਿੱਚ ਖ਼ੁਸ਼ਹਾਲ ਹਨ, ਜਿਸ ਕਾਰਨ ਇੱਕ ਖ਼ੁਸ਼ਹਾਲ ਪਰਵਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਬੇਸ਼ੱਕ ਕਾਮਰੇਡ ਵੇਦ ਪ੍ਰਕਾਸ਼ ਬੁਢਲਾਡਾ 1984 ਦੇ ਲਗਭਗ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇ ਸੰਪਰਕ ਵਿੱਚ ਆਇਆ, ਪ੍ਰੰਤੂ ਉਸ ਸਮੇਂ ਤੋਂ ਹੀ ਪਾਰਟੀ ਨੂੰ ਆਪਣਾ ਪਰਵਾਰ ਸਮਝਦਿਆਂ ਬੇਗਰਜ਼ ਤੇ ਨਿਰੰਤਰ ਸੇਵਾਵਾਂ ਨਿਭਾਅ ਰਿਹਾ ਹੈ। ਪਹਿਲਾਂ ਬੁਢਲਾਡਾ ਦੇ ਸਕੱਤਰ, ਸਬ ਡਵੀਜ਼ਨ ਬੁਢਲਾਡਾ ਦੇ ਸਕੱਤਰ, ਲੰਮੇ ਸਮੇਂ ਤੋਂ ਸੂਬਾ ਕੌਂਸਲ ਮੈਂਬਰ ਤੇ ਅੱਜ ਪਾਰਟੀ ਦੀ ਨਿਰਪੱਖ ਅਦਾਲਤ ਕੰਟਰੋਲ ਕਮਿਸ਼ਨ ਬਤੌਰ ਮੈਂਬਰ ਸੇਵਾਵਾਂ ਨਿਭਾਅ ਰਹੇ ਹਨ। 2008 ਵਿੱਚ ਨਗਰ ਕੌਂਸਲ ਬੁਢਲਾਡਾ ਵਿੱਚ ਐੱਮ ਸੀ ਦੀ ਵੀ ਨਿਰਸਵਾਰਥ ਸੇਵਾ ਨਿਭਾਈ ਹੈ। ਸੁਨੀਤਾ ਰਾਣੀ ਨਮਿੱਤ ਸ੍ਰੀ ਗਰੁੜ ਪੁਰਾਣ ਪਾਠ ਦੇ ਭੋਗ 23 ਮਾਰਚ ਨੂੰ ਸ੍ਰੀ ਭਵਨ ਪੁਰਾਣੀ ਮੰਡੀ ਸਾਹਮਣੇ ਪੰਚਾਇਤੀ ਗਊਸ਼ਾਲਾ ਬੁਢਲਾਡਾ ਵਿਖੇ 12-00 ਤੋਂ 1-00 ਤੱਕ ਬਾਅਦ ਦੁਪਹਿਰ ਹੋਵੇਗਾ।ਇਸ ਮੌਕੇ ਧਾਰਮਿਕ ਸਮਾਜਿਕ ਵਪਾਰਕ ਜਨਤਕ ਜਮਹੂਰੀ ਤੇ ਰਾਜਸੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

*-ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ*

## ਕਾਤਰਾਂ

### 12.50 ਗ੍ਰਾਮ ਹੈਰੋਇਨ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 12.50 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਚੰਦਭਾਨ ਡਰੇਨ ਕਾਠਗੜ੍ਹ ਦੇ ਪੁਲ ਕੋਲ ਪਹੁੰਚੇ ਤਾਂ ਉਥੇ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਕੀਤੀ ਗਈ ਤਾਂ ਉਸ ਪਾਸੋ 12.50 ਗ੍ਰਾਮ ਹੈਰੋਇਨ ਬਰਾਮਦ ਹੋਈ। ਹੈਰੋਇਨ ਸਮੇਤ ਅਸ਼ੋਕ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਾਲੀਵਾਲਾ ਨੂੰ ਕਾਬੂ ਕਰਨ ਉਪਰੰਤ ਥਾਣਾ ਵੈਰੋਕੇ ਵਿਖੇ ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਸੜਕ ਹਾਦਸੇ 'ਚ ਕਾਰ ਡਰਾਈਵਰ ਦੀ ਮੌਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਵਜੀਦਕੇ ਕਲਾਂ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ।ਜਾਣਕਾਰੀ ਅਨੁਸਾਰ ਬਰਨਾਲਾ ਵੱਲੋਂ ਲੁਧਿਆਣਾ ਜਾ ਰਹੀ ਇੱਕ ਕਾਰ ਮੁੱਖ ਮਾਰਗ ਉੱਪਰ ਪਿੰਡ ਵਜੀਦਕੇ ਕਲਾਂ ਨੇੜੇ ਟਰੈਕਟਰ-ਟਰਾਲੀ ਦੇ ਪਿੱਛੇ ਜਾ ਟਕਰਾਈ।ਇਸ ਟੱਕਰ ਵਿੱਚ ਕਾਰ ਚਾਲਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਉਹ ਦਮ ਤੋੜ ਗਿਆ।ਮ੍ਰਿਤਕ ਦੀ ਪਹਿਚਾਣ ਗੁਰਪ੍ਰੀਤ ਸਿੰਘ ਵਾਸੀ ਸ਼ਿਮਲਾਪੁਰੀ (ਲੁਧਿਆਣਾ) ਵਜੋਂ ਹੋਈ ਹੈ।ਥਾਣਾ ਠੁੱਲੀਵਾਲ ਵਿਖੇ ਮ੍ਰਿਤਕ ਦੀ ਪਤਨੀ ਤਰਸੇਮ ਕੌਰ ਦੇ ਬਿਆਨ ਦੇ ਆਧਾਰ 'ਤੇ ਅਣਪਛਾਤੇ ਵਾਹਨ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਗਈ ਹੈ।

### ਖ਼ੂਨਦਾਨ ਕੈਂਪ ਅੱਜ

**ਮੂਣਕ (ਰਾਜਪਾਲ ਸਿੰਗਲਾ)**-ਸ਼ਹਿਰ ਅੰਦਰ 23 ਮਾਰਚ ਨੂੰ ਰੀਤ ਹਸਪਤਾਲ ਮੂਨਕ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।ਇਹ ਕੈਂਪ ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਕਲੱਬ ਤੇ ਰੋਟਰੀ ਕਲੱਬ ਮੂਨਕ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ।ਇਸ ਵਿੱਚ ਸੰਗਮ ਬਲੱਡ ਬੈਂਕ ਟੋਹਾਣਾ ਦੀ ਟੀਮ ਪਹੁੰਚ ਰਹੀ ਹੈ।ਇਕੱਠਾ ਕੀਤਾ ਗਿਆ ਖ਼ੂਨ ਥੈਲੇਸੀਮੀਆ ਪੀੜਤ ਬੱਚਿਆਂ ਲਈ ਵਰਤਿਆ ਜਾਵੇਗਾ।ਇਸ ਤੋਂ ਇਲਾਵਾ ਖ਼ੂਨਦਾਨ ਕਰਨ ਵਾਲੇ ਹਰ ਇੱਕ ਦਾਨੀ ਸੱਜਣ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

### ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਸਵਾ 14 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਬਸਤੀ ਨਿਜ਼ਾਮਦੀਨ ਫਾਟਕਾਂ ਕੋਲ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਸੁੱਖਾ ਉਰਫ ਟੇਡੀ ਪੁੱਤਰ ਮੰਗਲ ਵਾਸੀ ਬਸਤੀ ਨਿਜ਼ਾਮਦੀਨ ਵਾਲੀ ਨਾਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਕਬਰਿਸਤਾਨ ਵਿੱਚ ਨਾਜਾਇਜ਼ ਸ਼ਰਾਬ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ 'ਤੇ ਛਾਪੇਮਾਰੀ ਕਰਕੇ ਉਸ ਦੇ ਕਬਜ਼ੇ ਵਿੱਚੋਂ ਸਵਾ 14 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਤੇਲ ਟੈਂਕਰ ਨੂੰ ਵੈਲਡਿੰਗ ਕਰਦੇ ਸਮੇਂ ਧਮਾਕੇ 'ਚ ਦੋ ਦੀ ਮੌਤ, ਇੱਕ ਜ਼ਖ਼ਮੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਨੇੜਲੇ ਪਿੰਡ ਮਾਧੋਪੁਰ ਵਿਖੇ ਸਥਿਤ ਇੱਕ ਵਰਕਸ਼ਾਪ 'ਚ ਤੇਲ ਟੈਂਕਰ ਨੂੰ ਵੈਲਡਿੰਗ ਕਰਦੇ ਸਮੇਂ ਹੋਏ ਧਮਾਕੇ ਕਾਰਨ ਦੋ ਵਿਅਕਤੀਆਂ ਦੀ ਮੌਤ ਹੋਣ ਤੇ ਇੱਕ ਦੇ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ।ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਚ.ਓ. ਥਾਣਾ ਸਰਹਿੰਦ ਇੰਸਪੈਕਟਰ ਸੰਦੀਪ ਸਿੰਘ ਨੇ ਦੱਸਿਆ ਕਿ ਮਾਧੋਪੁਰ ਨੇੜਲੀ ਐੱਚ.ਪੀ. ਇੰਜੀਨੀਅਰਿੰਗ ਵਰਕਸ ਨਾਮੀ ਵਰਕਸ਼ਾਪ 'ਚ ਮਨੋਜ ਤਿਵਾੜੀ ਵਾਸੀ ਗੋਲਡਨ ਸਿਟੀ ਸਰਹਿੰਦ, ਅਵਤਾਰ ਸਿੰਘ ਉਰਫ ਕਾਲਾ ਵਾਸੀ ਪਿੰਡ ਸਾਨੀਪੁਰ ਤੇ ਨਰਿੰਦਰ ਕੁਮਾਰ ਵਾਸੀ ਪਿੰਡ ਸੁਹਾਗਹੇੜੀ ਇੱਕ ਤੇਲ ਟੈਂਕਰ ਦੀ ਵੈਲਡਿੰਗ ਕਰ ਰਹੇ ਸਨ ਤਾਂ ਟੈਂਕਰ 'ਚ ਅਚਾਨਕ ਜ਼ੋਰਦਾਰ ਧਮਾਕਾ ਹੋ ਗਿਆ। ਇਸ ਧਮਾਕੇ ਵਿੱਚ ਮਨੋਜ ਤਿਵਾੜੀ ਤੇ ਅਵਤਾਰ ਸਿੰਘ ਉਰਫ ਕਾਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਨਰਿੰਦਰ ਕੁਮਾਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਦਾਖ਼ਲ ਕਰਵਾਇਆ ਗਿਆ ਹੈ।ਪ੍ਰਤੱਖ ਦਰਸ਼ੀਆਂ ਅਨੁਸਾਰ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਅਵਤਾਰ ਸਿੰਘ ਉਰਫ ਕਾਲਾ ਦੀ ਲਾਸ਼ ਧਮਾਕੇ ਵਾਲੀ ਥਾਂ ਤੋਂ ਕਰੀਬ 50 ਫੁੱਟ ਦੀ ਦੂਰੀ 'ਤੇ ਪਈ ਮਿਲੀ।ਪੁਲਸ ਦੇ ਫਾਰੈਂਸਿਕ ਮਾਹਰਾਂ ਵੱਲੋਂ ਘਟਨਾ ਸਥਾਨ ਤੋਂ ਨਮੂਨੇ ਇਕੱਤਰ ਕਰਕੇ ਧਮਾਕੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਨਿਊਜ਼ੀਲੈਂਡ ਦਾ ਵਰਕ ਵੀਜ਼ਾ ਲਗਾਉਣ ਦਾ ਝਾਂਸਾ ਦੇ ਕੇ 22 ਲੱਖ ਠੱਗੇ, 3 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿੱਚ ਇੱਕ ਵਿਅਕਤੀ ਨੂੰ ਨਿਊਜ਼ੀਲੈਂਡ ਦਾ ਵਰਕ ਵੀਜ਼ਾ ਲਗਵਾਉਣ ਦਾ ਝਾਂਸਾ ਦੇ ਕੇ 22 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 3 ਲੋਕਾਂ ਖਿਲਾਫ 420, 120-ਬੀ ਆਈਪੀਸੀ 13 ਦੀ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 496817 ਰਾਹੀਂ ਜਸਪਾਲ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਬਸਤੀ ਭਾਈ ਕੇ ਡਸਟੂਲ ਸਾਹਿਬ ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਆਨ ਤਰਸੇਮ ਗੌਤਮ ਪੁੱਤਰ ਲੇਟ ਹਰੀ ਓਮ ਪ੍ਰਕਾਸ਼, ਅਰੁਨ ਬਾਲਾ ਪਤਨੀ ਤਰਸੇਮ ਗੌਤਮ ਵਾਸੀਅਨ ਗਲੀ ਨੰਬਰ 1 ਬਸਤੀ ਟੈਂਕਾਂਵਾਲੀ ਕੈਂਟ ਫਿਰੋਜ਼ਪੁਰ ਤੇ ਤਰੁਨ ਗੌਤਮ ਪੁੱਤਰ ਤਰਸੇਮ ਗੌਤਮ ਵਾਸੀ ਗਲੀ ਨੰਬਰ 1 ਬਸਤੀ ਟੈਂਕਾਂਵਾਲੀ ਕੈਂਟ ਫਿਰੋਜ਼ਪੁਰ ਹਾਲ ਨਿਊਜ਼ੀਲੈਂਡ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਨਿਊਜ਼ੀਲੈਂਡ ਦਾ ਵਰਕ ਵੀਜ਼ਾ ਲਗਵਾਉਣ ਦਾ ਝਾਂਸਾ ਦੇ ਕੇ 22 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਵਿਨੋਦ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਬਾਅਦ ਪੜਤਾਲ ਮੁਕੱਦਮਾ ਦਰਜ ਕੀਤਾ ਗਿਆ ਹੈ।

# ਬਨੀ ਖੈਰਾ ਦੀ ਅਗਵਾਈ ਹੇਠ ਕਾਂਗਰਸੀਆਂ ਨੇ ਮੁੱਖ ਮੰਤਰੀ ਦਾ ਸਾੜਿਆ ਪੁਤਲਾ

**ਨਾਭਾ (ਵਰਿੰਦਰ ਵਰਮਾ)**-ਸਾਬਕਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਯੂਥ ਕਾਂਗਰਸ, ਪੰਜਾਬ ਇੰਚਾਰਜ ਸੰਵਿਧਾਨ ਰੱਖਿਅਕ ਅਤੇ ਪੰਜਾਬ ਕੋਆਰਡੀਨੇਟਰ ਕਾਂਗਰਸ ਐਸ ਸੀ ਡਿਪਾਰਟਮੈਂਟ ਦੇ ਬਨੀ ਖੈਰਾ ਦੀ ਅਗਵਾਈ ਹੇਠ ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਅੱਜ ਯੂਥ ਕਾਂਗਰਸ ਆਗੂਆਂ ਨੇ ਕਿਸਾਨਾਂ ਦੇ ਹੱਕ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜਿਆ ਗਿਆ।ਉਨ੍ਹਾਂ ਕਿਹਾ ਕਿ 13 ਮਹੀਨਿਆਂ ਤੋਂ ਕਿਸਾਨ ਆਗੂ ਖਨੌਰੀ ਬਾਰਡਰ ਅਤੇ ਸ਼ੰਭੂ ਬਾਰਡਰ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਹਾਈਵੇ ਜਾਮ ਕਰਕੇ ਬੈਠੇ ਸੀ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੇ ਸਾਂਝੇ ਤੌਰ 'ਤੇ ਕਿਸਾਨਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਚੱਲ ਰਹੇ ਸੰਘਰਸ਼ ਨੂੰ ਦਬਾਉਣ ਲਈ ਕੀਤੀ ਗਈ ਹੈ।ਉਨ੍ਹਾਂ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਵਰਗਾ ਰਵਈਆ ਅਪਣਾਉਣ ਦੀ ਬਜਾਏ ਕਿਸਾਨਾਂ ਦੀ ਗੱਲ ਸੁਣਨੀ ਚਾਹੀਦੀ ਹੈ। ਇਸ ਮੌਕੇ ਹੈਪੀ ਸਿੰਘ ਸਰਪੰਚ ਯੂਥ ਕਾਂਗਰਸ ਪ੍ਰਧਾਨ ਵਿਧਾਨ ਸਭਾ ਹਲਕਾ ਨਾਭਾ, ਹਰਿੰਦਰ ਸਿੰਘ ਸੋਹੀ ਸੀਨੀਅਰ ਕਾਂਗਰਸੀ ਆਗੂ, ਇੰਦਰ ਸਿੰਘ ਮਾਜਰਾ ਸੀਨੀਅਰ ਕਾਂਗਰਸੀ ਆਗੂ, ਕੁਲਵਿੰਦਰ ਸਿੰਘ ਪੰਚਾਇਤ ਮੈਂਬਰ ਅਲੀਪੁਰ, ਜਸਪ੍ਰੀਤ ਸਿੰਘ ਗਿੰਨੀ, ਜੱਸੀ ਅਲੋਹਰਾ, ਕਾਕੂ ਸਿੰਘ ਚੌਧਰੀਮਾਜਰਾ, ਲਾਲ ਸਿੰਘ ਬੂਹੀ ਕਿਸਾਨ ਯੂਨੀਅਨ ਆਗੂ, ਗੋਰੀ ਅਲੋਹਰਾ ਗੇਟ, ਰਾਹੁਲ ਨਾਭਾ, ਸਾਹਿਲ ਬੁੱਟਰ, ਲਵਲੀ ਸਰਾਜਪੁਰ, ਹੈਪੀ ਸਿੰਘ ਗੱਜਣ ਬੂਹੀ, ਹੈਰੀ ਸ਼ਰਮਾ, ਗੁਰਦਿੱਤ ਸਿੰਘ ਹਿੰਮਤਪੁਰਾ, ਹਰਿੰਦਰ ਸਿੰਘ ਅਲੀਪੁਰ, ਮਨੀ ਬਾਬਾ, ਗੋਰੀ ਸਰਪੰਚ, ਹਰਮਨ ਗੱਜਣ, ਲਵਨ ਜੋਤ ਬਾਬਾ, ਸਨਜੋਤ ਸਿੰਘ, ਪੀਉਸ਼ ਦੱਤ, ਸੋਨੂ ਬਾਵਾ, ਪ੍ਰਦੀਪ ਗੱਜਣ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਥ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।



# ਨਕਲੀ ਅੰਗਰੇਜ਼ੀ ਸ਼ਰਾਬ ਦੀ ਫੈਕਟਰੀ ਦਾ ਪਰਦਾ ਫਾਸ਼, ਪੰਜ ਗ੍ਰਿਫਤਾਰ

*1638 ਪੇਟੀਆਂ ਅੰਗਰੇਜ਼ੀ ਸ਼ਰਾਬ ਤੇ ਬੀਅਰ ਦਾ ਵੱਡਾ ਸਟਾਕ ਬਰਾਮਦ*



**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਜਾਇਜ਼ ਸ਼ਰਾਬ ਦੇ ਕਾਰੋਬਾਰੀਆਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਸੀ ਆਈ ਏ ਸਿਰਸਾ ਟੀਮ ਨੇ ਪਿੰਡ ਰੁਪਾਣਾ ਬਿਸ਼ਨੋਈਆਂ ਖੇਤਰ ਵਿੱਚ ਗੈਰ-ਕਾਨੂੰਨੀ ਅੰਗਰੇਜ਼ੀ ਸ਼ਰਾਬ ਦੀ ਫੈਕਟਰੀ ਦਾ ਪਰਦਾਫਾਸ਼ ਕਰਕੇ1638 ਪੇਟੀਆਂ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਵੱਡਾ ਸਟਾਕ ਬਰਾਮਦ ਕੀਤਾ ਹੈ, ਜਿਸਦੀ ਕੀਮਤ ਲਗਭਗ 1 ਕਰੋੜ 25 ਲੱਖ ਰੁਪਏ ਹੈ।ਪੁਲਸ ਸੁਪਰਡੈਂਟ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਮੁੱਖ ਦੋਸ਼ੀ ਸਾਬਕਾ ਸਰਪੰਚ ਬੰਸੀਲਾਲ, ਅਨੂਪ, ਵਿਕਾਸ, ਅਰੁਣ ਅਤੇ ਰਾਮ ਸ਼ੰਕਰ ਹਨ।

ਪੁਲਸ ਸੁਪਰਡੈਂਟ ਨੇ ਦੱਸਿਆ ਕਿ ਜਦੋਂ ਪੁਲਸ ਟੀਮ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਪਲਾਟ ਦੀ ਤਲਾਸ਼ੀ ਲਈ ਤਾਂ ਉੱਥੋਂ ਨਕਲੀ ਅੰਗਰੇਜ਼ੀ ਸ਼ਰਾਬ ਬਣਾਉਣ ਵਾਲੀਆਂ ਮਸ਼ੀਨਾਂ, ਲੇਬਲ, ਹੋਲੋਗ੍ਰਾਮ ਅਤੇ ਖਾਲੀ ਬੋਤਲਾਂ ਵੀ ਬਰਾਮਦ ਹੋਈਆਂ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਖ਼ਿਲਾਫ਼ ਨਾਥੂਸਰੀ ਚੋਪਟਾ ਥਾਣੇ ਵਿੱਚ ਆਬਕਾਰੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸਿੱਖਿਆ ਕੋਆਰਡੀਨੇਟਰ ਵਿਜੇ ਮੈਨਰੋ ਵੱਲੋਂ ਸਕੂਲਾਂ ਦਾ ਦੌਰਾ

**ਰਾਜਪੁਰਾ (ਰਮੇਸ਼ ਕਟਾਰੀਆ)**-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਹਲਕਾ ਰਾਜਪੁਰਾ ਦੀ ਵਿਧਾਇਕਾ ਨੀਨਾ ਮਿੱਤਲ ਦੇ ਨਿਰਦੇਸ਼ ਅਤੇ ਮਨੀਸ਼ ਸਿਸੋਦੀਆ ਇੰਚਾਰਜ ਆਮ ਆਦਮੀ ਪਾਰਟੀ ਪੰਜਾਬ ਦੀ ਅਗਵਾਈ ਹੇਠ ਐਮ ਐਲ ਏ ਸਿੱਖਿਆ ਕੋਆਰਡੀਨੇਟਰ ਵਿਜੇ ਮੈਨਰੋ ਨੇ ਰਾਜਪੁਰਾ ਦੇ ਸਰਕਾਰੀ ਸਕੂਲਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਕੇ ਸਕੂਲਾਂ ਦੀ ਸਿੱਖਿਆ ਵਿਵਸਥਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਸੰਬੰਧੀ ਜਾਣਕਾਰੀ ਹਾਸਲ ਕੀਤੀ।ਸਿੱਖਿਆ ਕੋਆਰਡੀਨੇਟਰ ਨੇ ਸਕੂਲ ਆਫ ਐਮੀਨੈਂਸ ਮਹਿੰਦਰਗੰਜ, ਸਰਕਾਰੀ ਕੋ-ਐਡ ਸੀਨੀਅਰ ਸੈਕੰਡਰੀ ਸਕੂਲ ਐਨਟੀਸੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਹਾਈ ਸਕੂਲ ਦੀ ਵਿਜਿਟ ਕਰਕੇ ਉਥੇ ਗ੍ਰਾਂਟਾਂ ਦੀ ਵਰਤੋਂ, ਸਕੂਲਾਂ ਦੀ ਸਾਫ਼-ਸਫ਼ਾਈ, ਵਿਦਿਆਰਥੀਆਂ ਦੀ ਹਾਜ਼ਰੀ, ਅਤੇ ਪੜ੍ਹਾਈ ਦੇ ਮਿਆਰ ਬਾਰੇ ਮੁਲਾਂਕਣ ਕੀਤਾ।ਇਸ ਦੌਰੇ ਦੌਰਾਨ ਵਿਜੇ ਮੈਨਰੋ ਨੇ ਸਕੂਲ ਮੁੱਖੀਆਂ ਨੂੰ ਗ੍ਰਾਂਟਾਂ ਦੀ ਠੀਕ ਢੰਗ ਨਾਲ ਵਰਤੋਂ ਕਰਨ, ਸਾਫ਼-ਸਫ਼ਾਈ ਨੂੰ ਯਕੀਨੀ ਬਣਾਉਣ, ਮਾਪਿਆਂ ਨਾਲ ਚੰਗਾ ਸੰਬੰਧ ਬਣਾਉਣ ਅਤੇ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਵਿਸ਼ੇਸ਼ ਧਿਆਨ ਦੇਣ ਲਈ ਉਤਸ਼ਾਹਤ ਕੀਤਾ।

ਇਸ ਮੌਕੇ ਸਾਬਕਾ ਕੌਂਸਲਰ ਰਾਮ ਸ਼ਰਨ, ਦਿਨੇਸ਼ ਪੁਰੀ, ਸੁਖਵਿੰਦਰ ਸਿੰਘ, ਜਤਿੰਦਰ ਕੁਮਾਰ, ਹਰਜੀਤ ਕੌਰ ਮੈਥ ਮਿਸਟ੍ਰੈਸ, ਰਾਜਿੰਦਰ ਸਿੰਘ ਚਾਨੀ ਮੀਡੀਆ ਕੋਆਰਡੀਨੇਟਰ ਅਤੇ ਵੱਖ-ਵੱਖ ਸਕੂਲਾਂ ਦੇ ਮੁੱਖੀ ਤੇ ਅਧਿਆਪਕ ਮੌਜੂਦ ਰਹੇ।



# ਸ਼ਰਧਾਲੂਆਂ ਨਾਲ ਭਰੀ ਟਰਾਲੀ ਨੂੰ ਕੈਂਟਰ ਨੇ ਮਾਰੀ ਟੱਕਰ, ਇੱਕ ਦੀ ਮੌਤ ਤੇ 5 ਜ਼ਖ਼ਮੀ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੀਰ ਨਿਗਾਹੇ ਦੇ ਮੱਥਾ ਟੇਕ ਕੇ ਵਾਪਸ ਆ ਰਹੀ ਸ਼ਰਧਾਲੂਆਂ ਦੀ ਭਰੀ ਟਰਾਲੀ ਨੂੰ ਇੱਕ ਤੇਜ਼ ਰਫ਼ਤਾਰ ਕੈਂਟਰ ਨੇ ਪਿੱਛੋਂ ਟੱਕਰ ਮਾਰੀ, ਜਿਸ ਕਾਰਨ ਟਰੈਕਟਰ ਟਰਾਲੀ 'ਚ ਸਵਾਰ ਇੱਕ 15 ਸਾਲ ਦੇ ਲੜਕੇ ਦੀ ਹੇਠਾਂ ਡਿੱਗਣ ਨਾਲ ਮੌਤ ਹੋ ਗਈ, ਜਦਕਿ ਕਰੀਬ 5 ਸ਼ਰਧਾਲੂਆਂ ਨੂੰ ਗੰਭੀਰ ਸੱਟਾਂ ਵੱਜੀਆਂ, ਜਿਨ੍ਹਾਂ ਨੂੰ ਇਲਾਜ ਲਈ ਫ਼ਰੀਦਕੋਟ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾਖਲ ਕਰਵਾਇਆ ਗਿਆ।ਜਾਣਕਾਰੀ ਮੁਤਾਬਿਕ ਫਰੀਦਕੋਟ ਦੇ ਪਿੰਡ ਵੀਰੇ ਵਾਲਾ ਖ਼ੁਰਦ ਦੀ ਸੰਗਤ ਜੋ ਬਾਘਾ ਪੁਰਾਣਾ ਕੋਲ ਪੈਂਦੇ ਪਿੰਡ ਲੰਗਿਆਣਾ ਵਿਖੇ ਪੀਰ ਨਿਗਾਹੇ ਦੇ ਮੱਥਾ ਟੇਕ ਕੇ ਵਾਪਸ ਆ ਰਹੇ ਸਨ ਤਾਂ ਕਰੀਬ ਇੱਕ ਵਜੇ ਰਾਤ ਨੂੰ ਜਦ ਪਿੰਡ ਚੰਦਬਾਜ਼ਾ ਰਿਲਾਇੰਸ ਪੰਪ ਕੋਲ ਪੁੱਜੇ ਤਾਂ ਪਿੱਛੋਂ ਆ ਰਹੇ ਇੱਕ ਤੇਜ਼ ਰਫਤਾਰ ਕੈਂਟਰ ਨੇ ਟਰਾਲੀ ਨੂੰ ਪਿੱਛੋਂ ਟੱਕਰ ਮਾਰੀ, ਜੋ ਕਰੀਬ ਅੱਧਾ ਕਿਲੋਮੀਟਰ ਟਰੈਕਟਰ ਟਰਾਲੀ ਨੂੰ ਧੂਹ ਕੇ ਲੈ ਗਿਆ, ਜਿਸ ਦੌਰਾਨ ਟਰੈਕਟਰ ਦੇ ਮਡਗਾਰਡ 'ਤੇ ਬੈਠਾ 15 ਸਾਲ ਦਾ ਲੜਕਾ ਹੇਠਾਂ ਡਿੱਗ ਪਿਆ, ਜਿਸ ਦੀ ਟਰਾਲੀ ਨਾਲ ਕੁਚਲੇ ਜਾਣ ਕਾਰਨ ਮੌਕੇ 'ਤੇ ਮੌਤ ਹੋ ਗਈ, ਜਦਕਿ ਟਰਾਲੀ ਅੰਦਰ ਬੈਠੇ ਕਰੀਬ 5 ਸ਼ਰਧਾਲੂਆਂ ਨੂੰ ਗੰਭੀਰ ਸੱਟਾਂ ਵੱਜੀਆਂ।ਪ੍ਰਤੱਖ ਦਰਸ਼ੀਆਂ ਮੁਤਾਬਿਕ ਕੈਂਟਰ ਚਾਲਕ ਨਸ਼ੇ 'ਚ ਸੀ, ਜਿਸ ਕਾਰਨ ਉਸ ਨੂੰ ਨੀਂਦ ਆ ਗਈ ਤੇ ਇਹ ਹਾਦਸਾ ਵਾਪਰ ਗਿਆ।ਫਿਲਹਾਲ ਪੁਲਸ ਵੱਲੋਂ ਕੈਂਟਰ ਚਾਲਕ, ਜੋ ਜਲਾਲਾਬਾਦ ਦਾ ਰਹਿਣ ਵਾਲਾ ਹੈ ਤੇ ਜਲੰਧਰ ਤੋਂ ਮਾਲ ਲੈ ਕੇ ਆ ਰਿਹਾ ਸੀ, ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ ਅਤੇ ਮਾਮਲਾ ਦਰਜ ਕਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਉਧਰ ਪਿੰਡ ਦੇ ਸਰਪੰਚ ਵੱਲੋਂ ਪੀੜਤ ਪਰਵਾਰ ਨੂੰ ਮੁਆਵਜ਼ਾ ਦੇਣ ਦੀ ਗੱਲ ਕਹੀ, ਨਾਲ ਹੀ ਕੈਂਟਰ ਚਾਲਕ ਤੇ ਕੈਂਟਰ ਦੇ ਮਾਲਕ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ।

# ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ



**ਨਾਭਾ (ਵਰਿੰਦਰ ਵਰਮਾ)**- ਖਨੌਰੀ ਅਤੇ ਸ਼ੰਭੂ ਮੋਰਚੇ ਤੇ ਕਿਸਾਨੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਦੋਵੇਂ ਕਿਸਾਨਾਂ ਦੇ ਆਗੂਆਂ ਦੀ ਬੀਤੇ ਦਿਨ ਕੇਂਦਰੀ ਮੰਤਰੀਆਂ ਨਾਲ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਨੂੰ ਪੁਲਸ ਵੱਲੋਂ ਹਿਰਾਸਤ 'ਚ ਲੈਣ ਤੇ ਖਨੌਰੀ, ਸ਼ੰਭੂ ਮੋਰਚਿਆਂ ਨੂੰ ਖਤਮ ਕਰਨ ਲਈ ਕੀਤੀ ਕਾਰਵਾਈ ਦੇ ਵਿਰੋਧ ਵਿੱਚ ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਹੇਠ ਪਟਿਆਲਾ ਗੇਟ ਵਿਖੇ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਗੱਲਬਾਤ ਕਰਦਿਆ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਅੰਦੋਲਨ ਦੌਰਾਨ ਮੰਨੀਆ ਮੰਗਾਂ ਤੇ ਕੁੱਝ ਹੋਰ ਮੰਗਾਂ ਨੂੰ ਲੈ ਕੇ ਖਨੌਰੀ, ਸ਼ੰਭੂ ਤੇ ਪਿਛਲੇ ਇੱਕ ਸਾਲ ਤੋਂ ਮੋਰਚੇ ਚੱਲ ਰਹੇ ਹਨ ਤੇ ਪਿਛਲੇ 114 ਦਿਨਾਂ ਤੋਂ ਜਗਜੀਤ ਸਿੰਘ ਡੱਲੇਵਾਲ ਖਨੌਰੀ ਮੋਰਚੇ 'ਤੇ ਮਰਨ ਵਰਤ 'ਤੇ ਬੈਠੇ ਹੋਏ ਸਨ। ਉਨਾਂ ਕਿਹਾ ਕਿ ਇਸ ਅੰਦੋਲਨ ਦੌਰਾਨ ਕੇਂਦਰੀ ਮੰਤਰੀਆਂ ਨਾਲ ਬੀਤੇ ਦਿਨ ਅੱਠਵੇਂ ਗੇੜ ਦੀ ਮੀਟਿੰਗ ਚੰਡੀਗੜ੍ਹ ਵਿਖੇ ਹੋਈ ਅਤੇ ਅਗਲੀ ਮੀਟਿੰਗ 4 ਮਈ ਦੀ ਤੈਅ ਹੋਈ ਸੀ।ਮੀਟਿੰਗ ਸਮਾਪਤੀ ਤੋਂ ਬਾਅਦ ਵਾਪਸ ਆ ਰਹੇ ਦੋਵੇਂ ਫੋਰਮਾਂ ਦੇ ਮੁੱਖ ਆਗੂ ਤੇ ਉਨ੍ਹਾਂ ਨਾਲ ਗਏ ਸੈਂਕੜੇ ਜ਼ਿਲ੍ਹਾ ਤੇ ਬਲਾਕ ਆਗੂਆਂ ਨੂੰ ਪੰਜਾਬ ਸਰਕਾਰ ਨੇ ਇੱਕ ਸੋਚੀ ਸਮਝੀ ਸਾਜਿਸ਼ ਤਹਿਤ ਹਿਰਾਸਤ ਵਿੱਚ ਲੈ ਕੇ ਤੇ ਨਾਲ ਹੀ ਖਨੌਰੀ, ਸ਼ੰਭੂ ਮੋਰਚਿਆਂ 'ਤੇ ਭਾਰੀ ਪੁਲਸ ਫੋਰਸ ਨਾਲ ਕਾਰਵਾਈ ਕਰਦਿਆਂ ਸੈਂਕੜੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਕਿਸਾਨਾਂ ਦੇ ਬਣਾਏ ਪੱਕੇ ਸ਼ੈਡਾਂ ਨੂੰ ਜੇ ਸੀ ਬੀ ਮਸ਼ੀਨਾਂ ਨਾਲ ਪੁੱਟ ਕੇ ਕਿਸਾਨਾਂ ਨਾਲ ਵਿਸ਼ਵਾਸ ਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਸ ਦਾ ਖਮਿਆਜਾ ਪੰਜਾਬ ਦੀ ਮਾਨ ਸਰਕਾਰ ਨੂੰ ਆਉਣ ਵਾਲੇ ਦਿਨਾਂ ਵਿੱਚ ਭੁਗਤਣਾ ਪਵੇਗਾ। ਉਨਾਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਨੂੰ ਡੰਡੇ ਦੇ ਜ਼ੋਰ ਨਾਲ ਖਤਮ ਕਰ ਦੇਣ ਦਾ ਪੰਜਾਬ ਸਰਕਾਰ ਵੱਲੋਂ ਪਾਲਿਆ ਵਹਿਮ ਆਉਣ ਵਾਲੇ ਦਿਨਾਂ ਵਿੱਚ ਦੂਰ ਕੀਤਾ ਜਾਵੇਗਾ, ਪੰਜਾਬ ਸਰਕਾਰ ਪ੍ਰਤੀ ਕਿਸਾਨਾਂ ਦੇ ਦਿਲਾਂ ਵਿੱਚ ਪੈਦਾ ਹੋਇਆ ਰੋਹ ਦਿਨੋਂ ਦਿਨ ਵੱਧਣ ਲੱਗਾ ਹੈ।

ਇਸ ਮੌਕੇ ਸੁਰਜੀਤ ਸਿੰਘ ਬਾਬਰਪੁਰ, ਹੈਪੀ ਸੁੱਖੇਵਾਲ, ਦਰਸ਼ਨ ਸਿੰਘ ਨੌਹਰਾ, ਹਰਬੰਸ ਸਿੰਘ ਮੁਸਲਮਾਨਾ ਖੇੜੀ, ਬਿੱਲੂ ਸਹੌਲੀ, ਦਿਸ਼ਾ ਸਹੌਲੀ, ਅਵਤਾਰ ਸਿੰਘ ਬਨੇਰਾ, ਮੀਤਾ ਸਹੌਲੀ, ਖੁਸ਼ੀ ਮੁਹੰਮਦ, ਜਗਮੀਤ ਸਿੰਘ ਕਾਮਰੇਡ, ਗੁਰਜੀਤ ਬਿੰਨਾਹੇੜੀ, ਹਰਬੰਸ ਭੋੜੇ, ਕਰਮ ਸਿੰਘ ਬਿਨਾਹੇੜੀ, ਕਰਮ ਸਿੰਘ ਗਲਵੱਟੀ, ਦਰਸ਼ਨ ਸਿੰਘ ਲਵਾਣਾ, ਜਰਨੈਲ ਹਿਆਣਾ, ਜੋਰਾ ਸਿੰਘ ਹਿਆਣਾ ਆਦਿ ਹਾਜ਼ਰ ਸਨ।

# 28 ਕਰੋੜ ਦੀ ਹੈਰੋਇਨ ਸਮੇਤ 3 ਨੌਜਵਾਨ ਗ੍ਰਿਫ਼ਤਾਰ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਐਲਨਾਬਾਦ ਦੇ ਸੀ ਆਈ ਏ ਸਟਾਫ ਵੱਲੋਂ ਸਿਰਸਾ ਵਿੱਚੋਂ 25 ਕਰੋੜ ਰੁਪਏ ਅਤੇ ਅੰਬਾਲਾ ਵਿੱਚੋ 7 ਕਰੋੜ ਰੁਪਏ ਦੀ 4 ਕਿਲੋ 256 ਗ੍ਰਾਮ ਹੈਰੋਇਨ ਸਮੇਤ 3 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐਲਨਾਬਾਦ ਸੀ ਆਈ ਏ ਨੂੰ ਮੁਲਜ਼ਮਾਂ ਤੋਂ ਬਰਾਮਦ ਹੋਈ ਹੈਰੋਇਨ ਦੇ ਨਾਲ ਪਾਕਿਸਤਾਨੀ ਕਰੰਸੀ ਦਾ ਫਟਿਆ ਅੱਧਾ 10 ਰੁਪਏ ਦਾ ਨੋਟ ਵੀ ਮਿਲਿਆ ਹੈ।ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਅਭਿਸ਼ੇਕ ਅਤੇ ਪ੍ਰਦੀਪ ਪੰਜਾਬ ਨੰਬਰ ਵਾਲੀ ਕਾਰ ਵਿੱਚ ਹੈਰੋਇਨ ਲੈ ਕੇ ਸਿਰਸਾ ਆ ਰਹੇ ਸਨ। ਸੀ ਆਈ ਏ ਸਟਾਫ ਨੇ ਜਦੋਂ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਨੌਜਵਾਨਾਂ ਕੋਲੋਂ ਹੈਰੋਇਨ ਮਿਲੀ।ਸਿਰਸਾ ਪੁਲਸ ਅਨੁਸਾਰ ਹੈਰੋਇਨ ਦੀ ਬਾਜ਼ਾਰੀ ਕੀਮਤ 25 ਕਰੋੜ ਰੁਪਏ ਹੈ।ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਨੇ ਮੁੱਢਲੀ ਪੁੱਛਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਨੇ ਇਹ ਹੈਰੋਇਨ ਪੰਜਾਬ ਤੋਂ ਖਰੀਦੀ ਸੀ ਤੇ ਇਹ ਸਿਰਸਾ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਸਪਲਾਈ ਕੀਤੀ ਜਾਣੀ ਸੀ।ਹੈਰੋਇਨ ਦੇ ਨਾਲ ਇੱਕ ਪਾਕਿਸਤਾਨੀ ਕਰੰਸੀ ਨੋਟ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਹੈਰੋਇਨ ਪਾਕਿਸਤਾਨ ਅਤੇ ਫਿਰ ਸਿਰਸਾ ਤੋਂ ਪੰਜਾਬ ਪਹੁੰਚੀ।ਦੋਵਾਂ ਮੁਲਜ਼ਮਾਂ ਦੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਦੋਵਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਦੀ ਮੰਗ ਕੀਤੀ ਗਈ ਹੈ।

# ਗੁੰਮ ਹੋਈ ਔਰਤ ਦੀ ਨਹਿਰ ਨੇੜਿਓਂ ਮਿਲੀ ਐਕਟਿਵਾ

**ਨੌਜਵਾਨ ਨਾਲ ਚੈਟ ਕੀਤੇ ਜਾਣ ਨੂੰ ਲੈ ਕੇ ਪੈਦਾ ਹੋਇਆ ਸੀ ਵਿਵਾਦ**






**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫਰੀਦਕੋਟ ਦੇ ਭੋਲੂਵਾਲਾ ਰੋਡ ਤੋਂ ਇੱਕ ਦਿਨ ਪਹਿਲਾਂ ਭੇਦ ਭਰੇ ਹਾਲਾਤਾਂ ਵਿੱਚ ਗਾਇਬ ਹੋਈ 35 ਸਾਲਾ ਔਰਤ ਦੀ ਐਕਟਿਵਾ ਇੱਥੋਂ ਦੇ ਮਚਾਕੀ ਮੱਲ ਸਿੰਘ ਰੋਡ ਦੇ ਨਹਿਰ ਪੁਲ ਨੇੜਿਓਂ ਬਰਾਮਦ ਹੋਈ ਹੈ।ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਸ ਔਰਤ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਹੈ ਤੇ ਹੁਣ ਪੁਲਸ ਵੱਲੋਂ ਗੋਤਾਖੋਰਾਂ ਦੀ ਮਦਦ ਨਾਲ ਇਸ ਦੀ ਭਾਲ ਕੀਤੀ ਜਾ ਰਹੀ ਹੈ। ਇੱਕ ਦਿਨ ਪਹਿਲਾਂ ਗਲੀ ਦੇ ਇੱਕ ਨੌਜਵਾਨ ਨਾਲ ਸੋਸ਼ਲ ਮੀਡੀਆ ਹੈਂਡਲ 'ਤੇ ਕੀਤੀ ਗਈ ਚੈਟ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਬਾਅਦ ਇਹ ਔਰਤ ਆਪਣੇ ਘਰੋਂ ਗਾਇਬ ਹੋ ਗਈ ਸੀ ਤੇ ਪਰਵਾਰ ਦੇ ਮੈਂਬਰਾਂ ਵੱਲੋਂ ਪੁਲਸ ਨੂੰ ਸੂਚਨਾ ਦੇ ਕੇ ਉਸ ਦੀ ਭਾਲ ਕੀਤੀ ਜਾ ਰਹੀ ਸੀ। ਜਾਣਕਾਰੀ ਮੁਤਾਬਕ ਭੋਲੂਵਾਲਾ ਰੋਡ ਦੀ ਰਹਿਣ ਵਾਲੀ 35 ਸਾਲਾ ਰਮਨ ਬਜਾਜ ਪਤਨੀ ਜਤਿੰਦਰ ਕੁਮਾਰ ਦਾ ਆਪਣੀ ਗਲੀ ਵਿੱਚ ਹੀ ਰਹਿਣ ਵਾਲੇ ਇੱਕ ਪਰਿਵਾਰ ਨਾਲ ਉਨ੍ਹਾਂ ਦੇ ਲੜਕੇ ਨਾਲ ਚੈਟ ਕੀਤੇ ਜਾਣ ਨੂੰ ਲੈ ਕੇ ਵਿਵਾਦ ਖੜਾ ਹੋਇਆ ਸੀ ਅਤੇ ਇਸ ਮਾਮਲੇ ਵਿੱਚ ਉਸ ਪਰਿਵਾਰ ਨੇ ਪੁਲਸ ਨੂੰ ਵੀ ਸ਼ਿਕਾਇਤ ਦਿੱਤੀ ਸੀ।ਇਸ ਮਸਲੇ ਨੂੰ ਲੈ ਕੇ ਬੀਤੇ ਕੱਲ੍ਹ ਸ਼ਾਮ ਨੂੰ ਉਕਤ ਪਰਿਵਾਰ ਨੇ ਉਨ੍ਹਾਂ ਨੂੰ ਧਮਕੀ ਵੀ ਦਿੱਤੀ ਸੀ, ਜਿਸ ਤੋਂ ਬਾਅਦ ਰਮਨ ਬਜਾਜ ਐਕਟਿਵਾ ਲੈ ਕੇ ਘਰੋਂ ਚਲੀ ਗਈ ਤੇ ਵਾਪਸ ਨਹੀਂ ਪਰਤੀ। ਪਰਿਵਾਰਕ ਮੈਂਬਰਾਂ ਵੱਲੋਂ ਦੇਰ ਰਾਤ ਤੱਕ ਭਾਲ ਕੀਤੇ ਜਾਣ ਤੋਂ ਬਾਅਦ ਜਦ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ ਤਾਂ ਇਸ ਮਾਮਲੇ ਵਿੱਚ ਉਨ੍ਹਾਂ ਨੇ ਵੀ ਪੁਲਸ ਨੂੰ ਸੂਚਿਤ ਕੀਤਾ। ਇਸ ਦੌਰਾਨ ਅੱਜ ਸ਼ਾਮ ਇਸ ਔਰਤ ਦੀ ਐਕਟਿਵਾ ਮਚਾਕੀ ਮੱਲ ਸਿੰਘ ਪੁਲ ਦੇ ਨੇੜਿਓਂ ਬਰਾਮਦ ਹੋਈ ਅਤੇ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਉਸ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਹੈ।ਔਰਤ ਦੇ 2 ਬੱਚੇ ਹਨ, ਜਿਨ੍ਹਾਂ 'ਚ ਇੱਕ 15 ਸਾਲਾ ਲੜਕੀ ਤੇ 12 ਸਾਲਾ ਲੜਕਾ ਹੈ। ਇਸ ਮਾਮਲੇ ਵਿੱਚ ਗੱਲਬਾਤ ਕਰਦੇ ਹੋਏ ਰਮਨ ਬਜਾਜ ਦੇ ਘਰਵਾਲੇ ਜਤਿੰਦਰ ਕੁਮਾਰ ਤੇ ਭਰਾ ਸੰਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਗਲੀ ਦੇ ਰਹਿਣ ਵਾਲੇ ਮੰਨੂ ਨਾਮਕ ਨੌਜਵਾਨ ਦੇ ਪਰਿਵਾਰ ਦੇ ਨਾਲ ਵਿਵਾਦ ਤੋਂ ਬਾਅਦ ਰਮਨ ਬਜਾਜ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਈ ਸੀ, ਜਿਸ ਤੋਂ ਬਾਅਦ ਉਹ ਘਰੋਂ ਚਲੀ ਗਈ ਤੇ ਅੱਜ ਉਸ ਦੀ ਨਹਿਰ ਨੇੜਿਓਂ ਐਕਟਿਵਾ ਮਿਲੀ ਹੈ।ਉਨ੍ਹਾਂ ਇਸ ਮਾਮਲੇ ਵਿੱਚ ਇਹ ਵੀ ਸ਼ੱਕ ਜਤਾਇਆ ਕਿ ਰਮਨ ਨੂੰ ਧੱਕੇ ਨਾਲ ਨਹਿਰ ਵਿੱਚ ਸੁੱਟਿਆ ਗਿਆ ਹੈ।

ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਏਐਸਆਈ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਕੋਲੇ ਪਹਿਲਾਂ ਦੂਜੀ ਧਿਰ ਵੱਲੋਂ ਸ਼ਿਕਾਇਤ ਦਿੱਤੀ ਗਈ ਸੀ ਤੇ ਬਾਅਦ ਵਿੱਚ ਦੇਰ ਰਾਤ ਇਸ ਔਰਤ ਦੇ ਪਰਿਵਾਰਕ ਮੈਂਬਰਾਂ ਨੇ ਇਸ ਦੇ ਘਰੋਂ ਗਾਇਬ ਹੋਣ ਦੀ ਵੀ ਸੂਚਨਾ ਦਿੱਤੀ, ਹੁਣ ਪੁਲਸ ਪੂਰੇ ਮਾਮਲੇ ਦੀ ਪੜਤਾਲ ਕਰ ਰਹੀ ਹੈ ਅਤੇ ਔਰਤ ਦੀ ਭਾਲ ਕੀਤੀ ਜਾ ਰਹੀ ਹੈ।ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕਰਨਲ ਨਾਲ ਕੁੱਟਮਾਰ ਦੇ ਮਾਮਲੇ ਦੀ ਵਿਭਾਗੀ ਜਾਂਚ ਲਈ ਐੱਸ ਆਈ ਟੀ ਗਠਿਤ

**ਹੁਣ ਤੱਕ 12 ਪੁਲਸ ਅਧਿਕਾਰੀ ਮੁਅੱਤਲ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਵਿਚ ਹੋਈ ਕਰਨਲ ਪੁਸ਼ਪਿੰਦਰ ਬਾਠ ਨਾਲ ਕੁੱਟਮਾਰ ਤੋਂ ਬਾਅਦ ਪੰਜਾਬ ਪੁਲਸ ਨੇ ਮਾਮਲੇ ਵਿਚ ਕਾਰਵਾਈ ਤੇਜ਼ ਕਰ ਦਿੱਤੀ ਹੈ।ਇਸ ਦੌਰਾਨ ਅੱਜ ਪੁਲਸ ਵੱਲੋਂ ਇਕ ਤਾਜ਼ਾ ਐੱਫ ਆਈ ਆਰ ਦਰਜ ਕੀਤੀ ਗਈ ਹੈ। ਇੰਨਾ ਹੀ ਨਹੀਂ ਇਸ ਮਾਮਲੇ ਵਿਚ ਇਕ ਐਸ ਆਈ ਟੀ ਦਾ ਵੀ ਗਠਨ ਕੀਤਾ ਗਿਆ ਹੈ।ਮਿਲੀ ਜਾਣਕਾਰੀ ਮੁਤਾਬਕ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਬਿਆਨਾਂ 'ਤੇ 13/12 ਮਾਰਚ ਦੀ ਰਾਤ ਨੂੰ ਵਾਪਰੀ ਕੁੱਟਮਾਰ ਦੀ ਘਟਨਾ ਸਬੰਧੀ ਪੁਲਸ ਥਾਣਾ ਸਿਵਲ ਲਾਈਨ, ਪਟਿਆਲਾ ਵਿਖੇ ਇਕ ਤਾਜ਼ਾ ਮਾਮਲਾ ਦਰਜ ਕੀਤਾ ਗਿਆ ਹੈ।ਇਸ ਤੋਂ ਇਲਾਵਾ ਇਸ ਮਾਮਲੇ ਵਿਚ ਇੱਕ ਉੱਚ ਪੱਧਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਐੱਸ ਪੀ ਐੱਸ ਪਰਮਾਰ, ਆਈ ਪੀ ਐੱਸ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ, ਲਾਅ ਐਂਡ ਆਰਡਰ, ਪੰਜਾਬ ਤੇ ਸੰਦੀਪ ਮਲਿਕ, ਆਈ ਪੀ ਐੱਸ, ਸੀਨੀਅਰ ਪੁਲਸ ਕਪਤਾਨ, ਹੁਸ਼ਿਆਰਪੁਰ ਤੇ ਮਨਪ੍ਰੀਤ ਸਿੰਘ, ਪੀ ਪੀ ਐੱਸ, ਪੁਲਸ ਸੁਪਰਡੈਂਟ, ਦਿਹਾਤੀ, ਐੱਸ ਏ ਐੱਸ ਨਗਰ, ਡਾਇਰੈਕਟਰ, ਬਿਊਰੋ ਆਫ਼ ਇਨਵੈਸਟੀਗੇਸ਼ਨ, ਪੰਜਾਬ ਦਹ ਅਗਵਾਈ 'ਚ ਐਸ ਆਈ ਟੀ ਵੱਲੋਂ ਨਿਰਪੱਖ ਅਤੇ ਤੇਜ਼ੀ ਨਾਲ ਜਾਂਚ ਕਰਨ ਲਈ ਐਸ ਆਈ ਟੀ ਦਾ ਗਠਨ ਕੀਤਾ ਗਿਆ ਹੈ। ਐੱਸਆਈਟੀ ਨੂੰ ਸਬੂਤ ਇਕੱਠੇ ਕਰਨ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਲਈ ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਸਕੇ। ਇਸ ਦੇ ਨਾਲ ਹੀ ਪੰਜਾਬ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਡੀ ਆਈ ਜੀ ਪਟਿਆਲਾ ਰੇਂਜ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਬੰਧਤ ਪੁਲਸ ਅਧਿਕਾਰੀਆਂ ਨੂੰ ਤੁਰੰਤ ਜ਼ਿਲ੍ਹਾ ਪਟਿਆਲਾ ਤੋਂ ਬਾਹਰ ਤਬਦੀਲ ਕੀਤਾ ਜਾਵੇ ਤਾਂ ਜੋ ਜਾਂਚ ਨਿਰਪੱਖ ਢੰਗ ਨਾਲ ਕੀਤੀ ਜਾ ਸਕੇ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਾਰੇ 12 ਸਬੰਧਤ ਪੁਲਸ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਖਿਲਾਫ ਵੱਡੀ ਸਜ਼ਾ ਦੇਣ ਲਈ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇਸ ਤੋਂ ਇਲਾਵਾ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ, ਸੁਰੱਖਿਆ, ਪੰਜਾਬ ਨੂੰ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਪਰਿਵਾਰ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਇਨਕਲਾਬੀ ਕੇਂਦਰ ਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਸ਼ਹੀਦਾਂ ਦੀ ਯਾਦ 'ਚ ਸਮਾਗਮ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇਨਕਲਾਬੀ ਕੇਂਦਰ ਪੰਜਾਬ, ਭੱਠਾ ਮਜ਼ਦੂਰ ਯੂਨੀਅਨ, ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਤੇ ਡੀ. ਟੀ. ਐੱਫ. ਆਦਿ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ 23 ਮਾਰਚ ਦੇ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸਿੰਘ ਦੀ ਯਾਦ ਵਿਚ ਵਿਸ਼ਾਲ ਇਨਕਲਾਬੀ ਸਮਾਗਮ ਪਿੰਡ ਲਹਿਰਾ ਮੁਹੱਬਤ ਵਿਖੇ ਕਰਵਾਇਆ ਗਿਆ। ਸਥਾਨਕ ਬਲੀਕਰਨ ਧਰਮਸ਼ਾਲਾ 'ਚ ਸਮਾਗਮ ਦੀ ਸ਼ੁਰੂਆਤ ਮੌਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਟੇਜ ਦੀ ਕਾਰਵਾਈ ਇਨਕਲਾਬੀ ਕੇਂਦਰ ਦੇ ਸੂਬਾ ਕਮੇਟੀ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਚਲਾਈ। ਇਕੱਠ ਨੂੰ ਸੰਬੋਧਨ ਕਰਦੇ ਹੋਏ ਇਨਕਲਾਬੀ ਕੇਂਦਰ ਦੇ ਸੂਬਾਈ ਆਗੂ ਮੁਖਤਿਆਰ ਪੂਹਲਾ ਤੇ ਜਗਜੀਤ ਲਹਿਰਾ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਮਰਾਜੀ ਪ੍ਰਬੰਧ ਨੂੰ ਇਨਕਲਾਬ ਰਾਹੀਂ ਤਬਦੀਲ ਕਰਨ ਦੀ ਜ਼ਰੂਰਤ ਹੈ। ਡਕੌਂਦਾ (ਧਨੇਰ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਮੋਦੀ ਸਰਕਾਰ ਦੀ ਦੇਸ਼ ਦੀ ਖੇਤੀ ਨੂੰ ਤਬਾਹ ਕਰਨ ਦੀਆਂ ਨੀਤੀਆਂ ਤੇ ਫੈਸਲਿਆਂ ਬਾਰੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਕਿਸਾਨ ਸੰਘਰਸ਼ ਨੂੰ ਕੁਚਲਣ ਲਈ ਪੂਰੀ ਵਾਹ ਲਾ ਰਹੀ ਹੈ ਤਾਂ ਕਿ ਕਿਸਾਨਾਂ ਦੀਆਂ ਜ਼ਮੀਨਾਂ ਤੇ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦਾ ਰਾਹ ਪੱਧਰਾ ਕੀਤਾ ਜਾ ਸਕੇ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਇੰਨਕਲਾਬੀ ਨਾਟਕ ਮੰਡਲੀ ਵੱਲੋਂ ਖੇਡੇ ਗਏ ਨਾਟਕਾਂ 'ਮੈਂ ਫੇਰ ਆਵਾਂਗਾ' ਤੇ 'ਇਹ ਲਹੂ ਕਿਸਦਾ ਹੈ' ਹਾਜ਼ਰੀਨ ਵੱਲੋਂ ਪਸੰਦ ਕੀਤੇ ਗਏ। ਮੰਦਰ ਜੱਸੀ ਤੇ ਹਰਦੀਪ ਮਹਿਣਾ ਦੇ ਜਥੇ ਨੇ ਇਨਕਲਾਬੀ ਕਵੀਸ਼ਰੀਆਂ ਪੇਸ਼ ਕਰਕੇ ਸਮਾਗਮ ਵਿੱਚ ਖੂਬ ਰੰਗ ਬੰਨ੍ਹਿਆ। ਭੱਠਾ ਮਜ਼ਦੂਰ ਆਗੂ ਗੁਰਨੈਬ ਸਿੰਘ ਤੇ ਨਾਹਰ ਸਿੰਘ ਭਾਈਰੂਪਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸਮਾਗਮ ਵਿੱਚ ਔਰਤਾਂ ਤੇ ਬੱਚਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਇਨਕਲਾਬੀ ਕੇਂਦਰ ਦੇ ਆਗੂ ਹਰਮੇਸ਼ ਕੁਮਾਰ ਰਾਮਪੁਰਾ, ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਕੋਟਲੀ, ਜ਼ਿਲ੍ਹਾ ਜਰਨਲ ਸਕੱਤਰ ਗੁਰਨਾਮ ਸਿੰਘ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਜੇਠੂਕੇ, ਜਗਦੀਸ਼ ਸਿੰਘ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਦੇ ਡਾ. ਜਗਤਾਰ ਸਿੰਘ, ਡੀ. ਟੀ. ਐਫ ਆਗੂ ਬੇਅੰਤ ਸਿੰਘ ਫੂਲੇਵਾਲਾ ਮਾ. ਸੁਖਵਿੰਦਰ ਸਿੰਘ, ਡਾ. ਨਰੰਜਣ ਸਿੰਘ, ਭੱਠਾ ਮਜ਼ਦੂਰ ਯੂਨੀਅਨ ਦੇ ਰਮਨ ਸਿੰਘ, ਜ਼ੋਰਾ ਸਿੰਘ, ਕੁੱਕੂ ਸਿੰਘ, ਜਗਸੀਰ ਸਿੰਘ, ਜਰਨੈਲ ਸਿੰਘ, ਟੀ. ਐੱਸ. ਯੂ. ਦੇ ਸਤਵਿੰਦਰ ਸਿੰਘ ਤੇ ਬਚਿੱਤਰ ਸਿੰਘ, ਸਾਬਕਾ ਸਰਪੰਚ ਸੁਖਪਾਲ ਸਿੰਘ ਸੁੱਖੀ ਤੇ ਸਾਬਕਾ ਸਰਪੰਚ ਜਸਪਾਲ ਸਿੰਘ ਜੱਸਾ ਸਮੇਤ ਹੋਰ ਸਥਾਨਕ ਆਗੂਆਂ ਤੇ ਨਗਰਵਾਸੀਆਂ ਨੇ ਸ਼ਮੂਲੀਅਤ ਕੀਤੀ।

# ਬਿਜਲੀ ਦੀ ਤਾਰ ਤੋਂ ਅੱਗ ਲੱਗਣ ਨਾਲ ਸ਼ੈੱਡ ਸੜ ਕੇ ਸੁਆਹ, ਕਿਸਾਨ ਝੁਲਸਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਹਰੂਵਾਲ ਵਿਖੇ ਬੀਤੀ ਸ਼ਾਮ ਇੱਕ ਕਿਸਾਨ ਦੇ ਡੰਗਰਾਂ ਵਾਲੇ ਸ਼ੈਡ ਨੂੰ ਸ਼ਾਰਟ ਸਰਕਟ ਹੋਣ ਨਾਲ ਅੱਗ ਲੱਗਣ ਦਾ ਸਮਾਚਾਰ ਹੈ। ਇਸ ਸਬੰਧੀ ਪੀੜਤ ਕਿਸਾਨ ਸਤਿੰਦਰਬੀਰ ਸਿੰਘ ਉਰਫ ਗੋਲਡੀ ਪੁੱਤਰ ਹਰਭਜਨ ਸਿੰਘ ਵਾਸੀ ਹਰੂਵਾਲ ਨੇ ਦੱਸਿਆ ਕਿ ਉਹਨਾਂ ਰੋਜ਼ਾਨਾ ਦੀ ਤਰ੍ਹਾਂ ਆਪਣੇ ਡੰਗਰ ਸ਼ੈਡ ਅੰਦਰ ਬੰਨ੍ਹ ਕੇ ਪੱਠੇ ਪਾਏ ਹੋਏ ਸਨ ਕਿ ਬੀਤੀ ਸ਼ਾਮ ਸ਼ੈਡ ਅੰਦਰ ਲੱਗੀ ਪੱਠੇ ਕੁਤਰਨ ਵਾਲੇ ਟੋਕੇ ਵਾਲੀ ਮੋਟਰ ਦੀ ਬਿਜਲੀ ਵਾਲੀ ਤਾਰ ਅਚਾਨਕ ਸ਼ਾਰਟ ਸਰਕਟ ਹੋਣ ਨਾਲ ਨੇੜੇ ਪਈ ਪਰਾਲੀ ਨੂੰ ਅੱਗ ਲੱਗ ਗਈ ਤੇ ਅੱਗ ਨੇ ਹੌਲੀ ਹੌਲੀ ਸਾਰਾ ਸ਼ੈਡ ਹੀ ਆਪਣੀ ਲਪੇਟ ਵਿੱਚ ਲੈ ਲਿਆ। ਉਹਨਾਂ ਦੱਸਿਆ ਕਿ ਅੱਗ ਐਨੀ ਭਿਆਨਕ ਸੀ ਕਿ ਅੰਦਰ ਬੱਝੇ ਪਸ਼ੂਆਂ ਦੇ ਰੱਸੇ ਵੱਡਦਿਆਂ ਵੱਡਦਿਆਂ ਜਿੱਥੇ 2 ਪਸ਼ੂਆਂ ਨੂੰ ਕਾਫੀ ਸੇਕ ਲੱਗ ਗਿਆ ਉੱਥੇ ਮੇਰਾ ਇੱਕ ਹੱਥ ਤੇ ਇੱਕ ਪੈਰ ਵੀ ਅੱਗ ਨਾਲ ਬੁਰੀ ਤਰ੍ਹਾਂ ਝੁਲਸ ਗਿਆ। ਉਹਨਾਂ ਦੱਸਿਆ ਕਿ ਸਾਡੇ ਚੀਕ ਚਿਹਾੜਾ ਪਾਉਣ 'ਤੇ ਰਾਹਗੀਰ ਤੇ ਪਿੰਡ ਦੇ ਲੋਕ ਇਕੱਠੇ ਹੋ ਗਏ ਜਿਨ੍ਹਾਂ ਵੱਲੋਂ ਬੜੀ ਜੱਦੋ ਜਹਿਦ ਤੋਂ ਬਾਅਦ ਇਸ ਅੱਗ ਉੱਤੇ ਕਾਬੂ ਪਾਇਆ ਗਿਆ। ਪੀੜਤ ਪਰਵਾਰ ਨੇ ਦੱਸਿਆ ਕਿ ਅੱਗ ਲੱਗਣ ਨਾਲ ਸਾਡੇ ਸ਼ੈਡ ਅੰਦਰ ਰੱਖੇ ਬਿਜਲੀ ਵਾਲੇ ਪੱਖੇ, ਇੰਜਣ, ਮੋਟਰ ਤੇ ਹੋਰ ਕਾਫੀ ਘਰੇਲੂ ਸਮਾਨ ਵੀ ਸੜਕ ਕੇ ਸੁਆਹ ਹੋ ਗਿਆ। ਉਹਨਾਂ ਕਿਹਾ ਕਿ ਭਾਵੇਂ ਕਿ ਸਾਡੇ ਪਸ਼ੂਆਂ ਦਾ ਤੇ ਸਾਡਾ ਜਾਨੀ ਨੁਕਸਾਨ ਹੋਣੋ ਵਾਲ ਵਾਲ ਬਚ ਗਿਆ ਪਰ ਸਾਡਾ ਸ਼ੈਡ ਅੰਦਰ ਪਿਆ ਸਾਰਾ ਕੀਮਤੀ ਸਮਾਨ ਸੜ ਕੇ ਸਵਾਹ ਹੋ ਗਿਆ। ਜਿਸ ਨਾਲ ਸਾਡਾ ਡੇਢ ਲੱਖ ਦੇ ਕਰੀਬ ਮਾਲੀ ਨੁਕਸਾਨ ਹੋਇਆ ਹੈ। ਉਹਨਾਂ ਪੰਜਾਬ ਸਰਕਾਰ, ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਤੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਨੂੰ ਬਣਦਾ ਮੁਆਵਜ਼ਾ ਦਿਵਾਇਆ ਜਾਵੇ ਤਾਂ ਜੋ ਦੁਬਾਰਾ ਤੋਂ ਪਰਵਾਰ ਦਾ ਗੁਜ਼ਾਰਾ ਚਲਾਉਣ ਦੇ ਸਮਰੱਥ ਹੋ ਸਕੀਏ।

# ਕਰਮਚਾਰੀ ਦਲ ਦੀ ਮਹੀਨਾਵਾਰ ਮੀਟਿੰਗ ਹੋਈ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਰਮਚਾਰੀ ਦਲ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਸਰਾਂ ਤਰਨ ਤਾਰਨ ਵਿਖੇ ਗੁਰਭੇਜ ਸਿੰਘ ਵਡਾਲਾ ਸਰਕਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਉਚੇਚੇ ਤੌਰ 'ਤੇ ਹਰਦੇਵ ਸਿੰਘ ਨਾਗੋਕੇ ਸੂਬਾ ਸਕੱਤਰ ਪੰਜਾਬ ਸ਼ਾਮਲ ਹੋਏ।ਮੀਟਿੰਗ ਸਰਕਲ ਦੀ ਚੋਣ ਸਬੰਧੀ ਵਿਚਾਰ ਚਰਚਾ ਕੀਤੀ ਗਈ।ਸਰਕਲ ਦੀ ਚੋਣ 23 ਮਾਰਚ ਨੂੰ ਕੀਤੀ ਜਾਵੇਗੀ। ਮੀਟਿੰਗ ਵਿੱਚ ਮੁਲਾਜ਼ਮਾਂ ਦੇ ਭਖਦੇ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਮਨਜੀਤ ਸਿੰਘ ਲਾਈਨਮੈਨ ਜੋ ਪਿਛਲੇ ਲੰਬੇ ਸਮੇਂ ਤੋਂ ਸਸਪੈਂਡ ਕੀਤਾ ਗਿਆ ਹੈ, ਅਫਸਰਸ਼ਾਹੀ ਜਾਣਬੁੱਝ ਬਹਾਲੀ ਨੂੰ ਲਮਕਾਈ ਜਾਂ ਰਹੀ ਹੈ। ਜੇਕਰ ਮਨਜੀਤ ਸਿੰਘ ਨੂੰ ਜਲਦੀ ਬਹਾਲ ਨਾ ਕੀਤਾ ਤਾਂ ਜਥੇਬੰਦੀ ਨੂੰ ਮਜਬੂਰਨ ਸੰਘਰਸ਼ ਕਰਨਾ ਪਵੇਗਾ। ਪਿਛਲੇ ਦਿਨੀਂ ਕਿਸਾਨਾਂ ਨਾਲ ਜੋ ਪੰਜਾਬ ਸਰਕਾਰ ਨੇ ਧੱਕੇਸ਼ਾਹੀ ਕੀਤੀ ਹੈ ਅਤੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਦੀ ਭੰਨਤੋੜ ਕੀਤੀ ਹੈ, ਜਥੇਬੰਦੀ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਇਸ ਸਮੇਂ ਤੇਜਿੰਦਰ ਸਿੰਘ ਸੇਖੋਂ ਮੈਂਬਰ ਜੁਆਇੰਟ ਫੋਰਸ, ਬਾਬਾ ਚਰਨਜੀਤ ਸਿੰਘ ਝਬਾਲ ਖੁਰਦ, ਸੁਰਜੀਤ ਸਿੰਘ ਉੱਪਲ, ਨਰਿੰਦਰ ਸਿੰਘ ਜੋਧਪੁਰ, ਕਰਮਜੀਤ ਸਿੰਘ ਮੱਲ ਮੋਹਰੀ, ਹਰਜਿੰਦਰਜੀਤ ਸਿੰਘ, ਚਰਨਜੀਤ ਸਿੰਘ ਖਾਲਸਾ, ਸੁਖਵੰਤ ਸਿੰਘ ਜੇਈ, ਗੁਰਵਿੰਦਰ ਸਿੰਘ, ਪ੍ਰਗਟ ਸਿੰਘ, ਮੁਖਤਾਰ ਸਿੰਘ, ਦਲਬੀਰ ਸਿੰਘ, ਭੁਪਿੰਦਰ ਸਿੰਘ, ਯਾਦਵਿੰਦਰ ਸਿੰਘ, ਕੁਲਦੀਪ ਸਿੰਘ, ਮਨਜੀਤ ਸਿੰਘ, ਬੁੱਧ ਸਿੰਘ, ਕਸ਼ਮੀਰ ਸਿੰਘ, ਸਤਪਾਲ ਸਿੰਘ, ਬਲਜੀਤ ਸਿੰਘ ਆਦਿ ਨੇ ਭਾਗ ਲਿਆ।

# ਖਾਲਸਾ ਕਾਲਜ ਮਹਿਤਾ ਬੀ ਏ, ਬੀ ਸੀ ਏ ਦੇ ਨਤੀਜੇ ਰਹੇ ਸ਼ਾਨਦਾਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ.ਏ ਅਤੇ ਬੀ.ਸੀ.ਏ ਦੇ ਨਤੀਜੇ ਪ੍ਰਸ਼ੰਸਾਯੋਗ ਰਹੇ। ਯੂਨੀਵਰਸਿਟੀ ਦੀਆਂ ਇਹਨਾਂ ਪ੍ਰੀਖਿਆਵਾਂ ਵਿੱਚੋਂ ਬੀ ਸੀ ਏ ਦੀ ਹਰਜੋਤ ਕੌਰ 83%, ਮਨਪ੍ਰੀਤ ਕੌਰ 81%, ਕਿਰਨਜੀਤ ਕੌਰ 78%, ਕੋਮਲਪ੍ਰੀਤ ਕੌਰ 75% ਅਤੇ ਬੀ.ਏ ਦੀ ਹਰਮਨਜੋਤ ਕੌਰ 76%, ਜਗਨਪ੍ਰੀਤ ਕੌਰ 74%, ਕੋਮਲਪ੍ਰੀਤ ਕੌਰ 72% ਤੇ ਪਵਨਪ੍ਰੀਤ ਕੌਰ ਨੇ 72% ਅੰਕ ਪ੍ਰਾਪਤ ਕਰ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਵਿਦਿਆਰਥੀਆਂ ਦੀ ਸਫਲਤਾ ਨੂੰ ਦੇਖ ਕੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਭਵਿੱਖ ਵਿੱਚ ਹੋਰ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਮਨਜੀਤ ਕੌਰ, ਨਵਨੀਤ ਕੌਰ, ਗੁਰਵਿੰਦਰ ਕੌਰ, ਪੂਰਤੀ ਸ਼ਰਮਾ ਅਮਨਦੀਪ ਕੌਰ, ਪਵਨਪ੍ਰੀਤ ਕੌਰ, ਰੁਪਿੰਦਰ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਪ੍ਰੀਤ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਕਿਸਾਨਾਂ ਨਾਲ ਮਿਲ ਬੈਠ ਕੇ ਮਸਲੇ ਦਾ ਹੱਲ ਕਰੇ ਪੰਜਾਬ ਸਰਕਾਰ : ਪੰਮਾ, ਗੋਗਾ



ਮਜੀਠਾ (ਸੋਇਮ ਆਨੰਦ) ਦੇਸ਼ ਦੇ ਅੰਨਦਾਤਾ ਕਿਸਾਨਾਂ 'ਤੇ ਕੇਂਦਰ ਸਰਕਾਰ ਦੀ ਸ਼ਹਿ 'ਤੇ ਪੰਜਾਬ ਸਰਕਾਰ ਤਸ਼ੱਦਦ ਕਰਨਾ ਬੰਦ ਕਰੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਸੀਨੀਅਰ ਕਾਂਗਰਸੀ ਆਗੂ ਕੌਂਸਲਰ ਪਰਮਜੀਤ ਸਿੰਘ ਪੰਮਾ ਪ੍ਰਧਾਨ ਅਤੇ ਉਘੇ ਸੁਤੰਤਰਤਾ ਸੰਗਰਾਮੀ ਰਾਮ ਸਿੰਘ ਮਜੀਠਾ ਦੇ ਪੋਤਰੇ ਸੀਨੀਅਰ ਕਾਂਗਰਸੀ ਆਗੂ ਜਗਦੀਪ ਸਿੰਘ ਗੋਗਾ ਮਜੀਠਾ ਨੇ ਮਜੀਠਾ ਵਿਖੇ ਪੱਤਰਕਾਰਾਂ ਨਾਲ ਵਿਸ਼ੇਸ਼ ਮੁਲਕਾਤ ਦੌਰਾਨ ਕੀਤਾ।

ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਕੇਂਦਰ ਦੀ ਸਰਕਾਰ ਵਾਂਗ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕਿਸਾਨ ਵੀ ਭਾਰਤ ਦੇਸ਼ ਦੇ ਨਾਗਰਿਕ ਹਨ ਅਤੇ ਦੇਸ਼ ਦੇ ਹਰੇਕ ਨਾਗਰਿਕ ਨੂੰ ਆਪਣੀ ਗੱਲ ਸਰਕਾਰ ਅਗੇ ਰੱਖਣ ਦਾ ਸੰਵਿਧਾਨਕ ਹੱਕ ਹੈ ਮੰਗ ਨਾ ਮੰਨੀ ਜਾਣ 'ਤੇ ਨਾਗਰਿਕਾਂ ਨੂੰ ਸਰਕਾਰਾਂ ਖਿਲਾਫ ਸ਼ਾਂਤਮਈ ਵਿਰੋਧ ਕਰਨ ਦਾ ਵੀ ਹੱਕ ਹੈ ਜਿਹੜਾ ਕਿ ਪੰਜਾਬ ਸਰਕਾਰ ਕਿਸਾਨਾਂ ਪਾਸੋਂ ਖੋਹ ਰਹੀ ਹੈ ਅਤੇ ਕਿਸਾਨਾਂ ਉਪਰ ਤਸ਼ੱਦਦ ਕਰਕੇ ਉਨ੍ਹਾ ਨੂੰ ਬੇਗਾਨਿਆਂ ਵਾਂਗ ਮਹਿਸੂਸ ਕਰਵਾ ਰਹੀ ਹੈ। ਉਕਤ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਲਦੀ ਤੋਂ ਜਲਦੀ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨੇ।ਇਸ ਮੌਕੇ ਪਰਮਜੀਤ ਸਿੰਘ ਪੰਮਾ ਪ੍ਰਧਾਨ ਦੇ ਨਾਲ ਜਗਜੀਤ ਸਿੰਘ ਗੋਗਾ ਮਜੀਠਾ, ਅਪਰਮਦੀਪ ਸਿੰਘ ਅੱਪੂ, ਗੋਰਾ ਭੋਇਆ, ਜਤਿੰਦਰ ਸਿੰਘ ਅਠਵਾਲ, ਮਨਦੀਪ ਸਿੰਘ ਗਿੱਲ, ਹਰਭਿੰਦਰਜੀਤ ਸਿੰਘ ਮੁੱਗੋਸੋਹੀ, ਇਕਬਾਲ ਸਿੰਘ ਭੀਲੋਵਾਲ, ਅਮੋਲਕ ਸਿੰਘ, ਬਲਵਿੰਦਰ ਸਿੰਘ ਲੁੱਧੜ੍ਹ,ਭਗਵਾਨ ਸਿੰਘ ਪੰਧੇਰ, ਕਰਮ ਸਿੰਘ ਵੀਰਮ, ਹਰਬੰਸ ਸਿੰਘ ਭੰਗਵਾਂ, ਹਰਭਜਨ ਸਿੰਘ, ਪਰਮਜੀਤ ਸਿੰਘ, ਮਲੂਕ ਸਿੰਘ, ਹਰਦੀਪ ਸਿੰਘ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

# ਕਿਸਾਨ-ਮਜ਼ਦੂਰਾਂ ਦੀ ਖਿੱਚ-ਧੂਹ ਕਰਕੇ ਸਰਕਾਰ ਨੇ ਦਿੱਤਾ ਕਿਸਾਨ ਵਿਰੋਧੀ ਹੋਣ ਦਾ ਦਿੱਤਾ ਸਬੂਤ : ਕੱਕੜ



ਚੇਤਨਪੁਰਾ (ਸੁਖਵੰਤ ਚੇਤਨਪੁਰੀ) ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨਾਲ ਮਿਲਕੇ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਮਜ਼ਦੂਰ ਜਥੇਬੰਦੀਆਂ ਦੇ ਵੱਡੀ ਗਿਣਤੀ ਵਿੱਚ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ, ਧੱਕਸ਼ਾਹੀ ਨਾਲ ਬਜ਼ੁਰਗ ਆਦਮੀਆਂ ਅਤੇ ਔਰਤਾਂ ਨੂੰ ਮੋਰਚੇ ਵਿੱਚੋਂ ਬਾਹਰ ਕੱਢਕੇ ਸਰਕਾਰ ਨੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸੁੱਖ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਸ੍ਰੀ ਕੱਕੜ ਨੇ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਦੇ ਅੰਨਦਾਤਾ ਨਾਲ ਚੱਟਾਨ ਵਾਂਗ ਖੜ੍ਹੀ ਹੈ।ਸ੍ਰੀ ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਬੜੀ ਬੇਸਬਰੀ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਦਾ ਇੰਤਜ਼ਾਰ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਸਰਪੰਚ ਨਰਿੰਦਰ ਸਿੰਘ ਹੇਤਮਪੁਰਾ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਗੁਰਮੀਤ ਸਿੰਘ ਡਾਲਾ, ਸ਼ਮਸ਼ੇਰ ਸਿੰਘ ਸਾਰੰਗੜਾ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਲਖਵਿੰਦਰ ਸਿੰਘ ਇੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾਂ, ਗੁਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਭੁਪਿੰਦਰ ਸਿੰਘ ਬਿੱਟੂ ਕੱਕੜ, ਬਲਜੀਤ ਸਿੰਘ ਪੰਡੋਰੀ, ਸੂਬਾ ਸਿੰਘ ਹੇਤਮਪੁਰਾ, ਗੁਰਮੇਜ ਸਿੰਘ ਬਬਲਾ ਕੋਟਲਾ,ਸੂਬਾ ਸਿੰਘ ਪੰਜੂਰਾਏ, ਲਖਬੀਰ ਸਿੰਘ ਕੋਹਾਲੀ, ਸੋਨਾ ਸਿੱਧੂ ਬਲੱਗਣ,ਬਾਬਾ ਦਲਬੀਰ ਸਿੰਘ ਪੱਧਰੀ,ਬਲਵਿੰਦਰ ਸਿੰਘ ਕੋਹਾਲੀ, ਸੁੱਖ ਸ਼ਾਹ ਭਿੱਟੇਵੱਡ, ਸੁਖਦੇਵ ਸਿੰਘ ਨੱਥੂਪੁਰ, ਰਿਕੂ ਚੱਕ ਮਿਸ਼ਰੀ ਖਾਂ, ਗਿੰਦਰ ਲੋਪੋਕੇ, ਅਜੇਬੀਰ ਸਿੰਘ ਲੋਪੋਕੇ, ਗੁਰਜੰਟ ਸਿੰਘ ਮੁੱਧ, ਸਰਪੰਚ ਦਲਜੀਤ ਸਿੰਘ ਜੋਹਾ ਠੱਠਾ, ਸੁਰਜੀਤ ਸਿੰਘ ਰਾਣੀਆਂ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਦੇ ਜਬਰ ਵਿਰੁੱਧ ਪੰਜਾਬ ਭਰ 'ਚ ਪੁਤਲੇ ਫੂਕ ਪ੍ਰਦਰਸ਼ਨ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਤੇ ਸੂਬਾ ਆਗੂ ਸਤਨਾਮ ਸਿੰਘ ਪੰਨੂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਵਿਸ਼ਵਾਸਘਾਤ ਕਰਕੇ 19 ਮਾਰਚ ਨੂੰ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਤੇ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਕੇਂਦਰ ਸਰਕਾਰ ਵਿਰੁੱਧ ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਨੂੰ ਪੁਲਸ ਫੋਰਸ ਦੇ ਅੱਤਿਆਚਾਰ ਰਾਹੀਂ ਖਿੰਡਾਉਣ, ਲਾਠੀਚਾਰਜ ਤੇ ਸਮਾਨ ਦੀ ਭੰਨਤੋੜ ਕਰਨ ਵਿਰੁੱਧ 22-23-24 ਮਾਰਚ ਨੂੰ ਪੰਜਾਬ ਭਰ ਵਿੱਚ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤੇ ਜਾਣ ਦੇ ਦਿੱਤੇ ਸੱਦੇ ਤਹਿਤ ਅੱਜ 18 ਜ਼ਿਲ੍ਹਿਆਂ ਅੰਦਰ 551 ਪਿੰਡਾਂ ਵਿੱਚ ਵਿਸ਼ਾਲ ਇਕੱਠ ਕਰਕੇ ਪੁਤਲੇ ਫੂਕੇ ਗਏ। ਵੱਖ-ਵੱਖ ਥਾਵਾਂ 'ਤੇ ਸੂਬਾ ਜ਼ਿਲ੍ਹਾ ਤੇ ਜ਼ੋਨ ਪੱਧਰੀ ਆਗੂਆਂ ਨੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਨੇ ਕੇਂਦਰ ਸਰਕਾਰ ਤੇ ਕੇਜਰੀਵਾਲ ਦੀ ਕਠਪੁਤਲੀ ਬਣ ਕੇ ਜਿਸ ਤਰ੍ਹਾਂ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਦੇ ਬਹਾਨੇ ਸੱਦੇ ਕਿਸਾਨ ਆਗੂਆਂ ਨੂੰ ਧੋਖੇ ਨਾਲ ਗ੍ਰਿਫਤਾਰ ਕੀਤਾ ਹੈ, ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਉੱਤੇ ਜ਼ੁਲਮ ਢਾਹਿਆ ਹੈ ਤੇ 300 ਦੇ ਕਰੀਬ ਨੂੰ ਗ੍ਰਿਫਤਾਰ ਕਰਕੇ ਜੇਲਾਂ ਵਿੱਚ ਡੱਕਿਆ ਹੈ, ਇਸ ਦੀ ਸਿਆਸੀ ਕੀਮਤ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਨੂੰ ਅਦਾ ਕਰਨੀ ਪਵੇਗੀ ਤੇ ਆਮ ਆਦਮੀ ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਤੇ ਆਗੂਆਂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ।ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜਲਦ ਦੋਵਾਂ ਫੋਰਮਾਂ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਤੇ ਕਿਸਾਨੀ ਮੰਗਾਂ ਮਨਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਕਿਸਾਨ ਆਗੂਆਂ ਅੱਗੇ ਕਿਹਾ ਕਿ 23 ਤੇ 24 ਮਾਰਚ ਨੂੰ 50 ਭਰ ਰੋਸ ਪ੍ਰਦਰਸ਼ਨ ਜਾਰੀ ਰਹਿਣਗੇ ਤੇ ਮੰਗ ਕੀਤੀ ਜਾਵੇਗੀ ਕਿ ਗ੍ਰਿਫਤਾਰ ਕੀਤੇ ਕਿਸਾਨ, ਮਜ਼ਦੂਰ ਤੇ ਬੀਬੀਆਂ ਤੁਰੰਤ ਰਿਹਾਅ ਕੀਤੇ ਜਾਣ, ਸ਼ੰਭੂ, ਖਨੌਰੀ ਬਾਰਡਰਾਂ ਉੱਤੇ ਬੁਲਡੋਜ਼ਰ ਚਲਾ ਕੇ ਕਰੋੜਾਂ ਰੁਪਏ ਦੇ ਸਮਾਨ ਟਰੈਕਟਰ ਟਰਾਲੀਆਂ, ਟੈਂਟਾਂ ਦੀ ਕੀਤੀ ਭੰਨਤੋੜ ਦਾ ਮੁਆਵਜ਼ਾ ਦਿੱਤਾ ਜਾਵੇ ਤੇ ਟਰਾਲੀਆਂ ਤੇ ਸਮਾਨ ਚੋਰੀ ਕਰਨ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਕੇ ਗ੍ਰਿਫਤਾਰ ਕੀਤਾ ਜਾਵੇ।

# ਟੋਇਟਾ ਕਿਰਲੋਸਕਰ ਮੋਟਰ ਨੇ ਵਾਤਾਵਰਣ ਸੁਰੱਖਿਆ 'ਤੇ ਆਪਣੀ ਵਚਨਬੱਧਤਾ ਦੁਹਰਾਈ

ਅੰਮ੍ਰਿਤਸਰ : ਜਿਵੇਂ ਕਿ ਦੁਨੀਆ 'ਵਿਸ਼ਵ ਜੰਗਲਾਤ ਦਿਵਸ' ਅਤੇ 'ਵਿਸ਼ਵ ਜਲ ਦਿਵਸ' ਮਨਾ ਰਹੀ ਹੈ, ਟੋਇਟਾ ਕਿਰਲੋਸਕਰ ਮੋਟਰ (ਟੀਕੇਐਮ) ਵਾਤਾਵਰਣ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ। ਇਹ ਗਲੋਬਲ ਟੋਇਟਾ ਐਨਵਾਇਰਨਮੈਂਟਲ ਚੈਲੇਂਜ 2050 (ਟੀਈਸੀ 2050) ਦਾ ਪ੍ਰਤੀਕ ਹੈ। ਇਸ ਵਿੱਚ ਛੇ ਦੂਰਦਰਸ਼ੀ ਚੁਣੌਤੀਆਂ ਸ਼ਾਮਲ ਹਨ ਜਿਵੇਂ ਕਿ 'ਜ਼ੀਰੋ ਵਾਤਾਵਰਣ ਪ੍ਰਭਾਵ ਤੋਂ ਪਰੇ ਵਧਣਾ ਅਤੇ ਸ਼ੁੱਧ ਸਕਾਰਾਤਮਕ ਪ੍ਰਭਾਵ ਪ੍ਰਾਪਤ ਕਰਨਾ।' ਇਨ੍ਹਾਂ ਵਿੱਚ ਪਾਣੀ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨਾ ਅਤੇ ਅਨੁਕੂਲ ਬਣਾਉਣਾ ਅਤੇ ਕੁਦਰਤ ਦੇ ਅਨੁਕੂਲ ਭਵਿੱਖੀ ਸਮਾਜ ਦੀ ਸਥਾਪਨਾ ਕਰਨਾ ਸ਼ਾਮਲ ਹੈ।ਟੋਇਟਾ ਕਿਰਲੋਸਕਰ ਮੋਟਰ ਦੇ ਕਾਰਜਕਾਰੀ ਉਪ ਪ੍ਰਧਾਨ ਅਤੇ ਨਿਰਦੇਸ਼ਕ (ਨਿਰਮਾਣ) ਬੀ ਪਦਮਨਾਭ ਨੇ ਕਿਹਾ, ਸਾਡੇ ਲਈ, ਸਥਿਰਤਾ ਸਾਡੇ ਕਾਰੋਬਾਰ ਦੇ ਹਰ ਪਹਿਲੂ ਵਿੱਚ ਡੂੰਘਾਈ ਨਾਲ ਜੁੜੀ ਹੋਈ ਹੈ। ਭਾਰਤ ਵਿੱਚ ਸਾਡੇ ਸਫਲ ਕਾਰਜਾਂ ਦੇ ਇਹਨਾਂ 26 ਸ਼ਾਨਦਾਰ ਸਾਲਾਂ ਵਿੱਚ, ਸਾਡੀ ਯਾਤਰਾ ਹਮੇਸ਼ਾ ਨਵੀਨਤਾ, ਕਾਰਪੋਰੇਟ ਜ਼ਿੰਮੇਵਾਰੀ ਅਤੇ ਭਾਈਚਾਰਿਆਂ ਨਾਲ ਅਰਥਪੂਰਨ ਸਬੰਧਾਂ ਰਾਹੀਂ ਸਥਾਈ ਮੁੱਲ ਬਣਾਉਣ ਦੀ ਵਚਨਬੱਧਤਾ ਦੁਆਰਾ ਚਲਾਈ ਗਈ ਹੈ।

# ਯਾਦਗਾਰ ਭਵਨ 'ਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਸਮਾਰੋਹ ਦਾ ਆਯੋਜਨ ਅੱਜ



ਧਾਰੀਵਾਲ ( ਮਨਦੀਪ ਸਿੰਘ ਵਿੱਕੀ) - ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਜਨਤਕ ਜਥੇਬੰਦੀਆਂ ਵੱਲੋਂ ਇਸ ਸਾਲ ਵੀ ਸਾਂਝੇ ਤੌਰ 'ਤੇ 23 ਮਾਰਚ ਨੂੰ ਰਾਮ ਸਿੰਘ ਦੱਤ ਯਾਦਗਾਰ ਭਵਨ ਗੁਰਦਾਸਪੁਰ ਵਿਖੇ ਸਵੇਰੇ 11-00 ਵਜੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ, ਇਸ ਸਮਾਰੋਹ ਦੌਰਾਨ ਜਥੇਬੰਦੀਆਂ ਦੇ ਆਗੂਆਂ ਦੇ ਨਾਲ ਨਾਲ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ ਦੇ ਮਾਹਰ ਡਾ ਪਿਆਰੇ ਲਾਲ ਗਰਗ ਵੀ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਵਿਚਾਰਧਾਰਾ ਦੀ ਅਜੋਕੇ ਸਮੇਂ ਦੌਰਾਨ ਸਾਰਥਿਕਤਾ ਵਿਸ਼ੇ 'ਤੇ ਵਿਸਥਾਰ ਸਹਿਤ ਆਪਣੇ ਵਿਚਾਰ ਰੱਖਣਗੇ। ਜਮਹੂਰੀ ਕਿਸਾਨ ਸਭਾ ਗੁਰਦਾਸਪੁਰ ਨੇ ਇਹ ਫੈਸਲਾ ਕੀਤਾ ਕਿ ਜਮਹੂਰੀ ਕਿਸਾਨ ਸਭਾ ਇਸ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ 23 ਮਾਰਚ ਨੂੰ ਜੋ ਰਾਮ ਸਿੰਘ ਦਾਤ ਯਾਦਗਾਰ ਸੁਸਾਇਟੀ ਰਜਿਸਟਰ ਗੁਰਦਾਸਪੁਰ ਵੱਲੋਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ, ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਹਿੱਸਾ ਲੈਣਗੇ । ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਵੀ ਇਸ ਵਿੱਚ ਹੁੰਮਹੁਮਾ ਕੇ ਪਹੁੰਚਣਗੀਆਂ। ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਦਾ ਰਵੱਈਆ ਕਿਸਾਨਾਂ ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਨਾਲ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਕਰ ਰਹੀ ਹੈ ਨਾਲ ਜਮਹੂਰੀ ਹੱਕਾਂ ਦਾ ਘਾਣ ਹੋ ਰਿਹਾ ਹੈ। ਫਿਰਕਾਪ੍ਰਸਤੀ ਆਪਣੀ ਚਰਮ ਸੀਮਾ 'ਤੇ ਹੈ ।ਇਸ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਅੱਜ ਵੀ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸੋਚ 'ਤੇ ਪਹਿਰਾ ਦੇਣ ਦੀ ਸਖਤ ਲੋੜ ਹੈ। ਇਸ ਲਈ ਅਪੀਲ ਕੀਤੀ ਗਈ ਕਿ ਸਾਰੀਆਂ ਇਨਸਾਫ ਪਸੰਦ ਜਥੇਬੰਦੀਆਂ ਇਸ ਵਿੱਚ ਹੁੰਮਹੁਮਾ ਕੇ ਪਹੁੰਚਣ ਅਤੇ ਡਾਕਟਰ ਪਿਆਰਾ ਲਾਲ ਗਰਗ ਦੇ ਵਡਮੁੱਲੇ ਵਿਚਾਰ ਸੁਣਨ। ਜ਼ਿਲ੍ਹੇ ਦੀਆਂ ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਤ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਸਵੇਰੇ ਠੀਕ 11 ਵਜੇ ਪੁਰਾਣੇ ਬੱਸ ਸਟੈਂਡ ਦੇ ਪਿੱਛੇ ਰਾਮ ਸਿੰਘ ਦੱਤ ਹਾਲ ਵਿਖੇ ਇਸ ਵਿੱਚ ਵੱਡੀ ਗਿਣਤੀ ਵਿੱਚ ਪੁੱਜਿਆ ਜਾਵੇ।ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸੰਯੋਜਕ ਮੱਖਣ ਕੁਹਾੜ, ਜਨਰਲ ਸਕੱਤਰ ਮੰਗਲ ਚੰਚਲ, ਸੀਨੀ ਮੀਤ ਪ੍ਰਧਾਨ ਸੀਤਲ ਸਿੰਘ ਗਨੋਪੁਰੀ, ਬੂਟਾ ਰਾਮ ਆਜ਼ਾਦ ਆਦਿ ਨੇ ਜ਼ਿਲ੍ਹੇ ਦੇ ਸਮੂਹ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ।

# ਸ਼ੈਰੀ ਕਲਸੀ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਕਰ ਰਹੇ ਨੇ ਹੱਲ



ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਜਿਥੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾ ਰਹੀਆਂ ਹਨ ਉਸ ਦੇ ਨਾਲ-ਨਾਲ ਉਨ੍ਹਾਂ ਵਲੋਂ ਹਲਕੇ ਅਤੇ ਖਾਸ ਕਰਕੇ ਬਟਾਲਾ ਸ਼ਹਿਰ ਅੰਦਰ ਮੁਸ਼ਕਲਾਂ ਹੱਲ ਕਰਨ ਦੇ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਕਰਵਾਏ ਜਾ ਰਹੇ ਹਨ।ਇਸ ਸਬੰਧੀ ਗੱਲ ਕਰਦਿਆਂ ਨਵ ਨਿਯੁਕਤ ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਮਾਣਿਕ ਮਹਿਤਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਨ੍ਹਾਂ ਵਲੋਂ ਲੋਕਾਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਜਾ ਰਹੀਆਂ ਹਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦਾ ਨਿਪਟਾਰਾ ਕਰਵਾਇਆ ਜਾਂਦਾ ਹੈ। ਉਨਾਂ ਦੱਸਿਆ ਕਿ ਵਾਰਡ ਵਾਸੀਆਂ ਵਲੋਂ ਗਲੀਆਂ ਬਣਾਉਣ ਸਬੰਧੀ, ਰਾਸ਼ਨ ਕਾਰਡ ਬਣਾਉਣ ਅਤੇ ਸੀਵਰੇਜ ਆਦਿ ਸਬੰਧੀ ਮੁਸ਼ਕਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਹਨ, ਜਿਨ੍ਹਾਂ ਨੂੰ ਜਲਦ ਹੱਲ ਕਰਵਾਇਆ ਜਾਵੇਗਾ।ਨਵਨਿਯੁਕਤ ਚੇਅਰਮੈਨ ਮਾਣਿਕ ਮਹਿਤਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਤਰੱਕੀ ਦੀਆਂ ਰਾਹਾਂ 'ਤੇ ਹੈ ਅਤੇ ਲੋਕਹਿੱਤ ਵਿੱਚ ਇਤਿਹਾਸਕ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਵਿਕਾਸ ਕਾਰਜ ਨਿਰੰਤਰ ਜਾਰੀ ਹਨ।

# ਲੁਟੇਰਿਆਂ ਕਾਰਨ ਰਾਹਗੀਰ ਡਾਢੇ ਤੰਗ-ਪ੍ਰੇਸ਼ਾਨ

ਵੇਰਕਾ (ਰਾਣਾ)-ਰਾਜ ਅੰਦਰ ਲੁੱਟ ਖੋਹ ਦੀਆਂ ਵਾਰਦਾਤ ਰੁਕਣ ਦੀ ਬਜਾਏ ਦਿਨ-ਬ-ਦਿਨ ਵਧੀ ਜਾ ਰਹੀਆਂ ਹਨ। ਜਿਸ ਕਾਰਨ ਹੁਣ ਰਾਹਗੀਰ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਨਿੱਤ ਦਿਹਾੜੇ ਹੀ ਅਣਪਛਾਤੇ ਲੁਟੇਰਿਆਂ ਵੱਲੋਂ ਰਾਹਗੀਰਾਂ ਨੂੰ ਲੁੱਟਣ ਦੀਆਂ ਖਬਰਾਂ ਪ੍ਰਾਪਤ ਹੁੰਦੀਆਂ ਹਨ। ਇਸ ਸੰਬੰਧ ਵਿੱਚ ਸਰਪੰਚ ਨਿਰੰਜਣ ਸਿੰਘ ਵਾਸੀ ਮੱਜਵਿੰਡ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਡੀ.ਜੀ.ਪੀ ਪੰਜਾਬ ਪੁਲਸ ਪਾਸੋਂ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਫੌਰੀ ਠੱਲ੍ਹ ਪਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੇ ਜਿਸ ਤਰ੍ਹਾਂ ਨਾਲ ਨਸ਼ਿਆਂ ਖਿਲਾਫ ਸ਼ਲਾਘਾਯੋਗ ਮੁਹਿੰਮ ਵਿੱਢੀ ਹੋਈ ਹੈ। ਉਸੇ ਹੀ ਤਰ੍ਹਾਂ ਨਾਲ ਰਾਹ ਜਾਂਦੇ ਲੋਕਾਂ ਨੂੰ ਹਥਿਆਰਾਂ ਦੀ ਨੋਕ 'ਤੇ ਲੁੱਟਣ ਵਾਲੇ ਲੁਟੇਰਿਆਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਤਾਂ ਜੋ ਲੋਕ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਨ।

# ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- 'ਆਪ' ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਕਿਸਾਨਾਂ ਨਾਲ ਘਟੀਆ ਵਿਹਾਰ ਕਰਦੇ ਹੋਏ ਸ਼ੰਭੂ ਤੇ ਖਨੌਰੀ ਵਿਖੇ ਜੋ ਤਸ਼ੱਦਦ ਕਿਸਾਨਾਂ ਨਾਲ ਕੀਤਾ ਹੈ ਤੇ ਸਮਾਨ ਦੀ ਭੰਨ-ਤੋੜ ਕਰਕੇ ਕਿਸਾਨਾਂ ਦੀਆਂ ਸਟੇਜਾਂ ਭੰਨੀਆਂ ਤੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਦਿਓਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਸੰਵਿਧਾਨਕ ਹੱਕ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਲੜ ਰਹੇ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਹਨਾਂ ਨੂੰ ਜੇਲ੍ਹਾਂ ਵਿੱਚ ਡਕਿਆ ਜਾ ਰਿਹਾ ਹੈ। ਭਗਵੰਤ ਮਾਨ ਤੇ ਭਾਜਪਾ ਸਰਕਾਰ ਨੇ ਬਜ਼ੁਰਗ ਕਿਸਾਨਾਂ ਦੀ ਇੰਝ ਖਿੱਚ ਧੂਹ ਕੀਤੀ ਜਿਵੇਂ ਉਹ ਕੋਈ ਅਪਰਾਧੀ ਹੋਣ।ਉਹਨਾਂ ਕਿਹਾ ਕਿ ਸਰਕਾਰ ਦੇ ਜਬਰ ਵਾਲੇ ਇਸ ਵਤੀਰੇ ਦਾ ਜਵਾਬ ਦਿੰਦਿਆਂ ਜੋ ਵੀ ਮੋਰਚੇ ਵੱਲੋਂ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ, ਕਿਸਾਨ ਜਥੇਬੰਦੀ ਵੱਲੋਂ ਨੇਪਰੇ ਚੜ੍ਹਾਇਆ ਜਾਵੇਗਾ।

## Public Notice

I Nishi Sehgal W/o Ajay Kumar Sehgal, R/o 339, Chotti Baradari,Part-1,Jalandhar declare that Raowali,Tehsil and Distt. Jalandhar industrial plot original Sale Deed no. 382,dated 16.4.2010 and GPA 276, dated 9.4.2010. and Sale Deed no. 960, dated 2.6.2000, and Sale Deed no. 4910, dated 5.3.2002 and Sale Deed no. 984,dated 7.6.2000 has actually been losted. All concerned may note. Same was published on 14-3-2025. If anyone wants to claim/ compliant regards this.Please Contact Advocate Mr. Vikas Sood District Jalandhar M: 9814094356 within 2 more days.

## PUBLIC NOTICE

Under the instruction of Axis Bank Ltd, I hereby inform the general public that Gourav Dutt S/o Narinder Dutt is Owner for Plot bearing no. E- 4 measuring 4 Marla approximately (102.5 Sq Yard 922.5 Sq Ft) comprised out of Number Khewat 15/3 min Number Khatoni 24 Khasra No.1444/1220/27 (9-13) 1445/1220/27/1 (7-3) as entered in the jamabandi for the years 2018-19 situated in Vill. Kuther HB No. 375 Tehsil and District Pathankot, that S B Real Tech Pvt Ltd was the owner of land measuring 16 kanal 16 Marla and the said Firm has sold plot measuring 4 Marla in favour of Monika Arora W/o Deepak Arora vide sale deed dated 30-07-2013 having document no. 2772 and mutations no. 1835 regarding the said sales have been sanctioned in her favour and incorporated over the jamabandi for the years 2008-09. As per jamabandi for the years 2013-14 and 2018-19 Monika Arora W/o Deepak Arora is shown to be as owner of plot measuring 4 Marla and she has sold Plot measuring 4 Marla in favour of Gourav Dutt S/o Narinder Dutt vide sale deed dated 09-10-2020 having document no. 2020-21 /44/1/3165 and mutation no. 2155 regarding the said sale has been sanctioned. Now Gourav Dutt S/o Narinder Dutt is guarantor and firm M/s Rudraksh Traders is taking loan from Axis Bank Ltd East Mohan Nagar Branch Amritsar. Sale deed executed by S B Real Tech Pvt Ltd measuring 4 Marla in favour of Monika Arora W/o Deepak Arora vide sale deed dated 30-07-2013 having document no. 2772 was lost and the same lost sale deed reported via DDR vide no.569319/2025 Dt. 20/3/2025 to Police station Shahpur kandi Pathankot. Sale deed has not been challenged in any court of law. Anybody having claim or claiming any prior rights or interest in any manner in this property or has raised loan by depositing the aforesaid sale deed to any person bank/corporation/financial institution may approach the undersigned and may submit objection in writing within 10 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fradulent and baseless claim and shall have novalue in the eyes of law. It shall also be deemed that nobody has any objection for mortgaging the aforesaid property with Axis Bank Ltd.

Rajinder Kumar, Advocate
District Courts Gurdaspur

## ਆਮ ਸੂਚਨਾ

ਮੈਂ, ਅੰਸ਼ਿਕਾ ਪੁੱਤਰੀ ਸੁਭਾਸ਼ ਚੰਦ ਵਾਸੀ ਵਾਰਡ ਨੰ: 3, ਕਾਹਨਗੜ੍ਹ ਰੋਡ, ਪਾਤੜਾ, ਪਟਿਆਲਾ, ਪੰਜਾਬ-147105 ਘੋਸ਼ਣਾ ਕਰਦੀ ਹਾਂ ਕਿ ਮੇਰਾ ਸੀ.ਬੀ.ਐਸ.ਈ. 10 ਵੀਂ ਜਮਾਤ ਦੇ ਵਿਦਿਅਕ ਦਸਤਾਵੇਜ਼ਾਂ ਵਿੱਚ ਮੇਰੇ ਪਿਤਾ ਅਤੇ ਮੇਰੀ ਮਾਤਾ ਦਾ ਨਾਮ ਗਲਤੀ ਨਾਲ ਸੁਭਾਸ਼ ਗਰਗ ਅਤੇ ਮੰਜੂ ਗਰਗ ਲਿਖਿਆ ਗਿਆ ਹੈ। ਮੇਰੇ ਪਿਤਾ ਅਤੇ ਮੇਰੀ ਮਾਤਾ ਦੇ ਅਸਲੀ ਅਤੇ ਸਹੀ ਨਾਮ ਕ੍ਰਮਵਾਰ: ਸੁਭਾਸ਼ ਚੰਦ ਅਤੇ ਮੰਜੂ ਬਾਲਾ ਹੈ।

ਮੈਂ, ਵੰਦਨਾ (ਆਧਾਰ ਕਾਰਡ ਨੰਬਰ 2125 4445 6545) ਪਤਨੀ ਸ਼੍ਰੀ ਪਵਨ ਕੁਮਾਰ ਨਿਵਾਸੀ ਮਕਾਨ ਨੰਬਰ 26, ਕੂਲ ਰੋਡ ਨਿਊ ਕਲੋਨੀ, ਜਲੰਧਰ, ਇਹ ਐਲਾਨ ਕਰਦੀ ਹਾਂ ਕਿ ਵੰਦਨਾ ਅਤੇ ਆਸ਼ਾ ਉਰਫ ਵੰਦਨਾ ਮੇਰੇ ਸਹੀ ਅਤੇ ਅਸਲੀ ਨਾਮ ਹਨ ਅਤੇ ਇੱਕੋ ਹੀ ਮਹਿਲਾ ਹਨ। ਕਿਰਪਾ ਕਰਕੇ ਧਿਆਨ ਦਿਓ।

ਮੈਂ, ਚਮਕੌਰ ਸਿੰਘ ਰਾਏ ਪੁੱਤਰ ਜੱਗਾ ਸਿੰਘ ਵਾਸੀ ਪਿੰਡ ਅੱਚਰਵਾਲ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਰਾਏ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਉਹ ਹੁਣ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਦੀ ਬੇਦਖਲੀ ਰੱਦ ਕਰਦਾ ਹਾਂ। ਸੰਬੰਧਤ ਨੋਟ ਕਰਨ।

## ਕੋਰਟ ਨੋਟਿਸ

ਬਾ-ਅਦਾਲਤ ਸ਼੍ਰੀ ਜਸਪਾਲ ਸਿੰਘ ਬਾਜਵਾ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਵਿਸ਼ਾ : ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਭੋਗਪੁਰ, ਹ. ਬ. ਨੰ. 18, ਸਬ-ਤਹਿਸੀਲ ਭੋਗਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਪ੍ਰਾਰਥੀ ਦਾ ਨਾਂਅ ਸੁੰਨਦਾ ਪੁੱਤਰੀ ਦਰਸ਼ਨ ਲਾਲ ਪੁੱਤਰ ਮਾਇਆ ਰਾਮ ਦਰਜ ਹੈ, ਜਿਸ ਦੀ ਦਰੁਸਤੀ ਰਿਕਾਰਡ ਮਾਲ ਵਿੱਚ ਅਲਕਾ ਵਰਮਾ ਪੁੱਤਰੀ ਦਰਸ਼ਨ ਲਾਲ ਪੁੱਤਰ ਮਾਇਆ ਰਾਮ ਦੇ ਨਾਂਅ ਦਾ ਇੰਦਰਾਜ਼ ਕਰਨ ਸੰਬੰਧੀ, ਜਿਸ ਦੀ ਦਰੁਸਤੀ ਕਰਨ ਸੰਬੰਧੀ।

ਉਪਰੋਕਤ ਲਿਖੇ ਅਨੁਵਾਨ ਦੇ ਕੇਸ ਵਿੱਚ ਅਦਾਲਤ ਨੂੰ ਸ੍ਰੀਮਤੀ ਅਲਕਾ ਵਰਮਾ ਪੁੱਤਰੀ ਦਰਸ਼ਨ ਲਾਲ ਪੁੱਤਰ ਮਾਇਆ ਰਾਮ ਵਾਸੀ ਪਿੰਡ 517 ਨਿਊ ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ ਪਾਸੋਂ ਇੱਕ ਦਰਖਾਸਤ ਪ੍ਰਾਪਤ ਹੋਈ ਹੈ ਕਿ ਉਕਤ ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਭੋਗਪੁਰ ਹ. ਬ. ਨੰ. 18, ਸਬ-ਤਹਿਸੀਲ ਭੋਗਪੁਰ, ਤਹਿਸੀਲ ਆਦਮਪੁਰ ਜ਼ਿਲ੍ਹਾ ਜਲੰਧਰ ਵਿੱਚ ਪ੍ਰਾਰਥੀ ਦਾ ਨਾਂਅ ਸੁੰਨਦਾ ਪੁੱਤਰੀ ਦਰਸ਼ਨ ਲਾਲ ਪੁੱਤਰ ਮਾਇਆ ਰਾਮ ਦਰਜ ਹੈ। ਜਿਸ ਦੀ ਦਰੁੱਸਤੀ ਸੰਬੰਧੀ ਬਿਨੈ-ਪੱਤਰ ਪ੍ਰਾਪਤ ਹੋਇਆ ਹੈ ਕਿ ਪ੍ਰਾਰਥੀ ਦਾ ਅਸਲ ਅਤੇ ਸਹੀ ਨਾਂਅ ਅਲਕਾ ਵਰਮਾ ਪੁੱਤਰੀ ਦਰਸ਼ਨ ਲਾਲ ਪੁੱਤਰ ਮਾਇਆ ਰਾਮ ਹੈ। ਜੇਕਰ ਇਸ ਨਾਂਅ ਦਰੁਸਤੀ ਪ੍ਰਕਾਸ਼ਨਾ ਦੇ ਸੰਬੰਧ ਵਿੱਚ ਕਿਸੇ ਵੀ ਵਿਅਕਤੀ ਆਮ ਜਾਂ ਖਾਸ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਮਿਤੀ 21-04-25 ਤੱਕ ਦੁਪਹਿਰ 2.00 ਵਜੇ ਤੱਕ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਨੋਟਿਸ ਅੱਜ ਨੰ. 660/ਰੀਡਰ ਮਿਤੀ 21/3/25 ਨੂੰ ਮੋਹਰ ਅਦਾਲਤ ਤੇ ਨਿਮਨ ਹਸਤਾਖਰ ਹੇਠ ਜਾਰੀ ਹੋਇਆ ਹੈ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

## ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਅਸੀਂ ਉਮ ਪ੍ਰਕਾਸ਼ ਪੁੱਤਰ ਦੂਨੀ ਚੰਦ ਅਤੇ ਆਸ਼ਾ ਪਤਨੀ ਉਮ ਪ੍ਰਕਾਸ਼ ਵਾਸੀਆਨ ਪਿੰਡ ਭਾਬੜਾ, ਸਾਹੋਵਾਲ, ਤਹਿਸੀਲ ਵਾ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਰਜੁਨ ਡਿਗਰਾ ਸਾਡੇ ਕਹਿਣੇ ਤੋ ਬਾਹਰ ਹੈ। ਅਸੀ ਇਸ ਨੂੰ ਆਪਣੀ ਚਲ ਤੇ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਮੈਂ, ਗੁਰਮੀਤ ਸਿੰਘ ਪੁੱਤਰ ਰਛਪਾਲ ਸਿੰਘ ਵਾਸੀ ਨੇੜੇ ਧਰਮਸ਼ਾਲਾ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਬੱਲ ਪਤਨੀ ਅਵਤਾਰ ਸਿੰਘ ਬੱਲ ਵਾਸੀ ਪਿੰਡ ਦੌਧਰ ਸ਼ਰਕੀ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰੀ ਨੂੰਹ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਲਕੀਤ ਸਿੰਘ ਧਾਲੀਵਾਲ ਪੁੱਤਰ ਗੁਰਦਿਆਲ ਸਿੰਘ ਧਾਲੀਵਾਲ ਵਾਸੀ ਪਿੰਡ ਨੰਗਲ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਸੰਜੇ ਅਰੋੜਾ ਪੁੱਤਰ ਸ੍ਰੀ ਮੁਹਿੰਦਰ ਪਾਲ ਵਾ ਅਨੀਤਾ ਅਰੋੜਾ ਪਤਨੀ ਸੰਜੇ ਅਰੋੜਾ ਵਾਸੀਆਨ ਈ.ਪੀ. 86, ਰਾਮ ਗਲੀ ਸੈਦਾਂ ਗੇਟ, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਹਿਮਾਂਸ਼ੂ ਅਰੋੜਾ ਅਤੇ ਉਸਦੀ ਪਤਨੀ ਭਾਵਨਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਸੰਜੇ ਅਰੋੜਾ ਪੁੱਤਰ ਸ੍ਰੀ ਮੁਹਿੰਦਰ ਪਾਲ ਵਾ ਅਨੀਤਾ ਅਰੋੜਾ ਪਤਨੀ ਸੰਜੇ ਅਰੋੜਾ ਵਾਸੀਆਨ ਈ.ਪੀ. 86, ਰਾਮ ਗਲੀ ਸੈਦਾਂ ਗੇਟ, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਮੇਰੀ ਲੜਕੀ ਰੀਆ ਅਰੋੜਾ ਵਾ ਉਸਦਾ ਪਤੀ ਅਲੋਕ ਕਪਿਲਾ (ਜਵਾਈ) ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਪੂਨਮ ਪਤਨੀ ਦਿਨੇਸ਼ ਕੁਮਾਰ ਵਾਸੀ ਮਕਾਨ ਨੰਬਰ 133, ਮਾਡਲ ਹਾਊਸ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਆਰਯਨ ਵਰਮਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੰਤੋਸ਼ ਪਤਨੀ ਲੇਟ ਮੱਖਣ ਸਿੰਘ ਵਾਸੀ ਨਿਊ ਹਰਗੋਬਿੰਦ ਨਗਰ, ਨੂਰਪੁਰ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਰਵਨੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਲਹੀਆਂ ਤਹਸੀਲ ਤੇ ਜ਼ਿਲਾ ਤਰਨ ਤਾਰਨ ਮੇਰਾ 40 ਸਾਲਾਂ ਲੜਕਾ ਜਸਬੀਰ ਸਿੰਘ ਨੂੰਹ ਸਰੀਤਾ ਪੋਤਰਾ ਬੌਬੀ ਸਿੰਘ ਮੇਰੇ ਕਹੇ ਸੁਣੇ ਵਿਚ ਨਹੀ ਚੱਲਦੇ ਹਰ ਪ੍ਰਕਾਰ ਦੀ ਚੱਲ ਅਤੇ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ ।

ਮੈਂ, ਰੇਸ਼ਮ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਮਕਾਨ ਨੰ. 2, ਪ੍ਰਕਾਸ਼ ਇਨਕਲੇਵ, ਨੇੜੇ ਸਾਈਂ ਬਾਬਾ ਮੰਦਰ, ਕਿੰਗਰਾ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਚਰਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਜਸਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਅਮਰਜੀਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਮਕਾਨ ਨੰਬਰ 2/2272, ਗਲੀ ਨੰ.6, ਏਕਤਾ ਨਗਰ ਛੋਟਾ ਹਰੀਪੁਰਾ ਡਾਕਖਾਨਾ ਜਵਾਲਾ ਫਲੋਰ ਮਿਲਜ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰਜੀਤ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ, ਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

## ਨਾਂਅ ਦੀ ਬਦਲੀ

ਮੈਂ ਬਲਵੰਤ ਸਿੰਘ ਪੁੱਤਰ ਗੁਰਦਿਆਲ ਸਿੰਘ, ਪਿੰਡ ਵਡਾਲਾ ਕਲਾਂ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਨੇ ਆਪਣਾ ਨਾਮ ਬਲਵੰਤ ਸਿੰਘ ਤੋਂ ਬਦਲ ਕੇ ਤਰਸੇਮ ਸਿੰਘ ਸੇਖੋਂ ਰੱਖ ਲਿਆ ਹੈ । ਸਬੰਧਿਤ ਨੋਟ ਕਰਨ ।

ਮੈਂ ਨਵਜੋਤ ਪੁੱਤਰੀ ਮਾਈਕਲ ਨਿਵਾਸੀ ਪਿੰਡ ਬਹਾਦਰਪੁਰ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਮ ਬਦਲ ਕੇ ਨਵਜੋਤ ਤੋ ਨਵਜੋਤ ਸਹੋਤਾ ਰੱਖ ਲਿਆ ਹੈ।

## Change of Name

I Harwinder Singh S/O Amrit Pal Singh R/O Vpo Garlon Bet Teh Balachaur Distt Sbs Nagar Punjab Have Changed My Name To Singh Harwinder. All Please Note.

I, Kamaljit Sidhu S/o Salwant Singh R/o 2590, C-Block, Ranjit Avenue, Amritsar, Punjab-143001 have changed my name from Kamaljit Sidhu to Kamaljit Singh Sidhu.

I, Anju S/O Vijay Kumar, R/o Ward No 09, Mohalla Gopal Nagar, Dhariwal, Gurdaspur, Punjab-143519, have changed my name and shall hereafter be Known as Atul Kumar.

I, Deepika Agarwal, W/O Pankaj Goel R/o House No-283, Ward No-4, Near Shiv Mandir, Anaj Mandi, Hailymandi, Gurgaon, Haryana- 122504. have changed my name and shall hereafter be Known as Deepika Goel.

I, Sagar S/O Satish, R/o House No. 579, 74, Near Post Office, Giwana (74), Sonipat, Haryana-131409, have changed my name and shall hereafter be Known as Sagar Sharma.

I, Shiv Kumar Walia S/O Ashok Kumar Walia, R/o House No-B-4/457, Lower Mall, Near Budha Dal Public School, Dhiru Nagar, Patiala, Punjab- 147001, I have changed the name of my minor daughter Angel aged about 3 Years and She shall hereafter be known as Hargun Walia.

I, hitherto known as: SAGAR SALHOTRA S/O MOHAN LAL R/O H.NO: 219, B.I.BAZAR, WARD NO: 06, NEAR SINGH SABHA GURUDWARA, JALANDHAR-144005, (PUNJAB), have changed my name and shall hereafter be known as : SHAMMI.

I, Johny S/o Jaspal Singh R/o VPO. Hazara, Distt. Jalandhar, (PB) have changed my name from Johny to Johny Singh. All concerned please note.

I, Saravjit Kaur W/O Kulwinder Kumar R/O Village Dhilwan, Jalandhar, Punjab Have Changed My Name Sarbjit To Saravjit Kaur. All Please Note.

I, Baljeet Kaur W/o Amarjit Singh R/o Vill. Dandupur, PO. Burewal, Distt. Kapurthala have changed my name from Baljeet Kaur to Baljit Kaur.

# St. Soldier College, Basti Danishmandan, Jalandhar

Invites online applications on (stsoldiercollege.hr@gmail.com) for the Post of Assistant Professor in

**Physiotherapy-2, Cosmetology-1, Sociology-1**

on regular basis. (www.stsoldiercollegejal.com).
Qualification and Grade as per UGC/NCTE/Punjab Govt./GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Proforma (as per Annexure-IV) available in CDC Portal on University Website (www.gndu.ac.in) and submit it alongwith the application.

Mobile No. 9872093080    Chairman

## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SCANNER-15 | 07.04.25 ਨੂੰ 11:00 ਵਜੇ | ਫਿਰੋਜਪੁਰ, ਜਲੰਧਰ ਸਿਟੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਅੰਮ੍ਰਿਤਸਰ ਅਤੇ ਪਠਾਨਕੋਟ ਰੇਲਵੇ ਸਟੇਸ਼ਨ ਤੇ ਸਾਰੇ ਆਊਟਗੋਇੰਗ ਪਾਰਸਲਾਂ ਦੀ ਸਕੈਨਿੰਗ ਦੇ ਲਈ ਪਾਰਸਲ ਸਕੈਨਰ ਮਸ਼ੀਨ ਦੇ ਪ੍ਰਾਵਧਾਨ ਦੇ ਕੰਮ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-SLR25-48 | 09.04.25 ਨੂੰ 11:00 ਵਜੇ | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ /ਐਸਐਲਆਰ ਕੰਪਾਰਟਮੈਂਟ) : 14662/F1, 11906/R1, 12550/F1, 14662/R1,14610/F1, 11906/F1, 14662/F2, 14504/R1 & 15015/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ    893/2025

# ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਨੇ ਜੰਗਲ ਲਗਾਇਆ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ, ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਣ ਸਾਂਭ-ਸੰਭਾਲ ਦੀ ਮੁਹਿੰਮ 1999 ਵਿੱਚ ਸ਼ੁਰੂ ਕੀਤੀ ਗਈ ਸੀ। ਜਿਸ ਦੀ ਸ਼ੁਰੂਆਤ ਸੜਕਾਂ ਦੇ ਕਿਨਾਰਿਆਂ 'ਤੇ ਰੁੱਖ ਲਗਾ ਕੇ ਕੀਤੀ ਗਈ। ਇਸੇ ਲੜੀ ਤਹਿਤ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 550 ਛੋਟੇ ਗੁਰੂ ਨਾਨਕ ਯਾਦਗਾਰੀ ਜੰਗਲ (ਝਿੜੀਆਂ) ਲਗਾਉਣ ਦਾ ਟੀਚਾ ਮਿੱਥਿਆ ਗਿਆ। ਇਸ ਟੀਚੇ ਨੂੰ ਪੂਰੇ ਕਰਦੇ ਹੋਇਆਂ ਸੰਸਥਾ ਵੱਲੋਂ ਅੰਤਰਰਾਸ਼ਟਰੀ ਜੰਗਲਾਤ ਦਿਵਸ ਜੋ ਕਿ ਹਰ ਸਾਲ 21 ਮਾਰਚ ਨੂੰ ਮਨਾਇਆ ਜਾਂਦਾ ਹੈ, ਦੇ ਸੰਬੰਧ ਵਿੱਚ ਅੱਜ 21 ਮਾਰਚ ਨੂੰ ਜਰਮਨਜੀਤ ਸਿੰਘ ਪਿੰਡ ਕੱਦਗਿੱਲ ਜ਼ਿਲ੍ਹਾ ਤਰਨ ਤਾਰਨ ਦੀ 3 ਕਨਾਲਾਂ ਜ਼ਮੀਨ ਵਿੱਚ 335 ਨੰਬਰ ਗੁਰੂ ਨਾਨਕ ਯਾਦਗਾਰੀ ਜੰਗਲ ਲਗਾਇਆ ਗਿਆ। ਇਸ ਮੌਕੇ ਨਿਰਮਲਜੀਤ ਸਿੰਘ ਰੰਧਾਵਾ (ਮੁੱਖ ਵਣਪਾਲ ਜੰਗਲਾਤ ਵਿਭਾਗ-ਮੈਦਾਨੀ ਇਲਾਕਾ- ਪੰਜਾਬ), ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਸਮੇਂ ਅਮਨੀਤ ਸਿੰਘ (ਡੀ.ਐੱਫ. ਓ.) ਪਿੰਡ ਦੇ ਮੋਹਤਬਰ, ਨੇੜਲੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ। ਨਿਰਮਲਜੀਤ ਸਿੰਘ ਰੰਧਾਵਾ ਨੇ ਆਈ ਹੋਈ ਸੰਗਤ ਨੂੰ ਸੰਬੋਧਨ ਹੁੰਦਿਆਂ ਜਰਮਨਜੀਤ ਸਿੰਘ ਦਾ ਜੰਗਲ ਲਗਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੇ ਇਸ ਸਾਰੇ ਕਾਰਜ ਲਈ ਸ਼ਲਾਘਾ ਕੀਤੀ। ਬਾਬਾ ਸੇਵਾ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜੰਗਲ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ ਜਿਸ ਨਾਲ ਵਾਤਾਵਰਣ ਵਿੱਚ ਤਬਦੀਲੀ ਆਵੇਗੀ, ਅਲੋਪ ਹੋ ਰਹੇ ਜੀਵ-ਜੰਤੂਆਂ ਲਈ ਰੈਣ-ਬਸੇਰਾ ਬਣੇਗਾ। ਅਖੀਰ ਵਿੱਚ ਬਾਬਾ ਸੇਵਾ ਸਿੰਘ ਨੇ ਆਏ ਹੋਏ ਮਹਿਮਾਨਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਹੁਣ ਤੱਕ 783990 ਰੁੱਖ ਸੜਕਾਂ ਦੇ ਕਿਨਾਰੇ, ਗੁਰੂ ਨਾਨਕ ਯਾਦਗਾਰੀ ਜੰਗਲਾਂ ਵਿੱਚ, ਪਿੰਡਾਂ ਵਿੱਚ, ਬਾਗਾਂ ਵਿੱਚ, ਜਨਤਕ ਥਾਵਾਂ, ਗੁਰਦੁਆਰਾ ਸਾਹਿਬ ਦੀਆਂ ਪ੍ਰਕਰਮਾ ਅਤੇ ਪ੍ਰਸ਼ਾਦ ਵਿੱਚ ਦਿੱਤੇ ਬੂਟਿਆਂ ਦੇ ਰੂਪ ਵਿੱਚ ਲਗਾਏ ਜਾ ਚੁੱਕੇ ਹਨ। ਇਸ ਸਾਰੇ ਕਾਰਜ ਲਈ ਲਗਭਗ 100 ਸੇਵਾਦਾਰਾਂ ਦੀ ਟੀਮ ਤਿਆਰ ਬਰ ਤਿਆਰ ਰਹਿੰਦੀ ਹੈ।

# ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ 'ਚ ਸੜਕਾਂ ਦਾ ਜਾਲ ਵਛਾਇਆ ਜਾਵੇਗਾ : ਈ ਟੀ ਓ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਤੇ ਬਲਾਕ ਤਰਸਿੱਕਾ ਅਧੀਨ ਪੈਂਦੇ ਪਿੰਡ ਸੈਦੋਲੇਹਲ ਵਿਖੇ ਪਿੰਡ ਦੀ ਅਹਿਮ ਸੜਕ ਮਹਿਤਾ ਰੋਡ ਤੋਂ ਲੈ ਕੇ ਤਰਸਿੱਕਾ ਦਸਮੇਸ ਨਗਰ ਨਾਲ ਜੁੜਨ ਵਾਲੀ ਲਿੰਕ ਸੜਕ ਦਾ ਉਦਘਾਟਨ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਸੁੱਖਾ ਅਤੇ ਆਪ ਆਗੂ ਮੇਜਰ ਸਿੰਘ ਨੇ ਇਸ ਉੱਦਮ ਲਈ ਕੈਬਨਟ ਮੰਤਰੀ ਹਰਭਜਨ ਸਿੰਘ ਈਟੀਓ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਰਸਾਤਾਂ ਦੇ ਦਿਨਾਂ ਵਿੱਚ ਇਹ ਰਸਤਾ ਕੱਚਾ ਹੋਣ ਕਰਕੇ ਪਿੰਡ ਵਾਸੀਆਂ ਅਤੇ ਕਿਸਾਨਾਂ ਨੂੰ ਆਪਣੀਆਂ ਜਮੀਨਾਂ ਵਿੱਚ ਜਾਣ ਵੇਲੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਕਿਸੇ ਵੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਸੀ ਹੁਣ ਕੈਬਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਿੰਡ ਨੂੰ ਸੜਕ ਬਣਾ ਕੇ ਦਿੱਤੀ ਹੈ ਇਸ ਲਈ ਸਮੁੱਚਾ ਪਿੰਡ ਇਹਨਾਂ ਦਾ ਰਿਣੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਸੁਹਿੰਦਰ ਕੌਰ, ਸੂਬੇਦਾਰ ਸਨਾਖ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਆਪ ਆਗੂ ਮੇਜਰ ਸਿੰਘ, ਮੈਂਬਰ ਪੰਚਾਇਤ ਦਵਿੰਦਰ ਸਿੰਘ, ਜਸਪਾਲ ਸਿੰਘ, ਬਲਜਿੰਦਰ ਸਿੰਘ, ਨਰਿੰਦਰ ਸਿੰਘ, ਆਪ ਆਗੂ ਰਵਿੰਦਰ ਸਿੰਘ, ਕੇਵਲ ਸਿੰਘ, ਲਖਵਿੰਦਰ ਸਿੰਘ ਅਤੇ ਹੋਰ ਆਗੂ ਹਾਜ਼ਰ ਸਨ।

## Change of Name

I, Rajvinder Kaur W/o Dalbir Singh. R/o Waheguru Nagar, Hardo Bathwala, Trimo Road, Gurdaspur, Tehsil/Distt. Gurdaspur, Punjab - 143521. have changed my name from Rajvinder Kaur to Rajwinder Kaur.

I, Honey Verma S/o Avinash Chander R/o ES 85, Makhdoom Pura, Jalandhar City, have declare that Honey is my given name and Verma is my Surname.

I,Mehta Hinal Mahesh W/O Sumit Sharma R/O H.No.37-A,Ram Tirath Road, Putlighar, Sewa Nagar, Amritsar, Punjab have changed my name from Mehta Hinal Mahesh to Hinal Sharma. Concerned note.

I,Major Singh S/O Subeg Singh Dhillon R/O 76,Sri Guru Har Rai Avenue,Opp.Khalsa College, Amritsar,Punjab have changed my name from Major Singh to Major Singh Dhillon.Concerned note.

I, Jeet Ram S/o Batan Dass R/o V.P.O. Munak Khurd, Tehsil Tanda Urmar (Hoshiarpur), Punjab, have changed my name to Jit Ram. Please note.

I, Kamlesh Kumari D/o Amrit Singh Saini W/o Paramjit Singh R/o Vill. Harsi Pind, Tehsil Tanda (Hoshiarpur), Punjab, have changed my name to Kamlesh Kaur. All concerned please note.

I, Simran W/o Deepak Kumar R/o Vill. Ranjit Bagh, P.O. Khojepur, Tehsil Dinanagar, Distt. Gurdaspur, Punjab, Pin-143521, have changed my name from Simran to Seema Kumari.

I, Rajesh Gill S/o Mukhtir Masih R/o Vill. Abul Khair, Jail Road Gurdaspur, Tehsil/Distt. Gurdaspur, Punjab, declare that my Son study in Little Flower Convent School Gurdaspur, His School Record changed my Son name from Leonah to Leonah Gill.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਾਟਕ 'ਮਹਾਰਾਣੀ ਜਿੰਦਾਂ' ਦੀ ਸਫ਼ਲਤਾਪੂਰਵਕ ਪੇਸ਼ਕਾਰੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਰਾਸ਼ਟਰਪਤੀ ਐਵਾਰਡ ਨਾਲ ਸਨਮਾਨਤ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਵਿਸ਼ਵ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ 25ਵਾਂ 10 ਦਿਨਾ ਰਾਸ਼ਟਰੀ ਰੰਗਮੰਚ ਉਤਸਵ ਦੇ ਸਤਵੇਂ ਦਿਨ ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਦੀ ਟੀਮ ਵਲੋਂ ਡਾ. ਆਤਮਾ ਸਿੰਘ ਗਿੱਲ ਦਾ ਲਿਖਿਆ ਅਤੇ ਈਮੈਨੁਅਲ ਸਿੰਘ ਦਾ ਨਿਰਦੇਸ਼ਤ ਕੀਤਾ ਨਾਟਕ ਮਹਾਰਾਣੀ ਜਿੰਦਾਂ ਵਿਰਸਾ ਵਿਹਾਰ ਦੇ ਭਾਅ ਜੀ ਗੁਰਸ਼ਰਨ ਸਿੰਘ ਓਪਨ ਏਅਰ ਥੀਏਟਰ 'ਚ ਸਫ਼ਲਤਾਪੂਰਵਕ ਪੇਸ਼ ਕੀਤਾ ਗਿਆ। ਨਾਟਕ ਵਿੱਚ ਸਿੱਖ ਰਾਜ ਦੀ ਅਧੋਗਤੀ ਦੇ ਨਾਲ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਨੂੰ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਨਾਟਕ ਮਹਾਰਾਣੀ ਜਿੰਦਾਂ ਦੇ ਜੀਵਨ ਸੰਘਰਸ਼ ਅਤੇ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਲਈ ਅਤੇ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਉਸ ਦੇ ਹਕੂਕ ਦਿਵਾਉਣ ਲਈ ਜੱਦੋ-ਜਹਿਦ ਹੈ। ਮਹਾਰਾਣੀ ਜਿੰਦਾਂ ਉਹ ਮਹਾਨ ਔਰਤ ਸੀ ਜੋ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਸਾਰੀ ਉਮਰ ਸ਼ੇਰਨੀ ਵਾਂਗ ਸਿੱਖ ਰਾਜ ਵਾਸਤੇ ਲੜਦੀ ਰਹੀ ਤੇ ਅਖੀਰ ਆਪਣੇ ਪ੍ਰਭਾਵ ਸਦਕਾ ਈਸਾਈ ਬਣੇ ਦਲੀਪ ਸਿੰਘ ਵਿੱਚ ਮੁੜ ਸਿੱਖ ਰਾਜ ਦਾ ਮਹਾਰਾਜਾ ਬਣਨ ਲਈ ਚਿਣਗ ਪੈਦਾ ਕਰਦੀ ਹੈ। ਇਸ ਨਾਟਕ ਵਿੱਚ ਪ੍ਰਿਤਪਾਲ ਹੁੰਦਲ, ਈਮੈਨੁਅਲ ਸਿੰਘ, ਆਤਮਾ ਸਿੰਘ ਗਿੱਲ, ਗੁਰਪਿੰਦਰ ਕੌਰ, ਆਲਮ ਸਿੰਘ, ਰਵੀ ਕੁਮਾਰ, ਲਖਵਿੰਦਰ ਲੱਕੀ, ਸਾਹਿਲ, ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ, ਮਰਕਸਪਾਲ, ਪ੍ਰਿਜਾਦੀਪ ਕੌਰ, ਜਸ਼ਨਪ੍ਰੀਤ ਸਿੰਘ, ਆਂਚਲ ਮਹਾਜਨ, ਨਿਕਿਤਾ, ਤਰਨ ਸਭਰਵਾਲ, ਸਮਰਿਧੀ ਕਪੂਰ, ਮੁਸਕਾਨ ਕੌਰ, ਸੁਰਭੀ, ਜੀਆ, ਗੁਰਲੀਨ ਕੌਰ, ਅਨਮੋਲ ਰਾਣਾ, ਪ੍ਰਿੰਸ, ਦਿਵਯਾਂਸ਼ੂ, ਸਚਿਨ ਸ਼ਰਮਾ, ਪ੍ਰਬੀਰ ਸਿੰਘ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਇਸ ਮੌਕੇ ਕੇਵਲ ਧਾਲੀਵਾਲ, ਭੁਪਿੰਦਰ ਸਿੰਘ ਸੰਧੂ, ਅਦਾਕਾਰਾਂ ਅਨੀਤਾ ਦੇਵਗਨ, ਧਰਵਿੰਦਰ ਔਲਖ, ਗੁਰਤੇਜ ਮਾਨ ਸਮੇਤ ਵੱਡੀ ਗਿਣਤੀ ਵਿੱਚ ਨਾਟ ਪ੍ਰੇਮੀ ਅਤੇ ਦਰਸ਼ਕ ਹਾਜ਼ਰ ਸਨ।

# 'ਮੁਕਾਬਲਿਆਂ' ਦੇ ਨਾਂਅ ਹੇਠ ਕਤਲੇਆਮ ਬੰਦ ਕਰੇ ਭਾਜਪਾ ਸਰਕਾਰ : ਜਮਹੂਰੀ ਫਰੰਟ

**ਬੰਗਾ (ਅਵਤਾਰ ਕਲੇਰ)** ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜ਼ਮਹੂਰੀ ਫਰੰਟ ਦੇ ਆਗੂਆਂ ਡਾ.ਪਰਮਿੰਦਰ,ਪ੍ਰੋਫੈਸਰ ਏ ਕੇ .ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਛੱਤੀਸਗੜ੍ਹ ਦੇ ਬੀਜਾਪੁਰ ਅਤੇ ਕਾਂਕੇਰ ਇਲਾਕਿਆਂ ਵਿਚ 'ਮੁਕਾਬਲਿਆਂ' ਦੇ ਨਾਂ ਹੇਠ 30 ਨਕਸਲੀਆਂ ਨੂੰ ਘੇਰਾ ਪਾ ਕੇ ਬੇਰਹਿਮੀ ਨਾਲ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ- ਬੇਚੈਨੀ ਦਾ ਨਤੀਜਾ ਹੈ,ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਜਨਵਰੀ 2024 ਤੋਂ ਲੈ ਕੇ ਹੁਣ ਤੱਕ ਇਕ ਸਾਲ ਦੇ ਅਰਸੇ ਅੰਦਰ 'ਓਪਰੇਸ਼ਨ ਕਗਾਰ' ਤਹਿਤ ਬਸਤਰ ਖੇਤਰ ਅੰਦਰ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂ ਹੇਠ 350 ਤੋਂ ਵੱਧ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਵੱਡੀ ਗਿਣਤੀ 'ਚ ਔਰਤਾਂ ਅਤੇ ਬੱਚੇ ਵੀ ਹਨ।ਇਹ ਹੋਰ ਵੀ ਚਿੰਤਾਜਨਕ ਹੈ ਕਿ ਆਦਿਵਾਸੀਆਂ ਤੇ ਹੋਰ ਮਿਹਨਤਕਸ਼ ਜਮਾਤਾਂ ਦੇ ਨੌਜਵਾਨਾਂ ਨੂੰ ਸਰਕਾਰੀ ਲਸ਼ਕਰਾਂ 'ਚ ਭਰਤੀ ਕਰਕੇ 'ਕਾਨੂੰਨ ਵਿਵਸਥਾ ਬਹਾਲ ਕਰਨ' ਦੇ ਨਾਂ ਹੇਠ ਦੱਬੇਕੁਚਲੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲਹੂ 'ਚ ਡੁਬੋਣ ਲਈ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਇਹ ਦਰਅਸਲ, ਆਦਿਵਾਸੀ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕੇ ਖਾਲੀ ਕਰਾਕੇ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਜਿਸ ਨੂੰ ਕਿਸੇ ਵੀ ਬਹਾਨੇ ਸਵੀਕਾਰ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਨੇ ਸਾਰੀਆਂ ਹੀ ਜ਼ਮਹੂਰੀ ਤੇ ਨਿਆਂਪਸੰਦ ਤਾਕਤਾਂ ਨੂੰ ਹੁਕਮਰਾਨਾਂ ਦੇ ਇਨ੍ਹਾਂ ਮਨਸੂਬਿਆਂ ਅਤੇ ਕਤਲੇਆਮ ਮੁਹਿੰਮ ਖ਼ਿਲਾਫ਼ ਅਵਾਜ਼ ਉਠਾਉਣ ਦੀ ਪੁਰਜ਼ੋਰ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ।

# ਸ਼ਹੀਦੀ ਦਿਨ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ : ਪਾਸਲਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵਲੋਂ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਉਣ ਲਈ ਜਿਲ੍ਹਾ ਜਨਰਲ ਬਾਡੀ ਮੀਟਿੰਗ ਨਵਾਂਸ਼ਹਿਰ ਬੰਗਾ ਰੋਡ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਸਤਨਾਮ ਸਿੰਘ ਗੁਲਾਟੀ, ਕੁਲਦੀਪ ਸਿੰਘ ਸੁੱਜੋਂ, ਸਤਨਾਮ ਸਿੰਘ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਸ਼ਹੀਦੀ ਕਾਨਫਰੰਸ ਦੀ ਤਿਆਰੀ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਸਾਮਰਾਜੀ ਦੇਸ਼ਾਂ ਖਾਸ ਕਰਕੇ ਅਮਰੀਕਾ ਵਲੋਂ ਸੰਸਾਰੀਕਰਨ, ਉਦਾਰੀਕਰਨ ਅਤੇ ਨਿਜੀਕਰਨ ਨੂੰ ਬੜਾਵਾ ਦੇਣ, ਸਾਡੇ ਦੇਸ਼ ਦੀਆਂ ਨੀਤੀਆਂ ਨੂੰ ਆਪਣੇ ਅਨੁਕੂਲ ਕਰਨ ਲਈ ਧਮਕੀਆਂ ਦੇਣ, ਦੁਨੀਆਂ ਨੂੰ ਜੰਗਾਂ ਵਿੱਚ ਝੋਕਣ ਵਿਰੁੱਧ ਪਾਰਟੀ ਦੇਸ਼ ਭਰ ਵਿੱਚ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾ ਰਹੀ ਹੈ।

# ਪੰਜਾਬ ਸਰਕਾਰ ਵੱਲੋਂ 415 ਅਧਿਆਪਕਾਂ ਨੂੰ ਮੁੱਖ ਅਧਿਆਪਕ ਵਜੋਂ ਤਰੱਕੀ

**ਚੰਡੀਗੜ੍ਹ ( ਗੁਰਜੀਤ ਬਿੱਲਾ)**- ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਸਰਕਾਰ ਵੱਲੋਂ ਅੱਜ 415 ਅਧਿਆਪਕਾਂ ਨੂੰ ਮੁੱਖ ਅਧਿਆਪਕ ਵਜੋਂ ਤਰੱਕੀ ਦਿੱਤੀ ਗਈ ਹੈ।ਪੰਜਾਬ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 398 ਮਾਸਟਰ/ਮਿਸਟ੍ਰੈਸ ਅਤੇ 17 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ (ਬੀ ਪੀ ਈ ਓਜ਼) ਨੂੰ ਹੈੱਡਮਾਸਟਰ/ਹੈੱਡਮਿਸਟ੍ਰੈਸ ਵਜੋਂ ਤਰੱਕੀ ਦਿੱਤੀ ਗਈ ਹੈ।ਦੱਸਣਯੋਗ ਹੈ ਕਿ ਇਨ੍ਹਾਂ ਨਵੇਂ ਤਰੱਕੀ ਪ੍ਰਾਪਤ ਮੁੱਖ ਅਧਿਆਪਕਾਂ ਦਾ ਪਰਖ ਕਾਲ ਦਾ ਸਮਾਂ ਇੱਕ ਸਾਲ ਹੋਵੇਗਾ।ਮਾਸਟਰ ਕਾਡਰ ਲਈ ਸਕੂਲ ਸਿੱਖਿਆ ਵਿਭਾਗ ਵੱਲੋਂ 29-05-2024 ਅਤੇ 05-08-2024 ਨੂੰ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਦੇ ਆਧਾਰ 'ਤੇ ਤਰੱਕੀ ਦੇ ਹੁਕਮ ਜਾਰੀ ਕੀਤੇ ਗਏ ਹਨ।ਅਧਿਆਪਕਾਂ ਨੂੰ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਨੂੰ ਵਿਦਿਆਰਥੀਆਂ ਲਈ ਵਧੇਰੇ ਪ੍ਰਭਾਵਸ਼ਾਲੀ ਵਿੱਦਿਅਕ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਹੋਰ ਮਿਹਨਤ ਕਰਨ ਵਾਸਤੇ ਪ੍ਰੇਰਿਤ ਕੀਤਾ

# ਨਿਊ ਡੈਮੋਕਰੇਸੀ ਵੱਲੋਂ ਖੱਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਅੱਜ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਸ਼ਹੀਦੇ-ਆਜ਼ਮ ਸ.ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ 23 ਮਾਰਚ ਨੂੰ ਖੱਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਪਾਰਟੀ ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਦੱਸਿਆ ਕਿ ਗੁਰਦੁਆਰਾ ਝੰਡਾ ਜੀ ਦੇ ਗੇਟ ਕੋਲ ਕੀਤੀ ਜਾ ਰਹੀ ਇਸ ਸਿਆਸੀ ਕਾਨਫਰੰਸ ਨੂੰ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖੱਟਕੜ, ਜ਼ਿਲ੍ਹਾ ਆਗੂ ਦਲਜੀਤ ਸਿੰਘ ਐਡਵੋਕੇਟ ਅਤੇ ਹੋਰ ਆਗੂ ਸੰਬੋਧਨ ਕਰਨਗੇ।ਇਸ ਮੌਕੇ ਆਜ਼ਾਦ ਰੰਗ-ਮੰਚ ਫਗਵਾੜਾ ਦੀ ਨਾਟਕ ਟੀਮ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ।

# ਅੱਵਲ ਆਉਣ ਵਾਲੇ ਵਿਦਿਆਰਥੀਆਂ ਦਾ ਸਨਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ.ਟੀ.ਐਮ ਆਰੀਆ ਕਾਲਜ ਦੇ 12 ਵਿਦਿਆਰਥੀਆਂ, ਜਿਨ੍ਹਾਂ ਵਿੱਚੋ ਦੋ ਤਨੀਸ਼ਾ,ਬਿਕਰਮਜੀਤ ਸਿੰਘ, 70% ਤੋਂ ਵੱਧ ਅੰਕ ਲੈ ਕੇ ਅਤੇ ਦਸ ਵਿਦਿਆਰਥੀ ਅੰਮ੍ਰਿਤਾ, ਮੁਸਕਾਨ ਨਿਤੀਸ਼, ਸਾਹਿਲਪ੍ਰੀਤ, ਰਾਜਵੀਰ, ਮਨਪ੍ਰੀਤ, ਬਨੀਤਾ, ਹੀਨਾ, ਰਮਨਦੀਪ 60% ਤੋਂ ਵੱਧ ਅੰਕ ਲੈ ਕੇ ਬੀ ਏ ਸਮੈਸਟਰ ਪੰਜਵੇਂ ਦੀ ਪ੍ਰੀਖਿਆ ਪਾਸ ਕੀਤੀ, ਦਾ ਸਨਮਾਨ ਕਾਲਜ ਦੇ ਨਿਰਦੇਸ਼ਕ ਪ੍ਰੋ. ਆਰ ਕੇ ਜੈਨ ਨੇ ਕੀਤਾ।ਇਸ ਮੌਕੇ ਉਨ੍ਹਾਂ ਅਧਿਆਪਕਾ ਦੀ ਵੀ ਸ਼ਲਾਘਾ ਕੀਤੀ ਜਿਨ੍ਹਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਪ੍ਰੀਖਿਆ ਵਿਚ ਸਫਲਤਾ ਹਾਸਲ ਕੀਤੀ।



# ਐਮ ਏ ਅਰਥ ਸ਼ਾਸਤਰ ਦਾ ਨਤੀਜਾ ਰਿਹਾ ਸ਼ਾਨਦਾਰ

**ਮਾਹਿਲਪੁਰ (ਸ.ਫਰੀ)** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐਮ ਏ ਇਕਨੌਮਿਕਸ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਅਰਥਸ਼ਾਸਤ ਵਿਭਾਗ ਦੇ ਮੁੱਖੀ ਪ੍ਰੋਫੈਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਐਮ ਏ ਅਰਸ਼ ਸ਼ਾਸਤਰ ਦੇ ਪਹਿਲੇ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਪਾਇਲ ਨੇ 83.7 ਫੀਸਦੀ ਅੰਕਾਂ ਨਾਲ ਪਹਿਲਾ, ਅਨੀਤਾ ਬਾਲੀ ਨੇ 79.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਐਮ ਏ ਅਰਥ ਸ਼ਾਸਤਰ ਦੇ ਤੀਜਾ ਸਮੈਸਟਰ ਵਿੱਚ ਵਿਦਿਆਰਥਣ ਦੀਯਾ ਨੇ 75.7 ਫੀਸਦੀ ਅੰਕਾਂ ਨਾਲ ਪਹਿਲਾ ਅਤੇ ਵਿਦਿਆਰਥੱ ਸਵਿਤਾ ਬਾਲੀ ਨੇ 71.5 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ।ਉਹਨਾਂ ਦੱਸਿਆ ਕਿ ਉਕਤ ਕੋਰਸ ਦੇ ਬਾਕੀ ਵਿਦਿਆਰਥੀਆਂ ਦਾ ਨਤੀਜਾ ਵੀ ਸੌ ਫੀਸਦੀ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਸਮੇਤ ਅਰਥ ਸ਼ਾਸਤਰ ਵਿਭਾਗ ਦੇ ਹੋਰ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਚੰਗੇ ਨਤੀਜੇ ਲਈ ਸ਼ੁਭਕਾਮਨਾਵਾਂ ਦਿੱਤੀਆਂ।



# ਰਾਮ ਨੌਮੀ ਮੌਕੇ ਸ਼ੋਭਾ ਯਾਤਰਾ 'ਚ ਸ਼ਾਮਲ ਹੋਣ ਦਾ ਸੱਦਾ



**ਕਪੂਰਥਲਾ (ਮਨਜੀਤ ਮਾਨ)** ਸ਼੍ਰੀ ਸਨਾਤਨ ਧਰਮ ਸਭਾ ਦੇ ਜਨਮ ਦਿਹਾੜੇ ਮੌਕੇ ਧਾਰਮਿਕ ਸਮਾਗਮ 5 ਅਤੇ 6 ਅਪ੍ਰੈਲ ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਸ਼੍ਰੀ ਸਨਾਤਨ ਧਰਮ ਸਭਾ ਕਪੂਰਥਲਾ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।ਇਸ ਦੌਰਾਨ 5 ਅਪ੍ਰੈਲ ਦਿਨ ਸ਼ਨੀਵਾਰ ਨੂੰ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ, ਜਿਹੜੀ ਕਿ ਸਨਾਤਨ ਧਰਮ ਸਭਾ ਤੋਂ ਸ਼ੁਰੂ ਹੋ ਕੇ ਸਾਰੇ ਸ਼ਹਿਰ ਦਾ ਚੱਕਰ ਕੱਢਣ ਉਪਰੰਤ ਧਰਮ ਸਭਾ ਵਿਖੇ ਹੀ ਸਮਾਪਤ ਹੋਵੇਗੀ। 6 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10 ਵਜੇ ਹਵਨ ਯੱਗ ਕਰਵਾਇਆ ਜਾਵੇਗਾ ਅਤੇ ਪ੍ਰਸਿੱਧ ਭਜਨ ਮੰਡਲੀਆਂ ਵੱਲੋਂ ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਵਹਿਮਾਂ ਦਾ ਗੁਣਗਾਨ ਕੀਤਾ ਜਾਵੇਗਾ।ਇਸ ਸਮਾਗਮ ਦੇ ਸੰਬੰਧ ਵਿੱਚ ਸੁਭਾਸ਼ ਮਕਰੰਦੀ ਪ੍ਰਧਾਨ ਸਨਾਤਨ ਧਰਮ ਸਭਾ ਕਪੂਰਥਲਾ, ਕਮਲ ਮਲਹੋਤਰਾ ਵਾਇਸ ਪ੍ਰਧਾਨ ਸਨਾਤਨ ਧਰਮ ਸਭਾ, ਪੰਡਿਤ ਸੰਦੀਪ ਸ਼ਰਮਾ ਪ੍ਰਧਾਨ ਸ਼ਿਵ ਸੈਨਾ ਯੁਵਾ ਜ਼ਿਲ੍ਹਾ ਕਪੂਰਥਲਾ, ਅਨਿਲ ਕੁਮਾਰ ਰਾਜਨ, ਰਾਕੇਸ਼ ਚੋਪੜਾ ਪ੍ਰਧਾਨ ਗਊਸ਼ਾਲਾ ਕਪੂਰਥਲਾ, ਵਿਜੇ ਖੋਸਲਾ ਜਨਰਲ ਸੈਕਟਰੀ ਸਨਾਤਨ ਧਰਮ ਸਭਾ, ਚੇਤਨ ਸੂਰੀ ਅਤੇ ਸਾਹਿਲ ਗੁਪਤਾ ਆਦਿ ਵੱਲੋਂ ਅੱਜ ਸਿੱਧਵਾਂ ਦੋਨਾਂ ਅਤੇ ਪਿੰਡ ਥਿਗਲੀ ਵਿਖੇ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਕੇ ਜੈ ਦੁਰਗਾ ਸੇਵਾ ਸੰਮਤੀ ਤੇ ਸ੍ਰੀ ਰਘੁਨਾਥ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੋਮ ਦੱਤ ਸ਼ਰਮਾ ਅਤੇ ਪਿੰਡ ਥਿਗਲੀ ਦੇ ਨੰਬਰਦਾਰ ਪੰਡਿਤ ਲਾਭ ਚੰਦ ਥਿਗਲੀ ਨੂੰ ਸਨਾਤਨ ਸਭਾ ਵਿਖੇ ਕਰਵਾਏ ਜਾ ਰਹੇ ਸਮਾਗਮ ਅਤੇ ਰਾਮ ਨੌਮੀ ਦੇ ਸਬੰਧ ਵਿੱਚ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਵਿੱਚ ਪਹੁੰਚਣ ਲਈ ਨਿਮਰਤਾ ਪੱਤਰ ਦਿੱਤਾ ਗਿਆ।

# ਬੂਟਿਆਂ ਦਾ ਲੰਗਰ ਅੱਜ ਲਾਇਆ ਜਾਵੇਗਾ : ਅਜਨੋਹਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ. ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ।ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਪੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ।ਡਿਸਪੈਂਸਰੀ ਅਤੇ ਲੈਬੋਰਟਰੀ ਦੇ ਸਹਿਯੋਗ ਨਾਲ ਗਰੀਬ ਦਾ ਮੂੰਹ,ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵੱਲੋਂ 16 ਵਾਂ ਬੂਟਿਆਂ ਦਾ ਲੰਗਰ 23 ਮਾਰਚ ਨੂੰ ਸਵੇਰੇ 10 ਤੋਂ 3 ਵਜੇ ਤੱਕ ਗੁਰਦੁਆਰਾ ਸਾਹਿਬ ਬਾਬਾ ਯੱਖ ਜੀ ਪਿੰਡ ਨਰੂੜ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਲਗਾਇਆ ਜਾ ਰਿਹਾ ਹੈ।ਲੰਗਰ ਵਿੱਚ ਦਵਾਈਆਂ ਵਾਲੇ, ਛਾਂ ਵਾਲੇ ਅਤੇ ਫਲਦਾਰ ਬੂਟੇ ਵੰਡੇ ਜਾਣਗੇ। ਵਾਤਾਵਰਨ ਨੂੰ ਵਧੀਆ ਤੇ ਸਾਫ ਸੁਥਰਾ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਬਹੁਤ ਜਰੂਰੀ ਹਨ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਕਮਲਜੀਤ ਸਿੰਘ ਰਾਣਾ ਖਾਲਸਾ ਅਜਨੋਹਾ, ਬਰਿੰਦਰ ਸਿੰਘ ਬਿੰਦਰ ਪੰਜੋੜਾ, ਗੁਰਪਾਲ ਸਿੰਘ ਨਡਾਲੋਂ, ਹਰਕੀਰਤ ਸਿੰਘ ਗੋਰਖਾ ਅਜਨੋਹਾ, ਸਾਧੂ ਸਿੰਘ ਨਡਾਲੋਂ ਅਤੇ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਰਾਸ਼ਟਰੀ ਟੀਕਾਕਰਨ ਦਿਵਸ ਮਨਾਇਆ

**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ )** ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਐਸ ਟੀ ਕਾਲਜ ਆਫ ਨਰਸਿੰਗ ਮਾਹਿਲਾਂਵਾਲੀ ਵਿਖੇ ਰਾਸ਼ਟਰੀ ਟੀਕਾਕਰਨ ਦਿਵਸ ਮਨਾਇਆ ਗਿਆ, ਜਿਸ ਵਿੱਚ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ.ਐਚ.ਸੀ ਹਾਰਟਾ ਬੱਡਲਾ ਡਾ. ਮਨਪ੍ਰੀਤ ਸਿੰਘ ਬੈਂਸ ਮੁੱਖ ਮਹਿਮਾਨ ਦੇ ਵਜੋਂ ਹਾਜ਼ਰ ਹੋਏ।ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਾ. ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਭਾਰਤ ਨੇ ਆਪਣੇ ਟੀਕਾਕਰਨ ਯਤਨਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ,ਜਿਸ ਵਿੱਚ ਸਰਵ ਵਿਆਪਕ ਟੀਕਾਕਰਨ ਕਵਰੇਜ ਅਤੇ ਸਿਹਤ ਸਮਾਨਤਾ ਪ੍ਰਤੀ ਮਜ਼ਬੂਤ ਵਚਨਬੱਧਤਾ ਹੈ। ਉਨਾਂ ਕਿਹਾ ਕਿ ਯੂਨੀਵਰਸਲ ਟੀਕਾਕਰਨ ਪ੍ਰੋਗਰਾਮ (UIP) ਭਾਰਤ ਦੇ ਸਭ ਤੋਂ ਵਿਆਪਕ ਜਨਤਕ ਸਿਹਤ ਪਹਿਲਕਦਮੀਆਂ ਵਿੱਚੋਂ ਇੱਕ ਹੈ।ਜਿਸ ਦਾ ਉਦੇਸ਼ ਹਰ ਸਾਲ ਲੱਖਾਂ ਨਵਜੰਮੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਜੀਵਨ-ਰੱਖਿਅਕ ਟੀਕੇ ਪ੍ਰਦਾਨ ਕਰਨਾ ਹੈ। UIP ਭਾਰਤ ਦੇ ਜਨਤਕ ਸਿਹਤ ਯਤਨਾਂ ਦਾ ਇੱਕ ਕੇਂਦਰੀ ਹਿੱਸਾ ਬਣ ਗਿਆ ਤਾਂ ਕਿ ਦੇਸ਼ ਦੇ ਸਭ ਤੋਂ ਦੂਰ-ਦੁਰਾਡੇ ਹਿੱਸਿਆਂ ਵਿੱਚ ਰਹਿ ਰਹੇ ਬੱਚਿਆਂ ਤੱਕ ਵੀ ਇਸ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।ਇਸ ਮੌਕੇ ਹਾਜ਼ਰ ਹੈਲਥ ਇੰਸਪੈਕਟਰ ਸ਼੍ਰੀ ਵਿਸ਼ਾਲ ਪੁਰੀ ਨੇ ਦੱਸਿਆ ਕਿ ਸਿਹਤ ਵਿਭਾਗ ਬੱਚਿਆਂ ਅਤੇ ਮਾਵਾਂ ਦੀ ਮੌਤ ਦਰ ਨੂੰ ਘਟਾਉਣ ਲਈ ਵਿਸ਼ੇਸ਼ ਉਪਰਾਲੇ ਉਲੀਕਦਾ ਰਹਿੰਦਾ ਹੈ, ਜਿਨ੍ਹਾਂ ਵਿੱਚੋਂ ਇੱਕ ਟੀਕਾਕਰਨ ਪ੍ਰੋਗਰਾਮ ਵੀ ਹੈ, ਜੋ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਮੁਫਤ ਚਲਾਇਆ ਜਾ ਰਿਹਾ ਹੈ। ਇਸ ਮੌਕੇ ਕਾਲਜ ਦੇ ਚੇਅਰਮੈਨ ਸ਼੍ਰੀ ਹਰੀਸ਼ ਕਪੂਰ,ਐਮ.ਡੀ ਸ਼੍ਰੀਮਤੀ ਅੰਜੂ ਕੁੰਦਰਾ,ਪ੍ਰਿੰਸੀਪਲ ਜੋਤੀ ਸੈਣੀ ਅਤੇ ਅਧਿਆਪਕ ਹਾਜ਼ਰ ਸਨ।



# 28ਵੀਂ ਬਰਸੀ ਤੇ ਸਥਾਪਨਾ ਦਿਵਸ ਅੱਜ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਡੇਰਾ ਬਾਬਾ ਲਾਲ ਨਾਥ ਜੀ ਪ੍ਰਬੰਧਕ ਕਮੇਟੀ ਵੱਲੋਂ ਸਤਿਗੁਰ ਲਾਲ ਨਾਥ ਦੀ 28 ਵੀ ਬਰਸੀਂ ਅਤੇ ਸਥਾਪਨਾ ਦਿਵਸ 23 ਮਾਰਚ ਦਿਨ ਐਤਵਾਰ ਨੂੰ ਭਗਵਾਨ ਵਾਲਮੀਕ ਯੋਗ ਆਸ਼ਰਮ ਰਹੀਮਪੁਰ ਨੇੜੇ ਪੁੱਲ ਉਗੀ ਜ਼ਿਲ੍ਹਾ ਜਲੰਧਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਮੁੱਖ ਸੰਚਾਲਕ ਬਾਲ ਯੋਗੀ ਪ੍ਰਗਟ ਨਾਥ ਨੇ ਦੱਸਿਆ ਕਿ 17 ਮਾਰਚ ਦਿਨ ਸੋਮਵਾਰ ਤੋਂ ਆਰੰਭ ਕੀਤੇ ਗਏ ਸ੍ਰੀ ਯੋਗ ਵਸਿਸ਼ਟ ਦਾ ਅਖੰਡ ਜਾਪ ਦੇ ਭੋਗ 23 ਮਾਰਚ ਨੂੰ ਸਵੇਰੇ 10 ਵਜੇ ਪਾਏ ਜਾਣਗੇ ਤੇ ਝੰਡੇ ਦੀ ਰਸਮ ਸਵੇਰੇ 11 ਵਜੇ ਹੋਵੇਗੀ ਅਤੇ 11.30 ਵਜੇ ਤੋਂ ਲੈਕੇ 2 ਵਜੇ ਤੱਕ ਕੀਰਤਨ ਹੋਵੇਗਾ, ਜਿਸ ਵਿਚ ਭਾਈ ਲਖਵੀਰ ਸਿੰਘ ਜਾਹਾਗੀਰ ਵਾਲੇ, ਬਾਬਾ ਸਤਨਾਮ ਸਿੰਘ ਜੀ ਚਿਮਟਿਆਂ ਵਾਲੇ, ਗਿਆਨੀ ਕੁਲਦੀਪ ਸਿੰਘ ਬਾਜਵਾ ਵਾਲੇ, ਸੰਦੀਪ ਕੁਲਾਰ, ਸਰਬਜੀਤ ਸਹੋਤਾ, ਗੁਰਪ੍ਰੀਤ ਗੋਪੀ ਲਵ, ਕੁਸ਼ ਕੀਰਤਨੀ ਜਥਾ, ਅਤੇ ਬ੍ਰਾਹਮ ਸਿਮਰਨ ਕੀਰਤਨੀ ਜਥਾ ਕੁਲਾਰਾ ਵਾਲੇ ਆਦਿ ਹੋਰ ਵੀ ਕੀਰਤਨੀ ਜਥੇ ਪਹੁੰਚ ਰਹੇ ਹਨ।

# ਇੰਦਾ ਘਈ ਦੇ 'ਬਾਵਾ ਸਾਹਿਬ ਦੀ ਕਿਰਪਾ' ਗੀਤ ਦਾ ਪੋਸਟਰ ਜਾਰੀ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਆ ਰਹੇ 14 ਅਪ੍ਰੈਲ ਨੂੰ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਲੇਖਕ ਅਤੇ ਗਾਇਕ ਇੰਦਾ ਘਈ ਨਵਾਂ ਪਿੰਡ ਸ਼ੌਕੀਆ ਵਾਲਿਆਂ ਵੱਲੋਂ 'ਬਾਵਾ ਸਾਹਿਬ ਦੀ ਕਿਰਪਾ' ਗੀਤ ਲੋਕਾਂ ਦੀ ਕਚਹਿਰੀ ਵਿੱਚ ਬਹੁਤ ਛੇਤੀ ਪੇਸ਼ ਕੀਤਾ ਜਾ ਰਿਹਾ, ਜਿਸ ਦਾ ਪੋਸਟਰ ਜਾਰੀ ਕੀਤਾ ਗਿਆ। ਇਹ ਜਾਣਕਾਰੀ ਮੀਡੀਆ ਨਾਲ ਸਾਂਝੀ ਕਰਦਿਆਂ ਮਲਕੀਤ ਚੁੰਬਰ ਨੇ ਦੱਸਿਆ ਕਿ ਇਸ ਗੀਤ ਦੇ ਲੇਖਕ ਲਾਡੀ ਚੁੰਬਰ ਖੁਣਖੁਣਾ ਅਤੇ ਪੰਜਾਬ ਦੇ ਪ੍ਰਸਿੱਧ ਕਲਾਕਾਰ ਬਾਪੂ ਲਾਲ ਬਾਦਸ਼ਾਹ ਜੀ ਨਕੋਦਰ ਵਾਲਿਆਂ ਦੇ ਦਰਬਾਰੀ ਕਲਾਕਾਰ ਜਮਨਾ ਰਸੀਲਾ ਦੇ ਲਾਡਲੇ ਸ਼ਾਗਿਰਦ ਇੰਦਾ ਘਈ ਦੀ ਅਵਾਜ਼ ਵਿੱਚ ਤੁਹਾਡੀ ਕਚਹਿਰੀ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਮਲਕੀਤ ਚੁੰਬਰ ਸਾਬਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਵੱਲੋਂ ਪਿਆਰ ਭਰਿਆ ਅਸ਼ੀਰਵਾਦ ਇੰਦਾ ਘਈ ਨੂੰ ਦਿੱਤਾ ਗਿਆ।

# ਸੰਤੋਸ਼ ਕੁਮਾਰ ਗੋਗੀ ਨੇ ਇੰਪਰੂਵਮੈਂਟ ਦੇ ਟਰੱਸਟੀ ਵਜੋਂ ਲਿਆ ਚਾਰਜ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਇੰਮਪਰੂਵਮੈਂਟ ਟਰੱਸਟ ਫਗਵਾੜਾ ਦੇ ਪੰਜਾਬ ਸਰਕਾਰ ਵਲੋਂ ਨਵੇਂ ਨਾਮਜ਼ਦ ਕੀਤੇ ਗਏ ਟਰੱਸਟੀ ਸੰਤੋਸ਼ ਗੋਗੀ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਕਪੂਰਥਲਾ ਆਮ ਆਦਮੀ ਨੇ ਇੰਮਪਰੂਵਮੈਂਟ ਟਰੱਸਟ ਦਫ਼ਤਰ ਫਗਵਾੜਾ ਦੇ ਦਫ਼ਤਰ ਵਿੱਚ ਐਡਵੋਕੇਟ ਕਸ਼ਮੀਰ ਮੱਲੀ ਚੇਅਰਮੈਨ ਇੰਮਪਰੂਵਮੈਂਟ ਟਰੱਸਟ ਫਗਵਾੜਾ, ਸੁਰਿੰਦਰ ਸਿੰਘ ਸੋਢੀ ਹਾਕੀ ਓਲੰਪੀਅਨ , ਲਲਿਤ ਸਕਲਾਨੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਕਪੂਰਥਲਾ, ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਦੀ ਹਾਜ਼ਰੀ ਵਿੱਚ ਟਰੱਸਟੀ ਵਜੋਂ ਚਾਰਜ ਸੰਭਾਲਿਆ। ਇਸ ਸਮੇਂ ਵੱਡੀ ਗਿਣਤੀ ਵਿੱਚ ਸ਼ਹਿਰੀ, ਆਮ ਆਦਮੀ ਪਾਰਟੀ ਵਰਕਰ, ਤੇ ਆਗੂ ਹਾਜ਼ਰ ਸਨ। ਗੋਗੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਸਿਪਾਹੀ ਹਨ ਅਤੇ ਉੱਚ ਨੇਤਾਵਾਂ ਵਲੋਂ ਜਿਥੇ ਵੀ ਉਹਨਾਂ ਦੀਆਂ ਸੇਵਾਵਾਂ ਦੀ ਲੋੜ ਹੈ, ਉਹ ਪੂਰੀ ਇਮਾਨਦਾਰੀ ਨਾਲ ਕਰਨਗੇ।ਉਹਨਾਂ ਨੇ ਸ਼ਹਿਰੀਆਂ ਤੇ ਆਮ ਆਦਮੀ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਹਰ ਸਮੇਂ ਲੋਕ ਸੇਵਾ ਵਿੱਚ ਹਨ ਅਤੇ ਕੋਈ ਵੀ ਉਹਨਾਂ ਨੂੰ ਸਮਾਜਿਕ ਅਤੇ ਸਰਕਾਰੀ ਕੰਮਾਂ ਲਈ ਸੰਪਰਕ ਕਰ ਸਕਦਾ ਹੈ। ਇਸ ਸਮੇ ਹੋਰਨਾਂ ਤੋਂ ਬਿਨਾਂ ਪ੍ਰਿਤਪਾਲ ਕੌਰ ਤੁੱਲੀ ਐਮ.ਸੀ., ਜਸਦੇਵ ਸਿੰਘ ਪ੍ਰਿੰਸ ਐਮ.ਸੀ. , ਨੇਹਾ ਓਹਰੀ ਐਮ. ਸੀ., ਵਿਜੈ ਬਸੰਤ ਨਗਰ ਐਮ.ਸੀ., ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਅੰਕੁਸ਼ ਓਹਰੀ, ਸੁਭਾਸ਼ ਕਵਾਤਰਾ, ਡਾ. ਜਤਿੰਦਰ ਸਿੰਘ ਪਰਹਾਰ, ਜਤਿੰਦਰ ਨਾਹਰ, ਕੇਵਿਨ ਸਿੰਘ ਬਲਾਕ ਪ੍ਰਧਾਨ, ਮਨਮੋਹਨ ਸਿੰਘ ਬਲਾਕ ਪ੍ਰਧਾਨ, ਸੰਜੇ ਗੁਪਤਾ, ਦਿਨੇਸ਼ ਕੁਮਾਰ ਠੇਕੇਦਾਰ, ਮੁਨੀਸ਼ ਕਾਲੀਆ, ਵਿਨੋਦ ਭਾਸਕਰ ਬਲਾਕ ਪ੍ਰਧਾਨ, ਰਮਨ ਨੇਹਰਾ ਪੰਜਾਬ ਪ੍ਰਧਾਨ ਹਿਊਮਨ ਰਾਈਟਸ ਕੌਂਸਲ ਇੰਡੀਆ ਐਂਟੀ ਕਰੱਪਸ਼ਨ ਸੈੱਲ, ਸੰਦੀਪ ਕਾਲੀਆ, ਵਿਜੇ ਤਰੀਖਾ ਸੋਸ਼ਲ ਮੀਡੀਆ ਇੰਚਾਰਜ ਆਪ ਫਗਵਾੜਾ, ਵਿਜੇ ਬੰਗਾ ਹਲਕਾ ਕਾਰਡੀਨੇਟਰ, ਆਸ਼ੂ ਜੱਸੀ ਬਲਾਕ ਪ੍ਰਧਾਨ, ਰਾਮਕ੍ਰਿਸ਼ਨ, ਹਰਪਾਲ ਢਿੱਲੋਂ, ਨਿਤਿਨ ਮੱਟੂ, ਹਰਜਿੰਦਰ ਗੋਗਨਾ, ਰਾਕੇਸ਼ ਕੋਛੜ, ਰਵਿੰਦਰ ਸਿੰਘ ਰਾਏ, ਸੁਧਾ ਬੇਦੀ, ਜਗਦੀਪ ਕੁਰਲ ਸੀਨੀਅਰ ਸਹਾਇਕ, ਵਿਸ਼ਾਲ ਮਿਸ਼ਰਾ ਕੰਪਿਊਟਰ ਓਪਰੇਟਰ ਆਦਿ ਹਾਜ਼ਰ ਸਨ।

# ਸੰਤ ਸਤਵਿੰਦਰ ਹੀਰਾ ਦਾ ਜਬਲਪੁਰ 'ਚ ਨਿੱਘਾ ਸਵਾਗਤ

● ਸੰਗਤਾਂ ਨੂੰ ਆਦਿ ਧਰਮ ਦੇ ਮੂਲ ਸਿਧਾਂਤਾਂ 'ਤੇ ਚੱਲਣਾ ਚਾਹੀਦਾ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )** ਜਬਲਪੁਰ, ਮੱਧ ਪ੍ਰਦੇਸ਼ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦਾ ਜਬਲਪੁਰ ਮੱਧ ਪ੍ਰਦੇਸ਼ ਪਹੁੰਚਣ 'ਤੇ ਸਥਾਨਕ ਸਾਧ-ਸੰਗਤ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਥੇ ਵਿਸ਼ੇਸ਼ ਸਤਿਸੰਗ ਪ੍ਰੋਗਰਾਮਾਂ ਲਈ ਪਹੁੰਚੇ ਸੰਤ ਹੀਰਾ ਦਾ ਸ਼ਹਿਰ 'ਚ ਦਾਖਲ ਹੁੰਦੇ ਹੀ ਭਿੰਨ-ਭਿੰਨ ਸਮਾਜਿਕ ਵਰਗਾਂ ਦੇ ਲੋਕਾਂ, ਆਧਿਆਤਮਿਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਅਤੇ ਸ਼ਰਧਾਲੂਆਂ ਵੱਲੋਂ ਫੁੱਲਮਾਲਾਵਾਂ ਅਤੇ ਜੈਕਾਰਿਆਂ ਨਾਲ ਸਨਮਾਨ ਕੀਤਾ ਗਿਆ।ਸੰਤ ਸਤਵਿੰਦਰ ਹੀਰਾ ਨੇ ਸਭ ਤੋਂ ਪਹਿਲਾਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਸਮਾਜਿਕ ਨਿਆਂ ਦੇ ਮਹਾਨਾਇਕ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਪ੍ਰਤਿਮਾ 'ਤੇ ਫੁੱਲਾਂ ਮਾਲਾਵਾਂ ਭੇਟ ਕਰਕੇ ਸ਼ਰਧਾ ਸੁਮਨ ਭੇਟ ਕੀਤੇ।ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ ਬਾਬਾ ਸਾਹਿਬ ਦਾ ਜੀਵਨ ਮਨੁੱਖਤਾ, ਸਮਾਨਤਾ ਅਤੇ ਸਿੱਖਿਆ ਦੇ ਪ੍ਰਕਾਸ਼ ਰਾਹੀਂ ਸਮਾਜ ਨੂੰ ਉਂਜਾਲਾ ਕਰਨ ਦਾ ਸੰਦੇਸ਼ ਦਿੰਦਾ ਹੈ।ਸਾਨੂੰ ਉਨ੍ਹਾਂ ਦੇ ਆਦਰਸ਼ਾਂ ਨੂੰ ਆਪਣੀ ਜ਼ਿੰਦਗੀ 'ਚ ਅਪਣਾਉਂਦਿਆਂ ਇੱਕਜੁੱਟ ਸਮਾਜ ਦਾ ਨਿਰਮਾਣ ਕਰਨਾ ਚਾਹੀਦਾ ਹੈ।ਆਦਿ ਧਰਮ ਮਿਸ਼ਨ ਦੇ ਸੰਦੇਸ਼ 'ਤੇ ਵਿਚਾਰ ਪੇਸ਼ ਕਰਦਿਆਂ ਸੰਤ ਹੀਰਾ ਨੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੰਗਠਨ ਦਾ ਮੁੱਖ ਉਦੇਸ਼ ਆਧਿਆਤਮਿਕ ਜਾਗਰੂਕਤਾ, ਸਮਾਜਿਕ ਏਕਤਾ ਅਤੇ ਪੱਛੜੇ ਵਰਗਾਂ ਦੇ ਉਤਥਾਨ ਲਈ ਕੰਮ ਕਰਨਾ ਹੈ।ਉਨ੍ਹਾਂ ਨੇ ਧਾਰਮਿਕ ਸਹਿਣਸ਼ੀਲਤਾ, ਸਿੱਖਿਆ ਅਤੇ ਸਮਾਜਿਕ ਭਲਾਈ ਦੀ ਮਹੱਤਤਾ 'ਤੇ ਜੋਰ ਦਿੰਦੇ ਹੋਏ ਸੰਗਤਾਂ ਨੂੰ ਆਦਿ ਧਰਮ ਦੇ ਮੂਲ ਸਿਧਾਂਤਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਆਦਿ ਧਰਮ ਮਿਸ਼ਨ ਭਾਰਤ ਦੀਆਂ ਜਨ ਸਮਰਥਨ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਚਰਚਾ ਕਰਦਿਆਂ ਜਬਲਪੁਰ ਆਦਿ ਧਰਮ ਮੰਡਲ ਦੇ ਆਗੂਆਂ ਵੱਲੋਂ ਸੰਤ ਸਤਵਿੰਦਰ ਹੀਰਾ ਵਲੋਂ ਬਹੁਜਨ ਰਹਿਬਰਾਂ ਦੇ ਸੰਘਰਸ਼ ਲਈ ਕੀਤੇ ਯਤਨਾਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੇ ਸਿੱਖਿਆ ਅਤੇ ਸਮਾਜਿਕ ਕਲਿਆਣ ਪ੍ਰੋਗਰਾਮਾਂ ਨੂੰ 'ਯੁਗਾਂਤਰਕਾਰੀ' ਅਤੇ ਸਮਾਜ ਲਈ ਕਲਿਆਣਕਾਰੀ ਦੱਸਿਆ।ਮੱਧ ਪ੍ਰਦੇਸ਼ ਦੇ ਦੌਰੇ ਦੌਰਾਨ ਸੰਤ ਸਤਵਿੰਦਰ ਹੀਰਾ ਪੇਂਡੂ ਇਲਾਕਿਆਂ 'ਚ ਜਨ ਸਭਾਵਾਂ ਨੂੰ ਸੰਬੋਧਨ ਕਰਨਗੇ ।



# ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਦੀ ਡਵੀਜ਼ਨ ਪੱਧਰੀ ਚੋਣ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਰੂਪਨਗਰ ਦੀ ਡਵੀਜ਼ਨ ਪੱਧਰੀ ਚੋਣ ਜਥੇਬੰਦੀ ਦੇ ਸੂਬਾ ਸਕੱਤਰ ਰਾਜਨ ਸ਼ਰਮਾ ਤੇ ਡਵੀਜ਼ਨ ਪ੍ਰਧਾਨ ਦਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਸਭ ਤੋਂ ਪਹਿਲਾਂ ਜਥੇਬੰਦੀ ਦੇ ਕੈਸ਼ੀਅਰ ਨਵੀਨ ਕੁਮਾਰ ਰਾਣਾ ਨੇ ਪਿਛਲੇ 2 ਸਾਲਾਂ ਦਾ ਲੇਖਾ-ਜੋਖਾ ਪੇਸ਼ ਕੀਤਾ।ਜਦਕਿ ਪ੍ਰਧਾਨ ਦਵਿੰਦਰ ਕੁਮਾਰ ਨੇ ਜਥੇਬੰਦੀ ਦੀ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਤੋਂ ਉਪਰੰਤ ਮੀਟਿੰਗ ਦੌਰਾਨ 4 ਸਬ-ਡਵੀਜ਼ਨਾਂ ਬਲਾਚੌਰ, ਨੂਰਪੁਰਬੇਦੀ, ਸ਼੍ਰੀ ਅਨੰਦਪੁਰ ਸਾਹਿਬ ਅਤੇ ਰੂਪਨਗਰ ਤੋਂ ਹਾਜ਼ਰ ਹੋਏ ਨੁਮਾਇੰਦਿਆਂ ਨੇ ਸਰਵਸੰਮਤੀ ਨਾਲ ਡਵੀਜਨ ਕਮੇਟੀ ਦੀ ਚੋਣ ਕੀਤੀ। ਜਿਸ ਦੌਰਾਨ ਬਲਾਚੌਰ ਤੋਂ ਦਵਿੰਦਰ ਕੁਮਾਰ ਨੂੰ ਡਵੀਜ਼ਲ ਪ੍ਰਧਾਨ, ਨੂਰਪੁਰਬੇਦੀ ਤੋਂ ਰਾਜਨ ਸ਼ਰਮਾ ਨੂੰ ਜਨਰਲ ਸਕੱਤਰ, ਬਲਾਚੌਰ ਦੇ ਬਲਜੀਤ ਸਿੰਘ ਨੂੰ ਮੀਤ ਪ੍ਰਧਾਨ, ਸ਼੍ਰੀ ਅਨੰਦਪੁਰ ਸਾਹਿਬ ਦੇ ਕਰਮਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਬਲਾਚੌਰ ਦੇ ਨਵੀਨ ਕੁਮਾਰ ਰਾਣਾ ਨੂੰ ਖਜ਼ਾਨਚੀ, ਰੂਪਨਗਰ ਦੇ ਦਵਿੰਦਰ ਸਿੰਘ ਨੂੰ ਸੰਯੁਕਤ ਜਨਰਲ ਸਕੱਤਰ, ਨੂਰਪੁਰਬੇਦੀ ਦੇ ਨਵਜੋਤ ਸਿੰਘ ਚਾਨੀ ਨੂੰ ਪ੍ਰੈੱਸ ਸਕੱਤਰ, ਸ਼੍ਰੀ ਅਨੰਦਪੁਰ ਸਾਹਿਬ ਦੇ ਜਸਵੀਰ ਸਿੰਘ ਨੂੰ ਸਲਾਹਕਾਰ ਜਦਕਿ ਨੂਰਪੁਰਬੇਦੀ ਦੇ ਜਸਪ੍ਰੀਤ ਸਿੰਘ ਅਤੇ ਸ਼੍ਰੀ ਅਨੰਦਪੁਰ ਸਾਹਿਬ ਦੇ ਆਗੂ ਰਜਿੰਦਰ ਸਿੰਘ ਨੂੰ ਜਥੇਬੰਦੀ ਦਾ ਡਵੀਜ਼ਨ ਕਮੇਟੀ ਦਾ ਸਪੈਸ਼ਲ ਮੈਂਬਰ ਨਿਯੁਕਤ ਕੀਤਾ ਗਿਆ। ਬੈਠਕ ਦੌਰਾਨ ਕੁਲਵੀਰ ਸਿੰਘ, ਬਲਜੀਤ ਸਿੰਘ, ਕਰਮਜੀਤ ਸਿੰਘ, ਦਵਿੰਦਰ ਸਿੰਘ, ਜਸਵੀਰ ਸਿੰਘ, ਜਸਪ੍ਰੀਤ ਸਿੰਘ, ਰਜਿੰਦਰ ਸਿੰਘ, ਲੇਖਰਾਜ, ਰਾਮ ਚੰਦ ਅਤੇ ਸੰਜੇ ਕੁਮਾਰ ਆਦਿ ਯੂਨੀਅਨ ਆਗੂ ਹਾਜ਼ਰ ਸਨ।



# ਐੱਲ ਪੀ ਯੂ ਵਿਖੇ ਵਿਦਿਆਰਥੀ ਸੰਸਦ ਇੰਡੀਆ ਸੰਮੇਲਨ 'ਚ ਡਾ. ਨਾਰਾਇਣਨ, ਈਰਾਨੀ ਤੇ ਜਯਾ ਕਿਸ਼ੋਰੀ ਨੇ ਕੀਤੀ ਸ਼ਿਰਕਤ

**ਜਲੰਧਰ (ਸੈਲੀ ਐਲਬਰਟ )** : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਸਟੂਡੈਂਟ ਪਾਰਲੀਮੈਂਟ ਇੰਡੀਆ ਕਨਕਲੇਵ (ਸੀਐਸਆਈ) ਦਾ 8ਵਾਂ ਐਡੀਸ਼ਨ ਇੱਕ ਇਤਿਹਾਸਕ ਇਕੱਠ ਸੀ, ਜਿਸ ਵਿੱਚ 20,000 ਤੋਂ ਵੱਧ ਨੌਜਵਾਨ ਦਿਮਾਗਾਂ ਅਤੇ ਦੇਸ਼ ਦੇ ਕੁਝ ਸਭ ਤੋਂ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਇਕੱਠਾ ਕੀਤਾ ਗਿਆ । ਵਿਜ਼ਨ ਇੰਡੀਆ 2047: ਭਾਰਤ 0 100 ਥੀਮ ਦੇ ਨਾਲ, ਇਸ ਸੰਮੇਲਨ ਨੇ ਵਿਚਾਰਾਂ, ਜਨੂੰਨ ਅਤੇ ਊਰਜਾ ਦਾ ਇੱਕ ਬਿਜਲੀ ਦੇਣ ਵਾਲਾ ਮਾਹੌਲ ਬਣਾਇਆ । ਜਿਸ ਨੇ ਨੌਜਵਾਨਾਂ ਨੂੰ ਦੇਸ਼ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ।ਇਸ ਸ਼ਾਨਦਾਰ ਸਮਾਗਮ ਵਿੱਚ ਭਾਰਤੀ ਪੁਲਾੜ ਖੋਜ ਸੰਗਠਨ ਦੇ ਚੇਅਰਮੈਨ ਅਤੇ ਰੱਖਿਆ ਵਿਭਾਗ (ਇਸਰੋ) ਦੇ ਸਕੱਤਰ ਵੀ. ਨਾਰਾਇਣਨ, ਸਾਬਕਾ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ, ਮਨੁੱਖੀ ਸਰੋਤ ਵਿਕਾਸ ਅਤੇ ਕੱਪੜਾ ਮੰਤਰੀ, ਸ਼੍ਰੀਮਤੀ ਸਮ੍ਰਿਤੀ ਈਰਾਨੀ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ, ਭਾਰਤੀ ਸਿੱਖਿਆ ਸ਼ਾਸਤਰੀ ਖਾਨ ਸਰ, ਪ੍ਰੇਰਕ ਬੁਲਾਰੇ ਅਤੇ ਅਧਿਆਤਮਿਕ ਨੇਤਾ ਸ਼੍ਰੀਮਤੀ ਜਯਾ ਕਿਸ਼ੋਰੀ, ਤੇਮਜੇਨ ਇਮਨਾ ਅਲੌਂਗ, ਸੈਰ-ਸਪਾਟਾ ਅਤੇ ਉੱਚ ਸਿੱਖਿਆ ਮੰਤਰੀ, ਨਾਗਾਲੈਂਡ ਸਰਕਾਰ, ਡਾ. ਮੌਲਾਨਾ ਕਲਬੇ ਰੁਸ਼ੈਦ ਰਿਜ਼ਵੀ ਅਤੇ ਸੀਐਸਆਈ ਦੇ ਸੰਸਥਾਪਕ ਪ੍ਰਧਾਨ ਸ਼੍ਰੀ ਕੁਨਾਲ ਸ਼ਰਮਾ ਵਰਗੇ ਉੱਘੇ ਆਗੂਆਂ ਦੀ ਮੌਜੂਦਗੀ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਨਫਰੰਸ ਦਾ ਉਦਘਾਟਨ ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਦੇ ਪ੍ਰੇਰਨਾਦਾਇਕ ਭਾਸ਼ਣ ਨਾਲ ਕੀਤਾ ਗਿਆ। ਡਾ: ਮਿੱਤਲ ਨੇ ਨੌਜਵਾਨਾਂ ਨੂੰ ਬਦਲਾਅ ਲਿਆਉਣ ਦੀ ਆਪਣੀ ਸਮਰੱਥਾ ਵਿੱਚ ਵਿਸ਼ਵਾਸ ਕਰਨ ਅਤੇ 2047 ਲਈ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਦਲੇਰੀ ਨਾਲ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਨੌਜਵਾਨਾਂ ਨੂੰ ਪੁਲਾੜ ਖੋਜ ਅਤੇ ਵਿਗਿਆਨਕ ਨਵੀਨਤਾ ਵਿੱਚ ਸੀਮਾਵਾਂ ਨੂੰ ਪਾਰ ਕਰਨ ਅਤੇ ਨਵੇਂ ਦਿਸ਼ਾਵਾਂ ਦੀ ਖੋਜ ਕਰਨ ਲਈ ਕਿਹਾ।ਸਮ੍ਰਿਤੀ ਈਰਾਨੀ ਸਾਬਕਾ ਕੇਂਦਰੀ ਮੰਤਰੀ ਨੇ ਚੋਣਾਂ ਦੀ ਸ਼ਕਤੀ, ਇਮਾਨਦਾਰੀ ਅਤੇ ਲਚਕੀਲੇਪਣ ਬਾਰੇ ਗੱਲ ਕੀਤੀ। ਅਧਿਆਤਮਿਕ ਆਗੂ ਸ਼੍ਰੀਮਤੀ ਜਯਾ ਕਿਸ਼ੋਰੀ ਨੇ ਨੌਜਵਾਨਾਂ ਨੂੰ ਸਵੈ-ਅਨੁਸ਼ਾਸਨ, ਕਦਰਾਂ-ਕੀਮਤਾਂ ਅਤੇ ਉਦੇਸ਼-ਅਧਾਰਤ ਕਾਰਜਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ।ਨਾਗਾਲੈਂਡ ਭਾਜਪਾ ਦੇ ਪ੍ਰਧਾਨ ਅਤੇ ਉੱਚ ਸਿੱਖਿਆ ਅਤੇ ਕਬਾਇਲੀ ਮਾਮਲਿਆਂ ਦੇ ਮੰਤਰੀ ਤੇਮਜੇਨ ਇਮਨਾ ਅਲੌਂਗ ਨੇ ਇੱਕ ਸਮਾਵੇਸ਼ੀ ਭਾਰਤ ਦੀ ਗੱਲ ਕੀਤੀ ਜਿੱਥੇ ਕੋਈ ਵੀ ਭਾਈਚਾਰਾ, ਕੋਈ ਖੇਤਰ ਅਤੇ ਕੋਈ ਵੀ ਵਿਅਕਤੀ ਪਿੱਛੇ ਨਹੀਂ ਰਹੇਗਾ। ਐਡਵੋਕੇਟ. ਛਤ੍ ਸੰਸਦ ਇੰਡੀਆ ਦੇ ਸੰਸਥਾਪਕ ਪ੍ਰਧਾਨ ਕੁਨਾਲ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦਾ ਭਵਿੱਖ ਦਫ਼ਤਰਾਂ ਵਿੱਚ ਬੈਠੇ ਆਗੂਆਂ ਦੁਆਰਾ ਨਹੀਂ ਸਗੋਂ ਜ਼ਮੀਨੀ ਪੱਧਰ ਤੇ ਅਗਵਾਈ ਲੈਣ ਵਾਲੇ ਨੌਜਵਾਨਾਂ ਦੁਆਰਾ ਤੈਅ ਕੀਤਾ ਜਾਵੇਗਾ। ਸਮਾਗਮ ਵਿੱਚ ਮੌਲਾਨਾ ਕਲਬੇ ਰੁਸ਼ੈਦ ਰਿਜ਼ਵੀ ਦੀ ਪ੍ਰਧਾਨਗੀ ਹੇਠ ਇੱਕ ਰਾਸ਼ਟਰ, ਇੱਕ ਚੋਣ ਤੇ ਇੱਕ ਮਹੱਤਵਪੂਰਨ ਬਹਿਸ ਵੀ ਹੋਈ, ਜਿਸ ਵਿੱਚ ਰਾਸ਼ਟਰ ਦੀਆਂ ਸਮੂਹਿਕ ਇੱਛਾਵਾਂ ਨੂੰ ਦਰਸਾਉਂਦੀ ਇੱਕ ਏਕੀਕ੍ਰਿਤ ਚੋਣ ਪ੍ਰਣਾਲੀ ਦੇ ਭਵਿੱਖ 'ਤੇ ਸੂਝਵਾਨ ਵਿਚਾਰ-ਵਟਾਂਦਰੇ ਹੋਏ। ਵਿਦਿਆਰਥੀਆਂ ਨੇ ਵੀ ਬਹਿਸ ਵਿੱਚ ਹਿੱਸਾ ਲਿਆ ਅਤੇ ਆਪਣੇ ਦ੍ਰਿਸ਼ਟੀਕੋਣਾਂ ਨਾਲ ਗੱਲਬਾਤ ਨੂੰ ਅਮੀਰ ਬਣਾਇਆ ।



# ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਭੁੱਲਰ



**ਕਾਲਾ ਸੰਘਿਆਂ (ਮਨਜੀਤ ਮਾਨ)** ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਅਤੇ ਸਕੱਤਰ ਤਰਸੇਮ ਬੰਨੇਮੱਲ ਵੱਲੋਂ ਇਕ ਮੀਟਿੰਗ ਕੀਤੀ ਗਈ 'ਤੇ ਕਿਸਾਨਾਂ ਦੀ ਗ੍ਰਿਫਤਾਰੀ ਨੂੰ ਜਮਹੂਰੀਅਤ ਦਾ ਘਾਣ ਦੱਸਿਆ। ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਤੋਂ ਵਾਪਸੀ ਸਮੇਂ ਪੰਜਾਬ ਪੁਲਸ ਵੱਲੋਂ ਗ੍ਰਿਫਤਾਰ ਕਰਨ ਅਤੇ ਖਨੌਰੀ ਤੇ ਸ਼ੰਭੂ ਬਾਰਡਰ 'ਤੇ ਕਿਸਾਨ ਮੋਰਚਿਆਂ ਦੀ ਭੰਨ ਤੋੜ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਸਾਨ ਆਗੂਆਂ ਸਮੇਤ ਗ੍ਰਿਫਤਾਰ ਕਾਰਕੁੰਨਾਂ ਨੂੰ ਰਿਹਾਅ ਕਰਨ ਅਤੇ ਦੋਵੇਂ ਬਾਰਡਰਾਂ ਤੋਂ ਚੁੱਕਿਆ ਸਮਾਨ ਵਾਪਸ ਕਰਨ ਦੀ ਮੰਗ ਕੀਤੀ ਹੈ।ਆਗੂਆਂ ਨੇ ਆਖਿਆ ਕਿ ਭਗਵੰਤ ਮਾਨ ਸਰਕਾਰ ਨੇ ਗੱਲਬਾਤ ਕਰਨ ਆਏ ਆਗੂਆਂ ਨੂੰ ਗ੍ਰਿਫਤਾਰ ਕਰਕੇ ਕੌਮਾਂਤਰੀ ਅਸੂਲਾਂ ਨੂੰ ਛਿੱਕੇ ਟੰਗ ਦਿੱਤਾ ਹੈ।ਉਹਨਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਹਰ ਮੋਰਚੇ 'ਤੇ ਫੇਲ੍ਹ ਸਾਬਤ ਹੋ ਰਹੀ ਹੈ ਅਤੇ ਆਪਣੀਆਂ ਇਹਨਾਂ ਨਾਕਾਮੀਆਂ ਤੋਂ ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ ਤੇ ਸਨਅਤਕਾਰਾਂ ਆਦਿ ਵਰਗਾਂ ਦਾ ਧਿਆਨ ਭਟਕਾ ਕੇ ਸਭਨਾਂ ਸਮੱਸਿਆਵਾਂ ਲਈ ਕਿਸਾਨ ਜਥੇਬੰਦੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਸਮਾਜ 'ਚ ਵੰਡੀਆਂ ਪਾਉਣ ਦੀ ਕੋਝੀ ਸਿਆਸਤ ਖੇਡ ਰਹੀ ਹੈ।ਸੰਯੁਕਤ ਕਿਸਾਨ ਮੋਰਚੇ ਵੱਲੋਂ 28 ਮਾਰਚ ਨੂੰ ਡੀ ਸੀ ਦਫਤਰਾਂ ਅੱਗੇ ਧਰਨੇ ਅਤੇ ਰੋਸ ਮੁਜਾਹਰੇ ਦੇ ਸੱਦੇ ਤਹਿਤ ਕਿਰਤੀ ਕਿਸਾਨ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਮੀਟਿੰਗ ਵਿੱਚ ਗੁਰਦਿਆਲ ਸਿੰਘ ਬੂਹ ,ਕੁਲਵਿੰਦਰ ਸਿੰਘ ਭੰਡਾਲ, ਗੁਰਬਾਗ ਸਿੰਘ,ਮਲਕੀਤ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਮੇਹਰ ਚੰਦ ਪੋਲੀਟੈਕਨਿਕ ਵਿਖੇ ਖ਼ੂਨਦਾਨ ਕੈਂਪ ਲਗਾਇਆ

**ਜਲੰਧਰ (ਸੈਲੀ ਐਲਬਰਟ)** ਸ਼ਹੀਦੇ ਆਜ਼ਮ ਭਗਤ ਸਿੰਘ ਦੇ 94ਵੇਂ ਸ਼ਹੀਦੀ ਦਿਵਸ ਦੇ ਮੌਕੇ 'ਤੇ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਖ਼ੂਨਦਾਨ ਕੈਂਪ ਲਾਇਆ, ਜਿਸ ਦਾ ਉਦਘਾਟਨ ਮਹਿੰਦਰ ਪਾਲ ਭਗਤ ਕੈਬਨਿਟ ਮੰਤਰੀ (ਪੰਜਾਬ) ਨੇ ਕੀਤਾ । ਪ੍ਰਿੰਸੀਪਲ ਡਾ. ਜਗਰੂਪ ਸਿੰਘ ਗੁਲਦਸਤੇ ਨਾਲ ਉਹਨਾਂ ਦਾ ਸੁਆਗਤ ਕੀਤਾ। ਇਸ ਖ਼ੂਨਦਾਨ ਕੈਂਪ ਪ੍ਰਤੀ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਸੀ। ਕਈ ਸਟਾਫ ਮੈਂਬਰਾਂ ਨੇ ਵੀ ਖ਼ੂਨਦਾਨ ਦਿੱਤਾ।ਪਿਮਸ ਹਸਪਤਾਲ ਜਲੰਧਰ ਦੀ ਟੀਮ ਨੇ 84 ਯੂਨਿਟ ਬਲੱਡ ਇਕੱਠਾ ਕੀਤਾ । ਖ਼ੂਨਦਾਨ ਦੇਣ ਵਾਲੇ ਬੱਚਿਆਂ ਨੂੰ ਮੁਮੈਂਟੋ ਅਤੇ ਸਰਟੀਫਿਕੇਟ ਵੰਡੇ ਗਏ । ਮਹਿੰਦਰ ਪਾਲ ਭਗਤ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ ਤੇ ਵਿਦਿਆਰਥੀਆਂ ਨੂੰ ਇਸ ਵਿੱਚ ਵੱਧ ਚੜ੍ਹ ਕੇ ਹਿਸਾ ਲੈਣਾ ਚਾਹੀਦਾ ਹੈ । ਇਸ ਮੌਕੇ ਵਿਕਮਜੀਤ ਸਿੰਘ, ਗਗਨਦੀਪ, ਅੱਜੇ ਦੱਤਾ ਅਤੇ ਰਾਜੀਵ ਸ਼ਰਮਾ ਹਾਜਰ ਸਨ ।



# ਵਿਸ਼ਵ ਓਰਲ ਸਿਹਤ ਦਿਵਸ ਮਨਾਇਆ

**ਮਹਿਤਪੁਰ (ਰਾਜਾ)** ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਹੇਠ ਅਤੇ ਡੀ. ਡੀ. ਐੱਚ. ਓ. ਡਾ. ਬਲਜੀਤ ਕੌਰ ਰੂਬੀ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਪ੍ਰਭਾਕਰ ਦੀ ਅਗਵਾਈ ਹੇਠ ਪ੍ਰਾਥਮਿਕ ਸਿਹਤ ਕੇਂਦਰ (ਪੀ.ਐਚ.ਸੀ.) ਮਹਿਤਪੁਰ ਵਿਖੇ ਵਿਸ਼ਵ ਓਰਲ ਸਿਹਤ ਦਿਵਸ ਮਨਾਇਆ ਗਿਆ।ਡੈਂਟਲ ਅਫਸਰ ਡਾ. ਜੈਪਾਲ ਵਲੋਂ ਸਥਾਨਕ ਲੋਕਾਂ ਨੂੰ ਮੂੰਹਿਕ ਸਿਹਤ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਦਿਨ ਵਿੱਚ ਦੋ ਵਾਰ ਬੁਰਸ਼ ਕਰਨਾ ਤੇ ਫਲਾਸਿੰਗ ਕਰਨਾ ਦੰਦਾਂ ਅਤੇ ਮੂੰਹ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਫਲੋਰਾਈਡ ਵਾਲਾ ਟੂਥਪੇਸਟ ਦੰਦਾਂ ਨੂੰ ਮਜ਼ਬੂਤ ਬਣਾਉਂਦਾ ਹੈ। ਤੰਬਾਕੂ, ਗੁਟਖਾ ਅਤੇ ਵਧੂਰੀ ਚਿਣੀ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਨਿਯਮਤ ਦੰਦ ਚੈੱਕ-ਅੱਪ ਕਰਵਾਉਣ ਨਾਲ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਮੂੰਹੀਕ ਸਿਹਤ ਦਾ ਦਿਲੀ ਬਿਮਾਰੀਆਂ, ਸ਼ੂਗਰ ਅਤੇ ਹੋਰ ਗੰਭੀਰ ਰੋਗਾਂ ਨਾਲ ਸਿੱਧਾ ਸੰਬੰਧ ਹੈ।



# ਰੰਧਾਵਾ ਨੇ ਦੋ ਨਵੇਂ ਟਿਊਬਵੈੱਲਾਂ ਦਾ ਉਦਘਾਟਨ ਕਰਕੇ ਕੰਮ ਦੀ ਕਰਵਾਈ ਸ਼ੁਰੂਆਤ



**ਡੇਰਾਬੱਸੀ, (ਵਿਨੈ ਕੁਮਾਰ ਜੈਨ)**- ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਨਗਰ ਕੌਂਸਲ ਦੇ ਦੋ ਵਾਰਡਾਂ ਵਿੱਚ ਨਵੇਂ ਲੱਗੇ ਟਿਊਬਵੈਲਾਂ ਦਾ ਉਦਘਾਟਨ ਕਰਕੇ ਕੰਮ ਦੀ ਸ਼ੁਰੂਆਤ ਕਰਵਾਈ। ਜਿਨ੍ਹਾਂ ਵਿੱਚ ਵਾਰਡ ਨੰਬਰ 10-11 ਗੁਲਾਬਗੜ੍ਹ ਰੋਡ ਅਤੇ ਵਾਰਡ ਨੰਬਰ 14 ਸਰਸਵਤੀ ਵਿਹਾਰ ਵਿੱਚ ਨਵੇਂ ਟਿਊਬਵੈੱਲ ਲਗਾਉਣ ਦੇ ਪ੍ਰਾਜੈਕਟ ਸ਼ਾਮਲ ਹਨ। ਵਿਧਾਇਕ ਰੰਧਾਵਾ ਨੇ ਕਿਹਾ ਕਿ ਇਹ ਉਕਤ ਦੋਨਾਂ ਟਿਊਬਵੈਲਾਂ ਦੇ ਪ੍ਰਾਜੈਕਟ 90 ਲੱਖ ਰੁਪਏ ਦੀ ਲਾਗਤ ਵਾਲੇ ਹਨ ਅਤੇ ਇਹ ਸਬੰਧਤ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣਗੇ। ਇਸ ਤੋਂ ਬਾਅਦ ਵੱਖ ਵੱਖ ਵਾਰਡਾਂ ਵਿੱਚ ਕੂੜਾ ਚੁੱਕਣ ਲਈ ਚਾਰ ਟੈਂਪੂ ਟ੍ਰੈਵਲ ਨੂੰ ਹਰੀ ਝੰਡੀ ਦੇਕੇ ਰਵਾਨਾ ਕੀਤਾ ਗਿਆ। ਵਿਧਾਇਕ ਨੇ ਕਿਹਾ ਕਿ ਇਹ ਇਲਾਕਾ ਵਾਸੀਆਂ ਦੀ ਲੰਮੇ ਸਮੇਂ ਤੋਂ ਮੰਗ ਸੀ ਜਿਸ ਨੂੰ ਪੂਰਾ ਕਰਨ ਲਈ ਨਵੇਂ ਟਿਊਬਵੈੱਲ ਲਗਾਏ ਜਾ ਰਹੇ ਹਨ .ਉਨਾ ਕਿਹਾ ਕਿ ਉਨ੍ਹਾਂ ਵੱਲੋਂ ਹਮੇਸ਼ਾ ਇਹ ਕੋਸ਼ਿਸ਼ ਰਹੇਗੀ ਕਿ ਡੇਰਾਬੱਸੀ ਸ਼ਹਿਰ ਦੇ ਵਸਨੀਕਾਂ ਨੂੰ ਪੀਣ ਯੋਗ ਸਾਫ ਤੇ ਸ਼ੁੱਧ ਪਾਣੀ, ਸਾਫ ਸੁਥਰਾ ਮਾਹੌਲ ਮਿਲੇ । ਉਨ੍ਹਾਂ ਆਉਣ ਵਾਲੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਨਵੇਂ ਟਿਊਬਵੈੱਲ ਲਗਾਉਣ ਦਾ ਫੈਸਲਾ ਕੀਤਾ ਸੀ ਜਿਨ੍ਹਾਂ ਦਾ ਉਦਘਾਟਨ ਕਰਕੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਉਨਾਂ ਕਿਹਾ ਆਉਣ ਵਾਲੇ ਦਿਨਾਂ ਵਿੱਚ 11 ਹੋਰ ਟਿਊਬਵੈੱਲ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਲਗਾਏ ਜਾਣਗੇ ਤੇ 15 ਹੋਰ ਟੈਂਪੂ ਟ੍ਰੇਵਲ ਕੂੜਾ ਚੁੱਕਣ ਲਈ ਵੱਖ-ਵੱਖ ਵਾਰਡਾਂ ਵਿਚ ਭੇਜੇ ਜਾਣਗੇ।

# ਚੰਗਾ ਰਾਸ਼ਟਰ ਬਣਾਉਣ ਲਈ ਇਮਾਨਦਾਰੀ ਨਾਲ ਕੰਮ ਕਰੋ : ਅਮਰਜੀਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਦੋਂ ਦੇਸ਼ ਗੁਲਾਮ ਸੀ ਤਾਂ ਸ਼ਹੀਦੇ ਆਜਮ ਭਗਤ ਸਿੰਘ ਨੇ ਪੂਰੇ ਦੇਸ਼ ਵਿੱਚ ਕ੍ਰਾਂਤੀ ਦੀ ਲਹਿਰ ਨੂੰ ਚਲਾਇਆ ਅਤੇ ਆਪਣਾ ਜੀਵਨ ਦੇ ਕੇ ਆਜਾਦੀ ਦੀ ਲਹਿਰ ਨੂੰ ਪ੍ਰਚੰਡ ਕੀਤਾ। ਅੱਜ ਅਸੀਂ ਸ਼ਹੀਦੇ ਆਜਮ ਭਗਤ ਸਿੰਘ ਨੂੰ ਜੇਕਰ ਸੱਚੀ ਸ਼ਰਧਾਂਜਲੀ ਦੇਣਾ ਚਾਹੁੰਦੇ ਹਾਂ ਤਾਂ ਹਰ ਇੱਕ ਦੇਸ਼ ਵਾਸੀ ਨੂੰ ਪ੍ਰਣ ਲੈਣਾ ਹੋਵੇਗਾ ਕਿ ਉਸ ਨੂੰ ਇਸ ਆਜਾਦ ਭਾਰਤ ਵਿੱਚ ਜੋ ਵੀ ਜਿੰਮੇਦਾਰੀ ਮਿਲੀ ਹੈ ਉਸ ਜਿੰਮੇਦਾਰੀ ਨੂੰ ਤਨਦੇਹੀ ਨਾਲ ਨਿਭਾਏ। ਉਪਰੋਕਤ ਸ਼ਬਦ ਸੀਮਾ ਸੁਰਕਸ਼ਾ ਬਲ ਦੇ ਸਾਬਕਾ ਡੀਆਈਜੀ ਅਮਰਜੀਤ ਸਿੰਘ ਨੇ ਸੱਭਿਆਚਾਰ ਸੰਭਾਲ ਸੁਸਾਇਟੀ ਵੱਲੋਂ ਸਥਾਨਕ ਸਾਧੂ ਆਸ਼ਰਮ ਵਿੱਚ 'ਭਗਤ ਸਿੰਘ ਅਤੇ ਅੱਜ ਦਾ ਸੰਦਰਭ' ਵਿਸ਼ਸ਼ ਤੇ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਨੇ ਕਿਹਾ ਸੀਮਾ ਤੇ ਇੱਕ ਜਵਾਨ ਇਮਾਨਦਾਰੀ ਨਾਲ ਕੰਮ ਕਰਦੇ ਹੋਏ ਸ਼ਹੀਦ ਹੁੰਦਾ ਹੈ ਕਿਉਂਕਿ ਉਸ ਜਵਾਨ ਨੂੰ ਸਰਹੱਦ ਦੀ ਰੱਖਿਆ ਕਰਨ ਦੀ ਜਿੰਮੇਵਾਰੀ ਮਿਲੀ ਹੁੰਦੀ ਹੈ। ਇਸੇ ਤਰ੍ਹਾਂ ਕੁਦਰਤ ਵੱਲੋਂ ਸਾਨੂੰ ਸਾਰਿਆਂ ਨੂੰ ਕੋਈ ਨਾ ਕੋਈ ਜਿੰਮੇਵਾਰੀ ਸੌਂਪੀ ਗਈ ਹੈ ਅਤੇ ਉਸ ਨੂੰ ਇਮਾਨਦਾਰੀ ਨਾਲ ਪੂਰਾ ਕਰਨਾ ਹੀ ਪੂਰਨ ਰਾਸ਼ਟਰ ਵੱਲ ਸਾਡਾ ਪਹਿਲਾ ਕਦਮ ਹੋਵੇਗਾ। ਸਮਾਜ ਸੇਵੀ ਡਾਕਟਰ ਅਜੇ ਬੱਗਾ ਨੇ ਕਿਹਾ ਕਿ ਅੱਜ ਸਾਡੀ ਨੌਜਵਾਨ ਪੀੜੀ ਨੂੰ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਸੋਚ ਨੂੰ ਚੰਗੀ ਤਰ੍ਹਾਂ ਨਾਲ ਜਾਨਣ ਦੀ ਜਰੂਰਤ ਹੈ। ਇਤਿਹਾਸ ਦੇ ਜਾਣਕਾਰ ਦੀਪਕ ਵਿਸ਼ਿਸਠ ਨੇ ਕਿਹਾ ਕਿ ਲੰਮੇ ਸਮੇਂ ਤੋਂ ਸਾਡੇ ਸ਼ਹੀਦਾਂ ਦਾ ਅਕਸ ਕੁਝ ਲੋਕਾਂ ਵੱਲੋਂ ਜਾਣ ਬੁਝ ਕੇ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਜੀਵ ਤਲਵਾੜ ਨੇ ਕਿਹਾ ਕਿ ਸਹੀਦ ਕਿਸੇ ਵੀ ਜਾਤ, ਧਰਮ ਦੇ ਨਹੀਂ ਹੁੰਦੇ ਉਹ ਰਾਸ਼ਟਰ ਦੀ ਵਿਰਾਸਤ ਹੁੰਦੇ ਹਨ। ਇਸ ਲਈ ਭਾਰਤ ਚੋਣ ਕਮਿਸ਼ਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਲੈਕਸ਼ਨ ਦੌਰਾਨ ਕਿਸੇ ਵੀ ਧਾਰਮਿਕ ਚਿੰਨ੍ਹ ਜਾਂ ਧਾਰਮਿਕ ਜਗ੍ਹਾ ਜਾਂ ਰਾਸ਼ਟਰੀ ਵਿਰਾਸਤ ਦਾ ਉਪਯੋਗ ਨਾ ਕੀਤਾ ਜਾਵੇ। ਇਸ ਤਰ੍ਹਾਂ ਕੋਈ ਵੀ ਰਾਜਨੀਤਿਕ ਪਾਰਟੀ ਇਨ੍ਹਾਂ ਸ਼ਹੀਦਾਂ ਦੇ ਨਾਂਅ ਦਾ ਪ੍ਰਯੋਗ ਕਰਕੇ ਆਪਣੀਆਂ ਰਾਜਨੀਤਿਕ ਰੋਟੀਆਂ ਨਾ ਸੇਕ ਸਕਣ। ਸਮਾਰੋਹ ਨੂੰ ਡਾਕਟਰ ਰੀਤੂ ਬਾਲਾ, ਧਰਮਪਾਲ ਸਾਹਿਲ ਪ੍ਰਸਿੱਧ ਸ਼ਾਇਰ ਤੇ ਐਡਵੋਕੇਟ ਰਘਬੀਰ ਸਿੰਘ ਟੇਰਕਿਆਨਾ ਨੇ ਵੀ ਸੰਬੋਧਨ ਕੀਤਾ। ਸੰਗਠਨ ਦੇ ਪ੍ਰਧਾਨ ਮਾਸਟਰ ਕੁਲਵਿੰਦਰ ਜੰਡਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਨੰਦਾਚੌਰ ਵਿਖੇ ਗੁਰਮਤਿ ਸਮਾਗਮ ਅੱਜ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )** ਸਰਬੱਤ ਦਾ ਭਲਾ ਚੈਰੀਟੇਬਲ ਸੁਸਾਇਟੀ (ਰਜਿ.) ਵਲੋਂ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਹੁਸ਼ਿਆਰਪੁਰ ਵਿਖੇ ਬਹੁਤ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸੰਤ ਜਗੀਰ ਸਿੰਘ ਸੰਚਾਲਕ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਨੇ ਦੱਸਿਆ ਕਿ 23 ਮਾਰਚ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ। ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ।



## ਜਨਮ ਦਿਨ ਮੁਬਾਰਕ



ਹਰਜਾਪ ਸਿੰਘ ਜਗਦੇ
ਪਿਤਾ : ਜਗਦੀਪ ਸਿੰਘ ਜਗਦੇ
ਮਾਤਾ : ਰਮਨਦੀਪ ਕੌਰ
ਵਾਸੀ : ਬਰਨਾਲਾ

## ਵਰ੍ਹੇਗੰਢ ਮੁਬਾਰਕ



ਮਦਨਪਾਲ ਅਤੇ ਮਨਪ੍ਰੀਤ ਕੌਰ ਵਾਸੀ ਨਵਾਂਸ਼ਹਿਰ ਨੂੰ ਵਿਆਹ ਦੀ 17ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਕਾਲਜ ਦੇ ਵਿਦਿਆਰਥੀਆਂ ਨੇ ਇਨੋਟੈਕ 'ਚ ਕਈ ਇਨਾਮ ਜਿੱਤੇ

**ਜਲੰਧਰ (ਸ਼ੈਲੀ ਐਲਬਰਟ)** ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਰਜੀਵ ਭਾਟੀਆ ਦੀ ਰਹਨੁਮਾਈ ਹੇਠ, ਮੇਹਰ ਚੰਦ ਪੌਲਿਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਪੁਸ਼ਪਾ ਗੁਜਰਾਲ



ਸਾਇੰਸ ਸਿਟੀ, ਕਪੂਰਥਲਾ ਵਿੱਚ ਆਯੋਜਿਤ ਇਨੋਟੈੱਕ 2025 ਵਿੱਚ ਹਿੱਸਾ ਲਿਆ ਅਤੇ ਪ੍ਰੋਜੈਕਟ ਡਿਸਪਲੇ ਇਵੈਂਟ ਵਿੱਚ ਕਈ ਇਨਾਮ ਜਿੱਤੇ। । ਆਟੋਮੋਬਾਈਲ ਕੈਟਿਗਰੀ ਅੰਦਰ, ਰਾਜਨੀਸ਼ ਸ਼ਰਮਾ, ਸਾਹਜਨੀਤ, ਗਗਨਪ੍ਰੀਤ ਅਤੇ ਸ਼ਿਵਮ (ਪ੍ਰੋਜੈਕਟ: ਮੋਟਰ ਬਾਈਕ ਦੀ ਵਾਇਰਲੈੱਸ ਚਾਰਜਿੰਗ ਸਿਸਟਮ) ਆਟੋਮੋਬਾਈਲ ਇੰਜੀਨੀਅਰਿੰਗ ਵਿਭਾਗ ਵਲੋਂ ਪਹਿਲਾ ਇਨਾਮ ਅਤੇ ਨਕਦ 7000 ਰੁਪਏ ਜਿੱਤਣ ਵਿੱਚ ਕਾਮਯਾਬ ਰਹੇ। ਸੌਰਵ, ਗਗਨਦੀਪ, ਰਫ਼ੀਕ ਅਤੇ ਅਭਿਸ਼ੇਕ (ਪ੍ਰੋਜੈਕਟ: ਵਾਹਨ ਉਤਸਰਜਨ ਨਿਯੰਤਰਣ ਪ੍ਰਣਾਲੀ) ਆਟੋਮੋਬਾਈਲ ਇੰਜੀਨੀਅਰਿੰਗ ਵਿਭਾਗ ਵਲੋਂ ਦੂਜਾ ਇਨਾਮ ਅਤੇ ਨਕਦ 5000 ਰੁਪਏ ਹਾਸਲ ਕਰਨ ਵਿੱਚ ਕਾਮਯਾਬ ਰਹੇ। ਸਾਫਟਵੇਅਰ ਕੈਟਿਗਰੀ ਵਿੱਚ, ਦੀਨੇਸ਼, ਅਰਵਿੰਦ, ਹਰਸ਼ ਅਤੇ ਅੰਸ਼ ਸ਼ਰਮਾ (ਪ੍ਰੋਜੈਕਟ: ਸਟਾਕ ਮਾਰਕੇਟ ਭਵਿੱਖਵਾਣੀ) ਸੀ.ਐਸ.ਈ ਵਿਭਾਗ ਵਲੋਂ ਪਹਿਲਾ ਇਨਾਮ ਅਤੇ ਨਕਦ 7000 ਰੁਪਏ ਜਿੱਤਣ ਵਿੱਚ ਸਫਲ ਰਹੇ। ਮੈਕੈਟ੍ਰੋਨਿਕ ਕੈਟਿਗਰੀ ਵਿੱਚ, ਹਿਮਾਂਸ਼ੂ ਪਰਮਾਰ, ਪ੍ਰਕਾਸ਼ਦੀਪ ਸਿੰਘ, ਵਿਜੈ ਸਾਹ ਅਤੇ ਪ੍ਰੇਮਿਲਾ (ਪ੍ਰੋਜੈਕਟ: ਐਮਰਜੈਂਸੀ ਮੈਡੀਕਲ ਕਿਓਸਕ) ਈ.ਸੀ.ਈ ਵਿਭਾਗ ਵਲੋਂ ਦੂਜਾ ਇਨਾਮ ਅਤੇ ਨਕਦ 5000 ਰੁਪਏ ਜਿੱਤਣ ਵਿੱਚ ਕਾਮਯਾਬ ਰਹੇ । ਡਾ. ਜਗਰੂਪ ਸਿੰਘ (ਪ੍ਰਿੰਸੀਪਲ) ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਰਜੀਵ ਭਾਟੀਆ (ਇੰਚਾਰਜ, ਵਿਦਿਆਰਥੀ ਚੈਪਟਰ), ਪ੍ਰਿੰਸ ਮਦਾਨ (ਇੰਚਾਰਜ, ਈ.ਸੀ.ਈ ਅਤੇ ਸੀ.ਐਸ.ਈ ਵਿਭਾਗ), ਸੁਧਾਂਸ਼ੂ ਨਾਗਪਾਲ (ਇੰਚਾਰਜ, ਆਟੋਮੋਬਾਈਲ ਇੰਜੀਨੀਅਰਿੰਗ), ਅਮਿਤ ਖੰਨਾ (ਲੇਕਚਰਾਰ, ਸਿਵਿਲ ਇੰਜੀਨੀਅਰਿੰਗ), ਮਨੀਸ਼ ਸਚਦੇਵਾ (ਲੇਕਚਰਾਰ, ਈ.ਸੀ.ਈ), ਸਾਹਿਲ (ਲੈਕਚਰਾਰ, ਆਟੋਮੋਬਾਈਲ ਇੰਜੀਨੀਅਰਿੰਗ) ਵਰਿੰਦਰ (ਲੈਕਚਰਾਰ, ਆਟੋਮੋਬਾਈਲ ਇੰਜੀਨੀਅਰਿੰਗ)ਅਤੇ ਹਨੀਸ਼ ਕੌਸ਼ਲ (ਲੇਕਚਰਾਰ, ਸੀ.ਐਸ.ਈ) ਦੀ ਵਿਦਿਆਰਥੀਆਂ ਨੂੰ ਦਿੱਤੀ ਗਈ ਮਦਦ ਅਤੇ ਮਾਰਗਦਰਸ਼ਨ ਲਈ ਸ਼ਲਾਘਾ ਕੀਤੀ । ਇਸ ਮੌਕੇ ਵਿਦਿਆਰਥੀਆਂ ਨੂੰ ਟਰਾਫੀਆਂ, ਸਰਟੀਫਿਕੇਟ ਅਤੇ ਨਕਦ ਇਨਾਮ ਵੀ ਦਿੱਤੇ ਗਏ।

## ਯੂਥ ਕਲੱਬਾਂ ਨੂੰ ਹੋਰ ਸਰਗਰਮ ਕਰਨ ਹਿੱਤ 2 ਰੋਜ਼ਾ ਜ਼ਿਲ੍ਹਾ ਪੱਧਰੀ ਸਿਖ਼ਲਾਈ ਵਰਕਸ਼ਾਪ ਲਗਾਈ



**ਜਲੰਧਰ (ਸੁਰਿੰਦਰ ਕੁਮਾਰ)**- ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਲੰਧਰ ਰਵੀ ਦਾਰਾ ਦੀ ਅਗਵਾਈ ਵਿੱਚ 2 ਰੋਜ਼ਾ ਜ਼ਿਲ੍ਹਾ ਪੱਧਰੀ ਸਿਖਲਾਈ ਵਰਕਸ਼ਾਪ ਸਥਾਨਕ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਲਗਾਈ ਗਈ। ਇਸ ਵਰਕਸ਼ਾਪ ਵਿੱਚ ਜੰਗਲਾਤ, ਖੇਤੀਬਾੜੀ ਅਤੇ ਸਿਹਤ ਵਿਭਾਗ ਆਦਿ ਸਮੇਤ ਵੱਖ-ਵੱਖ ਵਿਸ਼ਾ ਮਾਹਰਾਂ ਵੱਲੋਂ ਆਪੋ-ਆਪਣੇ ਵਿਸ਼ਾ ਸਬੰਧੀ ਜਾਣਕਾਰੀ ਦਿੱਤੀ ਗਈ। ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੰਮ ਕਰ ਰਹੀਆਂ ਯੂਥ ਕਲੱਬਾਂ ਨੂੰ ਹੋਰ ਸਰਗਰਮ ਕਰਨ ਹਿੱਤ ਇਹ ਵਰਕਸ਼ਾਪ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਯੂਥ ਪਾਲਿਸੀ-2024 ਅਨੁਸਾਰ ਬਿਹਤਰੀਨ ਕਾਰਗੁਜ਼ਾਰੀ ਵਾਲੇ ਕਲੱਬਾਂ ਨੂੰ 5 ਲੱਖ, 3 ਲੱਖ ਅਤੇ 2 ਲੱਖ ਰੁਪਏ ਦੇ ਇਨਾਮ ਪ੍ਰਦਾਨ ਕਰਨ ਹਿੱਤ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਲਈ ਜਾਗਰੂਕਤਾ ਹਿੱਤ ਇਹ ਵਰਕਸ਼ਾਪ ਕਰਵਾਈ ਗਈ ਹੈ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਦਲਵਿੰਦਰ ਸਿੰਘ ਨੇ ਕਲੱਬਾਂ ਦੇ ਮੈਂਬਰਾਂ ਨੂੰ ਕਲੱਬਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਕਦਮ ਵਧਾਉਣ ਲਈ ਕਿਹਾ ਤਾਂ ਜੋ ਸਮਾਜ ਮਜ਼ਬੂਤ ਹੋ ਸਕੇ। ਵਰਕਸ਼ਾਪ ਦੇ ਪਹਿਲੇ ਦਿਨ ਖੇਤੀਬਾੜੀ ਅਫ਼ਸਰ ਪ੍ਰਵੀਨ ਕੁਮਾਰੀ ਨੇ ਆਰਗੈਨਿਕ ਖੇਤੀ ਅਤੇ ਫ਼ਸਲਾਂ ਦੀ ਰਹਿੰਦ-ਖੂਹੰਦ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ। ਫਾਰੈਸਟ ਰੇਂਜਰ ਹਰਗੁਨਨੇਕ ਸਿੰਘ ਰੰਧਾਵਾ ਨੇ ਜੰਗਲਾਤ ਏਰੀਆ ਵਧਾਉਣ ਅਤੇ ਬੂਟੇ ਲਗਾਉਣ ਤੋਂ ਬਾਅਦ ਉਨ੍ਹਾਂ ਦੇ ਪਾਲਣ ਪੋਸ਼ਣ, ਬੂਟਿਆਂ ਦੀ ਮੁਫ਼ਤ ਉਪਲੱਬਧਤਾ ਆਦਿ ਸਬੰਧੀ ਜਾਣਕਾਰੀ ਦਿੱਤੀ। ਵਰਕਸ਼ਾਪ ਦੇ ਦੂਜੇ ਦਿਨ ਡਾ. ਰੋਹਿਤ ਭਨੋਟ ਨੇ ਅੱਖਾਂ ਦੇ ਇਲਾਜ ਅਤੇ ਜਾਂਚ ਕੈਂਪ ਸਬੰਧੀ ਚਾਨਣਾ ਪਾਉਣ ਤੋਂ ਇਲਾਵਾ ਅੱਖਾਂ ਦਾਨ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ। ਵਰਕਸ਼ਾਪ ਵਿੱਚ 40 ਕਲੱਬਾਂ ਦੇ 50 ਤੋਂ ਵੱਧ ਮੈਂਬਰਾਂ ਨੇ ਭਾਗ ਲਿਆ । ਇਸ ਮੌਕੇ ਸਮਾਗਮ ਦੇ ਨੋਡਲ ਇੰਚਾਰਜ ਸਤਪਾਲ ਸਿੰਘ ਅਤੇ ਸਾਰਾ ਸਟਾਫ ਮੌਜੂਦ ਸੀ।

## ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਫਲੈਕਸ ਜਾਰੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ ਰਜਿ. ਪੰਜਾਬ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਚਲਾਈ ਇਤਿਹਾਸਿਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਅਤੇ ਫਲੈਕਸ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ( ਰਜਿ.) ਪੰਜਾਬ ਦੇ ਚੇਅਰਮੈਨ ਸੰਤ ਬਾਬਾ ਸਰਵਣ ਦਾਸ ਜੀ ਬੋਹਣ ਵਾਲੇ , ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਜੀ ( ਬਾਬੇ ਜੌੜੇ) ਅਤੇ ਸਮੁੱਚੇ ਸੰਤ ਸਮਾਜ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਬਾਬੇ ਜੌੜੇ ਵਾਲਿਆਂ ਨੇ ਕਿਹਾ ਕਿ ਸੜਕੀ ਆਵਾਜਾਈ ਦੇ ਪ੍ਰਭਾਵਤ ਹੋਣ ਕਾਰਨ, ਸੰਗਤਾਂ ਦੀ ਵਧੇਰੇ ਸੁਵਿਧਾ ਅਤੇ ਭਾਰੀ ਮੰਗ ਨੂੰ ਦੇਖਦਿਆਂ ਇੱਕ ਸਪੈਸਲ ਰੇਲ ਗੱਡੀ ਦਾ ਪ੍ਰਬੰਧ ਕੀਤਾ ਗਿਆ ਹੈ ਸੰਗਤਾਂ ਵੱਡੀ ਗਿਣਤੀ ਵਿੱਚ ਜਲੰਧਰ ਰੇਲਵੇ ਸਟੇਸਨ ਤੋਂ ਹਰਿਦੁਆਰ ਲਈ 4 ਅਪ੍ਰੈਲ ਨੂੰ ਆਰੰਭ ਹੋਣ ਵਾਲੀ ਸ਼ੋਭਾ ਯਾਤਰਾ ਵਿੱਚ ਹੁਮ ਹੁਮਾ ਕੇ ਸ਼ਾਮਲ ਹੋਣਗੇ। ਰੇਲ ਗੱਡੀ ਰੇਲਵੇ ਸਟੇਸ਼ਨ ਜਲੰਧਰ ਤੋਂ ਕਰੀਬ 1 ਵਜੇ ਚੱਲੇਗੀ। ਸੰਤ ਇੰਦਰ ਦਾਸ ਨੇ ਦੱਸਿਆ ਕਿ ਟ੍ਰੇਨ ਜਲੰਧਰ ਤੋਂ ਚੱਲ ਕੇ ਫਗਵਾੜਾ, ਫਿਲੌਰ, ਲੁਧਿਆਣਾ, ਅੰਬਾਲਾ, ਸਹਾਰਨਪੁਰ ਅਤੇ ਵੱਖ ਵੱਖ ਸਟੇਸ਼ਨਾਂ ਤੇ ਰੁਕਣ ਤੋਂ ਬਾਅਦ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਪੁੱਜੇਗੀ ਤੇ 5 ਅਪ੍ਰੈਲ ਨੂੰ ਗੁਰੂ ਰਵਿਦਾਸ ਆਸ਼ਰਮ ਹਰਿਦੁਆਰ ਤੋਂ



ਸ਼ੁਰੂ ਹੋ ਕੇ ਵੱਖ ਵੱਖ ਬਾਜ਼ਾਰਾਂ ਤੋਂ ਹੋ ਕੇ ਪੈਦਲ ਸ਼ੋਭਾ ਯਾਤਰਾ ਸ੍ਰੀ ਰਵਿਦਾਸ ਮੰਦਰ ਹਰਿ ਕੀ ਪਉੜੀ ਹਰਿਦੁਆਰ ਪੁੱਜੇਗੀ,ਜਿਥੇ ਦਮੜੀ ਭੇਟਾ ਕਰਨ ਉਪਰੰਤ ਆਰਤੀ ਦੇ ਜਾਪ ਕੀਤੇ ਜਾਣਗੇ । ਉਨ੍ਹਾਂ ਦੱਸਿਆ ਕਿ 6 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ । ਇਸ ਸਮਾਗਮ ਵਿੱਚ ਲੰਗਰ ਦੀ ਸੇਵਾ ਡੇਰਾ ਸੰਤ ਬਾਬਾ ਮੇਲਾ ਰਾਮ ਜੀ ਨਗਰ ਦੇ ਸੰਤ ਪਰਮਜੀਤ ਦਾਸ ਵਲੋਂ ਕੀਤੀ ਜਾਵੇਗੀ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰ ਸੋਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸੰਤ ਬਾਬਾ ਸਰਵਣ ਦਾਸ ਜੀ ਸਲੇਮ ਟਾਵਰੀ,ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਜੀ ਡਿੰਗਰੀਆਂ, ਖਜਾਨਚੀ ਸੰਤ ਪਰਮਜੀਤ ਦਾਸ ੀ ਨਗਰ ਵਾਲੇ, ਮਹੰਤ ਪਰਸੋਤਮ ਦਾਸ ਚੱਕ ਹਕੀਮ, ਸੰਤ ਧਰਮਪਾਲ ਸਟੇਜ ਸਕੱਤਰ, ਸੰਤ ਰਮੇਸ ਦਾ ਡੇਰਾ ਕਲਰਾ ਸੇਰਪੁਰ ਢੱਕੋ ,ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸਰਮ ਨੰਦਾਚੌਰ, ਸੰਤ ਰਾਮ ਸੇਵਕ ਹਰੀਪੁਰ ਖਾਲਸਾ ਹਾਜ਼ਰ ਸਨ। ਭੈਣ ਸੰਤੋਸ਼ ਕੁਮਾਰੀ ਨੇ ਦੱਸਿਆ ਕਿ ਹਰਿਦੁਆਰ ਜਾਣ ਵਾਸਤੇ ਟ੍ਰੇਨ ਦੀਆਂ ਟਿੱਕਟਾਂ ਦੀ ਬੁਕਿੰਗ ਕਰਵਾਉਣ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਮੁੱਖ ਦਫਤਰ ਗੁਰੂ ਰਵਿਦਾਸ ਪਬਲਿਕ ਸਕੂਲ ਚੂੜੋਵਾਲੀ, ਡੇਰਾ ਸੰਤ ਸੀਤਲ ਦਾਸ ਜੀ ਬੋਹਣ, ਡੇਰਾ ਸੰਤ ਨਰਾਇਣ ਦਾਸ ਜੀ ਸ਼ੇਰਪੁਰ ਢੱਕੋ, ਡੇਰਾ ਸੰਤ ਮੇਲਾ ਰਾਮ ਜੀ ਨਗਰ, ਡੇਰਾ ਸੰਤ ਇੰਦਰ ਦਾਸ ਜੀ ਸੇਖੇ, ਡੇਰਾ ਸੰਤ ਟਹਿਲ ਦਾਸ ਸਲੇਮ ਟਾਬਰੀ ਲੁਧਿਆਣਾ, ਡੇਰਾ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਰਾਏਪੁਰ ਰਸੂਲਪੁਰ, ਡੇਰਾ ਸੰਤ ਰਿਸੀ ਠਾਕੁਰ ਹਰੀਪੁਰ ਖਾਲਸਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਮ ਨੌਮੀ ਸੰਬੰਧੀ ਵਿਸ਼ਾਲ ਸੋਭਾ ਯਾਤਰਾ 5 ਨੂੰ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ)** -ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮ ਨੌਮੀ ਤਿਓਹਾਰ ਸਬੰਧੀ ਸਨਾਤਮ ਧਰਮ ਸਭਾ ਉੜਮੁੜ ਵੱਲੋਂ 5 ਅਪ੍ਰੈਲ ਨੂੰ ਮਹਾਦੇਵ ਮੰਦਿਰ ਤੋਂ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਭਾ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੁਸਹਿਰਾ ਕਮੇਟੀ ਤੋਂ ਇਲਾਵਾ ਟਾਂਡਾ, ਉੜਮੁੜ ਅਤੇ ਅਹਿਆਪੁਰ ਰਾਮਲੀਲਾ ਕਮੇਟੀ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਤੇ ਉਨ੍ਹਾਂ ਨਾਲ ਮਹੰਤ ਮੁਰਲੀਧਰ, ਅਸ਼ੋਕ ਬਹਿਲ, ਸੁਰਿੰਦਰ ਨਈਅਰ, ਦਿਲਬਾਗ ਰਾਏ, ਓਮਦੱਤ ਜੋਸੀ, ਜੀਵਨ ਕੁਮਾਰ ਬੱਬਲੀ, ਸਤੀਸ਼ ਚੱਡਾ, ਗੁਰਮੁਖ ਸਿੰਘ, ਸੋਨੂੰ ਖੁੱਲਰ, ਵਿਕਾਸ ਚੱਡਾ, ਵਿਨੋਦ ਕੁਮਾਰ ਸੁੰਦਰੀ, ਰਿੰਪਾ ਬਹਿਲ, ਨਵਦੀਪ ਛੱਤਰੂ, ਅਨਿਲ ਕੁਮਾਰ, ਹੀਰਾਪੁਰੀ, ਰਣਜੀਤ ਸਿੰਘ, ਕੌਂਸਲਰ ਰਾਕੇਸ ਬਿੱਟੂ, ਸੁਭਮ ਬਿੱਲਾ, ਪਰਮਜੀਤ ਬਾਬੂ, ਰੂਪ ਲਾਲ, ਅਰੁਣ ਪੁਰੀ ਅਤੇ ਹੋਰ ਹਾਜ਼ਰ ਸਨ। ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ 6 ਅਪ੍ਰੈਲ ਨੂੰ ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਪਵਿੱਤਰ ਅਵਤਾਰ ਦਿਵਸ ਸਬੰਧੀ 5 ਅਪ੍ਰੈਲ ਨੂੰ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਮਹਾਂਦੇਵ ਮੰਦਿਰ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ, ਜਿਸ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਸਾਂਝੇ ਮਜ਼ਦੂਰ ਮੋਰਚੇ ਨੇ ਕਿਸਾਨਾਂ ਦੀ ਰਿਹਾਈ ਦੀ ਕੀਤੀ ਮੰਗ

● **ਕਿਸਾਨਾਂ ਦੀ ਗ੍ਰਿਫ਼ਤਾਰੀ ਜਮਹੂਰੀਅਤ ਦਾ ਘਾਣ : ਸਾਂਝਾ ਮੋਰਚਾ**

**ਚੰਡੀਗੜ੍ਹ (ਗੁਰਜੀਤ ਬਿਲਾ)** — ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਪੰਜਾਬ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਤੋਂ ਵਾਪਸੀ ਸਮੇਂ ਪੰਜਾਬ ਪੁਲਸ ਵੱਲੋਂ ਗਿਰਫ਼ਤਾਰ ਕਰਨ ਅਤੇ ਖਨੌਰੀ ਤੇ ਸ਼ੰਭੂ ਬਾਰਡਰ ਤੇ ਕਿਸਾਨ ਮੋਰਚਿਆਂ ਦੀ ਭੰਨ ਤੋੜ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਸਾਨ ਆਗੂਆਂ ਸਮੇਤ ਗ੍ਰਿਫ਼ਤਾਰ ਕਾਰਕੁੰਨਾ ਨੂੰ ਰਿਹਾਅ ਕਰਨ ਅਤੇ ਦੋਵੇਂ ਬਾਰਡਰਾਂ ਤੋਂ ਚੁੱਕਿਆ ਸਮਾਨ ਵਾਪਸ ਕਰਨ ਦੀ ਮੰਗ ਕੀਤੀ ਹੈ।ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਕੁਲਵੰਤ ਸਿੰਘ ਸੇਲਬਰਾਹ, ਮੁਕੇਸ਼ ਮਲੌਦ, ਲਛਮਣ ਸਿੰਘ ਸੇਵੇਵਾਲਾ, ਗੁਰਨਾਮ ਸਿੰਘ ਦਾਉਦ, ਤਰਸੇਮ ਪੀਟਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਭਗਵੰਤ ਸਿੰਘ ਸਮਾਓ, ਗੋਬਿੰਦ ਸਿੰਘ ਛਾਜਲੀ, ਰਾਮ ਸਿੰਘ ਨੂਰਪੁਰੀ ਨੇ ਜ਼ਾਰੀ ਕੀਤੇ ਬਿਆਨ ਰਾਹੀਂ ਆਖਿਆ ਕਿ ਭਗਵੰਤ ਮਾਨ ਸਰਕਾਰ ਨੇ ਗੱਲਬਾਤ ਕਰਨ ਆਏ ਆਗੂਆਂ ਨੂੰ ਗਿਰਫ਼ਤਾਰ ਕਰਕੇ ਕੌਮਾਂਤਰੀ ਅਸੂਲਾਂ ਨੂੰ ਵੀ ਛਿੱਕੇ ਟੰਗ ਦਿੱਤਾ ਹੈ। ਉਹਨਾਂ ਆਖਿਆ ਕਿ ਦੁਨੀਆਂ ਭਰ 'ਚ ਇਹ ਅਸੂਲ ਚੱਲ ਰਿਹਾ ਹੈ ਕਿ ਹਥਿਆਰਬੰਦ ਬਗ਼ਾਵਤਾਂ ਦੇ ਰਾਹ ਪਏ ਆਗੂਆਂ ਨੂੰ ਵੀ ਜਦੋਂ ਗੱਲਬਾਤ ਲਈ ਬੁਲਾਇਆ ਜਾਂਦਾ ਹੈ ਤਾਂ ਉਹਨਾਂ ਦੀ ਸੁਰੱਖਿਅਤ ਵਾਪਸੀ ਦੀ ਗਰੰਟੀ ਕੀਤੀ ਜਾਂਦੀ ਹੈ , ਪਰ ਭਗਵੰਤ ਮਾਨ ਸਰਕਾਰ ਨੇ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਕੌਮਾਂਤਰੀ ਅਸੂਲਾਂ ਨੂੰ ਵੀ ਦਰਕਿਨਾਰ ਕਰ ਦਿੱਤਾ।ਉਹਨਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਹਰ ਮੋਰਚੇ 'ਤੇ ਫੇਲ੍ਹ ਸਾਬਤ ਹੋ ਰਹੀ ਹੈ ਅਤੇ ਆਪਣੀਆਂ ਇਹਨਾਂ ਨਾਕਾਮੀਆਂ ਤੋਂ ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ ਤੇ ਸਨਅਤਕਾਰਾਂ ਆਦਿ ਵਰਗਾਂ ਦਾ ਧਿਆਨ ਭਟਕਾ ਕੇ ਸਭਨਾਂ ਸਮੱਸਿਆਵਾਂ ਲਈ ਕਿਸਾਨ ਜਥੇਬੰਦੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਸਮਾਜ 'ਚ ਵੰਡੀਆਂ ਪਾਉਣ ਦੀ ਕੋਝੀ ਸਿਆਸਤ ਖੇਡ ਰਹੀ ਹੈ। ਉਹਨਾਂ ਆਖਿਆ ਕਿ ਚੰਦਭਾਨ ਵਿਖੇ ਮਜ਼ਦੂਰਾਂ ਤੇ ਗੋਲੀਆਂ ਚਲਾਉਣ ਵਾਲੇ ਦੋਸ਼ੀਆਂ ਨੂੰ ਬਚਾਉਣ ਲਈ ਅਜੇ ਤੱਕ ਵੀ ਪੁਲਿਸ ਵੱਲੋਂ ਪੀੜਤਾਂ ਦੇ ਬਿਆਨ ਦਰਜ਼ ਨਹੀਂ ਕੀਤੇ ਜਾ ਰਹੇ। ਉਹਨਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਹੋਰ ਤੇਜ਼ੀ ਨਾਲ ਲਾਗੂ ਕਰਨ ਖ਼ਾਤਰ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ 'ਤੇ ਤੁਲੀ ਹੋਈ ਹੈ, ਜਿਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ।

## ਆਰ ਬੀ ਯੂ ਨੇ ਅਲਫ਼ਾ ਸਕੂਲ ਵਿਖੇ ਕੀਤੀ ਸੀ ਓ ਈ ਦੀ ਸ਼ੁਰੂਆਤ



**ਚੰਡੀਗੜ੍ਹ (ਗੁਰਜੀਤ ਬਿੱਲਾ)** ਇਨੋਵੇਸ਼ਨ , ਖੋਜ ਅਤੇ ਉਦਯੋਗ-ਅਕਾਦਮਿਕ ਸਹਿਯੋਗ ਨੂੰ ਅੱਗੇ ਵਧਾਉਣ ਲਈ ਇੱਕ ਇਤਿਹਾਸਕ ਪਹਿਲਕਦਮੀ ਵਿੱਚ ਰਿਆਤ ਬਾਹਰਾ ਯੂਨੀਵਰਸਿਟੀ ਨੇ ਅੱਜ ਰਿਆਤ ਬਾਹਰਾ ਗਰੁੱਪ ਦੇ ਅਲਫ਼ਾ ਸਕੂਲ ਦੇ ਅਧੀਨ ਆਪਣੇ ਮੋਹਾਲੀ ਕੈਂਪਸ ਵਿਖੇ ਆਪਣਾ ਅਤਿ-ਆਧੁਨਿਕ ਸੈਂਟਰ ਆਫ਼ ਐਕਸੀਲੈਂਸ (ਸੀ ਓ ਈ ) ਲਾਂਚ ਕੀਤਾ। ਆਰ ਬੀ ਯੂ ਦੇ ਚਾਂਸਲਰ ਅਤੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਸੀ ਓ ਈ ਵਿਦਿਆਰਥੀਆਂ, ਫੈਕਲਟੀ ਅਤੇ ਉਦਯੋਗ ਦੇ ਆਗੂਆਂ ਲਈ ਅਸਲ-ਸੰਸਾਰ ਪ੍ਰੋਜੈਕਟਾਂ, ਉੱਨਤ ਖੋਜ ਅਤੇ ਸਫਲਤਾਪੂਰਵਕ ਨਵੀਨਤਾਵਾਂ 'ਤੇ ਸਹਿਯੋਗ ਕਰਨ ਲਈ ਇੱਕ ਗਤੀਸ਼ੀਲ ਈਕੋਸਿਸਟਮ ਵਜੋਂ ਕੰਮ ਕਰੇਗਾ।ਉਨ੍ਹਾਂ ਅੱਗੇ ਕਿਹਾ ਕਿ ਇਸਦਾ ਉਦੇਸ਼ ਅਕਾਦਮਿਕ ਸਿੱਖਿਆ ਅਤੇ ਉਦਯੋਗਿਕ ਮੁਹਾਰਤ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ, ਵਿਦਿਆਰਥੀਆਂ ਨੂੰ ਏਆਈ, ਡਾਟਾ ਸਾਇੰਸ, ਸਾਈਬਰ ਸੁਰੱਖਿਆ, ਰੋਬੋਟਿਕਸ, ਬਲਾਕਚੈਨ ਅਤੇ ਹੋਰ ਪਰਿਵਰਤਨਸ਼ੀਲ ਖੇਤਰਾਂ ਦਾ ਵਿਹਾਰਕ ਅਨੁਭਵ ਪ੍ਰਦਾਨ ਕਰਨਾ ਹੈ।ਇਸ ਮੀਲ ਪੱਥਰ ਬਾਰੇ ਬੋਲਦਿਆਂ, ਆਰ ਬੀ ਜੀ ਦੇ ਅਲਫ਼ਾ ਸਕੂਲ ਦੇ ਇੰਡਸਟਰੀ ਅਕੈਡਮੀਆ ਦੀ ਡਾਇਰੈਕਟਰ, ਸਾਕਸ਼ੀ ਮਹਿਤਾ ਨੇ ਕਿਹਾ ਕਿ ਸੈਂਟਰ ਆਫ਼ ਐਕਸੀਲੈਂਸ ਦੀ ਸ਼ੁਰੂਆਤ ਭਵਿੱਖ ਲਈ ਤਿਆਰ ਕਾਰਜਬਲ ਨੂੰ ਉਤਸ਼ਾਹਿਤ ਕਰਨ ਦੀ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ। ਇਸ ਸਮਾਗਮ ਵਿੱਚ ਪ੍ਰਸਿੱਧ ਸਿੱਖਿਆ ਸ਼ਾਸਤਰੀਆਂ, ਉਦਯੋਗਪਤੀਆਂ ਅਤੇ ਪਤਵੰਤਿਆਂ ਦੀ ਮੌਜੂਦਗੀ ਦੇਖਣ ਨੂੰ ਮਿਲੀ।ਰਿਆਤ ਬਾਹਰਾ ਗਰੁੱਪ ਦੇ ਵਾਈਸ-ਚੇਅਰਮੈਨ ਗੁਰਿੰਦਰ ਸਿੰਘ ਬਾਹਰਾ, ਸੀਨੀਅਰ ਵਾਈਸ-ਪ੍ਰੈਜ਼ੀਡੈਂਟ ਸਾਹਿਲ ਕਪੂਰ ਅਤੇ ਹੋਰ ਸੀਨੀਅਰ ਅਧਿਕਾਰੀ ਇਸ ਮੌਕੇ ਮੌਜੂਦ ਸਨ।

## ਕਾਲਜ 'ਚ ਸਾਲਾਨਾ 44ਵੀਂ ਅਥਲੈਟਿਕ ਮੀਟ ਕਰਵਾਈ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਗੁਰਿੰਦਰਜੀਤ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੀ 44ਵੀਂ ਸਲਾਨਾ ਅਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ। ਇਸ ਅਥਲੈਟਿਕ ਮੀਟ ਵਿੱਚ ਪ੍ਰਵੀਨ ਕੁਮਾਰ, ਚੇਅਰਮੈਨ ਕਮ-ਮੈਨੇਜ਼ਿੰਗ ਡਾਇਰੈਕਟਰ ਐਸ. ਸੀ. ਐਲ. ਲਾਈਫ ਸਾਇੰਸ ਲਿਮਟਿਡ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਮੁੱਖ ਮਹਿਮਾਨ



ਨੇ ਨਵੇਂ ਬਣੇ ਕਾਲਜ ਮੇਨ ਗੇਟ ਦਾ ਵੀ ਉਦਘਾਟਨ ਕੀਤਾ। ਇਹ ਗੇਟ ਐਸ ਸੀ ਐਲ ਲਾਇਫ ਸਾਇੰਸਜ ਲਿਮਟਿਡ ਦੇ ਸਹਿਯੋਗ ਦੁਆਰਾ ਹੀ ਬਣਾਇਆ ਗਿਆ ਹੈ । ਅਥਲੈਟਿਕ ਮੀਟ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਣ ਨਾਲ ਹੋਈ। ਇਸ ਤੋਂ ਬਾਅਦ ਮਾਰਚ ਪਾਸਟ ਕੀਤਾ ਗਿਆ। ਅਥਲੈਟਿਕ ਮੀਟ ਨੂੰ ਆਰੰਭ ਕਰਨ ਦੀ ਘੋਸ਼ਣਾ ਤੋਂ ਬਾਅਦ ਵਾਇਸ ਪ੍ਰਿੰਸੀਪਲ ਵੱਲੋਂ ਝੰਡਾ ਚੜ੍ਹਾਉਣ, ਗੁਬਾਰੇ ਛੱਡਣ ਅਤੇ ਕਬੂਤਰ ਉਡਾਉਣ ਦੀ ਰਸਮ ਨਿਭਾਈ ਗਈ । ਅਥਲੀਟਾਂ ਦੁਆਰਾ ਸਹੁੰ ਚੁੱਕਣ ਅਤੇ ਮਸਾਲ ਜਗਾਉਣ ਤੋਂ ਬਾਅਦ ਖੇਡਾਂ ਦੇ ਮੁਕਾਬਲੇ ਸ਼ੁਰੂ ਹੋਏ। ਅਥਲੈਟਿਕ ਮੀਟ ਵਿੱਚ ਮੁੰਡਿਆਂ ਦੀ 1500 ਮੀਟਰ ਅਤੇ 800 ਮੀਟਰ ਦੌੜ, ਮੁੰਡੇ ਅਤੇ ਕੁੜੀਆਂ ਦੀ 400 ਮੀਟਰ, 200 ਮੀਟਰ ਅਤੇ 100 ਮੀਟਰ ਦੌੜ ਕਰਵਾਈ ਗਈ। ਇਸ ਦੇ ਨਾਲ ਹੀ ਮੁੰਡੇ ਅਤੇ ਕੁੜੀਆਂ ਦੇ ਗੋਲਾ ਸੁੱਟਣ, ਲੰਬੀ ਛਾਲ, ਰੱਸਾ ਕੱਸੀ ਅਤੇ 400 ਮੀਟਰ ਰਿਲੇਅ ਦੌੜ ਆਦਿ ਦੇ ਮੁਕਾਬਲੇ ਵੀ ਕਰਵਾਏ ਗਏ। ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹੇ ਅਥਲੀਟਾਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ । ਇਸ ਵਿੱਚ ਗੁਰਮੁੱਖ ਸਿੰਘ ਅਤੇ ਖੁਸ਼ੀ ਰਾਣੀ ਨੂੰ ਬੈਸਟ ਐਥਲੀਟ ਚੁਣਿਆ ਗਿਆ। ਅਥਲੈਟਿਕ ਮੀਟ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਨਿਰਮਲ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਆਪਕ ਸਾਹਿਬਾਨਾਂ ਦੇ ਯਤਨਾਂ ਸਫਲਤਾ ਪੂਰਵਕ ਸੰਪਨ ਹੋਈ । ਮੰਚ ਦਾ ਸੰਚਾਲਨ ਪ੍ਰੋ. ਰਵਿੰਦਰ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਦੁਆਰਾ ਬਾਖੂਬੀ ਕੀਤਾ ਗਿਆ ।

## ਡਾ. ਭੱਟੀ ਸਟੇਟ ਐਵਾਰਡ ਨਾਲ ਸਨਮਾਨਤ

**ਕਪੂਰਥਲਾ ( ਪ੍ਰੀਤ ਸੰਗੋਜਲਾ )** ਸਿਵਲ ਹਸਪਤਾਲ ਕਪੂਰਥਲਾ ਦੇ ਡੈਂਟਲ ਵਿਭਾਗ ਵਿਖੇ ਤੈਨਾਤ ਡਾਕਟਰ ਗੁਰਦੇਵ ਸਿੰਘ ਭੱਟੀ ਨੂੰ ਵਿਭਾਗ ਵਿਖੇ ਵਧੀਆ ਕਾਰਗੁਜ਼ਾਰੀ ਲਈ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਹਨਾਂ ਨੂੰ ਵਿਭਾਗ ਵਿਚ ਦੰਦਾ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਵੱਧ ਤੋਂ ਵੱਧ ਜਾਗਰੂਕਤਾ ਕਰਨ ਅਤੇ ਵਧੀਆ ਆਈ ਈ ਸੀ ਡਿਸਪਲੇਅ ਕਰਨ ਹਿੱਤ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਸਨਮਾਨ ਉਹਨਾਂ ਨੂੰ ਵਿਸ਼ਵ ਓਰਲ ਹੈਲਥ ਡੇ ਮੌਕੇ ਮੋਹਾਲੀ ਵਿਖੇ ਆਯੋਜਿਤ ਰਾਜ ਪੱਧਰੀ ਸਮਾਰੋਹ ਦੌਰਾਨ ਨੂੰ ਵਧੀਆ ਕਾਰਗੁਜ਼ਾਰੀ ਲਈ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ । ਇਹ ਐਵਾਰਡ ਉਹਨਾਂ ਨੂੰ ਪ੍ਰਿੰਸੀਪਲ ਸਕੱਤਰ ਹੈਲਥ ਰਾਹੁਲ ਕੁਮਾਰ,ਐਮ ਡੀ ਪੀ ਐਚ ਐਸ ਸੀ ਡਾਕਟਰ ਅਨਿਲ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਭੇਂਟ ਕੀਤਾ ਗਿਆ। ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਵਿਭਾਗ ਦੀ ਇਸ ਉਪਲਬਧੀ ਤੇ ਸਭਨਾਂ ਨੂੰ ਵਧਾਈ ਦਿੱਤੀ ਹੈ। ਇਸ ਮੌਕੇ ਡਾਇਰੈਕਟਰ ਈ ਐਸ ਆਈ,ਪ੍ਰਿੰਸੀਪਲ ਡਾ.ਬੀ.ਆਰ. ਅੰਬੇਡਕਰ (ਏਮਜ਼) ਮੋਹਾਲੀ, ਸਟੇਟ ਨੋਡਲ ਅਫਸਰ ਐਨ ਓ ਐਚ ਪੀ ਵੀ ਹਾਜ਼ਰ ਸਨ।

## ਅਮਰੀਕਾ ਦੇ ਵੱਖ- ਵੱਖ ਸ਼ਹਿਰਾਂ 'ਚ ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ : ਅਹੀਰ



**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ )** ਬਹੁਜਨ ਸਮਾਜ ਦੇ ਆਗੂ ਪ੍ਰਸ਼ੋਤਮ ਰਾਜ ਅਹੀਰ ਨੇ ਦੱਸਿਆ ਕਿ ਅਮਰੀਕਾ ਕੈਲੀਫੋਰਨੀਆ ਵਿਖੇ ਵੱਖ-ਵੱਖ ਸ਼ਹਿਰਾਂ ਸਲਮਾ ਫਰਿਜਨੋ ਯੂਨੀਅਨ ਸਿਟੀ ਬੇ ਏਰੀਆ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਉਨਾਂ ਦੱਸਿਆ ਕਿ ਉਹ ਆਪਣੇ ਸਾਥੀਆਂ ਨਾਲ ਗੁਰੂ ਘਰਾਂ ਦੇ ਵਿੱਚ ਨਮਸਤਕ ਹੋਏ ਅਤੇ ਸੈਕਰਾਮੈਂਟੋ ਵਿਖੇ ਨਗਰ ਕੀਰਤਨ ਵਿੱਚ ਵੀ ਸ਼ਾਮਲ ਹੋਏ । ਅਹੀਰ ਨੇ ਸੰਗਤਾਂ ਦੇ ਨਾਲ ਵਿਚਾਰਾਂ ਸਾਂਝੀਆਂ ਕਰਦਿਆਂ ਕਿਹਾ ਕਿ "ਸਤਿਸੰਗਤ ਮਿਲ ਰਹੀਐ ਮਾਧੋ ਜੈਸੇ ਮਧੁਪ ਮਖੀਰਾ" ਇਸ ਮਹਾਨ ਸੰਦੇਸ਼ ਰਾਹੀਂ ਗੁਰੂ ਜੀ ਨੇ ਸਮਾਜ ਨੂੰ ਏਕਤਾ ਤੇ ਆਪਸੀ ਭਾਈਚਾਰਾ ਬਣਾ ਕੇ ਰੱਖਣ ਦਾ ਸੰਦੇਸ਼ ਦਿੱਤਾ ਹੈ ਤਾਂ ਕਿ ਅਸੀ ਆਪਣੇ ਜੀਵਨ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਕਰ ਸਕੀਏ। ਉਨਾਂ ਕਿਹਾ "ਮਾਧੋ ਅਵਿਦਿਆ ਹਿਤ ਕੀਨ ਵਿਵੇਕ ਦੀਪ ਮਲੀਨ" ਰਾਹੀਂ ਸੰਗਤਾਂ ਨੂੰ ਅਗਿਆਨਤਾ ਨੂੰ ਤਿਆਗ ਕੇ ਸਿੱਖਿਅਤ ਅਤੇ ਗਿਆਨਵਾਨ ਬਣਨ ਦਾ ਸੰਦੇਸ਼ ਦਿੱਤਾ ਹੈ। ਉਨਾਂ ਨੇ ਇਥੋਂ ਦੇ ਪ੍ਰੰਬਧਕਾਂ ਨਾਲ ਵੀ ਵਿਚਾਰ ਚਰਚਾ ਕੀਤੀ। ਇਸ ਮੌਕੇ ਅਮਰ ਦੜੋਚ ਪ੍ਰਧਾਨ ਫਰਿਜਨੋ ਗੁਰੂ ਘਰ, ਦੇਵਰਾਜ ਸਲਮਾ ਗੁਰੂ ਘਰ, ਰਾਜ ਸੂਦ, ਹਰੀਸ਼ ਕੁਮਾਰ, ਦੀਪਕ ਸਰੋਆ ਸੈਕਰਾਮੈਂਟੋ ਗੁਰੂ ਘਰ, ਤਰਲੋਚਨ ਬੱਧਣ, ਵਿਨੋਦ ਕੁਮਾਰ, ਨਰੇਸ਼ ਕੁਮਾਰ, ਮਨਜੀਤ ਸਿੰਘ, ਮਨਦੀਪ ਕੁਮਾਰ ਰੋਕੀ ਬਿਲਡਰ ਯੂਨੀਅਨ ਸਿਟੀ ਬੇ ਏਰੀਆ ਕੈਲੀਫੋਰਨੀਆ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਤ ਸਮਾਗਮ ਤੇ ਨਾਟਕ ਮੇਲਾ

**ਕਰਤਾਰਪੁਰ (ਹਰਮੇਸ਼ ਦੱਤ)**— ਸੰਘਰਸ਼ਸ਼ੀਲ ਜਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਅਤੇ ਇਸਤਰੀ ਜਾਗ੍ਰਿਤੀ ਮੰਚ ਵਲੋਂ ਫਾਸ਼ੀਵਾਦੀ ਮੋਦੀ ਸਰਕਾਰ ਦੀਆਂ ਮਜ਼ਦੂਰ, ਕਿਸਾਨ, ਵਿਦਿਆਰਥੀ, ਮੁਲਾਜ਼ਮ, ਦੁਕਾਨਦਾਰ,ਦਲਿਤ, ਘੱਟਗਿਣਤੀ ਅਤੇ ਔਰਤ ਵਿਰੋਧੀ ਨੀਤੀਆਂ ਖਿਲਾਫ਼ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਦਾਣਾ ਮੰਡੀ ਕਰਤਾਰਪੁਰ ਵਿਖੇ ਸਮਾਗਮ ਅਤੇ ਨਾਟਕ ਮੇਲਾ



ਕਰਵਾਇਆ ਗਿਆ। ਜਿਸ ਵਿਚ ਮਾਨਵਤਾ ਕਲਾ ਮੰਚ ਨਗਰ ਵਲੋਂ 'ਚਿੜੀਆਂ ਦਾ ਚੰਬਾ' ਨਾਟਕ ਖੇਡਿਆ ਗਿਆ ਅਤੇ ਕੋਰੀਓਗ੍ਰਾਫੀਆਂ ਕੀਤੀਆਂ ਗਈਆਂ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾਈ ਪ੍ਰੈੱਸ ਸਕੱਤਰ ਜਸਵੀਰ ਕੌਰ ਜੱਸੀ ਅਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਆਗੂ ਹਰਿੰਦਰ ਦੁਸਾਂਝ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਸਾਡੇ ਤੋਂ ਕੁਝ ਆਸ ਕਰਦੇ ਹਨ ਕਿ ਸਾਨੂੰ ਮਜ਼ਦੂਰਾਂ ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੀ ਹੋ ਰਹੀ ਲੁੱਟ ਖ਼ਿਲਾਫ਼ ਲਾਮਬੰਦ ਹੋਇਆ ਜਾਵੇ। ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਮੋਦੀ ਹਕੂਮਤ ਲਗਾਤਾਰ ਕਿਸਾਨਾਂ ਮਜ਼ਦੂਰਾਂ ਅਤੇ ਮਿਹਨਤੀ ਲੋਕਾਂ ਉੱਪਰ ਆਰਥਿਕ ਹਮਲੇ ਕਰ ਰਹੀ ਹੈ।ਕਿਸਾਨੀ ਤੋਂ ਜ਼ਮੀਨ ਖੋਹਣ ਲਈ ਤੇ ਮਜ਼ਦੂਰਾਂ ਤੋਂ ਰੁਜ਼ਗਾਰ ਖੋਹਣ ਲਈ ਕਾਰਪੋਰੇਟ ਪੱਖੀ ਕਾਲ਼ੇ ਕਾਨੂੰਨ ਲੈ ਕੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਬੀਜੇਪੀ ਦੀ ਬੀ ਟੀਮ ਵਜੋਂ ਪੰਜਾਬ ਚ ਕੰਮ ਕਰ ਰਹੀ ਹੈ, ਇਸੇ ਤਰਜ਼ 'ਤੇ ਹੀ ਉਸਨੇ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਦਿਆਂ ਗ਼ਰੀਬ ਲੋਕਾਂ ਦੇ ਘਰਾਂ ਵਿੱਚ ਪੀਲਾ ਪੰਜਾ ਚਲਾਉਂਣਾ ਸ਼ੁਰੂ ਕੀਤਾ ਅਤੇ ਬੀਤੇ ਦਿਨੀਂ ਸਰਕਾਰ ਨਾਲ ਚੰਡੀਗੜ੍ਹ ਮੀਟਿੰਗ ਕਰਨ ਉਪਰੰਤ ਵਾਪਿਸ ਪਰਤ ਰਹੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਫਿਰ ਪੀਲਾ ਪੰਜਾਂ ਚਲਾ ਕੇ ਜ਼ਬਰੀ ਮੋਰਚੇ ਉਠਾ ਦਿੱਤੇ। ਸੈਂਕੜੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੂਬਾ ਸਰਕਾਰ ਵਲੋਂ ਅਣ ਐਲਾਨੀ ਐਮਰਜੈਂਸੀ ਲਗਾ ਕੇ ਪੰਜਾਬ ਨੂੰ ਖੁੱਲ੍ਹੀ ਜੇਲ੍ਹ ਵਿੱਚ ਤਬਦੀਲ ਕੀਤਾ ਹੋਇਆ ਹੈ। ਜਿਸ ਦੀ ਸਮਾਗਮ ਸਖ਼ਤ ਨਿਖੇਧੀ ਕਰਦਾ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭੈਣ ਹਰਪ੍ਰੀਤ ਕੌਰ ਨੂਸੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ,ਕੇ ਐੱਸ ਅਟਵਾਲ, ਬਲਬੀਰ ਸਿੰਘ ਧੀਰਪੁਰ, ਸਰਬਜੀਤ ਕੌਰ, ਬਲਵਿੰਦਰ ਕੌਰ ਦਿਆਲਪੁਰ, ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਦਲਜੀਤ ਕੌਰ ਪਾੜਾ, ਬਲਵਿੰਦਰ ਕੌਰ ਘੁੱਗ ਅਤੇ ਡੈਮੋਕ੍ਰੇਟਿਕ ਆਸ਼ਾ ਅਤੇ ਫੈਸਿਲੀਟੇਟਰ ਵਰਕਰਜ਼ ਯੂਨੀਅਨ ਦੇ ਆਗੂ ਅੰਮ੍ਰਿਤਪਾਲ ਕੌਰ ਆਦਿ ਨੇ ਵੀ ਸੰਬੋਧਨ ਕੀਤਾ।

## ਵਿਸ਼ਵ ਓਰਲ ਹੈੱਲਥ ਹਫਤੇ ਦੌਰਾਨ ਲੋਕਾਂ ਨੂੰ ਕੀਤਾ ਜਾਗਰੂਕ : ਡਾ. ਰਿਚਾ ਭਾਟੀਆ

**ਕਪੂਰਥਲਾ ( ਪ੍ਰੀਤ ਸੰਗੋਜਲਾ )** ਵਿਸ਼ਵ ਓਰਲ ਹੈਲਥ ਹਫਤੇ ਸਬੰਧੀ ਡੈਂਟਲ ਵਿਭਾਗ ਵੱਲੋ ਵੱਖ-ਵੱਖ ਤਰ੍ਹਾਂ ਦੀਆ ਗਤੀਵਿਧੀਆਂ ਕਰਕੇ ਲੋਕਾਂ ਨੂੰ ਦੰਦਾਂ ਦੀ ਸਿਹਤ ਸੰਭਾਲ ਪ੍ਰਤੀ ਜਾਗਰੂਕ ਕੀਤਾ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ.ਰਿਚਾ ਭਾਟੀਆ,ਸਿਵਲ ਸਰਜਨ ਕਪੂਰਥਲਾ ਵੱਲੋ 14 ਤੋਂ 20 ਮਾਰਚ ਤੱਕ ਮਨਾਏ ਗਏ ਵਿਸ਼ਵ ਓਰਲ ਹੈਲਥ ਹਫਤੇ ਦੀ ਸਮਾਪਤੀ ਮੌਕੇ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਅਜਿਹੀਆ ਗਤੀਵਿਧੀਆ ਨਾਲ



ਲੋਕਾਂ ਵਿਚ ਵਧੇਰੇ ਜਾਗਰੂਕਤਾ ਪੈਦਾ ਹੁੰਦੀ ਹੈ ਅਤੇ ਲੋਕ ਸਰਕਾਰੀ ਸਿਹਤ ਸਕੀਮਾਂ ਦਾ ਲਾਭ ਲੈਂਦੇ ਹਨ। ਡੀ.ਡੀ.ਐਚ.ਓ. ਡਾ. ਕਪਿਲ ਡੋਗਰਾ ਨੇ ਦੱਸਿਆ ਕਿ ਵਿਸ਼ਵ ਓਰਲ ਹੈਲਥ ਹਫਤੇ ਦੌਰਾਨ ਵਿਭਾਗ ਵੱਲੋਂ ਵੱਖ-ਵੱਖ ਤਰ੍ਹਾਂ ਦੀਆ ਗਤੀਵਿਧੀਆਂ ਜਿਵੇਂ ਸਕੂਲਾਂ ਵਿਚ ਜਾਗਰੂਕਤਾ, ਝੁੱਗੀਆਂ-ਝੌਪੜੀਆਂ, ਨਵਜੀਵਨ ਨਸ਼ਾ ਛਡਾਊ ਕੇਂਦਰ ਅਤੇ ਹਸਪਤਾਲ ਦੀ ਓ.ਪੀ.ਡੀ. ਵਿਚ ਪ੍ਰਦਰਸ਼ਨੀ ਲਗਾ ਕੇ ਕੀਤੀਆਂ ਗਈਆਂ ਅਤੇ ਲੋਕਾਂ ਦਾ ਮੁਫਤ ਚੈਕਅਪ ਕੀਤਾ ਗਿਆ।ਸਕੂਲ ਦੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਾਂਭ ਸੰਭਾਲ ਦੇ ਨੁਕਤੇ ਸਾਂਝੇ ਕੀਤੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਹਾਇਕ ਸਿਵਲ ਸਰਜਨ ਅਨੂੰ ਸ਼ਰਮਾ, ਡੀ ਐਚ ਓ ਡਾ. ਰਾਜੀਵ ਪਰਾਸ਼ਰ, ਡੀ ਟੀ ਓ ਡਾ. ਰਣਦੀਪ ਸਿੰਘ, ਡਾ. ਅੰਜੂ ਬਾਲਾ, ਡਾ. ਗੁਰਦੇਵ ਭੱਟੀ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਜਸਵਿੰਦਰ ਕੌਰ, ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਸੁਖਦਿਆਲ ਸਿੰਘ, ਬੀ ਸੀ ਸੀ ਜੋਤੀ ਅਨੰਦ ਸਮੇਤ ਸਕੂਲੀ ਵਿਦਿਆਰਥੀਆਂ ਆਦਿ ਹਾਜਰ ਸਨ।

## ਨਗਰ ਨਿਗਮ ਦੇ ਬਜਟ ਨਾਲ ਖੁੱਲ੍ਹਣਗੇ ਸ਼ਹਿਰ ਦੇ ਵਿਕਾਸ ਦੇ ਨਵੇਂ ਰਾਹ : ਮਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)** ਨਗਰ ਨਿਗਮ ਜਲੰਧਰ ਦੇ 7ਵੇਂ ਹਾਊਸ ਦੀ ਫੁੱਲ ਬੈਠਕ, ਜੋ ਸਥਾਨਕ ਰੈਡ ਕਰਾਸ ਭਵਨ ਵਿਖੇ ਹੋਈ, ਵਿੱਚ ਵਿੱਤੀ ਸਾਲ 2025-26 ਲਈ 531.43 ਕਰੋੜ ਦਾ ਬਜਟ ਪੇਸ਼ ਕੀਤਾ ਗਿਆ।ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਇਸ ਬਜਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੇਅਰ ਵਿਨੀਤ ਧੀਰ ਨੇ ਆਪਣੇ ਬਜਟ ਵਿੱਚ ਕੁਝ ਵਿਸ਼ੇਸ਼ ਐਲਾਨ ਕੀਤੇ ਹਨ, ਜਿਨ੍ਹਾਂ ਦਾ ਪ੍ਰਭਾਵ ਜਲਦ ਦੇਖਣ ਨੂੰ ਮਿਲੇਗਾ। ਭਗਤ ਨੇ ਕਿਹਾ ਕਿ ਇਸ ਬਜਟ ਵਿੱਚ ਜਲੰਧਰ ਦੀ ਹਰ ਸਮੱਸਿਆ ਨੂੰ ਵਿਸ਼ੇਸ਼ ਤਵਜੋਂ ਦਿੰਦੇ ਹੋਏ ਕੰਮ ਕੀਤਾ ਗਿਆ ਹੈ, ਫਿਰ ਚਾਹੇ ਉਹ ਕੂੜੇ ਦੀ ਸਮੱਸਿਆ ਹੋਵੇ, ਜਾਂ ਫਿਰ ਸੀਵਰੇਜ, ਸਟ੍ਰੀਟ ਲਾਈਟਾਂ, ਸੜਕਾਂ, ਗਲੀਆਂ ਦੇ ਨਿਰਮਾਣ, ਪੀਣ ਵਾਲੇ ਪਾਣੀ ਦੀ ਮੁਸ਼ਕਿਲ ਜਾਂ ਫਿਰ ਨਗਰ ਨਿਗਮ ਲਈ ਨਵੀਂ ਭਰਤੀ ਦੀ। ਉਨ੍ਹਾਂ ਕਿਹਾ ਕਿ ਮੇਅਰ ਵੱਲੋਂ ਪੇਸ਼ ਬਜਟ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਚੱਲਦੇ ਹੋਏ ਸ਼ਹਿਰ ਦੇ ਚਹੁੰਮੁਖੀ ਵਿਕਾਸ ਵਿੱਚ ਮੀਲ ਪੱਥਰ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਬਜਟ ਦਾ ਅਸਰ ਕੁਝ ਹੀ ਮਹੀਨਿਆਂ ਵਿੱਚ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਬਜਟ ਨਾਲ ਸ਼ਹਿਰ ਦੇ ਵਿਕਾਸ ਦੇ ਨਵੇਂ ਰਾਹ ਖੁੱਲ੍ਹਣਗੇ।

## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਤੇ ਸੰਡੇ ਹੋਟਲ ਜ਼ੀਰਕਪੁਰ 'ਚ ਸਮਝੌਤਾ




**ਆਦਮਪੁਰ (ਪਰਮਜੀਤ ਸਿੰਘ)**:- ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਜੀ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਹੇਠ ਹੋਟਲ ਮੈਨੇਜਮੈਂਟ ਵਿਭਾਗ ਅਤੇ ਸੰਡੇ ਹੋਟਲ ਜ਼ੀਰਕਪੁਰ ਦਰਮਿਆਨ 19 ਮਾਰਚ 2025 ਨੂੰ ਮਹੱਤਵਪੂਰਨ ਗਠਬੰਧਨ (ਐਮ ਓ) ਸਾਈਨ ਹੋਇਆ ।ਇਹ ਸਮਝੌਤਾ ਯੂਨੀਵਰਸਿਟੀ ਦੇ ਬੀ ਐਚ ਐਮ ਸੀ ਟੀ ਅਤੇ ਬੀ ਟੀ ਟੀ ਐਮ ਦੇ ਵਿਦਿਆਰਥੀਆਂ ਨੂੰ ਸਿਖਲਾਈ ਅਤੇ ਰੋਜ਼ਗਾਰ ਮੁਹੱਈਆ ਕਰਵਾਏਗਾ।ਐਮ ਓ ਯੂ ਸਾਈਨਿੰਗ ਸਮਾਰੋਹ ਵਿੱਚ ਯੂਨੀਵਰਸਿਟੀ ਦੇ ਮਾਣਯੋਗ ਡਾ. ਵਿਕਾਸ ਸ਼ਰਮਾ (ਰਜਿਸਟਰਾਰ) ਡਾ. ਵਿਜੈ ਧੀਰ, (ਡੀਨ ਅਕਾਦਮਿਕ), ਸ. ਰੂਪ ਸਿੰਘ (ਡਿਪਟੀ ਰਜਿਸਟਰਾਰ), ਡਾ. ਜਗਤੇਸ਼ਵਰ ਸਿੰਘ, (ਡਾਇਰੈਕਟਰ ਟ੍ਰੇਨਿੰਗ ਅਤੇ ਪਲੇਸਮੈਂਟ ਵਿਭਾਗ) ਸ੍ਰੀ ਪਵਨ ਕੁਮਾਰ( ਕੋਰਡੀਨੇਟਰ ਹੋਟਲ ਮੈਨੇਜਮੈਂਟ ਵਿਭਾਗ), ਸ੍ਰੀ ਗੋਰਵ ਮਿਸ਼ਰਾ (ਇੰਚਾਰਜ ਟ੍ਰੇਨਿੰਗ ਅਤੇ ਪਲੇਸਮੈਂਟ ਵਿਭਾਗ), ਸੰਡੇ ਹੋਟਲ ਜ਼ੀਰਕਪੁਰ ਦੇ ਮੈਂਬਰ ਸਵੇਤਾ ਸਚਦੇਵਾ (ਐਚ.ਆਰ) ਸ਼ਾਮਲ ਸਨ। ਇਸ ਮੌਕੇ ਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਅਕਾਦਮਿਕ ਡੀਨ ਡਾ. ਵਿਜੈ ਧੀਰ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਉਨ੍ਹਾਂ ਨੇ ਕਿਹਾ ਇਹ ਸਮਝੌਤਾ ਵਿਦਿਆਰਥੀਆਂ ਦੇ ਹੁਨਰ ਨੂੰ ਨਵੀਂ ਉੱਚਾਈਆਂ ਤੱਕ ਲੈ ਜਾਵੇਗਾ, ਜਿਸ ਨਾਲ ਉਨ੍ਹਾਂ ਨੂੰ ਭਵਿੱਖ ਵਿੱਚ ਵਧੀਆ ਰੋਜ਼ਗਾਰ ਅਤੇ ਕਾਰੋਬਾਰੀ ਮੌਕੇ ਮਿਲਣਗੇ।ਐਮ ਓ ਯੂ ਤਹਿਤ ਵਿਦਿਆਰਥੀਆਂ ਨੂੰ ਸੰਡੇ ਹੋਟਲ ਵਿੱਚ ਟ੍ਰੇਨਿੰਗ ਅਤੇ ਪ੍ਰੈਕਟੀਕਲ ਤਜਰਬਾ ਮਿਲੇਗਾ ਜੋ ਕਿ ਉਨ੍ਹਾਂ ਦੇ ਭਵਿੱਖ, ਕਰੀਅਰ ਵਿੱਚ ਮਦਦਗਾਰ ਸਾਬਤ ਹੋਵੇਗਾ। ਆਖ਼ਿਰ ਵਿੱਚ ਡਾ.ਵਿਕਾਸ ਸ਼ਰਮਾ (ਰਜਿਸਟਰਾਰ) ਨੇ ਸੰਡੇ ਹੋਟਲ ਜ਼ੀਰਕਪੁਰ ਦੀ ਸਮੁੱਚੀ ਟੀਮ ਨੂੰ ਇਸ ਗਠਬੰਧਨ ਲਈ ਵਧਾਈ ਦਿੱਤੀ ।

## ਲੋਕਾਂ ਨੂੰ ਜਬਰੀ ਉਠਾਉਣਾ ਜ਼ਮਹੂਰੀਅਤ ਦੀਆਂ ਧੱਜੀਆਂ ਉਡਾਉਣਾ ਹੈ : ਲੋਕ ਇਨਸਾਫ ਮੰਚ



**ਫਿਲੌਰ (ਨਿਰਮਲ)**- ਕੇਂਦਰੀ ਅਤੇ ਪੰਜਾਬ ਦੇ ਮੰਤਰੀਆਂ ਦੁਆਰਾ ਹੱਕੀ ਕਿਸਾਨੀ ਮੰਗਾਂ ਨੂੰ ਲੈ ਕੇ 13 ਮਹੀਨਿਆਂ ਤੋਂ ਸ਼ੰਭੂ ਖਨੌਰੀ ਸ਼ਾਂਤਮਈ ਮੋਰਚਿਆਂ ਵਿੱਚ ਬੈਠੇ ਕਿਸਾਨਾਂ ਦੇ ਆਗੂਆਂ ਨਾਲ ਸੱਤਵੇਂ ਗੇੜ ਦੀ ਗੱਲਬਾਤ ਤੋਂ ਬਾਅਦ ਉਨ੍ਹਾਂ ਨੂੰ ਚੰਡੀਗੜ੍ਹ ਬਾਰਡਰ 'ਤੇ ਗ੍ਰਿਫਤਾਰ ਕਰਨ ਅਤੇ ਮੋਰਚਿਆਂ 'ਚ ਸ਼ਾਮਲ ਕਿਸਾਨਾਂ ਨੂੰ ਧੱਕੇਸ਼ਾਹੀ ਨਾਲ਼ ਖਿੰਡਾਉਣ ਲਈ ਭਾਰੀ ਪੁਲਸ ਫੋਰਸ ਤਾਇਨਾਤ ਕਰਨ ਦੀ ਲੋਕ ਇਨਸਾਫ ਮੰਚ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ।ਲੋਕ ਇਨਸਾਫ ਮੰਚ ਆਗੂ ਜਰਨੈਲ ਫਿਲੌਰ ,ਪਰਸ਼ੋਤਮ ਫਿਲੌਰ ਅਤੇ ਐਡਵੋਕੇਟ ਸੰਜੀਵ ਭੌਰਾ ਵੱਲੋਂ ਇੱਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਰਾਹੀਂ ਸਰਕਾਰਾਂ ਦੇ ਇਸ ਜਾਬਰ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ।ਉਹਨਾਂ ਕਿਹਾ ਕਿ ਸਾਡੇ ਜ਼ਮਹੂਰੀ ਹੱਕਾਂ ਉਪਰ ਬਹੁਤ ਵੱਡਾ ਡਾਕਾ ਹੈ। ਲੋਕ ਇਨਸਾਫ ਮੰਚ ਦੇ ਆਗੂਆਂ ਨੇ ਕਿਹਾ ਹੈ ਕਿ ਖੁਦ ਹਰਿਆਣਾ ਪੁਲਸ ਵੱਲੋਂ ਜਾਮ ਕੀਤੇ ਕੌਮੀ ਸੜਕ ਮਾਰਗ ਖੁਲ੍ਹਵਾਉਣ ਦੀ ਬਜਾਏ ਕਿਸਾਨਾਂ ਉੱਤੇ ਜਬਰ ਢਾਹੁਣਾ ਜ਼ਮਹੂਰੀਅਤ ਦੀਆਂ ਧੱਜੀਆਂ ਉਡਾਉਣਾ ਹੈ।ਪੂਰੇ ਦੇਸ਼ ਦੇ ਕਿਸਾਨ ਐਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਦਿੱਲੀ ਘੋਲ਼ ਮੁਲਤਵੀ ਕਰਨ ਸਮੇਂ ਕੇਂਦਰੀ ਖੇਤੀ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਲਿਖਤੀ ਵਾਅਦਾ ਪੱਤਰ ਦੀਆਂ ਸਾਰੀਆਂ ਮੰਗਾਂ ਅਤੇ ਨਵਾਂ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕਰਨ ਦੀਆਂ ਬਿਲਕੁਲ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ਸ਼ੀਲ ਹਨ।ਲੋਕ ਇਨਸਾਫ ਮੰਚ ਨੇ ਮੰਗ ਕੀਤੀ ਹੈ ਕਿ ਗ੍ਰਿਫਤਾਰ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਕਿਸਾਨ ਸੰਘਰਸ਼ ਦੀਆਂ ਇਹ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ। ਇਸ ਮੌਕੇ ਮਾ ਹੰਸ ਰਾਜ ,ਐਡਵੋਕੇਟ ਰਵਨੀਤ ਰੁੜਕਾ , ਡਾ ਸੰਦੀਪ ਸੰਤੋਖਪੁਰ , ਡਾ ਅਸ਼ੋਕ ਸੰਤੋਖਪੁਰ , ਹਨੀ ਫਿਲੌਰ ਅਤੇ ਹੋਰ ਆਗੂ ਮੌਜੂਦ ਸਨ।

## ਨੇਤਰਦਾਨ ਮੁਹਿੰਮ ਨੂੰ ਅੱਗੇ ਵਧਾਉਣ 'ਚ ਜਨ-ਜਨ ਦਾ ਜਾਗਰੂਕ ਹੋਣਾ ਜਰੂਰੀ : ਖੰਨਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟ ਸੁਸਾਇਟੀ ਵਲੋਂ ਚੇਅਰਮੈਨ ਜੇ.ਬੀ. ਬਹਿਲ ਦੀ ਪ੍ਰਧਾਨਗੀ ਵਿੱਚ ਰਿਆਤ ਬਹਾਰਾ ਗਰੁੱਪ ਆਫ਼ ਇੰਸਟੀਚਿਊਟ ਵਿੱਚ ਨੇਤਰਦਾਨ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਾਬਕਾ ਰਾਜ ਸਭਾ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ।ਬਹਿਲ ਨੇ ਦੱਸਿਆ ਕਿ ਨਵੇਂ ਬਣੇ ਕਾਨੂੰਨ ਦੇ ਅਨੁਸਾਰ ਜੋ ਡ੍ਰਾਈਵਿੰਗ ਲਾਇਸੈਂਸ ਬਣ ਰਹੇ ਹਨ ਉਸ ਵਿੱਚ ਇੱਕ ਕਾਲਮ ਆਰਗਨ ਡੋਨੇਸ਼ਨ ਦਾ ਹੈ , ਜਿਸ ਨੂੰ ਭਰਨਾ ਜਰੂਰੀ ਹੈ । ਉਨ੍ਹਾਂ ਨੇ ਕਿਹਾ ਕਿ ਤੁਸੀਂ ਲਾਇਸੈਂਸ ਬਣਵਾਉਂਦੇ ਸਮੇਂ ਉਸ ਕਾਲਮ ਵਿੱਚ ਹਾਂ ਭਰਕੇ ਆਪਣੀ ਸਹਿਮਤੀ ਪ੍ਰਦਾਨ ਕਰੋ ਤਾਂ ਜੋ ਮਰਨ ਤੋਂ ਬਾਅਦ ਅੱਖਾਂ ਦਾਨ ਕੀਤੀਆਂ ਜਾ ਸਕਣ ਅਤੇ ਅੰਧੇਰੀ ਜ਼ਿੰਦਗੀ ਜੀਉਣ ਵਾਲਿਆਂ ਨੂੰ ਰੋਸ਼ਨੀ ਮਿਲ ਸਕੇ । ਅਵਿਨਾਸ਼ ਰਾਏ ਖੰਨਾ ਨੇ ਰੋਟਰੀ ਆਈ ਬੈਂਕ ਦੇ ਯਤਨਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨੇਤਰਦਾਨ ਮੁਹਿੰਮ ਨੂੰ ਅੱਗੇ ਵਧਾਉਣ ਲਈ ਜਨ-ਜਨ ਦਾ ਜਾਗਰੂਕ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਦੇਸ਼ ਤੋਂ ਅੰਨ੍ਹੇਪਨ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾ ਸਕੇ । ਉਨ੍ਹਾਂ ਨੇ ਸੁਸਾਇਟੀ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ।ਕਾਲਜ ਦੀ ਅਸਿਸਟੈਂਟ ਪ੍ਰੋਫੈਸਰ ਮਨਪ੍ਰੀਤ ਭਾਟੀਆ ਅਤੇ ਪ੍ਰਿਯਕਾ (ਅਸਿਸਟੈਂਟ ਪ੍ਰੋਫੈਸਰ) ਨੇ ਨੇਤਰਦਾਨ ਪ੍ਰਣ ਪੱਤਰ ਭਰੇ ਅਤੇ ਉਨ੍ਹਾਂ ਨੂੰ ਸੁਸਾਇਟੀ ਵਲੋਂ ਪ੍ਰਮਾਣ ਪੱਤਰ ਦੇ ਕੇ ਸਮਾਨਿਤ ਕੀਤਾ ਗਿਆ । ਇਸ ਮੌਕੇ 'ਤੇ ਮਦਨ ਲਾਲ ਮਹਾਜਨ, ਜਸਵੀਰ ਕੰਵਰ, ਅਸ਼ਵਨੀ ਦੱਤਾ, ਡਾ. ਮਨਿੰਦਰ ਗ੍ਰੋਵਰ, ਸਿਮਰਨਜੀਤ, ਦੇਵੇਨਦਰ, ਡਾ. ਕੁਲਦੀਪ ਵਾਲੀਆ ਅਤੇ ਹੋਰ ਮੌਜੂਦ ਸਨ ।

## ਬਾਬਾ ਗੁਰਮੁਖ ਦਾਸ ਦੀ ਬਰਸੀ ਮਨਾਈ

**ਆਦਮਪੁਰ (ਪਰਮਜੀਤ ਸਿੰਘ)** ਆਦਮਪੁਰ ਦੇ ਪਿੰਡ ਰਾਮ ਨਗਰ- ਚੋਮੋਂ-ਫਤਿਹਪੁਰ ਵਿਖੇ ਸਥਿਤ ਡੇਰਾ ਸੰਤ ਬਾਬਾ ਗੁਰਮੁਖ ਦਾਸ ਦੀ 58ਵਾਂ ਸਲਾਨਾ ਬਰਸੀ ਦੇ ਸਮਾਗਮ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਮੁੱਖ ਸੇਵਾਦਾਰ ਪ੍ਰੇਮ ਦਾਸ ਦੀ ਅਗਵਾਈ ਵਿੱਚ ਸ਼ਰਧਾਪੂਰਵਕ ਸੰਪਨ ਹੋਏ।ਸੰਗਤਾਂ ਅਤੇ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ।ਸਟੇਜ ਸਕੱਤਰ ਦੀ ਭੂਮਿਕਾ ਸੁਖਵਿੰਦਰਪ੍ਰੀਤ ਬਿੱਟੂ ਕਮਲ ਭਾਟੀਆ ਨੇ ਬਾਖੂਬੀ ਨਿਭਾਈ।ਉਪਰੰਤ ਪੰਜਾਬ ਦੇ ਵੱਖ ਵੱਖ ਹਿੱਸਿਆਂ 'ਚੋਂ ਆਏ ਕਲਾਕਾਰਾਂ- ਸੂਫੀ ਬਲਵੀਰ, ਡੌਲੀਸ਼ਾ, ਸੂਫ਼ੀ ਸਿਸਟਰਜ਼, ਰੋਹਨ (ਵਾਇਸ ਆਫ ਪੰਜਾਬ) ਅਰਮਾਨ, ਰਿਸ਼ਭ, ਮਿਸ ਕਿਰਨ, ਨੀਲੀ-ਬੂਟਾ ਨੱਕਾਲ ਐਂਡ ਪਾਰਟੀ, ਪ੍ਰੀਤ ਹੰਸ, ਬਿੱਲਾ ਹਰੀਪੁਰ, ਓਮਜੀਤ, ਸਾਬਰੀ ਬ੍ਰਦਰਜ਼, ਸੰਤ ਮੁਕੇਸ਼ ਦਾਸ,ਭਗਤ ਕਰਮ ਚੰਦ ਸਲੇਮਪੁਰ ਵਾਲੇ ਤੇ ਹੋਰ ਕਲਾਕਾਰਾਂ ਨੇ ਬਾਬਾ ਗੁਰਮੁਖ ਦਾਸ ਜੀ ਦੀ ਮਹਿਮਾ ਦਾ ਗੁਣਗਾਨ



ਕਰਕੇ ਸੂਫਿਆਨਾ ਕਲਾਮਾਂ ਰਾਹੀਂ ਹਾਜ਼ਰੀ ਲਗਵਾਈ। ਇਸ ਮੌਕੇ 'ਰਾਜੀ ਰਹੋ ਮੱਲਾ' ਬਾਬਾ ਗੁਰਮੁਖ ਦਾਸ ਦੀ ਜੀਵਨੀ 'ਤੇ ਅਧਾਰਿਤ ਲਾਈਟ ਐਂਡ ਸਾਊਂਡ* ਸ਼ੋਅ ਲੇਖਕ - ਮਦਾਰ ਕਰਤਾਰਵੀ, ਨਿਰਦੇਸ਼ਕ- ਕਸ਼ਮੀਰ ਕਮਲ ਜੇ ਈ , ਸਮੁੱਚੀ ਸੁਪਰਵੀਜਨ - ਰਾਮ ਜੀਤ ਸੱਲਣ ਈ ਓ, ਮਿਊਜਿਕ ਡਾਇਰੈਕਟਰ - ਸੁਰਿੰਦਰ ਕਾਜਲਾ ਵੱਲੋਂ ਪੇਸ਼ ਕੀਤਾ ਗਿਆ। ਇਸ ਨਾਟਕ ਨੂੰ ਡੇਰੇ ਦੇ ਦਰਬਾਰੀ ਰਾਗੀ ਪ੍ਰਸਿੱਧ ਕਲਾਕਾਰ ਸਵਰਗੀ ਦਿਲਜਾਨ ਨੂੰ ਸਮਰਪਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕਰੀਬ 100 ਪਾਤਰਾਂ ਨੇ ਪੇਸ਼ਕਾਰੀ ਦਿੱਤੀ ! ਪਤਵੰਤਿਆਂ ਨੂੰ ਮੁੱਖ ਸੇਵਾਦਾਰ ਪ੍ਰੇਮ ਦਾਸ ਤੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸੇਵਾਦਾਰ ਸੁਰਜੀਤ ਸੋਨੀ, ਰੇਖਾ ਰਾਣੀ, ਸੁੰਮਨ ਰਾਣੀ, ਬੀਬੀ ਨੰਜੋ, ਦੀਪੋ, ਭੋਲੀ, ਕੁੰਦੋ, ਬਲਵਿੰਦਰ, ਸੁਨੀਤਾ, ਰੁਪਿੰਦਰ ਬੈਂਸ, ਜਤਿੰਦਰ ਬੈਂਸ, ਹਰਕਰਨ ਕੁਮਾਰ, ਬਲਜੀਤ ਬੈਂਸ, ਸਾਗਰ ਚੁੰਬਰ, ਗੁਰਪ੍ਰੀਤ, ਲਖਬੀਰ ਲਾਲੀ, ਮੋਨੂੰ ਚਾਹਲ, ਸੰਜੀਵ ਸਰੋਯਾ, ਕਮਲ ਭਾਟੀਆ, ਪਵਨ ਕੁਮਾਰ ਬੱਧਣ, ਸਰਪੰਚ ਗੁਰਮੇਲ ਸਿੰਘ ਰਾਮ ਨਗਰ, ਸਗੀਬ ਚੁੰਬਰ ਨੇ ਸੇਵਾ ਨਿਭਾਈ।

## ਸ਼ੰਭੂ-ਖਨੌਰੀ ਸਰਹੱਦਾਂ 'ਤੇ ਹੋਇਆ ਲੋਕਤੰਤਰ ਦਾ ਘਾਣ : ਹੁਸੈਨਪੁਰ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਉੱਘੇ ਸਮਾਜ ਸੇਵਕ ਬਰਜਿੰਦਰ ਸਿੰਘ ਹੁਸੈਨਪੁਰ ਨੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੇ ਮੋਢੀ ਆਗੂਆਂ ਦੀਆਂ ਪੁਲਸ ਵਲੋਂ ਨਾਟਕੀ ਢੰਗ ਨਾਲ ਗ੍ਰਿਫਤਾਰੀਆਂ ਅਤੇ ਸ਼ੰਭੂ, ਖਨੌਰੀ ਸਰਹੱਦਾਂ ਤੋਂ ਅੰਦੋਲਨਕਾਰੀ ਕਿਸਾਨ-ਮਜਦੂਰਾਂ ਦੇ ਅਸਥਾਈ ਸ਼ੈੱਡ - ਅਤੇ ਸਟੇਜਾਂ ਦੀ ਜੇ.ਸੀ.ਬੀ. ਮਸ਼ੀਨਾਂ ਨਾਲ ਕੀਤੀ ਭੰਨਤੋੜ ਦੀ ਸਖਤ ਸਬਦਾਂ 'ਚ ਨਿੰਦਾ ਕੀਤੀ। ਹੁਸੈਨਪੁਰ ਨੇ ਕਿਹਾ ਕਿ ਫਸਲਾਂ ਦੇ ਸਮਰਥਨ ਮੁੱਲ, ਹੋਰ ਕਿਰਸਾਨੀ ਮੰਗਾਂ ਨੂੰ ਲੈ ਕੇ ਅੰਦੋਲਨਕਾਰੀ ਕਿਸਾਨ-ਮਜਦੂਰਾਂ ਨੂੰ ਪੰਜਾਬ ਪੁਲਸ ਵਲੋਂ ਹਨੇਰੇ ਦਾ ਲਾਹਾ ਲੈ ਕੇ ਖਦੇੜ ਦੇਣਾ, ਆਰਜੀ ਤੰਬੂ-ਸਟੇਜਾਂ



ਭੰਨ ਦੇਣਾ ਕਿੱਥੋਂ ਦਾ ਲੋਕਤੰਤਰ ਹੈ। ਉਹਨਾਂ ਕਿਹਾ ਕਿ ਇਨ੍ਹਾਂ ਅੰਦੋਲਨਕਾਰੀ ਕਿਸਾਨਾਂ ਨਾਲ ਸਰਹੱਦਾਂ 'ਤੇ ਖਿੱਚ-ਧੂਹ ਦੀ ਹਰ ਪੰਜਾਬੀ ਨੂੰ ਨਿੰਦਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਲਸ ਹਿਰਾਸਤ ਵਿਚ ਲਏ ਅੰਦੋਲਨਕਾਰੀ ਕਿਸਾਨ-ਮਜਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਹਨਾਂ ਨੇ ਸਪੱਸ਼ਟ ਕੀਤਾ ਕਿ ਅੰਦੋਲਨਕਾਰੀ ਕਿਸਾਨਾਂ ਨਾਲ ਚੰਡੀਗੜ੍ਹ, ਸ਼ੰਭੂ, ਖਨੌਰੀ ਸਰਹੱਦਾਂ 'ਤੇ ਜੋ ਹੋਇਆ, ਸਭ ਕੇਂਦਰ ਦੀ ਸ਼ਹਿ 'ਤੇ ਹੋਇਆ।

### ਸਰਕਾਰ ਨੇ ਅੱਤਿਆਚਾਰ ਕੀਤਾ : ਭਾਰਟਾਂ

ਉੱਘੇ ਸਮਾਜ ਸੇਵਕ ਕੁਲਵਿੰਦਰ ਸਿੰਘ ਭਾਰਟਾਂ ਨੇ ਕਿਸਾਨਾਂ ਨਾਲ ਸਮੁੱਚੇ ਪੰਜਾਬ ਅੰਦਰ ਹੋ ਰਹੀ ਖਿੱਚ-ਧੂਹ ਦੀ ਨਿੰਦਾ ਕੀਤੀ। ਭਾਰਟਾਂ ਨੇ ਕਿਹਾ ਕਿ ਅਗਰ ਸਰਕਾਰ ਨੇ ਕਿਸਾਨਾਂ ਨੂੰ ਐਮ. ਐਸ. ਪੀ. ਦੀ ਗਰੰਟੀ ਨਹੀਂ ਸੀ ਦੇਣੀ ਤਾਂ ਉਨ੍ਹਾਂ ਨੂੰ ਮੀਟਿੰਗ ਕਰਨ ਲਈ ਕਿਉਂ ਮਜਬੂਰ ਕੀਤਾ ਗਿਆ ਤੇ ਮੀਟਿੰਗ ਦੇ ਬਹਾਨੇ



ਸੱਦ ਕੇ ਉਨ੍ਹਾਂ ਨੂੰ ਧੋਖੇ ਵਿਚ ਰੱਖਦਿਆਂ ਉਨ੍ਹਾਂ 'ਤੇ ਕੁੱਟਮਾਰ ਕਰਨ ਦੇ ਸਮੁੱਚੇ ਪੰਜਾਬ ਵਿਚ ਹਮਲੇ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕਿਸਾਨੀ ਦੇ ਹੱਕ ਵਿਚ ਖੜ੍ਹਾ ਹੈ। ਰਾਜ ਦੀ ਸਰਕਾਰ ਵਲੋਂ ਜੋ ਵੀ ਕਿਸਾਨ ਗ੍ਰਿਫਤਾਰ ਕੀਤੇ ਗਏ ਹਨ ਉਨ੍ਹਾਂ ਦੀ ਰਿਹਾਈ ਤੁਰੰਤ ਹੋਣੀ ਚਾਹੀਦੀ ਹੈ।

### ਪੁਲਸ ਸਟੇਟ ਵੱਲ ਨੂੰ ਵਧ ਰਿਹੈ ਪੰਜਾਬ : ਬੌਬੀ

ਸਾਬਕਾ ਨਗਰ ਕੌਂਸਲ ਰਾਹੋਂ ਦੇ ਪ੍ਰਧਾਨ ਅਤੇ ਕੌਂਸਲਰ ਹੇਮੰਤ ਰੰਦੇਵ ਬੌਬੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਵਾਪਰ ਰਹੀਆਂ ਘਟਨਾਵਾਂ ਇਹ ਸਾਬਤ ਕਰਦੀਆਂ ਹਨ ਕਿ ਪੰਜਾਬ ਸਰਕਾਰ ਕਾਨੂੰਨ ਅਤੇ ਗੱਲਬਾਤ ਦੀ ਲੋਕਤੰਤਰਿਕ ਪ੍ਰਣਾਲੀ ਨੂੰ ਛੱਡ ਕੇ ਪੁਲਸ ਰਾਹੀਂ ਧੱਕੇ ਨਾਲ ਆਪਣੀਆਂ ਲੋਕ ਮਾਰੂ ਨੀਤੀਆਂ ਲਾਗੂ ਕਰਵਾਉਣਾ ਚਾਹੁੰਦੀ ਹੈ, ਜਿਸ ਦੀ ਤਾਜਾ ਉਦਾਹਰਨ ਕਿਸਾਨ ਆਗੂਆਂ



ਦੀਆਂ ਧੱਕੇ ਨਾਲ ਕੀਤੀਆਂ ਗ੍ਰਿਫਤਾਰੀਆਂ ਅਤੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਸਰਕਾਰ ਵਲੋਂ ਕਿਸਾਨਾਂ ਨਾਲ ਕੀਤੀਆਂ ਵਧੀਕੀਆਂ ਅਤੇ ਸਰਹੱਦ ਖੋਲ੍ਹਣ ਲਈ ਕੀਤੀ ਧੱਕੇਸ਼ਾਹੀ ਹੈ। ਦੇਸ਼ ਦੇ ਅੰਨਦਾਤੇ ਨਾਲ ਇਸ ਤਰ੍ਹਾਂ ਦੇ ਮਾੜੇ ਵਿਵਹਾਰ ਕਰਨ ਨਾਲ ਸਰਕਾਰ ਦੀ ਕਿਸਾਨਾਂ ਪ੍ਰਤੀ ਮਾੜੀ ਸੋਚ ਦਾ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲੋਕਤੰਤਰ ਤੋਂ ਪੁਲਸ ਸਟੇਟ ਵੱਲ ਨੂੰ ਵੱਧ ਰਿਹਾ ਹੈ।

### ਧੱਕੇਸ਼ਾਹੀ ਨਾ ਕੀਤੀ ਜਾਵੇ : ਕਾਹਲੋਂ

ਉੱਘੇ ਸਮਾਜ ਸੇਵਕ ਮਲਕੀਤ ਸਿੰਘ ਕਾਹਲੋਂ ਨੇ ਪੁਲਸ ਵਲੋਂ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਧਰਨਾ ਦੇ ਰਹੇ ਕਿਸਾਨ ਭਰਾਵਾਂ ਨੂੰ ਜਬਰੀ ਉਥੋਂ ਉਖੇੜ ਦਿੱਤੇ ਜਾਣ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਹੈ ਕਿ ਕਿਸਾਨਾਂ ਨਾਲ ਧੱਕੇਸ਼ਾਹੀ ਨਾ ਕੀਤੀ ਜਾਵੇ। ਕਿਸਾਨਾਂ ਨੂੰ ਜਬਰੀ ਚੁੱਕ ਕੇ ਹਿਰਾਸਤ ਵਿਚ ਲੈਣਾ, ਉਨ੍ਹਾਂ ਨਾਲ ਸਰਾਸਰ ਬੇਇਨਸਾਫ਼ੀ 'ਤੇ ਧੱਕਾ ਹੈ ਤੇ ਇਸ ਤਰ੍ਹਾਂ ਦਾ ਰਵੱਈਆ ਬੇਇਤਫਾਕੀ ਤੇ ਨਾਰਾਜਗੀ



ਦਾ ਮਾਹੌਲ ਸਿਰਜਦਾ ਹੈ। ਸਰਕਾਰਾਂ ਨੂੰ ਰਸਤੇ ਖਾਲੀ ਕਰਵਾਉਣ ਲਈ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਅੰਦਰ ਜਾ ਰਹੇ ਪੰਜਾਬੀਆਂ, ਖਾਸ ਕਰ ਸਿੱਖਾਂ ਨਾਲ ਕੁੱਟਮਾਰ, ਲੁੱਟਖੋਹ ਅਤੇ ਗੱਡੀਆਂ ਦੀ ਭੰਨਤੋੜ ਕਰਨਾ ਠੀਕ ਨਹੀਂ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਮਿਲ ਬੈਠ ਕੇ ਮਸਲੇ ਦਾ ਨਿਪਟਾਰਾ ਕਰਨਾ ਚਾਹੀਦਾ ਹੈ।

# ਸਾਲਾਨਾ ਕਰਜ਼ਾ ਯੋਜਨਾ ਦੇ ਟੀਚੇ ਨੂੰ ਪਾਰ ਕੀਤਾ : ਏ ਡੀ ਸੀ




**ਐਸ ਏ ਐਸ ਨਗਰ (ਗੁਰਜੀਤ ਬਿੱਲਾ**)- ਮੋਹਾਲੀ ਦੇ ਬੈਂਕਾਂ ਦੀ 75ਵੀਂ ਜ਼ਿਲ੍ਹਾ ਸਲਾਹਕਾਰ ਕਮੇਟੀ (ਡੀ ਸੀ ਸੀ) ਦੀ ਮੀਟਿੰਗ ਡੀ ਏ ਸੀ ਮੋਹਾਲੀ ਵਿਖੇ ਹੋਈ, ਜਿਸਦੀ ਪ੍ਰਧਾਨਗੀ ਸ਼੍ਰੀਮਤੀ ਗੀਤਿਕਾ ਸਿੰਘ ਏ ਡੀ ਸੀ (ਜ), ਐਸ ਏ ਐਸ ਨਗਰ ਨੇ ਕੀਤੀ।ਮੀਟਿੰਗ ਦੇ ਵੇਰਵੇ ਦਿੰਦਿਆਂ, ਏ ਡੀ ਸੀ ਨੇ ਕਿਹਾ ਕਿ ਦਸੰਬਰ ਤਿਮਾਹੀ ਲਈ ਸਾਲਾਨਾ ਕਰਜ਼ਾ ਯੋਜਨਾ ਦੇ ਟੀਚੇ ਨੂੰ ਪਾਰ ਕਰ ਲਿਆ ਗਿਆ ਹੈ, ਇਹ ਟੀਚਾ ਨਿਰਧਾਰਿਤ 75% ਦੇ ਟੀਚੇ ਦੇ ਮੁਕਾਬਲੇ 88% ਪ੍ਰਾਪਤ ਕੀਤਾ ਗਿਆ ਹੈ। ਜ਼ਿਲ੍ਹੇ ਦੀ ਪ੍ਰਾਪਤੀ ਖੇਤੀਬਾੜੀ ਖੇਤਰ ਵਿੱਚ 80%, ਐਮ ਐਸ ਐਮ ਈ ਖੇਤਰ ਵਿੱਚ 96% ਅਤੇ ਹੋਰ ਤਰਜੀਹੀ ਖੇਤਰ ਵਿੱਚ 65% ਰਹੀ ਹੈ। ਜ਼ਿਲ੍ਹੇ ਦੀ ਸਮੁੱਚੀ ਪ੍ਰਾਪਤੀ 88% ਹੈ। ਜ਼ਿਲ੍ਹੇ ਦਾ ਕਰਜ਼ਾ-ਜਮਾ (ਸੀ ਡੀ) ਅਨੁਪਾਤ 60% ਦੇ ਰਾਸ਼ਟਰੀ ਟੀਚੇ ਦੇ ਮੁਕਾਬਲੇ 117% ਤੱਕ ਕਾਫ਼ੀ ਸੁਧਰ ਗਿਆ ਹੈ। ਜ਼ਿਲ੍ਹਾ ਲੀਡ ਬੈਂਕ ਮੈਨੇਜਰ, ਐਮ ਕੇ ਭਾਰਦਵਾਜ ਨੇ ਨਿੱਜੀ ਖੇਤਰ ਦੇ ਬੈਂਕਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਗਈਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਜਿਵੇਂ ਕਿ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ 'ਤੇ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਨੇ ਪ੍ਰਧਾਨ ਮੰਤਰੀ ਸਵੈਨਿਧੀ ਦੇ ਬਕਾਇਆ ਮਾਮਲਿਆਂ 'ਤੇ ਵੀ ਚਰਚਾ ਕੀਤੀ। ਬੈਂਕਾਂ ਨੂੰ ਪ੍ਰਧਾਨ ਮੰਤਰੀ ਸਵੈਨਿਧੀ ਅਧੀਨ ਸਾਰੀਆਂ ਅਰਜ਼ੀਆਂ ਨੂੰ ਨਿਯਮਤ ਅਧਾਰ 'ਤੇ ਨਿਪਟਾਉਣ ਲਈ ਕਿਹਾ ਗਿਆ। ਸ਼੍ਰੀਮਤੀ ਗਰਿਮਾ ਬੱਸੀ, ਭਾਰਤੀ ਰਿਜ਼ਰਵ ਬੈਂਕ ਦੀ ਲੀਡ ਜ਼ਿਲ੍ਹਾ ਅਧਿਕਾਰੀ, ਨੇ ਕਿਹਾ ਕਿ ਸਾਰੇ ਬੈਂਕਾਂ ਨੂੰ ਡਿਜੀਟਲਾਈਜ਼ੇਸ਼ਨ ਵਿੱਚ ਰਹਿ ਗਏ ਸਾਰੇ ਖਾਤਿਆਂ ਨੂੰ ਕਵਰ ਕਰਨ ਲਈ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਾਡਾ ਜ਼ਿਲ੍ਹਾ ਇਸ ਤਿਮਾਹੀ ਵਿੱਚ 100% ਡਿਜੀਟਲਾਈਜ਼ੇਸ਼ਨ ਪ੍ਰਾਪਤ ਕਰ ਸਕੇ।ਮੀਟਿੰਗ ਵਿੱਚ ਉਪਕਾਰ ਸਿੰਘ (ਸਟੇਟ ਡਾਇਰੈਕਟਰ, ਆਰ ਐਸ ਈ ਟੀ ਆਈ) ਅਤੇ ਅਮਨਦੀਪ ਸਿੰਘ (ਡਾਇਰੈਕਟਰ, ਆਰ ਐਸ ਈ ਟੀ ਆਈ, ਮੋਹਾਲੀ) ਦੇ ਨਾਲ-ਨਾਲ ਬੈਂਕਾਂ ਅਤੇ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ।

# ਚੀਮਾ ਤੇ ਬੈਂਸ ਵੱਲੋਂ ਪੱਤਰਕਾਰਾਂ ਲਈ ਅਤਿ-ਆਧੁਨਿਕ ਪ੍ਰੈੱਸ ਲੌਂਜ਼ ਦਾ ਉਦਘਾਟਨ



**ਚੰਡੀਗੜ੍ਹ (ਗੁਰਜੀਤ ਬਿੱਲਾ)**— ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਥੇ ਅਤਿ-ਆਧੁਨਿਕ ਪ੍ਰੈੱਸ ਲੌਂਜ ਦਾ ਉਦਘਾਟਨ ਕੀਤਾ। ਇਹ ਲੌਂਜ ਪੱਤਰਕਾਰਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੰਮਕਾਜੀ ਮਾਹੌਲ ਪ੍ਰਦਾਨ ਕਰਨ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਪ੍ਰੈੱਸ ਗੈਲਰੀ ਕਮੇਟੀ ਦੇ ਯਤਨਾਂ ਸਦਕਾ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੀ ਦੂਜੀ ਮੰਜ਼ਿਲ 'ਤੇ ਬਣੇ ਇਸ ਪ੍ਰੈੱਸ ਲੌਂਜ ਦਾ ਦੋ ਦਹਾਕਿਆਂ ਬਾਅਦ ਨਵੀਨੀਕਰਨ ਕੀਤਾ ਗਿਆ ਹੈ।ਇਸ ਮੌਕੇ ਮੁੱਖ ਮੰਤਰੀ ਪੰਜਾਬ ਦੇ ਓ.ਐਸ.ਡੀ. (ਮੀਡੀਆ) ਆਦਿਲ ਆਜ਼ਮੀ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਮਾਲਵਿੰਦਰ ਸਿੰਘ ਜੱਗੀ, ਡਾਇਰੈਕਟਰ ਵਿਮਲ ਸੇਤੀਆ, ਵਧੀਕ ਡਾਇਰੈਕਟਰ (ਐਡਮਿਨ) ਸੰਦੀਪ ਸਿੰਘ ਗਾੜ੍ਹਾ, ਜਾਇੰਟ ਡਾਇਰੈਕਟਰ (ਪ੍ਰੈੱਸ) ਹਰਜੀਤ ਸਿੰਘ ਗਰੇਵਾਲ, ਪੰਜਾਬ ਵਿਧਾਨ ਸਭਾ ਪ੍ਰੈੱਸ ਗੈਲਰੀ ਕਮੇਟੀ ਦੇ ਪ੍ਰਧਾਨ ਅਸ਼ਵਨੀ ਚਾਵਲਾ, ਉਪ ਪ੍ਰਧਾਨ ਅਮਿਤ ਪਾਂਡੇ, ਸਕੱਤਰ ਦੀਪਕ ਸ਼ਰਮਾ ਅਤੇ ਹੋਰ ਸੀਨੀਅਰ ਪੱਤਰਕਾਰ ਵੀ ਮੌਜੂਦ ਸਨ।ਇਹ ਪ੍ਰੈੱਸ ਲੌਂਜ, ਜਿਸਦਾ ਨਵੀਨੀਕਰਨ ਬਾਅਦ ਅੱਜ ਉਦਘਾਟਨ ਕੀਤਾ ਗਿਆ, ਅਤਿ-ਆਧੁਨਿਕ ਤਕਨਾਲੋਜੀ ਅਤੇ ਜ਼ਰੂਰੀ ਸਹੂਲਤਾਂ ਨਾਲ ਲੈਸ ਹੈ, ਜੋ ਮੀਡੀਆ ਦੀ ਮਜ਼ਬੂਤੀ ਅਤੇ ਪੱਤਰਕਾਰੀ ਲਈ ਸੁਤੰਤਰ, ਨਿਰਪੱਖ ਤੇ ਉਸਾਰੂ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਲੌਂਜ ਵਿੱਚ ਹਾਈ-ਸਪੀਡ ਇੰਟਰਨੈਟ, ਡੈਸਕਟਾਪ, ਪ੍ਰਿੰਟਰ ਅਤੇ ਬੈਠਣ ਲਈ ਢੁਕਵੇਂ ਪ੍ਰਬੰਧ ਹਨ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਜਨਤਾ ਤੱਕ ਜਾਣਕਾਰੀ ਦੇ ਪਾਸਾਰ ਲਈ ਪੱਤਰਕਾਰਾਂ ਕੋਲ ਲੋੜੀਂਦੇ ਸਾਧਨ ਅਤੇ ਸਰੋਤ ਉਪਲਬਧ ਹੋਣ ਤਾਂ ਜੋ ਉਹ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਡਿਊਟੀ ਨਿਭਾ ਸਕਣ। ਬੈਂਸ ਨੇ ਲੋਕਤੰਤਰ ਵਿੱਚ ਇੱਕ ਆਜ਼ਾਦ ਅਤੇ ਨਿਰਪੱਖ ਪ੍ਰੈੱਸ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਪ੍ਰੈੱਸ ਲੌਂਜ ਦੀ ਅਹਿਮੀਅਤ ਨੂੰ ਉਜਾਗਰ ਕੀਤਾ।ਪ੍ਰੈੱਸ ਲੌਂਜ, ਵੱਖ-ਵੱਖ ਸਰਕਾਰੀ ਵਿਭਾਗਾਂ, ਰਾਜ ਸਰਕਾਰ ਦੀਆਂ ਗਤੀਵਿਧੀਆਂ ਅਤੇ ਕਾਰਜਾਂ ਨੂੰ ਕਵਰ ਕਰਨ ਵਾਲੇ ਪੱਤਰਕਾਰਾਂ ਲਈ ਇੱਕ ਹੱਬ ਵਜੋਂ ਕੰਮ ਕਰਦਾ ਹੈ।

# 14 ਸਾਲਾ ਲੜਕਿਆਂ ਦੇ ਫੁੱਟਬਾਲ ਚੋਣ ਟਰਾਇਲ ਅੱਜ

**ਗੁਰਾਇਆ (ਬਿੰਦਰ ਸੁਮਨ)** ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਦੁਆਰਾ ਫੁੱਟਬਾਲ ਦੇ ਅੰਡਰ 14 ਲੜਕਿਆਂ ਦੇ ਰਿਹਾਇਸ਼ੀ ਫੁੱਟਬਾਲ ਅਕੈਡਮੀ ਲਈ ਚੋਣ ਟਰਾਇਲ ਮਿਤੀ 23 ਮਾਰਚ 2025 ਦਿਨ ਐਤਵਾਰ ਨੂੰ ਜਨਰੇਸ਼ਨ ਅਮੇਜ਼ਿੰਗ ਕਮਿਊਨਿਟੀ ਕਲੱਬ ਰੁੜਕਾ ਕਲਾਂ, ਪਾਸਲਾ ਰੋਡ ਦੀ ਗਰਾਊਂਡ ਵਿਖੇ ਹੋਣਗੇ।ਇਹਨਾਂ ਟਰਾਇਲਾਂ ਵਿੱਚ ਸਿਰਫ ਪੰਜਾਬ ਦੇ ਖਿਡਾਰੀ ਹੀ ਹਿੱਸਾ ਲੈ ਸਕਦੇ ਹਨ। ਖਿਡਾਰੀਆਂ ਨੂੰ ਸਵੇਰੇ 9 ਵਜੇ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ। ਜੋ ਖਿਡਾਰੀ ਟਰਾਇਲ ਦੇਣ ਵਾਸਤੇ ਆ ਰਹੇ ਹਨ ਉਹਨਾਂ ਦਾ ਜਨਮ ਸਾਲ 2012-2013 ਹੋਵੇ ਅਤੇ ਉਹ ਆਪਣੇ ਨਾਲ ਅਸਲੀ ਜਨਮ ਸਰਟੀਫਿਕੇਟ, ਆਧਾਰ ਕਾਰਡ ਅਤੇ ਦੋ ਪਾਸਪੋਰਟ ਸਾਈਜ਼ ਫੋਟੋਆਂ ਜ਼ਰੂਰ ਲੈ ਕੇ ਆਉਣ।ਕਲੱਬ ਦੇ ਪ੍ਰਧਾਨ ਸ਼੍ਰੀ ਗੁਰਮੰਗਲ ਦਾਸ ਜੀ ਦੁਆਰਾ ਦੱਸਿਆ ਗਿਆ ਕਿ ਇਹਨਾਂ ਟਰਾਇਲਾਂ ਵਿੱਚ ਚੁਣੇ ਗਏ ਖਿਡਾਰੀਆਂ ਨੂੰ ਰਿਹਾਇਸ਼, ਡਾਇਟ ਅਤੇ ਟ੍ਰੇਨਿੰਗ ਫਰੀ ਦਿੱਤੀ ਜਾਵੇਗੀ। ਟਰਾਇਲਾਂ ਲਈ ਆਉਣ ਵਾਲੇ ਖਿਡਾਰੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ।ਇਹਨਾਂ ਟਰਾਈਲਾਂ ਬਾਰੇ ਵਧੇਰੇ ਜਾਣਕਾਰੀ ਲਈ ਵਾਈ.ਐਫ.ਸੀ. ਦੀ ਵੈਬਸਾਈਟ ਤੇ ਸੰਪਰਕ ਕਰ ਸਕਦੇ ਹੋ।



# ਪੱਤਰਕਾਰ ਦੇਵ ਰਤਨ ਚੌਧਰੀ ਦੀ ਯਾਦ 'ਚ ਮੁਫਤ ਆਪਰੇਸ਼ਨ ਕੈਂਪ 10 ਨੂੰ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਜਨ ਅਧਿਕਾਰ ਕਲਿਆਣ ਸੰਮਤੀ ਅਤੇ ਦੂਣ ਹਿਤਕਾਰਨੀ ਸਭਾ ਨੂਰਪੁਰ ਬੇਦੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਲੜੀ ਤਹਿਤ ਨਗਰ ਕਸਬਾ ਤਖਤਗੜ੍ਹ ਵਿਖੇ ਭਾਰਤ ਦੇ ਤਤਕਾਲੀਨ ਰਾਸ਼ਟਰਪਤੀ ਦੁਆਰਾ ਸਨਮਾਨਿਤ ਮਰਹੂਮ ਪੱਤਰਕਾਰ ਦੇਵ ਰਤਨ ਚੌਧਰੀ ਦੀ ਯਾਦ ਵਿੱਚ ਅੱਖਾਂ ਦਾ ਮੁਫਤ ਆਪਰੇਸ਼ਨ ਕੈਂਪ ਲਗਵਾਉਣ ਦਾ ਫੈਸਲਾ ਕੀਤਾ ਹੈ।ਬਲਬੀਰ ਸਿੰਘ ਭੱਟੋਂ ਚੇਅਰਮੈਨ ਅਤੇ ਮਾ. ਨਾਨਕ ਚੰਦ ਰਾਣਾ ਪ੍ਰਧਾਨ ਨੇ ਦੱਸਿਆ ਕਿ ਸੰਮਤੀ ਦੇ ਨੁਮਾਇੰਦਿਆਂ ਨੇ ਅੱਖਾਂ ਦੇ ਮਾਹਿਰ ਡਾਕਟਰ ਅਤੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਮੋਰਿੰਡਾ ਨਾਲ ਗੱਲਬਾਤ ਕੀਤੀ, ਜਿਨ੍ਹਾਂ ਵੱਲੋਂ ਕੈਂਪ ਲਈ 10 ਅਪ੍ਰੈਲ ਦਾ ਸਮਾਂ ਦਿੱਤਾ ਗਿਆ ਹੈ। ਉਸ ਦਿਨ ਇਹ ਕੈਂਪ ਪਿੰਡ ਤਖਤਗੜ੍ਹ ਵਿਖੇ ਲਗਾਇਆ ਜਾਵੇਗਾ।ਇਸ ਮੌਕੇ ਮਾਸਟਰ ਮੋਹਨ ਸਿੰਘ ਭੈਣੀ, ਰਾਜ ਕੁਮਾਰ ਆਜਮ ਪੁਰ, ਬਾਬੂ ਭਜਨ ਸਿੰਘ ਆਦਿ ਹਾਜ਼ਰ ਸਨ।



# ਪਾਸ਼ ਦੀ ਸ਼ਹਾਦਤਗਾਹ 'ਤੇ ਜੁੜੇ ਕਲਮਕਾਰਾਂ ਨੇ ਕੀਤਾ ਯਾਦਗਾਰ ਉਸਾਰਨ ਦਾ ਐਲਾਨ

**ਸ਼ਾਹਕੋਟ (ਗਿਆਨ ਸੈਦਪੁਰੀ)**— ਪੰਜਾਬ ਦੇ ਨਾਮਵਰ ਇਨਕਲਾਬੀ ਕਵੀ ਸ਼ਹੀਦ ਅਵਤਾਰ ਪਾਸ਼ ਤੇ ਉਸਦੇ ਸਾਥੀ ਹੰਸ ਰਾਜ ਦੀ ਸ਼ਹਾਦਤ ਵਾਲੀ ਜਗ੍ਹਾ 'ਤੇ ਪਿੰਡ ਤਲਵੰਡੀ ਸਲੇਮ ਵਿਖੇ ਪੰਜਾਬ ਦੇ ਵੱਖ ਵੱਖ ਖੇਤਰਾਂ ਤੋਂ ਪੁੱਜੇ ਨਾਮਵਰ ਸਾਹਿਤਕਾਰਾਂ ਨੇ ਪਾਸ਼ ਦੇ ਖੂਹ ਸ਼ਹੀਦੀ ਸਥਾਨ 'ਤੇ ਇਕੱਠੇ ਹੋ ਕੇ ਲਾ ਮਿਸਾਲ ਯਾਦਗਾਰ ਉਸਾਰਨ ਦਾ ਐਲਾਨ ਕੀਤਾ । ਇਸ ਯਾਦਗਾਰ ਵਿੱਚ ਪਾਸ਼ ਦੀ ਸ਼ਹਾਦਤ ਵਾਲੀ ਥਾਂ ਤੋਂ ਖੜ੍ਹ ਕੇ ਦੇਸ਼-ਵਿਦੇਸ਼ ਦੇ ਜਮਹੂਰੀ ਤੇ ਲੋਕ ਪੱਖੀ ਸਾਹਿਤਕ ਸਰੋਕਾਰਾਂ ਵਾਲੇ ਅਤੇ ਲੋਕਾਂ ਦੇ ਹੱਕਾਂ ਦੀਆਂ ਲਹਿਰਾਂ ਵਾਲੇ ਹਲਕਿਆਂ ਨੂੰ ਇਸ ਕਾਰਜ ਵਿੱਚ ਆਰਥਿਕ ਸਹਾਇਤਾ ਦਾ ਭਰਵਾਂ ਯੋਗਦਾਨ ਦੇਣ ਦੀ ਅਪੀਲ ਕਰਦਾ ਸੰਦੇਸ਼ ਪ੍ਰਸਾਰਿਤ ਕੀਤਾ ਗਿਆ।ਇਹ ਇਕੱਤਰਤਾ ਪਾਸ਼ ਦੇ ਪਰਵਾਰ ਦੀ ਪਹਿਲਕਦਮੀ 'ਤੇ ਗਠਤ ਹੋਏ 'ਅਵਤਾਰ ਸਿੰਘ ਪਾਸ਼ ਯਾਦਗਾਰੀ ਟਰੱਸਟ' ਵੱਲੋਂ ਬੁਲਾਈ ਗਈ ਸੀ।ਟਰੱਸਟ ਦੀ ਚੇਅਰਪਰਸਨ ਵਜੋਂ ਪਾਸ਼ ਦੀ ਭੈਣ ਪਰਮਿੰਦਰ ਗਿੱਲ ਨੇ ਇਕੱਠੇ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ। ਟਰੱਸਟ ਵੱਲੋਂ ਪਾਵੇਲ ਕੁੱਸਾ ਨੇ ਯਾਦਗਾਰ ਉਸਾਰੀ ਬਾਰੇ ਮੁੱਢਲੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪਾਸ਼ ਦੀ ਸ਼ਹਾਦਤ ਵਾਲੇ ਖੇਤ ਵਿਚਲੀ ਮੋਟਰ ਵਾਲੀ ਜਗ੍ਹਾ 'ਤੇ ਪਾਸ਼ ਦੀ ਸ਼ਹਾਦਤ ਤੇ ਉਸਦੀ ਕਵਿਤਾ ਦੇ ਸਾਰ ਨੂੰ ਚਿੰਨਾਤਮਕ ਤੌਰ 'ਤੇ ਪ੍ਰਗਟਾਉਂਦੀ ਯਾਦਗਾਰ ਉਸਾਰੀ ਕੀਤੀ ਜਾਣੀ ਹੈ। ਇਸ ਕਾਰਜ ਲਈ ਪਰਵਾਰ ਨੇ ਲਗਭਗ ਦੋ ਏਕੜ ਜ਼ਮੀਨ ਟਰਸਟ ਨੂੰ ਸੌਂਪੀ ਹੈ।ਇਸ ਦੇ ਨਾਲ ਹੀ ਪਾਸ਼ ਦੇ ਜੱਦੀ ਘਰ ਨੂੰ ਵਿਰਾਸਤੀ ਘਰ ਵਜੋਂ ਸੰਭਾਲਣ ਦਾ ਉਪਰਾਲਾ ਕੀਤਾ ਜਾਵੇਗਾ ਤਾਂ ਜੋ ਅਗਲੀਆਂ ਪੀੜ੍ਹੀਆਂ ਲਈ ਸਾਹਿਤਕ ਵਿਰਾਸਤ ਵਜੋਂ ਪ੍ਰੇਰਨਾ ਸੋਮਾ ਬਣੇ। ਹਾਜ਼ਰ ਸਾਹਿਤਕਾਰਾਂ ਵੱਲੋਂ ਪ੍ਰੋ ਵਰਿਆਮ ਸਿੰਘ ਸੰਧੂ, ਡਾ.ਸਵਰਾਜਬੀਰ, ਬਲਦੇਵ ਸੜਕਨਾਮਾ, ਡਾ.ਸੁਰਿੰਦਰ ਧੰਜਲ, ਅਤਰਜੀਤ, ਜਸਪਾਲ ਮਾਨਖੇੜਾ, ਜਤਿੰਦਰ ਮੌਹਰ, ਪਾਸ਼ ਦੀਆਂ ਭੈਣਾਂ ਪਰਮਿੰਦਰ ਅਤੇ ਰਾਜਿੰਦਰ ਸਮੇਤ ਹਾਜ਼ਰ ਸ਼ਖਸ਼ੀਅਤਾਂ ਨੇ ਇਸ ਯਾਦਗਾਰ ਉਸਾਰੀ ਦੇ ਮਹੱਤਵ ਬਾਰੇ ਚਰਚਾ ਕੀਤੀ। ਪਾਸ਼ ਦੀ ਸਾਹਿਤਕ ਦੇਣ ਤੇ ਕੁਰਬਾਨੀ ਦੇ ਪ੍ਰਸੰਗ ਤਹਿਤ ਯਾਦਗਾਰ ਉਸਾਰੀ ਦੀ ਬਣਤਰ ਬਾਰੇ ਬਹੁਮੁੱਲੇ ਸੁਝਾਅ ਪੇਸ਼ ਕੀਤੇ। ਪਾਸ਼ ਦੇ ਖੇਤ ਵਿੱਚ ਖੂਹ ਵਾਲੀ ਥਾਂ 'ਤੇ ਹੋਈ ਇਕੱਤਰਤਾ 'ਤੇ ਐਲਾਨ ਕੀਤਾ ਗਿਆ ਕਿ ਇਸ ਵਰ੍ਹੇ 9 ਸਤੰਬਰ ਨੂੰ ਪਾਸ਼ ਦੇ ਜਨਮ ਦਿਹਾੜੇ ਮੌਕੇ ਯਾਦਗਰ ਉਸਾਰੀ ਦੇ ਕਾਰਜ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਯਾਦਗਾਰ ਉਸਾਰੀ ਦੇ ਵਿਸ਼ੇਸ਼ ਮਕਸਦ ਨਾਲ ਬਣਿਆ ਇਹ ਟਰੱਸਟ ਪਾਸ਼ ਦੀ ਯਾਦ 'ਚ ਬਣੀਆਂ ਹੋਰਨਾਂ ਸੰਸਥਾਵਾਂ ਨਾਲ਼ ਸਹਿਯੋਗ ਦਾ ਮਜ਼ਬੂਤ ਰਿਸ਼ਤਾ ਬਣਾ ਕੇ ਚੱਲੇਗਾ। ਵਿਦੇਸ਼ ਤੋਂ ਅਜਮੇਰ ਰੋਡੇ , ਡਾਕਟਰ ਸਾਧੂ ਸਿੰਘ ਤੇ ਸੁਖਵੰਤ ਹੁੰਦਲ ਦੇ ਸਹਿਯੋਗੀ ਸੁਨੇਹੇ ਵੀ ਪਹੁੰਚੇ।ਟਰੱਸਟ ਦੇ ਮੈਂਬਰਾਂ ਅਮੋਲਕ ਸਿੰਘ, ਡਾ.ਪਰਮਿੰਦਰ, ਜਸਪਾਲ ਜੱਸੀ , ਪਰਮਿੰਦਰ ਗਿੱਲ ਤੇ ਹਰਮੇਸ਼ ਮਾਲੜੀ ਅਤੇ ਅਸ਼ਵਨੀ ਘੁੱਦਾ, ਡਾ. ਸਾਹਿਬ ਸਿੰਘ, ਡਾ.ਨਵਸ਼ਰਨ , ਪ੍ਰੋ.ਅਤੁਲ ਸੂਦ, ਜਤਿੰਦਰ ਮੌਹਰ ,ਰਣਦੀਪ ਮੱਧੋਕੇ, ਹਰਮੀਤ ਵਿਦਿਆਰਥੀ, ਜਗੀਰ ਜੋਸਨ, ਦਰਸ਼ਨ ਬੁਲੰਦਵੀ, ਡਾ. ਹਰਭਗਵਾਨ ਬਰਨਾਲਾ, ਰਣਬੀਰ ਰਾਣਾ, ਮੋਹਣ ਮਤਿਆਲਵੀ , ਮੋਹਨ ਸਿੰਘ ਬੱਲ , ਸੁਖਵਿੰਦਰ ਬਾਗਪੁਰ, ਸੁੱਚਾ ਸਿੰਘ ਤਲਵੰਡੀ ਸਲੇਮ ਸਮੇਤ 50 ਦੇ ਲਗਭਗ ਸਾਹਿਤਕ ਤੇ ਜਨਤਕ ਸ਼ਖਸ਼ੀਅਤਾਂ ਇਸ ਮਿਲਣੀ ਵਿੱਚ ਸ਼ਾਮਲ ਹੋਈਆਂ।



# ਝੰਡੇਰ ਕਲਾਂ ਦੇ ਲੋੜਵੰਦਾਂ ਲਈ ਹਸਪਤਾਲ ਢਾਹਾਂ ਕਲੇਰਾਂ ਵਿਖੇ ਬੈੱਡ ਫ੍ਰੀ ਕਰਵਾਇਆ



**ਬੰਗਾ (ਅਵਤਾਰ ਕਲੇਰ)** ਪਿੰਡ ਝੰਡੇਰ ਕਲਾਂ ਦੇ ਜੰਮਪਲ ਭਰਾਵਾਂ ਅਵਤਾਰ ਸਿੰਘ ਬਿਨਿੰਗ ਯੂ.ਕੇ. ਅਤੇ ਅਮਰੀਕ ਸਿੰਘ ਬਿਨਿੰਗ ਕਨੈਡਾ ਨੇ ਆਪਣੇ ਪਿਤਾ ਸਵ: ਅਜੀਤ ਸਿੰਘ ਬਿਨਿੰਗ ਦੀ ਯਾਦ 'ਚ ਆਪਣੇ ਜੱਦੀ ਪਿੰਡ ਝੰਡੇਰ ਕਲਾਂ ਦੇ ਲੋੜਵੰਦਾਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਕ ਬੈੱਡ ਫ੍ਰੀ ਕਰਵਾਇਆ।ਇਸ ਕਾਰਜ ਲਈ ਬਿਨਿੰਗ ਭਰਾਵਾਂ ਨੇ ਆਪ ਢਾਹਾਂ ਕਲੇਰਾਂ ਹਸਪਤਾਲ ਵਿਖੇ ਪੁੱਜ ਕੇ ਢਾਈ ਲੱਖ ਰੁਪਏ ਦੀ ਰਾਸ਼ੀ ਹਸਪਤਾਲ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੂੰ ਭੇਟ ਕੀਤੀ। ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਬਿਨਿੰਗ ਭਰਾਵਾਂ ਨੇ ਆਪਣੇ ਪਿਤਾ ਸਵ: ਅਜੀਤ ਸਿੰਘ ਬਿਨਿੰਗ ਦੀ ਯਾਦ ਨੂੰ ਸਦੀਵੀ ਕਰਦੇ ਹੋਏ ਪਿੰਡ ਝੰਡੇਰ ਕਲਾਂ ਵਾਸੀਆਂ ਲਈ ਟਰੱਸਟ ਦੇ ਪ੍ਰਬੰਧ ਹੇਠਾਂ ਚੱਲ ਰਹੇ 100 ਬੈੱਡਾਂ ਵਾਲੇ ਮਲਟੀਸ਼ਪੈਸ਼ਲਿਟੀ ਹਸਪਤਾਲ ਵਿਖੇ ਬੈੱਡ ਫ੍ਰੀ ਕਰਵਾ ਕੇ ਨੇਕ ਕਾਰਜ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਚ ਇਲਾਕੇ ਦੇ 85 ਪਿੰਡਾਂ ਦੇ ਦਾਨੀ ਪਰਵਾਰਾਂ ਵੱਲੋਂ ਆਪਣੇ-ਆਪਣੇ ਪਿੰਡ ਵਾਸੀਆਂ ਲਈ ਬੈੱਡ ਫਰੀ ਕਰਵਾਏ ਹੋਏ ਹਨ, ਜਿਸ ਦਾ ਲਾਭ ਉਹਨਾਂ ਪਿੰਡਾਂ ਦੇ ਵਾਸੀ ਨਿਰੰਤਰ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਜਗਜੀਤ ਸਿੰਘ ਸੋਢੀ, ਸੁਖਵਿੰਦਰ ਸਿੰਘ,ਮਹਿੰਦਰ ਸਿੰਘ, ਗੁਰਮੀਤ ਸਿੰਘ, ਭਾਈ ਜੋਗਾ ਸਿੰਘ, ਕੰਵਲਜੀਤ ਸਿੰਘ ਸੋਢੀ, ਮਨਵੀਰ ਸਿੰਘ ਢਾਹਾਂ ਕੈਨੇਡਾ, ਕਮਲਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਸੰਤ ਮੰਗਲ ਦਾਸ ਦੀ ਯਾਦ 'ਚ ਬਰਸੀ ਸਮਾਗਮ 27 ਨੂੰ

**ਫਗਵਾੜਾ ( ਜਸਵਿੰਦਰ ਢੱਡਾ )** ਪਰਮ ਪੂਜਯ ਧੰਨ ਧੰਨ ਬ੍ਰਹਮਲੀਨ ਸੰਤ ਮੰਗਲ ਦਾਸ ਦੀ ਯਾਦ ਵਿੱਚ ਚੌਥਾ ਬਰਸੀ ਸਮਾਗਮ ਡੇਰਾ ਸ੍ਰੀ 108 ਸੰਤ ਬਾਬਾ ਬਸਾਉ ਦਾਸ ਸੱਚਖੰਡ ਦੁੱਧਾਧਾਰੀ ਈਸਪੁਰ (ਹੁਸ਼ਿਆਰਪੁਰ) ਵਿਖੇ ਮਿਤੀ 27 ਮਾਰਚਦਿਨ ਵੀਰਵਾਰ ਨੂੰ ਸੰਤ ਬੀਬੀ ਪ੍ਰਕਾਸ਼ ਕੌਰ ਅਤੇ ਡੇਰਾ ਸੰਚਾਲਕ ਸੰਤ ਹਰਵਿੰਦਰ ਦਾਸ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਆਪ ਜੀ ਨੇ ਪਰਿਵਾਰ ਸਹਿਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਸਭ ਤੋਂ ਪਹਿਲਾਂ ਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਪਾਠ ਦੇ ਭੋਗ ਪਾਏ ਜਾਣਗੇ।ਇਸ ਉਪਰੰਤ ਕੀਰਤਨੀ ਅਤੇ ਰਾਗੀ ਜਥਿਆਂ ਅਤੇ ਵੱਖ-ਵੱਖ ਡੇਰਿਆਂ ਤੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਵਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ।

# ਐੱਸ ਡੀ ਕਾਲਜ 'ਚ ਮੈਂਟਲ ਹੈੱਲਥ 'ਤੇ ਲੈਕਚਰ

**ਸੁਲਤਾਨਪੁਰ ਲੋਧੀ ( ਹਨੀ )** ਐਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਸਿਹਤ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਕਾਲਜ ਦੇ ਕਾਮਰਸ ਅਤੇ ਐਨ ਐਸ ਐਸ ਵਿਭਾਗ ਵੱਲੋਂ ਮੈਂਟਲ ਹੈਲਥ 'ਤੇ ਲੈਕਚਰ ਕਰਵਾਏ ਗਏ, ਜਿਸ ਵਿੱਚ ਕਾਮਰਸ ਵਿਭਾਗ ਦੇ ਮੈਡਮ ਖੁਸ਼ਬੂ ਕੁਮਾਰੀ ਨੇ ਮੈਂਟਲ ਹੈਲਥ 'ਤੇ ਲੈਕਚਰ ਦਿੰਦਿਆਂ ਵਿਦਿਆਰਥਣਾਂ ਨੂੰ ਦੱਸਿਆ ਕਿ ਅਸੀਂ ਇਸ ਤਨਾਵ ਭਰੀ ਜ਼ਿੰਦਗੀ ਵਿੱਚੋਂ ਕਿਸ ਤਰ੍ਹਾਂ ਬਾਹਰ ਨਿਕਲ ਸਕਦੇ ਹਾਂ ਤੇ ਇਸ ਤੋਂ ਇਲਾਵਾ ਇਸ ਤਨਾਵ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਇਸ ਦੌਰਾਨ ਵੱਖ-ਵੱਖ ਵਿਦਿਆਰਥਣਾਂ ਵੱਲੋਂ ਆਪਣੇ ਵਿਚਾਰ ਪ੍ਰਗਟ ਕੀਤੇ ਗਏ ,ਜਿਸ ਵਿੱਚ ਬੀ ਕਾਮ ਭਾਗ ਪਹਿਲਾ ਦੀ ਸੁਖਦੀਪ ਕੌਰ ਪਹਿਲੇ, ਬੀ.ਕਾਮ ਭਾਗ ਦੂਜਾ ਦੀ ਨਵਦੀਪ ਕੌਰ ਦੂਸਰੇ ਅਤੇ ਬੀ.ਕਾਮ ਭਾਗ ਪਹਿਲਾ ਦੀ ਵਿਦਿਆਰਥਣ ਹਰਮੀਨ ਕੌਰ ਤੀਜੇ ਸਥਾਨ 'ਤੇ ਰਹੀ । ਇਸ ਦੌਰਾਨ ਸਟਾਫ਼ ਮੈਂਬਰਾਂ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਨੇ ਹਿੱਸਾ ਲਿਆ।




# ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦਾ ਸਰਬਸੰਮਤੀ ਨਾਲ ਗਠਨ

**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਇਕਾਈ ਬੰਗਾ ਦਾ ਸਰਬਸੰਮਤੀ ਨਾਲ ਗਠਨ ਗੁਰਦੇਵ ਸਿੰਘ ਮਾਨ ਫ੍ਰੀ ਟਿਊਸ਼ਨ ਸੈਂਟਰ ਵਿਖੇ ਕੀਤੀ ਗਈ ਮੀਟਿੰਗ ਵਿੱਚ ਹੋਇਆ। ਇਸ ਵਾਰ ਵੀ ਪਿਛਲੇ ਮੁਖੀ ਹਰਜਿੰਦਰ ਸੂੰਨੀ ਨੂੰ ਹੀ ਦੁਬਾਰਾ ਜੱਥੇਬੰਧਕ ਮੁਖੀ ਦੇ ਤੌਰ 'ਤੇ ਚੁਣਿਆ ਗਿਆ। ਵਿੱਤ ਵਿਭਾਗ ਮਾਸਟਰ ਜਗਦੀਸ਼ ਰਾਏਪੁਰ ਡੱਬਾ,ਮੀਡੀਆ ਵਿਭਾਗ ਮੋਹਣ ਬੀਕਾ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਸੁਖਵਿੰਦਰ ਲੰਗੇਰੀ ਅਤੇ ਸਭਿਆਚਾਰਕ ਵਿਭਾਗ ਦੇ ਮੁੱਖੀ ਦੀ ਜਿੰਮੇਵਾਰੀ ਪਰਮਜੀਤ ਖਮਾਚੋਂ ਨੂੰ ਦਿੱਤੀ ਗਈ।ਨਵੀਂ ਟੀਮ ਚੁਣਨ ਤੋਂ ਪਹਿਲਾਂ ਇਕਾਈ ਦੇ ਪਹਿਲੇ ਅਹੁਦੇਦਾਰਾਂ ਵਲੋਂ ਲੰਘੇ ਦੋ ਸਾਲਾਂ ਦੀਆਂ ਕਾਰਗੁਜ਼ਾਰੀ ਰਿਪੋਰਟਾਂ ਪੇਸ਼ ਕੀਤੀਆਂ ਅਤੇ ਕਾਰਜਾਂ ਬਾਰੇ ਚਰਚਾ ਕੀਤੀ ਗਈ। ਚਰਚਾ 'ਚ ਬਲਜੀਤ ਖਟਕੜ, ਸੁਖਵਿੰਦਰ ਲੰਗੇਰੀ, ਸਤਨਾਮ ਸਿੰਘ ਖਟਕੜ, ਸੁਰੇਸ਼ ਕਰਨਾਣਾ ,ਕੁਲਵਿੰਦਰ ਖਟਕੜ, ਰਮੇਸ਼ ਚੰਦਰ ਹੀਉਂ, ਸੰਤੋਸ਼ ਖਟਕੜ,ਰੂਬੀ ਬੰਗਾ, ਹਰਚਰਨ ਨੌਰਾ ਅਤੇ ਨਿਤਨ ਮੁਕੰਦਪੁਰ ਵਲੋਂ ਹਿੱਸਾ ਲਿਆ ਗਿਆ। ਪੇਸ਼ ਕੀਤੀਆਂ ਰਿਪੋਰਟਾਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਇਕਾਈ ਦੇ ਅਹੁਦੇਦਾਰਾਂ ਦੀ ਚੋਣ ਨਵਾਂਸ਼ਹਿਰ ਤੋਂ ਜੋਨ ਮੁੱਖੀ ਸਤਪਾਲ ਸਲੋਹ ਦੀ ਦੇਖ ਰੇਖ ਹੇਠ ਹੋਈ। ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦੀ ਵੰਡ ਵੀ ਕੀਤੀ ਗਈ। ਸੁਸਾਇਟੀ ਵਿੱਚ ਜਿਹਨਾਂ ਦੇ ਪਰਵਾਰਾਂ 'ਚ ਜਨਮ ਦਿਨ ਜਾਂ ਕੋਈ ਹੋਰ ਖੁਸ਼ੀ ਗਮੀ ਦਾ ਮੌਕਾ ਆਵੇ ਤਾਂ ਸੁਸਾਇਟੀ ਨੂੰ ਆਰਥਿਕ ਮੱਦਦ ਕਰਨ ਬਾਰੇ ਵੀ ਸ਼ੁਰੂਆਤ ਕੀਤੀ ਗਈ ਅਤੇ ਅਗਲੇ ਸਾਲਾਂ 'ਚ ਕਰਨ ਵਾਲੇ ਕਾਰਜਾਂ ਬਾਰੇ ਵੀ ਰੂਪਰੇਖਾ ਤਿਆਰ ਕੀਤੀ ਗਈ।



# ਸਰ ਮਾਰਸ਼ਲ ਸਕੂਲ ਵਿਖੇ ਸ਼ਹੀਦ-ਏ- ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਵੱਲੋਂ ਪਿੰਡ ਬੈਂਸ ਅਵਾਨ ਵਿਖੇ ਚਲਾਏ ਜਾ ਰਹੇ ਸਰ ਮਾਰਸ਼ਲ ਸਕੂਲ ਵਿੱਚ ਦੇਸ਼ ਦੀ ਆਜ਼ਾਦੀ ਕਾਰਨ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ-ਏ- ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਗਿਆ। ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਦੇਖ ਰੇਖ ਹੇਠ ਮਨਾਏ ਗਏ ਸ਼ਹੀਦੀ ਦਿਨ ਦੌਰਾਨ ਸਮੂਹ ਸਟਾਫ ਮੈਂਬਰਾਂ ਤੇ ਵੱਖ ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨਾਂ ਨੇ ਦੇਸ਼ ਦੀ ਆਜ਼ਾਦੀ ਖਾਤਿਰ ਆਪਣੇ ਜੀਵਨ ਦਾ ਬਲਿਦਾਨ ਦਿੱਤਾ ਅਤੇ ਹੱਸਦੇ ਹੋਏ ਫਾਂਸੀ ਦੇ ਰੱਸੇ ਨੂੰ ਆਪਣੇ ਗਲੇ ਵਿੱਚ ਪਾਇਆ।ਉਨ੍ਹਾਂ ਹੋਰ ਕਿਹਾ ਕਿ ਅੱਜ ਜੋ ਅਸੀਂ ਆਜ਼ਾਦੀ ਦਾ ਸੁੱਖ ਮਾਣ ਰਹੇ ਹਾਂ, ਉਹ ਇਨ੍ਹਾਂ ਮਹਾਨ ਸ਼ਹੀਦਾਂ ਦੀ ਬਦੌਲਤ ਹੀ ਹੈ। ਇਸ ਲਈ ਸਾਨੂੰ ਇਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਦੇਸ਼ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਦੇ ਦਰਸਾਏ ਗਏ ਦੇਸ਼ ਭਗਤੀ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਨਾਲ ਸਬੰਧਿਤ ਕਵਿਤਾਵਾਂ, ਗੀਤ ਅਤੇ ਸਕਿੱਟਾਂ ਪੇਸ਼ ਕਰਕੇ ਦੇਸ਼ ਪ੍ਰਤੀ ਆਪਣੀ ਭਾਵਨਾ ਦਾ ਪ੍ਰਗਟਾਵਾ ਕੀਤਾ।\ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਕੁਨਿਕਾ, ਹਰਪ੍ਰੀਤ ਕੌਰ, ਸੁਖਵਿੰਦਰ ਪਾਲ ਸਿੰਘ, ਸੰਦੀਪ ਕੌਰ, ਗਗਨਪ੍ਰੀਤ ਕੌਰ, ਮਨਪ੍ਰੀਤ ਕੌਰ, ਪ੍ਰਿਯਕਾ,ਅਮਨ, ਅੰਜੂ, ਮੇਘਾ ,ਪ੍ਰਭਜੋਤ ਕੌਰ, ਰਣਜੀਤ ਕੌਰ ਭਾਵਨਾ ,ਖੁਸ਼ਦੀਪ ਕੌਰ, ਬਲਦੇਵ ਸਿੰਘ,ਵਿਕਾਸ, ਓਂਕਾਰ ਸਿੰਘ ਵੀ ਹਾਜ਼ਰ ਸਨ।

# ਕਿਸਾਨਾਂ ਦੀ ਗ੍ਰਿਫ਼ਤਾਰੀ ਦੀ ਸਖਤ ਸ਼ਬਦਾਂ 'ਚ ਨਿੰਦਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਠੇਕੇਦਾਰ ਗੁਰਜਿੰਦਰ ਸਿੰਘ ਦੌਲਤਪੁਰ ਨੇ ਪੰਜਾਬ ਸਰਕਾਰ ਵੱਲੋਂ ਖਨੌਰੀ ਤੇ ਸ਼ੰਭੂ ਬਾਰਡਰ 'ਤੇ ਬੈਠੇ ਕਿਸਾਨਾਂ ਦੀ ਕੀਤੀ ਗ੍ਰਿਫਤਾਰੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹੱਕ ਸੱਚ ਲਈ ਉੱਠੀ ਅਵਾਜ ਨੂੰ ਦਬਾਉਣਾ ਚਾਹੁੰਦੀ ਹੈ ਜਿਹੜਾ ਕਿ ਭਾਰਤ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਦੌਲਤਪੁਰ ਨੇ ਕਿਹਾ ਕਿ ਜਦੋਂ ਸਰਕਾਰਾਂ ਹੀ ਸੰਵਿਧਾਨ ਭੰਗ ਕਰ ਰਹੀਆਂ ਹੋਣ ਤਾਂ ਜੁਲਮ ਵਧਣਾ ਲਾਜਮੀ ਹੈ। ਇਸਦਾ ਹੀ ਸਿੱਟਾ ਹੈ ਕਿ ਅਮਨ-ਕਾਨੂੰਨ ਦੀ ਸਥਿਤੀ ਬਦ ਤੋਂ ਬੱਦਤਰ ਹੋ ਰਹੀ ਹੈ। ਪੰਜਾਬ ਲਈ ਇਹ ਸ਼ਰਮ ਦੀ ਗੱਲ ਹੈ। ਇਸ ਲਈ ਪੰਜਾਬੀਆਂ ਨੂੰ ਇਸ ਜੁਲਮ ਵਿਰੁੱਧ ਇੱਕ ਅਵਾਜ ਹੋਣਾ ਚਾਹੀਦਾ ਹੈ।



# ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੇ ਮੱਦੇਨਜ਼ਰ 31 ਤੱਕ ਲੱਗੇਗਾ ਵਿਸ਼ੇਸ਼ ਕੈਂਪ

**ਫਗਵਾੜਾ ( ਇੰਦਰਜੀਤ ਸਿੰਘ ਮਠਾੜੂ, ਡਾ. ਰਮਨ, ਢੱਡਾ )** ਕਮਿਸ਼ਨਰ, ਨਗਰ ਨਿਗਮ, ਫਗਵਾੜਾ ਡਾ. ਅਕਸ਼ਿਤਾ ਗੁਪਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2024-25 ਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ 31-03-2025 ਨਿਰਧਾਰਿਤ ਹੈ, ਜਿਸ ਦੇ ਮੱਦੇਨਜ਼ਰ ਫਗਵਾੜਾ ਵਾਸੀਆਂ ਦੀ ਸਹੂਲਤ ਲਈ ਦਫ਼ਤਰ ਨਗਰ ਨਿਗਮ, ਫਗਵਾੜਾ ਵਿਖੇ ਪ੍ਰਾਪਰਟੀ/ਹਾਊਸ ਟੈਕਸ ਕੁਲੈਕਸ਼ਨ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਦਫਤਰ ਨਗਰ ਨਿਗਮ ਫਗਵਾੜਾ ਵਿਖੇ ਮਿਤੀ 31 ਮਾਰਚ 2025 ਤੱਕ ਰੋਜ਼ਾਨਾ (ਸ਼ਨੀਵਾਰ ਅਤੇ ਐਤਵਾਰ ਸਮੇਤ) ਪ੍ਰਾਪਰਟੀ/ਹਾਊਸ ਟੈਕਸ ਸ਼ਾਖਾ ਦਾ ਦਫਤਰ ਆਮ ਦਿਨਾਂ ਵਾਂਗ ਖੁੱਲ੍ਹਾ ਰਹੇਗਾ।ਡਾ. ਗੁਪਤਾ ਨੇ ਫਗਵਾੜਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਮਿਤੀ 31-03-2025 ਤੱਕ ਜ਼ਰੂਰ ਜਮ੍ਹਾਂ ਕਰਵਾਉਣ ਅਤੇ ਸ਼ਹਿਰ ਦੇ ਵਿਕਾਸ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਣ। ਪ੍ਰਾਪਰਟੀ ਟੈਕਸ ਨਾ ਅਦਾ ਕਰਨ ਦੀ ਸੂਰਤ ਵਿੱਚ ਪ੍ਰਸ਼ਾਸ਼ਨ ਵੱਲੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਵਿਧਾਇਕ ਕੁਲਵੰਤ ਸਿੰਘ ਨੇ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਬਾਰੇ ਸਵਾਲ ਰੱਖਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**— ਵਿਧਾਇਕ ਐਸ.ਏ.ਐਸ. ਨਗਰ, ਕੁਲਵੰਤ ਸਿੰਘ ਵੱਲੋਂ ਵਿਧਾਨ ਸਭਾ ਸੈਸ਼ਨ ਦੌਰਾਨ ਲਗਾਤਾਰ ਵਧ ਰਹੀ ਮਹਿੰਗਾਈ ਨੂੰ ਦੇਖਦੇ ਹੋਏ ਪੰਜਾਬ ਵਿੱਚ ਘੱਟੋ ਘੱਟ ਉਜਰਤਾਂ ਵਿੱਚ ਵਾਧਾ ਕਰਨ ਦੀ, ਸਰਕਾਰ ਦੇ ਵਿਚਾਰ ਅਧੀਨ ਤਜ਼ਵੀਜ਼ ਬਾਰੇ ਸੁਆਲ ਰੱਖਿਆ ਗਿਆ।ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਕੋਈ ਤਜ਼ਵੀਜ਼ ਹੈ ਤਾਂ ਇਸ ਨੂੰ ਅਮਲੀ ਰੂਪ ਕਦੋਂ ਤੱਕ ਦਿੱਤਾ ਜਾਵੇਗਾ, ਬਾਰੇ ਵੀ ਦੱਸਿਆ ਜਾਵੇ।ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਉਨ੍ਹਾਂ ਦੇ ਸੁਆਲ ਦੇ ਜੁਆਬ 'ਚ ਦੱਸਿਆ ਕਿ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਨ ਦੀ ਤਜਵੀਜ਼ ਕਿਰਤ ਵਿਭਾਗ ਦੇ ਵਿਚਾਰ ਅਧੀਨ ਹੈ। ਉਨ੍ਹਾਂ ਦੱਸਿਆ ਕਿ ਘੱਟੋ-ਘੱਟ ਉਜਰਤਾਂ ਦੋ ਤਰੀਕਿਆਂ ਨਾਲ ਵਧਾਈਆਂ ਜਾਂਦੀਆਂ ਹਨ, ਇਕ ਤਰੀਕਾ ਹੈ ਕਿ ਘੱਟੋ-ਘੱਟ ਉਜਰਤਾਂ ਦੀ ਵਿਵਸਥਾ (adjustment) Consumer Price Index ਵਿੱਚ ਹੋਏ ਵਾਧੇ ਅਨੁਸਾਰ ਸਾਲ ਵਿੱਚ ਦੋ ਵਾਰ, 1 ਮਾਰਚ ਅਤੇ 1 ਸਤੰਬਰ ਤੋਂ ਕੀਤੀ ਜਾਂਦੀ ਹੈ। ਇਸ ਮੁਤਾਬਕ ਆਖਰੀ ਵਾਧਾ ਮਿਤੀ 01.09.2024 ਨੂੰ ਹੋਇਆ ਸੀ ਅਤੇ ਅਗਲਾ ਵਾਧਾ ਮਿਤੀ 01.03.2025 ਤੋਂ ਆਉਣ ਵਾਲੇ ਕੁਝ ਦਿਨਾਂ 'ਚ ਕਰ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਦੂਜਾ ਤਰੀਕਾ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਵਾਧਾ ਕਰਨਾ ਹੁੰਦਾ ਹੈ। ਇਸ ਸਬੰਧੀ ਵੀ ਤਜਵੀਜ਼ ਮਹਿਕਮੇ ਦੇ ਵਿਚਾਰ ਅਧੀਨ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਇਹ ਵਾਧਾ ਇਸ ਸਾਲ ਵਿੱਚ ਹੋ ਜਾਵੇਗਾ, ਜਿਸ ਨਾਲ ਬੇਸ ਸਾਲ 2025 ਹੋ ਜਾਵੇਗਾ। ਕੁਲਵੰਤ ਸਿੰਘ ਨੇ ਮੰਗ ਕੀਤੀ ਕਿ ਘੱਟੋ-ਘੱਟ ਉਜਰਤਾਂ ਦੇ ਬੇਸ ਰੇਟ ਵਿੱਚ ਆਲੇ ਦੁਆਲੇ ਦੇ ਰਾਜਾਂ ਅਤੇ ਯੂ ਟੀ ਮੁਤਾਬਕ ਵਾਧਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਵਧਦੀ ਮਹਿੰਗਾਈ ਤੋਂ ਕੁੱਝ ਰਾਹਤ ਮਿਲ ਸਕੇ।

# ਡਵੀਜ਼ਨਲ ਕਮਿਸ਼ਨਰ ਨੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਬੰਗਾ (ਅਵਤਾਰ ਕਲੇਰ)**— ਪੰਜਾਬ ਸਰਕਾਰ ਵੱਲੋਂ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਖਟਕੜ ਕਲਾਂ ਵਿਖੇ ਰਾਜ ਪੱਧਰੀ ਸਮਾਗਮ ਦੇ ਤੌਰ 'ਤੇ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ ਅਤੇ ਨਵਾਂਸ਼ਹਿਰ ਵਿਖੇ ਸਰਕਾਰੀ ਮੈਡੀਕਲ ਕਾਲਜ ਦਾ ਨੀਂਹ ਪੱਥਰ ਵੀ ਰੱਖਣਗੇ। ਇਨ੍ਹਾਂ ਸਮਾਗਮਾਂ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਵੀਜ਼ਨਲ ਕਮਿਸ਼ਨਰ ਰੂਪਨਗਰ ਗੁਰਪ੍ਰੀਤ ਕੌਰ ਸਪਰਾ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਮੌਜੂਦਗੀ ਵਿਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਹਦਾਇਤ ਕੀਤੀ ਕਿ ਇਨ੍ਹਾਂ ਸਮਾਗਮਾਂ ਲਈ ਸੁਚਾਰੂ ਪ੍ਰਬੰਧ ਯਕੀਨੀ ਬਣਾਏ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਇਮਾਨਦਾਰੀ, ਸੇਵਾ ਭਾਵਨਾ ਅਤੇ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਵੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਦੌਰਾਨ ਉਨ੍ਹਾਂ ਸੁਰੱਖਿਆ, ਪਾਰਕਿੰਗ, ਬੈਰੀਕੇਡਿੰਗ, ਪੰਡਾਲ, ਸਟੇਜ, ਆਰਜ਼ੀ ਵਾਸ਼ਰੂਮ, ਸਾਫ-ਸਫਾਈ, ਡਾਕਟਰੀ ਸਹਾਇਤਾ, ਸਜਾਵਟ, ਸਾਊਂਡ ਸਿਸਟਮ, ਪੀਣ ਵਾਲੇ ਪਾਣੀ, ਫਾਇਰ ਬ੍ਰਿਗੇਡ, ਨਿਰਵਿਘਨ ਬਿਜਲੀ ਸਪਲਾਈ, ਰਿਫਰੈਸ਼ਮੈਂਟ, ਪ੍ਰਚਾਰ-ਪ੍ਰਸਾਰ ਅਤੇ ਕੀਤੇ ਜਾ ਰਹੇ ਹੋਰਨਾਂ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਐਸ.ਡੀ.ਐਮ ਬੰਗਾ ਵਿਪਨ ਭੰਡਾਰੀ, ਐਸ.ਡੀ.ਐਮ ਬਲਾਚੌਰ ਰਵਿੰਦਰ ਬਾਂਸਲ, ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ ਅਤੇ ਸੀ.ਐਮ ਫੀਲਡ ਅਫ਼ਸਰ ਜਗਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਨ 'ਤੇ ਫਿਲੌਰ 'ਚ ਮਸ਼ਾਲ ਮਾਰਚ ਅੱਜ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਸਲਾਹਕਾਰ ਹਰਮੇਸ਼ ਰਾਹੀ,ਵਿੱਤ ਸਕੱਤਰ ਡਾਕਟਰ ਸੰਦੀਪ ਫਿਲੌਰ, ਪ੍ਰੈਸ ਸਕੱਤਰ ਜਸਵੰਤ ਬੋਧ, ਜੁਆਇੰਟ ਸਕੱਤਰ ਅਮਰਜੀਤ ਲਾਡੀ, ਸਹਾਇਕ ਵਿੱਤ ਸਕੱਤਰ ਹਨੀ ਸੰਤੋਖਪੁਰਾ, ਸੀਨੀਅਰ ਆਗੂ ਐਡਵਕੇਟ ਰਵਨੀਤ ਰੁੜਕਾ,ਕੁਲਦੀਪ ਲੰਬੜਦਾਰ, ਰਾਮ ਜੀ ਦਾਸ ਗੰਨਾ ਪਿੰਡ ਆਦਿ ਨੇ ਕਿਹਾ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਵਸ 23 ਮਾਰਚ ਨੂੰ ਫਿਲੌਰ ਵਿੱਚ ਮਸ਼ਾਲ ਮਾਰਚ ਕਰਕੇ ਮਨਾਇਆ ਜਾਵੇਗਾ। ਇਸ ਮੌਕੇ ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕਿਹਾ ਸ਼ਹੀਦਾ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਆਖ਼ਰੀ ਸ਼ਾਹਾਂ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਮੰਚ ਦੇ ਆਗੂਆਂ ਨੇ ਕਿਹਾ ਅੱਜ ਸਮੇਂ ਦੀ ਮੁੱਖ ਲੋੜ ਹੈ ਕੇ ਨੌਜਵਾਨ ਪੀੜ੍ਹੀ ਨੂੰ ਸ਼ਹੀਦ ਭਗਤ ਸਿੰਘ ਦੀ ਵਿਚਾਰ ਧਾਰਾ ਨਾਲ ਜੋੜਿਆ ਜਾਵੇ। ਆਗੂਆਂ ਨੇ ਕਿਹਾ ਅੱਜ ਸਾਮਰਾਜੀ ਤੇ ਸੰਪਰਦਾਇਕ ਤਾਕਤਾਂ ਦਾ ਹਮਲਾ ਵੱਧ ਰਿਹਾ ਹੈ ਜਿਸਦਾ ਟਕਰਾ ਕਰਨ ਲਈ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਚੱਲਣਾ ਤੇ ਇੱਕਮੁੱਠ ਹੋਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਆਗੂਆਂ ਨੇ ਕਿਹਾ ਕਿ 23 ਮਾਰਚ ਨੂੰ ਫਿਲੌਰ ਵਿੱਚ ਡਾਕਟਰ ਬੀ ਆਰ ਅੰਬੇਡਕਰ ਚੌਂਕ ਤੋਂ ਮਾਰਚ ਸ਼ਾਮ ਠੀਕ ਛੇ ਵਜੇ ਸ਼ੁਰੂ ਹੋ ਕੇ ਭਗਵਾਨ ਵਾਲਮੀਕਿ ਚੌਂਕ ਤੋਂ ਲੱਕੜ ਮੰਡੀ ਤੇ ਦਾਣਾ ਮੰਡੀ ਵਿੱਚੋਂ ਹੁੰਦਾਂ ਹੋਇਆ ਮੁੜ ਡਾਕਟਰ ਅੰਬੇਡਕਰ ਚੌਂਕ ਵਿਖੇ ਸਮਾਪਤ ਹੋਵੇਗਾ। ਇਸ ਮੌਕੇ ਰਾਜਿੰਦਰ ਕੁਮਾਰ ਬ੍ਰਹਮਪੁਰੀ, ਰਾਮ ਲੁਭਾਇਆ ਭੈਣੀ, ਲਖਵੀਰ ਖ਼ੋਖੇਵਾਲ, ਗਗਨ ਬਰਹਮਪੁਰੀ, ਜਸਵਿੰਦਰ ਬਿੱਲੂ, ਧਰਮਿੰਦਰ ਗੰਨਾ ਪਿੰਡ, ਰਾਹੁਲ ਕੋਰੀ, ਸੁਰਿੰਦਰ ਮੱਲਾਹ, ਰਿੱਕੀ ਮੀਆਂਵਾਲ ਆਦਿ ਹਾਜ਼ਰ ਸਨ।

# ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਨੇ ਲਿਆ ਕੰਮਾਂ ਦਾ ਜਾਇਜ਼ਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ ਨੇ ਟਰੱਸਟ ਦਫ਼ਤਰ ਦੇ ਸਟਾਫ ਨਾਲ ਮੀਟਿੰਗ ਕਰਦਿਆਂ ਟਰੱਸਟ ਵਲੋਂ ਕੀਤੇ ਜਾ ਰਹੇ ਕੰਮਾਂ ਦਾ ਜਾਇਜ਼ਾ ਲਿਆ। ਪਾਬਲਾ ਨੇ ਦੱਸਿਆ ਕਿ ਟਰੱਸਟ ਵਲੋਂ, ਜੋ ਨਿਲਾਮੀ ਪਿਛਲੇ ਦਿਨਾਂ ਵਿਚ ਕੀਤੀ ਗਈ ਹੈ, ਉਸ ਵਿਚ ਤਕਰੀਬਨ 1 ਕਰੋੜ 12 ਲੱਖ ਰੁਪਏ ਦੀ ਜਾਇਦਾਦ ਨੂੰ ਵੇਚਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਕਾਇਆ ਰਾਸ਼ੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਟਰੱਸਟ ਦਫ਼ਤਰ ਵਲੋਂ ਪੱਤਰ ਵੀ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਟਰੱਸਟ ਦਫ਼ਤਰ ਨੂੰ ਈ-ਆਕਸ਼ਨ ਰਾਹੀਂ ਪ੍ਰਾਪਤ ਹੋਈ ਰਾਸ਼ੀ ਨੂੰ ਜ਼ਿਲ੍ਹੇ ਦੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣ ਦੇ ਨਾਲ-ਨਾਲ ਵਿਕਾਸ ਕਾਰਜਾਂ 'ਤੇ ਖਰਚ ਕੀਤਾ ਜਾਵੇਗਾ। ਟਰੱਸਟ ਦੀ ਸਕੀਮ ਨੰਬਰ 2 (ਰਾਜੀਵ ਗਾਂਧੀ ਐਵੀਨਿਊ) ਵਿਚ 8 ਏਕੜ ਦੀ ਇਕ ਪੋਕਟ ਵਿਚ ਵੱਖ-ਵੱਖ ਵਰਗਾਂ ਦੇ 134 ਪਲਾਟਾਂ ਦਾ ਡਰਾਅ/ਆਕਸ਼ਨ ਜਲਦ ਹੀ ਕੀਤੀ ਜਾਵੇਗੀ।



# ਰੰਧਾਵਾ ਨੇ ਪੀਣ ਵਾਲੇ ਪਾਣੀ ਦੇ ਪ੍ਰੋਜੈਕਟ ਬਾਰੇ ਮੰਤਰੀ ਨੂੰ ਕੀਤੇ ਸਵਾਲ

**ਡੇਰਾਬੱਸੀ, (ਵਿਨੈ ਕੁਮਾਰ ਜੈਨ)**— ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ਵਿੱਚ, ਵਿਧਾਇਕ ਰੰਧਾਵਾ ਨੇ ਡੇਰਾਬੱਸੀ ਖੇਤਰ ਵਿੱਚ ਸਾਫ਼ ਪੀਣ ਵਾਲੇ ਪਾਣੀ ਦੀ ਪਹੁੰਚ ਦੀ ਘਾਟ ਬਾਰੇ ਚਿੰਤਾਵਾਂ ਉਠਾਈਆਂ। ਉਨ੍ਹਾਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਹਰਦੀਪ ਸਿੰਘ ਮੁੰਡਿਆਂ ਨੂੰ ਸਵਾਲ ਕੀਤਾ ਕਿ ਕੀ ਇਹ ਸਹੀ ਹੈ ਕਿ ਡੇਰਾਬੱਸੀ ਦੇ ਪਿੰਡਾਂ ਲਈ ਪੀਣ ਵਾਲੇ ਪਾਣੀ ਦਾ ਪ੍ਰੋਜੈਕਟ ਯੋਜਨਾਬੱਧ ਕੀਤਾ ਗਿਆ ਸੀ। ਉਨ੍ਹਾਂ ਨੇ ਇਹ ਪ੍ਰੋਜੈਕਟ ਕਦੋਂ ਪੂਰਾ ਹੋਵੇਗਾ, ਇਸ ਬਾਰੇ ਇੱਕ ਵਿਸਤ੍ਰਿਤ ਸਮਾਂ-ਸੀਮਾ ਵੀ ਮੰਗੀ। ਵਿਧਾਇਕ ਰੰਧਾਵਾ ਨੇ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਪਿਛਲੇ 50 ਸਾਲਾਂ ਵਿੱਚ ਕਈ ਸਰਕਾਰਾਂ ਆਈਆਂ 'ਤੇ ਗਈਆਂ ਕਿਸੇ ਨੇ ਵੀ ਪਾਣੀ ਮੁਹੱਈਆ ਨਹੀਂ ਕੀਤਾ। ਇਸ ਦੇ ਜਵਾਬ ਵਿੱਚ, ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਡੇਰਾਬੱਸੀ ਦੇ 101 ਪਿੰਡਾਂ ਨੂੰ ਨਹਿਰੀ ਪ੍ਰਬੰਧ ਅਧੀਨ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦਾ ਪ੍ਰਸਤਾਵ ਇਸ ਸਮੇਂ ਵਿਚਾਰ ਅਧੀਨ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਖੇਤਰ ਵਿੱਚ ਪਾਣੀ ਦੀ ਸਪਲਾਈ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਨੂੰ ਹੱਲ ਕਰਨਾ ਅਤੇ ਵਸਨੀਕਾਂ ਦੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਨੂੰ ਬਿਹਤਰ ਬਣਾਉਣਾ ਹੈ। ਮੰਤਰੀ ਨੇ ਭਰੋਸਾ ਦਿੱਤਾ ਕਿ ਸਰਕਾਰ ਡੇਰਾਬੱਸੀ ਸਮੇਤ ਪੰਜਾਬ ਦੇ ਸਾਰੇ ਖੇਤਰਾਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਵਿਧਾਇਕ ਰੰਧਾਵਾ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ 4 ਮਹੀਨਿਆਂ ਵਿੱਚ ਪ੍ਰੋਜੈਕਟ ਦਾ ਕੰਮ ਸ਼ੁਰੂ ਹੋ ਜਾਵੇਗਾ ਜਿਸ ਲਈ ਫੀਲਡ ਸਰਵੇਖਣ ਕਰਵਾਇਆ ਜਾ ਰਿਹਾ ਹੈ।



# ਦਾਖਲਾ ਮੁਹਿੰਮ ਵਿਦਿਅਕ ਸੈਸ਼ਨ ਦਾ ਸ਼ਾਨਦਾਰ ਅਗਾਜ਼

**ਸੁਲਤਾਨਪੁਰ ਲੋਧੀ ( ਹਨੀ )** ਸਿੱਖਿਆ ਵਿਭਾਗ ਦੇ ਅਦੇਸ਼ਾਂ ਅਨੁਸਾਰ ਦਾਖਲਾ ਮੁਹਿੰਮ ਵਿਦਿਅਕ ਸੈਸ਼ਨ 2025- 26 ਦਾ ਬਲਾਕ ਮਸੀਤਾਂ ਦਾ ਬਲਾਕ ਪੱਧਰੀ ਸਮਾਗਮ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਡਡਵਿੰਡੀ ਵਿਖੇ ਆਯੋਜਿਤ ਕੀਤਾ ਗਿਆ।ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ )ਮਮਤਾ ਬਜਾਜ ਤੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ) ਡਾਕਟਰ ਬਲਵਿੰਦਰ ਸਿੰਘ ਬੱਟੂ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਮਲਜੀਤ ਬਲਾਕ ਸਿੱਖਿਆ ਅਧਿਕਾਰੀ ਮਸੀਤਾਂ ਦੀ ਅਗਵਾਈ ਹੇਠ ਹੋਇਆ । ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਆਸ਼ਾ ਰਾਣੀ, ਰਾਮ ਸਿੰਘ ਸੈਂਟਰ ਹੈੱਡ ਟੀਚਰ, ਮਿਨਾਕਸ਼ੀ ਸ਼ਰਮਾ ਸੈਂਟਰ ਹੈੱਡ ਟੀਚਰ, ਰਾਜੂ ਜੈਨਪੁਰੀ ਬਲਾਕ ਰਿਸੋਰਸ ਕੋਆਰਡੀਨੇਟਰ, ਗੁਰਪ੍ਰੀਤ ਸਿੰਘ ਬਲਾਕ ਰਿਸੋਰਸ ਕੋਆਰਡੀਨੇਟਰ, ਰਕੇਸ਼ ਕੁਮਾਰ ਚੇਅਰਮੈਨ ਐੱਸ ਐੱਮ ਸੀ, ਹਰਜਿੰਦਰ ਸਿੰਘ ਲਾਡੀ, ਸਰਪੰਚ ਸਰਵਣ ਰਾਮ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਮੌਕੇ ਰਾਮ ਸਿੰਘ ਸੈਂਟਰ ਹੈੱਡ ਟੀਚਰ ਠੱਟਾ ਨਵਾਂ ਵੱਲੋਂ ਵੱਖ-ਵੱਖ ਸਕੂਲਾਂ ਤੋਂ ਆਏ ਪ੍ਰਿੰਸੀਪਲ, ਹੈੱਡ ਮਾਸਟਰ, ਸੈਂਟਰ ਹੈੱਡ ਟੀਚਰ, ਹੈੱਡ ਟੀਚਰ ਅਤੇ ਪਤਵੰਤੇ ਸੱਜਣਾਂ ਦਾ ਸਮਾਗਮ ਵਿੱਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਸਮਰੱਥ ਦੀ ਦੇਖ ਰੇਖ ਹੇਠ ਦਾਖਲਾ ਮੁਹਿੰਮ ਵਿਦਿਅਕ ਸੈਸ਼ਨ 2025- 26 ਸਬੰਧੀ ਇਕ ਵੈਨ, ਜੋ ਕਿ ਜ਼ਿਲ੍ਹਾ ਕਪੂਰਥਲਾ ਤੋਂ ਰਵਾਨਾ ਹੋਈ ਸੀ , ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਡਡਵਿੰਡੀ ਸਕੂਲ ਵਿਖੇ ਪਹੁੰਚੀ। ਇਸ ਦੌਰਾਨ ਬਲਾਕ ਦੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਹੱਥਾਂ ਵਿੱਚ ਦਾਖ਼ਲਾ ਮੁਹਿੰਮ ਨਾਲ ਸਬੰਧਿਤ ਵੱਖ ਵੱਖ ਸਲੋਗਨ ਤੇ ਸਰਕਾਰੀ ਸਕੂਲਾਂ ਵਿੱਚ ਮਿਲਦੀਆਂ ਸਹੂਲਤਾਂ ਦੇ ਬੈਨਰ ਫੜ ਕੇ ਇੱਕ ਦਾਖਲਾ ਮੁਹਿੰਮ ਜਨ ਚੇਤਨਾ ਰੈਲੀ ਕੱਢੀ ਗਈ ।ਸਮਾਗਮ ਦੌਰਾਨ ਰਾਮ ਸਿੰਘ ਸੈਂਟਰ ਹੈਡ ਟੀਚਰ ਠੱਟਾ ਨਵਾਂ ਨੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ ਦੀ ਅਪੀਲ ਵੀ ਕੀਤੀ ।ਇਸ ਦੌਰਾਨ ਪ੍ਰਿੰਸੀਪਲ ਆਸ਼ਾ ਰਾਣੀ, ਗੁਰਪ੍ਰੀਤ ਕੌਰ, ਆਦਿ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ।ਇਸ ਮੌਕੇ ਤੇ ਰਾਮ ਸਿੰਘ ਸੈਂਟਰ ਹੈੱਡ ਟੀਚਰ, ਮਿਨਾਕਸ਼ੀ ਸ਼ਰਮਾ ਸੈਂਟਰ ਹੈੱਡ ਟੀਚਰ, ਰਾਜੂ ਜੈਨਪੁਰੀ ਬਲਾਕ ਰਿਸੋਰਸ ਕੋਆਰਡੀਨੇਟਰ, ਗੁਰਪ੍ਰੀਤ ਸਿੰਘ ਬਲਾਕ ਰਿਸੋਰਸ ਕੋਆਰਡੀਨੇਟਰ, ਕੁਲਦੀਪ ਸਿੰਘ ਸੀ ਐੱਚ ਟੀ ਮੁਹੱਬਲੀਪੁਰ, ਰਾਜ ਕੁਮਾਰ ਸੀ ਐੱਚ ਟੀ ਮੇਵਾ ਸਿੰਘ ਵਾਲਾ,ਬਲਵਿੰਦਰ ਸਿੰਘ ਸੀ ਐੱਚ ਟੀ ਟਿੱਬਾ, ਹਰਵਿੰਦਰਜੀਤ ਕੌਰ ਸੀ ਐੱਚ ਟੀ ਸੁਲਤਾਨਪੁਰ ਲੋਧੀ, ਕੁਲਦੀਪ ਠਾਕੁਰ ਸੈਂਟਰ ਹੈੱਡ ਟੀਚਰ ਬਿਧੀਪੁਰ, ਜਸਵਿੰਦਰ ਸਿੰਘ ਸ਼ਿਕਾਰਪੁਰ, ਹੈੱਡ ਟੀਚਰ ਹਰਜਿੰਦਰ ਸਿੰਘ ਢੋਟ, ਕਈ ਹੋਰ ਅਧਿਆਪਕਾ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।



# 25 ਦੀ ਰੈਲੀ 'ਚ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ )** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਦੀ ਇੱਕ ਅਹਿਮ ਮੀਟਿੰਗ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਓਕਾਂਰ ਸਿੰਘ ਦੀ ਅਗਵਾਈ ਵਿੱਚ ਅੱਡਾ ਈਸਪੁਰ ਵਿਖੇ ਹੋਈ।ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦੇ ਚੱਲਣ ਵਾਲੇ ਇਜਲਾਸ ਦੌਰਾਨ ਚੰਡੀਗੜ੍ਹ ਵਿਖੇ ਰੱਖੀ ਰੈਲੀ ਵਿੱਚ ਐਨ ਪੀ ਐਸ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜੇਕਰ ਪੰਜਾਬ ਸਰਕਾਰ ਸੱਚ ਵਿੱਚ ਮੁਲਾਜ਼ਮ-ਪੈਨਸ਼ਨਰ ਹਿਤੈਸ਼ੀ ਹੈ ਤਾਂ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਪੂਰੀਆਂ ਕਰੇ। ਪੁਰਾਣੀ ਪੈਨਸ਼ਨ, 2.59 ਗੁਣਾਂਕ, ਪੇਅ-ਕਮਿਸ਼ਨ ਦੇ ਬਕਾਏ, ਕੱਚੇ ਮੁਲਾਜ਼ਮ ਪੱਕੇ ਕਰਨ ਅਤੇ ਹੋਰ ਹੱਕੀ ਤੇ ਜਾਇਜ ਮੰਗਾਂ ਜਿਉਂ ਦੀਆਂ ਤਿਉਂ ਹਨ। ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵਲੋਂ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਮੰਗ ਪੱਤਰ ਵੀ ਦਿੱਤੇ ਗਏ।ਇਸ ਮੌਕੇ ਬਲਜੀਤ ਸਿੰਘ, ਸੱਤਪਾਲ ਸਿੰਘ, ਕਰਨੈਲ ਸਿੰਘ, ਕੁਲਵੰਤ ਸਿੰਘ, ਸ਼ਿੰਗਾਰਾ ਸਿੰਘ, ਪ੍ਰਿਤਪਾਲ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਸੰਜੀਵ ਕੁਮਾਰ, ਮਹੇਸ਼ਇੰਦਰ ਸਿੰਘ, ਦਵਿੰਦਰ ਸਿੰਘ, ਮਨਵਿੰਦਰ ਸਿੰਘ, ਸ਼ਿਵ ਕੁਮਾਰ ਆਦਿ ਐਨ ਪੀ ਐਸ ਮੁਲਾਜ਼ਮ ਮੌਜੂਦ ਸਨ।

# ਹਰਿਆਣਾ ਸਿਹਤ ਹੈਲਪਲਾਇਨ ਟੋਲ ਫ੍ਰੀ ਨੰਬਰ 104 ਦੀ ਸ਼ੁਰੂਆਤ

**ਚੰਡੀਗੜ੍ਹ (ਕ੍ਰਿਸਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਲੋਕਾਂ ਨੂੰ ਆਨਲਾਇਨ ਸਿਵਲ ਸੇਵਾਵਾਂ ਉਪਲਬਧ ਕਰਵਾਉਣ ਦੀ ਪ੍ਰਤੀਬੱਧਤਾ ਦੀ ਲੜੀ ਵਿਚ ਹਰਿਆਣਾ ਸਿਹਤ ਵਿਭਾਗ ਨੇ ਵੱਡੀ ਪਹਿਲ ਕਰਦੇ ਹੋਏ ਡਾਕਟਰ ਨਾਲ ਮਿਲਣ ਦਾ ਸਮੇਂ ਲੈਣ ਲਈ ਟੋਲ ਫ੍ਰੀ ਨੰਬਰ ਡਾਇਲ 104 ਦੀ ਸਹੂਲਤ ਉਪਲਬਧ ਕਰਵਾਈ ਹੈ।ਸਿਹਤ ਅਤੇ ਮੈਡੀਕਲ ਸਿਖਿਆ ਮੰਤਰੀ ਆਰਤੀ ਸਿੰਘ ਰਾਓ ਨੇ ਇਸ ਪੋਰਟਲ ਦੀ ਸ਼ੁਰੂਆਤ ਪੰਚਕੂਲਾ ਦੇ ਸੈਕਟਰ-1 ਸਥਿਤ ਰੈਸਟ ਹਾਊਸ ਤੋਂ ਕੀਤਾ। ਇਸ ਦੇ ਬਾਅਦ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਦਸਿਆ ਕਿ ਇਹ ਸਿਹਤ ਵਿਭਾਗ ਦੇ ਲਈ ਇੱਕ ਇਤਿਹਾਸਕ ਦਿਨ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਸੇਵਾਵਾਂ ਨਾਲ ਸਬੰਧਿਤ ਸ਼ਿਕਾਇਤਾਂ ਨੂੰ ਵੀ ਇਸ ਪੋਰਟਲ 'ਤੇ ਦਰਜ ਕਰਵਾਇਆ ਜਾ ਸਕਦਾ ਹੈ। ਸ਼ਿਕਾਇਤਕਰਤਾ ਨੂੰ 5 ਦਿਨ ਦੇ ਅੰਦਰ-ਅੰਦਰ ਕਾਲਬੈਕ ਕੀਤੀ ਜਾਵੇਗੀ। ਇਸ ਪੋਰਟਲ 'ਤੇ ਦਵਾਈਆਂ ਦੇ ਬਾਰੇ ਵਿਚ ਜਾਣਕਾਰੀ ਲਈ ਜਾ ਸਕੇਗੀ। ਇਸ ਦੌਰਾਨ ਸੂਬੇ ਤੋਂ ਸਾਰੀ ਸੀਐਮਓ ਵੀਸੀ ਨਾਲ ਜੁੜੇ।ਉਨ੍ਹਾਂ ਨੇ ਦਸਿਆ ਕਿ ਇਸ ਦਾ ਮੁੱਖ ਉਦੇਸ਼ ਸਿਵਲ ਹਸਪਤਾਲਾਂ ਵਿਚ ਲੋਕਾਂ ਨੂੰ ਲਾਇਨ ਵਿਚ ਲੱਗਣ ਤੋਂ ਬਚਾਉਣਾ ਹੈ। ਡਾਇਲ-104 'ਤੇ ਪਹਿਲਾਂ ਤੋਂ ਡਾਕਟਰ ਨਾਲ ਸਲਾਹ-ਮਸ਼ਵਰਾ ਲੈਣ ਦਾ ਸਮੇਂ ਲਿਆ ਜਾ ਸਕੇਗਾ।ਇਸ ਮੌਕੇ 'ਤੇ ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਡਾਇਰੈਕਟਰ ਜਨਰਲ ਸਿਹਤ ਸੇਵਾਵਾਂ ਡਾ. ਮਨੀਸ਼ ਬੰਸਲ, ਕੌਮੀ ਸਿਹਤ ਮਿਸ਼ਨ ਦੇ ਡਾਇਰੈਕਟਰ ਡਾ. ਵੀਰੇਂਦਰ ਯਾਦਵ, ਡਾ. ਕੁਲਦੀਪ ਸਿੰਘ ਤੇ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।

23-March-Sunday.qxd 3/22/2025 10:59 PM Page 1



ਐੱਸ ਵੀ ਘਾਟੇ : ਸੀ ਪੀ ਆਈ ਦੇ ਪਹਿਲੇ ਜਨਰਲ ਸਕੱਤਰ
(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 23 ਮਾਰਚ 2025

www.nawanzamana.in

ਕੀਮਤ 5.00 ਰੁਪਏ


*ਮੈਨੂੰ ਲੱਗਦਾ ਸਿਰ ਤੋਂ ਲੱਥਾ*

*ਮੈਂ ਰੰਗ ਹੀਣਾ ਸਾਫ਼ਾ ਹਾਂ।*

*ਜਾਂ ਫਿਰ ਡੈੱਡ ਆਫ਼ਿਸ ਵਿੱਚ*

*ਰੁਲਦਾ ਇੱਕ ਗੁੰਮਨਾਮ ਲਫ਼ਾਫ਼ਾ ਹਾਂ।*

*- ਅਜਾਇਬ ਕਮਲ*

# ਸ਼ਹੀਦ ਭਗਤ ਸਿੰਘ ਹੋਣ ਦੇ ਅਰਥ

ਹਰਵਿੰਦਰ ਭੰਡਾਲ

*ਹਵਾ ਮੇਂ ਰਹੇਗੀ ਮੇਰੇ ਖ਼ਿਆਲ ਕੀ ਬਿਜਲੀ*
*ਯੇ ਮੁਸ਼ਤੇ ਖ਼ਾਕ ਹੈ ਫ਼ਾਨੀ ਰਹੇ ਰਹੇ ਨਾ ਰਹੇ।*

ਇਹ ਸ਼ੇਅਰ ਸ਼ਹੀਦ ਭਗਤ ਸਿੰਘ ਨੇ ਆਪਣੇ ਹੱਥਾਂ ਨਾਲ ਆਪਣੇ ਬਾਰੇ ਆਪਣੇ ਛੋਟੇ ਭਰਾ ਕੁਲਤਾਰ ਨੂੰ ਲਿਖ ਭੇਜੇ ਸਨ। ਭਗਤ ਸਿੰਘ ਆਪਣੇ ਸਮਿਆਂ ਅਤੇ ਭਵਿੱਖ ਬਾਰੇ ਸਭ ਤੋਂ ਵੱਧ ਚੇਤੰਨ ਇਨਕਲਾਬੀਆਂ ਵਿੱਚੋਂ ਇੱਕ ਸੀ। ਇਸੇ ਲਈ ਉਹ ਆਪਣੇ "ਖਿਆਲ" ਦੀ ਤਾਕਤ ਜਾਣਦਾ ਸੀ। ਉਹਦਾ 'ਖਿਆਲ ਉਸ ਦੀ ਫ਼ਾਨੀ ਮੁਸ਼ਤੇ-ਖਾਕ ਦੇ ਖਾਕ ਵਿੱਚ ਮਿਲਣ ਦੇ ਇੱਕ ਸਦੀ ਤੋਂ ਥੋੜ੍ਹੇ ਜਿਹੇ ਘੱਟ ਸਮੇਂ ਬਾਅਦ ਵੀ ਜਿਊਂਦਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਲੱਗਭੱਗ ਇੱਕ ਸਦੀ ਦੌਰਾਨ ਸੱਤਾ ਨੇ ਹਮੇਸ਼ਾ ਉਸ ਨੂੰ ਭਗਤ ਸਿੰਘ ਹੋਣ ਦੇ ਅਰਥਾਂ ਤੋਂ ਮਹਿਰੂਮ ਕਰਕੇ ਇੱਕ ਮਿੱਥਕ ਨਾਇਕ ਦਾ ਦਰਜਾ ਦੇਣ ਦੀ ਹੀ ਕੋਸ਼ਿਸ਼ ਕੀਤੀ ਹੈ। ਇਸੇ ਲਈ ਅੱਜ ਹਰੇਕ ਰੰਗ ਦੀਆਂ ਸਿਆਸੀ ਧਿਰਾਂ ਆਪਣਾ ਭਗਤ ਸਿੰਘ ਮਿੱਥਕ ਖੜ੍ਹਾ ਕਰਕੇ ਉਸ ਨੂੰ ਆਪਣੇ ਵਰਗਾ ਬੁੱਤ ਬਣਾਉਣ ਵਿੱਚ ਰੁੱਝੀਆਂ ਹੋਈਆਂ ਹਨ।

ਪਰ ਆਪਣੇ ਸਮਿਆਂ ਵਿੱਚ ਭਗਤ ਸਿੰਘ ਇੱਕ ਵਿਅਕਤੀ ਨਹੀਂ, ਨੌਜਵਾਨਾਂ ਦੀ ਪੂਰੀ ਨਸਲ ਸੀ। ਇਸੇ ਲਈ ਭਗਤ ਸਿੰਘ ਨੂੰ ਇੱਕ ਇਕੱਲੇ ਵਿਅਕਤੀ ਵਜੋਂ ਸਮਝਣ ਦੀ ਥਾਂ ਉਹਨਾਂ ਸਮਿਆਂ ਨੂੰ ਸਮਝਣ ਦੀ ਜ਼ਰੂਰਤ ਹੈ, ਜਦੋਂ ਇਹ ਭਗਤ ਸਿੰਘ ਪੈਦਾ ਹੋ ਰਹੇ ਸਨ; ਉਹਨਾਂ ਵਿਚਾਰਾਂ ਤੱਕ ਪਹੁੰਚਣ ਦੀ ਲੋੜ ਹੈ, ਜੋ ਇਹਨਾਂ ਨੌਜਵਾਨਾਂ ਰਾਹੀਂ ਮੁਲਕ ਅੰਦਰ ਉਪਜ ਰਹੇ ਸਨ।

ਭਗਤ ਸਿੰਘ ਤੇ ਸਾਥੀਆਂ ਦੀ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਇਨਕਲਾਬੀ ਧਾਰਾ ਅੰਦਰ ਬੇਹੱਦ ਖਾਸ ਅਤੇ ਮਹੱਤਵਪੂਰਨ ਥਾਂ ਹੈ। ਇਹ ਇਨਕਲਾਬੀ ਧਾਰਾ ਪੂਰੇ ਅਜ਼ਾਦੀ ਸੰਗਰਾਮ ਦੌਰਾਨ ਮੌਜੂਦ ਰਹੀ ਹੈ, ਪ੍ਰੰਤੂ ਸਾਡੇ ਮੁੱਖ-ਧਾਰਾਈ ਇਤਿਹਾਸਕਾਰਾਂ ਵੱਲੋਂ ਅਹਿੰਸਾ ਨੂੰ ਇੱਕੋ-ਇੱਕ ਕਲਟ ਵਜੋਂ ਪੇਸ਼ ਕਰਨ ਦੀ ਆਦਤ ਨੇ ਇਸ ਨੂੰ ਇਸ ਦੀ ਅਸਲ ਮਾਨਤਾ ਤੋਂ ਹਮੇਸ਼ਾ ਦੂਰ ਰੱਖਿਆ। ਅਹਿੰਸਾ ਨੂੰ ਪਰਮ-ਧਰਮ ਨਾ ਮੰਨਣ ਵਾਲੀ ਇਸ ਧਾਰਾ ਦਾ ਆਰੰਭ 1857 ਤੋਂ ਹੀ ਮੰਨਿਆ ਜਾ ਸਕਦਾ ਹੈ, ਹਾਲਾਂਕਿ ਉਸ ਸਮੇਂ ਪੂਰੇ ਮੁਲਕ ਅੰਦਰ ਅਜੋਕੇ ਰੰਗ ਦਾ ਰਾਸ਼ਟਰਵਾਦ ਪੈਦਾ ਨਹੀਂ ਸੀ ਹੋਇਆ। ਅੰਗਰੇਜ਼ਾਂ ਵਿਰੁੱਧ ਲੜਨ ਵਾਲੀ ਰੌਇਲ ਬੰਗਾਲ ਆਰਮੀ, ਅਵਧ ਦੇ ਲੋਕ, ਵੱਖ-ਵੱਖ ਰਿਆਸਤਾਂ ਦੇ ਰਾਜੇ-ਰਾਣੀਆਂ ਸਭ ਵੱਖੋ-ਵੱਖਰੇ ਕਾਰਨਾਂ ਕਰਕੇ ਆਪੋ-ਆਪਣੀ ਹਥਿਆਰਬੰਦ ਲੜਾਈ ਲੜ ਰਹੇ ਸਨ।

1857 ਤੋਂ ਬਾਅਦ 1897 ਈ. ਵਿੱਚ ਇਸ ਇਨਕਲਾਬੀ ਧਾਰਾ ਦਾ ਅਗਲਾ ਪੜਾਅ ਸ਼ੁਰੂ ਹੁੰਦਾ ਹੈ, ਜੋ ਵਿਅਕਤੀਗਤ ਹਿੰਸਕ ਐਕਸ਼ਨਾਂ ਦਾ ਹੈ। ਪਲੇਗ ਫੈਲਣ ਦੌਰਾਨ ਪੁਨੇ ਦਾ ਪਲੇਗ ਕਮਿਸ਼ਨਰ ਡਬਲਿਊ ਸੀ ਰੈਂਡ ਲੋਕਾਂ ਉੱਤੇ ਸਖਤੀ ਦੇ ਨਾਂਅ ਉੱਤੇ ਜ਼ੁਲਮ ਢਾਹੁੰਦਾ ਹੈ। ਚਾਪੇਕਰ ਭਰਾ, ਦਮੋਦਰ, ਬਾਲਕ੍ਰਿਸ਼ਨ ਤੇ ਵਾਸੂਦੇਵ ਹਰੀ ਚਾਪੇਕਰ ਇਸ ਦਾ ਬਦਲਾ ਲੈਣ ਲਈ ਉਸ ਨੂੰ ਯੋਜਨਾਬੱਧ ਹਮਲਾ ਕਰਕੇ ਮਾਰ ਦਿੰਦੇ ਹਨ ਤੇ ਆਪ ਫਾਂਸੀ ਉੱਤੇ ਲਟਕ ਜਾਂਦੇ ਹਨ। ਇਨਕਲਾਬੀ ਧਾਰਾ ਦੇ ਇਸ ਪੜਾਅ ਉੱਤੇ ਇਨਕਲਾਬੀ ਗਰੁੱਪ ਬੰਗਾਲ, ਪੰਜਾਬ, ਮਹਾਂਰਾਸ਼ਟਰ, ਸੰਯੁਕਤ ਪ੍ਰਾਂਤ ਤੇ ਹੋਰਨਾਂ ਥਾਵਾਂ ਉੱਤੇ ਸਰਗਰਮ ਹੁੰਦੇ ਹਨ। ਇਸ ਪੜਾਅ ਉੱਤੇ ਇਨਕਲਾਬੀ ਧਾਰਾ ਮੁੱਖ ਰੂਪ ਵਿੱਚ ਹਿੰਦੂ ਧਾਰਮਿਕ ਪਰੰਪਰਾਵਾਂ ਤੋਂ ਪ੍ਰੇਰਨਾ ਲੈ ਰਹੀ ਸੀ। ਇਨਕਲਾਬੀ ਭਗਵਦ ਗੀਤਾ ਦੀਆਂ ਕਸਮਾਂ ਖਾਂਦੇ ਸਨ ਤੇ ਫਾਂਸੀ ਉੱਤੇ ਲਟਕਣ ਸਮੇਂ ਵੀ ਇਸੇ ਨੂੰ ਹੱਥ ਵਿੱਚ ਰੱਖਦੇ ਸਨ। ਹਿੰਦੂ ਧਾਰਮਿਕਤਾ ਇਸ ਇਨਕਲਾਬੀ ਧਾਰਾ ਦਾ ਅਨਿੱਖੜਵਾਂ ਅੰਗ ਸੀ ਤੇ ਇਸੇ ਲਈ ਮੁਲਕ ਦੇ ਮੁਸਲਮਾਨ ਇਸ ਦਾ ਹਿੱਸਾ ਨਹੀਂ ਸਨ ਬਣ ਰਹੇ।

ਇਸ ਧਾਰਾ ਦਾ ਅਗਲਾ ਪੜਾਅ ਅਮਰੀਕਾ ਤੇ ਕੈਨੇਡਾ ਵਿੱਚ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਜਾਂ ਗ਼ਦਰ ਪਾਰਟੀ ਦੇ ਬਣਨ ਨਾਲ ਸ਼ੁਰੂ ਹੁੰਦਾ ਹੈ। ਇਸ ਪਾਰਟੀ ਅੰਦਰ ਵੀ ਮੁੱਖ ਰੂਪ ਵਿੱਚ ਪੰਜਾਬ, ਬੰਗਾਲ, ਸੰਯੁਕਤ ਪ੍ਰਾਂਤ ਤੇ ਮਹਾਂਰਾਸ਼ਟਰ ਦੇ ਇਨਕਲਾਬੀ ਹੀ ਸਰਗਰਮ ਸਨ। ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ ਤੇ ਭਾਈ ਭਗਵਾਨ ਸਿੰਘ ਜਿਹੇ ਉੱਚ-ਦੁਮਾਲੜੇ ਚਿੰਤਕਾਂ ਦੀ ਬਦੌਲਤ ਇਹ ਪਾਰਟੀ ਆਪਣੇ ਸੰਵਿਧਾਨ ਵਿੱਚ ਇਹ ਗੱਲ ਸ਼ਾਮਲ ਕਰਦੀ ਹੈ ਕਿ ਪਾਰਟੀ ਅੰਦਰ ਮਜ਼ਹਬੀ ਬਹਿਸਾਂ ਲਈ ਕੋਈ ਥਾਂ ਨਹੀਂ ਹੋਵੇਗੀ ਅਤੇ ਮਜ਼ਹਬ ਹਰ ਕਿਸੇ ਦਾ ਨਿੱਜੀ ਮਸਲਾ ਹੋਵੇਗਾ। ਇਸ ਤਰ੍ਹਾਂ ਮੁਲਕ ਦੀ ਕੋਈ ਇਨਕਲਾਬੀ ਪਾਰਟੀ ਪਹਿਲੀ ਵਾਰ ਧਰਮ ਤੋਂ ਮੁਕਤ ਹੋ ਕੇ ਸ਼ੁੱਧ ਰਾਸ਼ਟਰਵਾਦੀ ਵਿਚਾਰਾਂ ਨਾਲ ਜੁੜਨ ਵਿੱਚ ਕਾਮਯਾਬ ਹੁੰਦੀ ਹੈ। ਰਾਸ਼ਟਰਵਾਦ ਤੋਂ ਵੀ ਅਗਾਂਹ ਇਹ ਆਪਣੀ ਤਰ੍ਹਾਂ ਦੇ ਕੌਮਾਂਤਰੀਵਾਦ ਨਾਲ ਵੀ ਸਾਂਝ ਪਾਉਂਦੀ ਦਿਸਦੀ ਹੈ, ਪਰ ਗ਼ਦਰ ਪਾਰਟੀ ਦਾ ਸਿਆਸੀ ਨਿਸ਼ਾਨਾ ਅਮਰੀਕਾ ਦੀ ਤਰਜ਼ ਦੀ ਜਮਹੂਰੀਅਤ ਦੀ ਸਥਾਪਨਾ ਕਰਨਾ ਹੀ ਸੀ।

ਇਨਕਲਾਬੀ ਧਾਰਾ ਦਾ ਸਿਖਰ ਭਗਤ ਸਿੰਘ ਤੇ ਸਾਥੀਆਂ ਦੀ ਜਥੇਬੰਦੀ ਦੇ ਰੂਪ ਵਿੱਚ ਸਾਕਾਰ ਹੁੰਦਾ ਹੈ ਜਦੋਂ ਉਹ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਦਾ ਨਾਂਅ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਕਰ ਦਿੰਦੇ ਹਨ। ਨਾਂਅ ਵਿੱਚ ਇਹ ਤਬਦੀਲੀ ਚੇਤਨਾ ਵਿੱਚ ਬੁਨਿਆਦੀ ਤਬਦੀਲੀ ਨੂੰ ਪੇਸ਼ ਕਰਦੀ ਸੀ। ਪਹਿਲੀ ਵਾਰ ਹਿੰਦੁਸਤਾਨ ਦੀ ਇਨਕਲਾਬੀ ਲਹਿਰ ਸਮਾਜਵਾਦ ਦੇ ਆਦਰਸ਼ ਨੂੰ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰਦੀ ਹੈ। 13-14 ਅਪ੍ਰੈਲ 1928 ਨੂੰ ਨੌਜਵਾਨ ਭਾਰਤ ਸਭਾ ਦੀ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਦੀ ਕਾਨਫਰੰਸ ਵਿੱਚ ਪਾਸ ਕੀਤੇ ਮਤੇ ਅਨੁਸਾਰ ਇਸ ਦਾ ਨਿਸ਼ਾਨਾ "ਸਾਰੇ ਸੰਭਵ ਸਾਧਨਾਂ ਰਾਹੀਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਪੂਰੀ ਤਰ੍ਹਾਂ ਅਜ਼ਾਦ, ਪ੍ਰਭੂਸੱਤਾ ਸੰਪੰਨ ਸਮਾਜਵਾਦੀ ਗਣਰਾਜ ਦੀ ਪ੍ਰਾਪਤੀ" ਸੀ। ਇਹ ਮਤਾ ਮੁਲਕ ਅੰਦਰ ਇਨਕਲਾਬੀ ਲਹਿਰ ਵੱਲੋਂ ਕੱਟੇ ਜਾ ਰਹੇ ਮੋੜ ਦਾ ਸੂਚਕ ਸੀ। ਇਸੇ ਤਰ੍ਹਾਂ ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਵਿੱਚ ਸਪੱਸ਼ਟ ਲਿਖਿਆ ਗਿਆ ਹੈ, "ਮਨੁੱਖੀ ਭਾਈਚਾਰੇ ਦਾ ਅਸੂਲ ਮੰਗ ਕਰਦਾ ਹੈ ਕਿ ਇੱਕ ਆਦਮੀ ਦੇ ਹੱਥੋਂ ਦੂਜੇ ਆਦਮੀ ਅਤੇ ਇੱਕ ਕੌਮ ਦੇ ਹੱਥੋਂ ਦੂਜੀ ਕੌਮ ਦੀ ਲੁੱਟ-ਖਸੁੱਟ ਦਾ ਅੰਤ ਕਰ ਦਿੱਤਾ ਜਾਵੇ। ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਬਗੈਰ ਹਰ ਇੱਕ ਨੂੰ ਤਰੱਕੀ ਦੇ ਇੱਕੋ ਜਿਹੇ ਮੌਕੇ ਦਿੱਤੇ ਜਾਣ, ਪਰ ਅੰਗਰੇਜ਼ੀ ਰਾਜ ਇਹਨਾਂ ਸਾਰੀਆਂ ਚੀਜ਼ਾਂ ਦੇ ਉਲਟ ਕਰ ਰਿਹਾ ਹੈ ਅਤੇ ਇਹ ਸਾਡੇ ਕਿਸੇ ਕੰਮ ਦਾ ਨਹੀਂ।"

ਉਂਝ ਭਗਤ ਸਿੰਘ ਤੇ ਸਾਥੀਆਂ ਦੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਅਤੇ ਨੌਜਵਾਨ ਭਾਰਤ ਸਭਾ ਤੋਂ ਇਲਾਵਾ ਹੋਰ ਲੋਕ ਵੀ ਸਨ, ਜੋ ਭਾਰਤ ਅੰਦਰ ਸਮਾਜਵਾਦੀ ਲਹਿਰ ਨਾਲ ਜੁੜ ਰਹੇ ਸਨ। ਇਹਨਾਂ ਵਿੱਚ ਸਨ ਉਹ ਖ਼ਿਲਾਫਤੀਏ, ਜੋ ਆਪਣੀਆਂ ਇਸਲਾਮਿਕ ਭਾਵਨਾਵਾਂ ਤੋਂ ਪ੍ਰੇਰਤ ਹੋ ਕੇ ਮੁਲਕ ਛੱਡਣਾ ਚਾਹੁੰਦੇ ਸਨ ਪਰ ਫਿਰ ਭਟਕਦੇ ਹੋਏ ਸੋਵੀਅਤ ਰੂਸ ਜਾ ਪਹੁੰਚੇ ਸਨ। ਇਹਨਾਂ ਵਿੱਚ ਹੀ ਐੱਮ ਐੱਨ ਰਾਏ ਅਤੇ ਵਰੇਂਦਰ ਨਾਥ ਚਟੋਪਧਿਆਏ ਜਿਹੇ ਉਹ ਹਿੰਦੁਸਤਾਨੀ ਇਨਕਲਾਬੀ ਸਨ, ਜੋ ਪਰਵਾਸ ਕਰਦਿਆਂ ਅਖੀਰ ਰੂਸ ਅੰਦਰ ਸ਼ਰਨ ਲੈਣ ਪਹੁੰਚ ਗਏ ਸਨ। ਇਸ ਤੋਂ ਇਲਾਵਾ ਇਹਨਾਂ ਵਿੱਚ ਗ਼ਦਰ ਪਾਰਟੀ ਦੇ ਭਾਈ ਸੰਤੋਖ ਸਿੰਘ ਤੇ ਭਾਈ ਹਰਜਾਪ ਸਿੰਘ ਜਿਹੇ ਉਹ ਆਗੂ ਵੀ ਸਨ, ਜੋ ਗ਼ਦਰ ਦੀ ਪਹਿਲੀ ਕੋਸ਼ਿਸ਼ ਦੇ ਅਸਫ਼ਲ ਹੋਣ ਪਿੱਛੋਂ ਸਮਾਜਵਾਦੀ ਵਿਚਾਰਾਂ ਨਾਲ ਜੁੜੇ ਅਤੇ ਰੂਸ ਦੀ ਮਿਹਨਤਕਸ਼ਾਂ ਦੀ ਯੂਨੀਵਰਸਿਟੀ ਮਾਰਕਸਵਾਦ ਦੀ ਸਿੱਖਿਆ ਲੈਣ ਪਹੁੰਚੇ। ਭਗਤ ਸਿੰਘ ਅਤੇ ਸਾਥੀ ਵੀ 1917 ਦੇ ਰੂਸੀ ਇਨਕਲਾਬ ਤੋਂ ਪ੍ਰਭਾਵਤ ਹੋਏ, ਪਰ ਉਹ ਕਦੇ ਮਾਰਕਸਵਾਦ ਸਿੱਖਣ ਰੂਸ ਨਹੀਂ ਗਏ। ਇਸ ਤੋਂ ਉਲਟ ਉਹਨਾਂ ਦਾ ਸਾਰਾ ਗਿਆਨ ਅਤੇ ਸਿਆਣਪ ਆਪਣੇ ਅਧਿਐਨ ਉੱਤੇ ਅਧਾਰਤ ਸੀ। ਉਹ ਸ਼ੁੱਧ ਰੂਪ ਵਿੱਚ ਹਿੰਦੁਸਤਾਨੀ ਸਮਾਜ, ਆਰਥਿਕਤਾ ਅਤੇ ਸਿਆਸਤ ਦੀ ਆਪਣੀ ਗਤੀ ਦੀ ਉਪਜ ਸਨ।

ਇਸੇ ਲਈ ਇਹਨਾਂ ਨੌਜਵਾਨ ਇਨਕਲਾਬੀਆਂ ਦੇ ਰੂਪਾਂਤਰਣ ਨੂੰ ਸਮਝਣ ਲਈ ਉਹਨਾਂ ਸਮਿਆਂ ਦੇ ਪੰਜਾਬ ਨੂੰ ਖਾਸ ਤੌਰ ਉੱਤੇ ਸਮਝਣਾ ਪਵੇਗਾ।

ਪੰਜਾਬ ਅੰਦਰ ਸਿਆਸੀ ਚੇਤਨਾ ਪਹਿਲੀ ਸੰਸਾਰ ਜੰਗ ਤੋਂ ਬਾਅਦ ਆਉਣੀ ਸ਼ੁਰੂ ਹੋਈ ਸੀ। ਗ਼ਦਰ ਪਾਰਟੀ ਵੱਲੋਂ ਮੁਲਕ ਅੰਦਰ ਗ਼ਦਰ ਕਰਨ ਦੀ ਯੋਜਨਾ ਬਣਾਉਣ ਸਮੇਂ ਪੰਜਾਬ ਦੇ ਲੋਕ ਅੰਗਰੇਜ਼ਾਂ ਦੀ ਵਫ਼ਦਾਰੀ ਦੀ ਨੀਂਦ ਸੁੱਤੇ ਹੋਏ ਸਨ। ਅੰਗਰੇਜ਼ੀ ਹਕੂਮਤ ਨੇ ਪਹਿਲੀ ਵਾਰ ਸਾਮੰਤੀ ਸਰਦਾਰਾਂ ਨੂੰ ਪੱਕੀ ਮਾਲਕੀ ਬਖ਼ਸ਼ੀ ਸੀ। ਇਸ ਲਈ ਉਹ ਅਹਿਸਾਨਮੰਦ ਹੋ ਕੇ ਅੰਗਰੇਜ਼ਾਂ ਦੀ ਹਰ ਤਰ੍ਹਾਂ ਮਦਦ ਕਰਦੇ ਸਨ। ਪੰਜਾਬ ਨੇ ਪਹਿਲੀ ਵਾਰ ਸਿਆਸੀ ਅੰਗੜਾਈ ਉਦੋਂ ਲਈ ਜਦੋਂ ਰੌਲਟ ਐਕਟ ਦੇ ਵਿਰੋਧ ਵਿੱਚ ਅੰਦੋਲਨ ਉੱਠਿਆ। ਜੰਗ ਦੌਰਾਨ ਪੰਜਾਬ ਨੇ ਹੀ ਸਭ ਤੋਂ ਵੱਧ ਫੌਜੀ ਭਰਤੀ ਦਿੱਤੀ ਸੀ। ਇਸ ਲਈ ਰੌਲਟ ਐਕਟ ਦੇ ਰੂਪ ਵਿੱਚ ਪ੍ਰਗਟ ਹੋਈ ਬਰਤਾਨਵੀ ਹਕੂਮਤ ਦੀ ਅਹਿਸਾਨ ਫਰਾਮੋਸ਼ੀ ਨੂੰ ਪੰਜਾਬ ਦੀ ਮੱਧਲੀ ਜਮਾਤ ਅਤੇ ਕਿਸਾਨੀ ਨੇ ਪਸੰਦ ਨਾ ਕੀਤਾ। ਨਤੀਜਾ ਜਲ੍ਹਿਆਂਵਾਲੇ ਬਾਗ ਦੇ ਕਤਲੇਆਮ ਅਤੇ ਫਿਰ ਪੰਜਾਬ ਦੇ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਗੁਜਰਾਤ ਤੇ ਲਾਇਲਪੁਰ ਅੰਦਰ ਮਾਰਸ਼ਲ ਲਾਅ ਲਾਉਣ ਦੇ ਰੂਪ ਵਿੱਚ ਨਿਕਲਿਆ। ਹਕੂਮਤ ਨੇ ਲੋਕਾਂ ਉੱਤੇ ਬਹੁਤ ਜ਼ੁਲਮ ਕੀਤੇ। ਅੰਮ੍ਰਿਤਸਰ ਵਿੱਚ ਲੋਕਾਂ ਨੂੰ ਗਲੀਆਂ ਅੰਦਰ ਪੇਟ ਭਾਰ ਘਿਸੜਨ ਲਈ ਮਜਬੂਰ ਕੀਤਾ ਗਿਆ। ਕਸੂਰ ਵਿੱਚ ਸਕੂਲੀ ਲੜਕਿਆਂ ਨੂੰ ਵੀ ਕੋਰੜੇ ਲਾਏ ਗਏ। ਗੁਜਰਾਂਵਾਲ ਵਿੱਚ ਹਵਾਈ ਜਹਾਜ਼ਾਂ ਰਾਹੀਂ ਪਿੰਡਾਂ ਵਿੱਚ ਬੰਬ ਵਰ੍ਹਾਏ ਗਏ। ਇੱਕ ਸਮੇਂ ਤਾਂ ਅੰਮ੍ਰਿਤਸਰ ਉੱਤੇ ਵੀ ਬੰਬਾਰੀ ਕਰਨ ਬਾਰੇ ਸੋਚਿਆ ਜਾ ਰਿਹਾ ਸੀ।

ਭਗਤ ਸਿੰਘ ਅਤੇ ਸਾਥੀਆਂ ਦਾ ਅਵਚੇਤਨ ਇਸੇ ਸਮੇਂ ਘੜਿਆ ਗਿਆ। ਉਹ ਵੀ ਉਦੋਂ ਛੋਟੇ ਸਕੂਲੀ ਵਿਦਿਆਰਥੀ ਹੀ ਸਨ। ਫਿਰਕੂ ਏਕਤਾ ਦੇ ਇਸ ਮਾਹੌਲ ਨੇ ਉਹਨਾਂ ਨੂੰ ਹਰੇਕ ਤਰ੍ਹਾਂ ਦੇ ਤੁਅੱਸਬਾਂ ਤੋਂ ਮੁਕਤ ਰਹਿਣ ਦੇ ਯੋਗ ਬਣਾਇਆ।

ਇਹੀ ਨੌਜਵਾਨ ਜਦੋਂ ਸਿਵਲ-ਨਾਫ਼ੁਰਮਾਨੀ ਦੌਰਾਨ ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਪਹੁੰਚੇ ਤਾਂ ਉਹਨਾਂ ਲਈ ਇਨਕਲਾਬੀ ਸਿਆਸਤ ਦੀ ਸਟੇਜ ਸਜੀ ਹੋਈ ਸੀ। ਇਸ ਕਾਲਜ ਨੂੰ ਇਨਕਲਾਬੀਆਂ ਦੀ ਨਰਸਰੀ ਕਿਹਾ ਜਾਂਦਾ ਸੀ। ਭਗਤ ਸਿੰਘ, ਭਗਵਤੀ ਚਰਨ ਵੋਹਰਾ, ਪ੍ਰਿੰਸੀਪਲ ਛਬੀਲ ਦਾਸ, ਯਸ਼ਪਾਲ, ਰਾਮ ਚੰਦਰ, ਜੈ ਚੰਦ ਵਿਦਿਆਲੰਕਾਰ, ਗੋਪਾਲ ਸਿੰਘ ਕੌਮੀ ਆਦਿ ਸਭ ਨਾਂਅ ਇਸੇ ਕਾਲਜ ਨਾਲ ਜੁੜੇ ਹੋਏ ਸਨ। ਇਸ ਕਾਲਜ ਤੋਂ ਇਲਾਵਾ ਲਾਹੌਰ ਦੀ ਦੂਸਰੀ ਮਹੱਤਵਪੂਰਨ ਸੰਸਥਾ ਸੀ- ਦਵਾਰਕਾ ਦਾਸ ਲਾਇਬ੍ਰੇਰੀ। ਇਸ ਲਾਇਬ੍ਰੇਰੀ ਵਿੱਚ ਰਾਸ਼ਟਰਵਾਦ ਅਤੇ ਸੋਵੀਅਤ ਯੂਨੀਅਨ ਸੰਬੰਧੀ ਹਰ ਤਰ੍ਹਾਂ ਦਾ ਸਾਹਿਤ ਮੁਹੱਈਆ ਕਰਵਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਪ੍ਰਿੰ. ਛਬੀਲ ਦਾਸ ਨੇ ਤਾਂ ਨੌਜਵਾਨਾਂ ਲਈ ਇੱਕ ਖਾਸ ਕਿਤਾਬਚਾ 'ਕੀ ਪੜ੍ਹੀਏ' ਵੀ ਛਪਵਾ ਰੱਖਿਆ ਸੀ। ਇਹ ਲਾਇਬ੍ਰੇਰੀ ਭਗਤ ਸਿੰਘ, ਸੁਖਦੇਵ, ਭਗਵਤੀ ਚਰਨ ਵੋਹਰਾ ਜਿਹੇ ਇਨਕਲਾਬੀਆਂ ਲਈ ਵਰਦਾਨ ਸਿੱਧ ਹੋਈ। ਇਸ ਲਾਇਬ੍ਰੇਰੀ ਵਿੱਚ ਕੀਤੇ ਅਧਿਐਨ ਦੇ ਸਿੱਟੇ ਵਜੋਂ ਹੀ ਇਹ ਨੌਜਵਾਨ ਇਨਕਲਾਬੀ ਸੂਝ ਦੇ ਅਗਲੇ ਪੜਾਅ ਤੱਕ ਪਹੁੰਚਣ ਵਿੱਚ ਸਫਲ ਹੋਏ।

ਸਿਵਲ-ਨਾਫ਼ੁਰਮਾਨੀ ਅੰਦੋਲਨ ਸਮੇਂ ਮੁਲਕ ਅੰਦਰ ਵੱਡੇ ਪੱਧਰ ਉੱਤੇ ਹਿੰਦੂ-ਮੁਸਲਿਮ ਏਕਤਾ ਸਾਕਾਰ ਹੋਈ ਸੀ, ਕਿਉਂਕਿ ਖ਼ਿਲਾਫਤੀ ਵੀ ਇਸ ਅੰਦੋਲਨ ਵਿੱਚ ਸ਼ਾਮਲ ਸਨ। ਉਹ ਪਹਿਲੀ ਸੰਸਾਰ ਜੰਗ ਤੋਂ ਬਾਅਦ ਬਰਤਾਨਵੀ ਹਕੂਮਤ ਵੱਲੋਂ ਤੁਰਕੀ ਦੇ ਖਲੀਫਾ ਨੂੰ ਹਟਾਉਣ ਦਾ ਵਿਰੋਧ ਕਰ ਰਹੇ ਸਨ। ਇਸ ਅੰਦੋਲਨ ਸਮੇਂ ਪੈਦਾ ਹੋਈ ਸਮੂਹਕ ਉਤੇਜਨਾ ਦੇ ਫਲਸਰੂਪ ਚੌਰੀ ਚੌਰਾ ਦੀ ਘਟਨਾ ਵਾਪਰ ਗਈ, ਜਿਸ ਵਿੱਚ ਇਹਨਾਂ ਪਿੰਡਾਂ ਦੇ ਸਧਾਰਨ ਲੋਕਾਂ ਨੇ ਗੁੱਸੇ ਵਿੱਚ ਆ ਕੇ ਪੁਲਸ ਥਾਣਾ ਫੂਕ ਦਿੱਤਾ ਸੀ। ਇਸ ਘਟਨਾ ਵਿੱਚ ਬਹੁਤ ਸਾਰੇ ਪੁਲਸ ਵਾਲੇ ਸਾੜ ਦਿੱਤੇ ਗਏ ਸਨ। ਮਹਾਤਮਾ ਗਾਂਧੀ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਬਿਨਾਂ ਕਿਸੇ ਨਾਲ ਸਲਾਹ ਤੋਂ ਪੂਰਾ ਅੰਦੋਲਨ ਹੀ ਵਾਪਸ ਲੈ ਲਿਆ। ਇਸ ਫੈਸਲੇ ਕਾਰਨ ਵਿਆਪਕ ਨਿਰਾਸ਼ਾ ਦਾ ਮਾਹੌਲ ਬਣ ਗਿਆ। ਪੂਰੇ ਮੁਲਕ ਅੰਦਰ ਹਿੰਦੂ-ਮੁਸਲਿਮ ਦੰਗੇ ਭੜਕ ਉੱਠੇ, ਪ੍ਰੰਤੂ ਇਸ ਮਾਹੌਲ ਅੰਦਰ ਵੀ ਇਹ ਰੌਸ਼ਨ ਦਿਮਾਗ ਨੌਜਵਾਨ ਆਪਣੇ ਰਾਹ ਤੋਂ ਨਹੀਂ ਭਟਕੇ, ਸਗੋਂ ਅੰਦੋਲਨ ਨੂੰ ਹੋਰ ਤੇਜ਼ ਕਰਨ ਦੀਆਂ ਜੁਗਤਾਂ ਖੋਜਦੇ ਰਹੇ। ਚਾਹੇ ਸਾਂਡਰਸ ਨੂੰ ਮਾਰਨ ਦੀ ਗੱਲ ਹੋਵੇ ਜਾਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫੈਸਲਾ, ਇਹ ਇਨਕਲਾਬੀ ਮੁਲਕ ਅੰਦਰ ਜਨ-ਚੇਤਨਾ ਫੈਲਾਉਣ ਦੀ ਹੀ ਕੋਸ਼ਿਸ਼ ਕਰ ਰਹੇ ਸਨ। ਮਜ਼ਹਬ ਦੇ ਸਵਾਲ ਬਾਰੇ ਤਾਂ ਉਹ ਨੌਜਵਾਨ ਭਾਰਤ ਸਭਾ ਦੇ ਮਤਿਆਂ ਵਿੱਚ ਬਹੁਤ ਸਪੱਸ਼ਟ ਨਜ਼ਰ ਆਉਂਦੇ ਹਨ। ਉੱਥੇ ਉਹ ਫਿਰਕੂ ਜਥੇਬੰਦੀਆਂ ਵਿਰੁੱਧ ਪ੍ਰਸਤਾਵ ਪਾਸ ਕਰਦੇ ਹਨ। ਮਈ 1928 ਦੇ 'ਕਿਰਤੀ' ਵਿੱਚ ਛਪੀ 'ਮਜ਼ਹਬ ਅਤੇ ਸਾਡੀ ਅਜ਼ਾਦੀ' ਦੀ ਮੰਗ ਵਿੱਚ ਭਗਤ ਸਿੰਘ ਨੇ ਬਹੁਤ ਤਿੱਖੇ ਸ਼ਬਦਾਂ ਵਿੱਚ ਲਿਖਿਆ ਹੈ :

"ਵੀਹਵੀਂ ਸਦੀ ਵਿੱਚ ਵੀ ਪੰਡਤ ਮੌਲਵੀ ਜੀ ਵਰਗੇ ਭੰਗੀ ਦੇ ਮੁੰਡੇ ਤੋਂ ਹਾਰ ਪਵਾ ਕੇ ਕੱਪੜਿਆਂ ਸਮੇਤ ਇਸ਼ਨਾਨ ਕਰਦੇ ਹਨ ਅਤੇ ਅਛੂਤਾਂ ਨੂੰ ਜਨੇਊ ਤੱਕ ਦੇਣ ਤੋਂ ਇਨਕਾਰੀ ਹਨ। ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸਹੁੰ ਲਈਏ ਤਾਂ ਚੁੱਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖਾਲਫਤ ਹੋਵੇਗੀ। ਛੂਤ ਅਛੂਤ ਨੂੰ ਸਵਾਮੀ ਦਯਾਨੰਦ ਹੋਰਾਂ ਨੇ ਮਿਟਾਇਆ ਤੇ ਵਰਣਾਂ ਤੋਂ ਅੱਗੇ ਉਹ ਵੀ ਨਾ ਜਾ ਸਕੇ। ਭਿੰਨ-ਭੇਦ ਤਾਂ ਫਿਰ ਵੀ ਰਹਿ ਗਿਆ। ਗੁਰਦੁਆਰੇ ਵਿੱਚ ਜਾ ਕੇ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ ਦਾ ਕੀ ਮਤਲਬ ਹੋਵੇਗਾ। ਮਜ਼ਹਬ ਤੇ ਕਹਿੰਦਾ ਹੈ ਕਿ ਇਸਲਾਮ ਉੱਤੇ ਯਕੀਨ ਨਾ ਲਿਆਉਣ ਵਾਲੇ ਕਾਫ਼ਰ ਤਲਵਾਰ ਦੇ ਘਾਟ ਉਤਾਰ ਦੇਣੇ ਚਾਹੀਦੇ ਹਨ ਤੇ ਇਧਰ ਜੇ ਇਤਫਾਕ ਦੀ ਕੂਕ ਮਚਾਈ ਜਾਵੇ ਤਾਂ ਨਤੀਜਾ ਕੀ ਹੋਵੇਗਾ?"

ਕੁਝ ਲੋਕ ਬਸਤੀਵਾਦੀ ਹਿੰਦ ਵਿਚਲੀ ਇਨਕਲਾਬੀ ਧਾਰਾ ਉੱਤੇ ਹਿੰਦੂ ਧਰਮ ਕੇਂਦਰਤ ਅਤੇ ਮੁਸਲਿਮ ਵਿਰੋਧੀ ਹੋਣ ਦਾ ਇਲਜ਼ਾਮ ਲਾਉਂਦੇ ਹਨ, ਪ੍ਰੰਤੂ ਭਗਤ ਸਿੰਘ ਅਤੇ ਸੁਖਦੇਵ ਜਿਹੇ ਇਨਕਲਾਬੀਆਂ ਦੀ ਅਗਵਾਈ ਵਾਲੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਕਿਸੇ ਕਿਸਮ ਦੇ ਮਜ਼ਹਬੀ ਤੁਅੱਸਬ ਤੋਂ ਪੂਰੀ ਤਰ੍ਹਾਂ ਮੁਕਤ ਸੀ। ਬੇਸ਼ੱਕ ਇਸ ਦੇ ਕੇਡਰ ਵਿੱਚ ਵੀ ਮੁਸਲਮਾਨਾਂ ਦੀ ਜ਼ਿਕਰਯੋਗ ਹਾਜ਼ਰੀ ਨਹੀਂ ਹੈ, ਪਰ ਇਸ ਦਾ ਕਾਰਨ ਇਸ ਦੇ ਵਿਚਾਰਕ ਤੁਅੱਸਬ ਨਹੀਂ ਹਨ। ਆਪਣੇ ਵਿਚਾਰਾਂ ਵਿੱਚ ਇਹ ਇਨਕਲਾਬੀ ਨੌਜਵਾਨ ਸਗੋਂ ਸਾਰੇ ਮਜ਼ਹਬਾਂ ਨੂੰ ਨਕਾਰ ਕੇ ਅਸਲ ਅਰਥਾਂ ਦੀ ਨਾਸਤਿਕਤਾ ਅਤੇ ਸੈਕੂਲਰਿਜ਼ਮ ਨਾਲ ਜੁੜਦੇ ਦਿਖਾਈ ਦਿੰਦੇ ਹਨ। ਭਗਤ ਸਿੰਘ ਦੀ ਸ਼ਹੀਦੀ ਤੋਂ ਕੁਝ ਸਮਾਂ ਪਹਿਲਾਂ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਇਸ ਦੀ ਜਿਊਂਦੀ-ਜਾਗਦੀ ਉਦਾਹਰਣ ਹੈ। ਤਰਕਸ਼ੀਲਤਾ ਦੇ ਮਹੱਤਵ ਉੱਤੇ ਜ਼ੋਰ ਦਿੰਦਿਆਂ ਉਹ ਲਿਖਦਾ ਹੈ, "ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖਤਰਨਾਕ ਹੁੰਦਾ ਹੈ। ਇਹ ਦਿਮਾਗ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ ਬਣਾ ਦਿੰਦਾ ਹੈ। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ।"

ਭਗਤ ਸਿੰਘ ਤੇ ਸਾਥੀਆਂ 'ਤੇ ਇਹਨਾਂ ਵਿੱਚੋਂ ਵੀ ਖਾਸ ਤੌਰ ਉੱਤੇ ਭਗਤ ਸਿੰਘ ਨੂੰ ਆਪਣੇ ਸਮਿਆਂ ਵਿੱਚ ਵੀ ਅਤੇ ਹੁਣ ਵੀ ਜਿਸ ਤਰ੍ਹਾਂ ਦੀ ਹਰਮਨਪਿਆਰਤਾ ਮਿਲੀ, ਉਹ ਆਪਣੇ-ਆਪ ਵਿੱਚ ਵਿਲੱਖਣ ਹੈ। ਭਗਤ ਸਿੰਘ ਦੇ ਸਮਾਨੰਤਰ ਹੀ ਬੰਗਾਲ ਵਿੱਚ ਅਨੁਸ਼ੀਲਨ ਸੰਮਤੀ ਸਰਗਰਮ ਸੀ, ਜਿਸ ਨੇ ਚਿਟਗਾਓਂ ਵਿਦਰੋਹ ਕੀਤਾ। ਉਸੇ ਸਮੇਂ ਹੀ ਬਰਤਾਨਵੀ ਸਰਕਾਰ ਹਿੰਦ ਅੰਦਰ ਸਰਗਰਮ ਕਮਿਊਨਿਸਟਾਂ ਨੂੰ ਗ੍ਰਿਫਤਾਰ ਕਰਕੇ ਮੇਰਠ ਸਾਜ਼ਿਸ਼ ਕੇਸ ਚਲਾ ਰਹੀ ਸੀ, ਪ੍ਰੰਤੂ ਹਰਮਨਪਿਆਰਤਾ ਅਤੇ ਸਵੀਕਾਰਤਾ ਦੀ ਨਜ਼ਰ ਤੋਂ ਭਗਤ ਸਿੰਘ ਸਭ ਤੋਂ ਉੱਚੀ ਟੀਸੀ ਉੱਤੇ ਬੈਠਾ ਨਜ਼ਰ ਆਉਂਦਾ ਹੈ। ਇਸ ਦਾ ਕਾਰਨ ਭਗਤ ਸਿੰਘ ਅਤੇ ਸਾਥੀਆਂ ਦੀਆਂ ਕੁਝ ਵਿਲੱਖਣਤਾਵਾਂ ਅਤੇ ਕੁਝ ਮੌਲਿਕਤਾਵਾਂ ਹਨ। ਅਨੁਸ਼ੀਲਨ ਸੰਮਤੀ ਭਗਤ ਸਿੰਘ ਹੁਰਾਂ ਦੇ ਇਨਕਲਾਬੀ ਗਰੁੱਪ ਦਾ ਹਿੱਸਾ ਨਾ ਬਣੀ ਕਿਉਂਕਿ ਉਸ ਨੂੰ 'ਸਮਾਜਵਾਦੀ' ਸ਼ਬਦ ਸਵੀਕਾਰ ਨਹੀਂ ਸੀ। ਇਸ ਤੋਂ ਇਲਾਵਾ ਉਹ ਗਰੁੱਪ ਦੇ ਇੱਕ ਸੁਪਰੀਮ ਆਗੂ ਦੇ ਸੰਕਲਪ ਵਿੱਚ ਵਿਸ਼ਵਾਸ ਰੱਖਦੀ ਸੀ। ਇਸ ਨਜ਼ਰੀਏ ਤੋਂ ਅਨੁਸ਼ੀਲਨ ਸੰਮਤੀ ਅਜੇ ਆਧੁਨਿਕ ਜਮਹੂਰੀਅਤ ਦੇ ਸਿਧਾਂਤ ਤੱਕ ਨਹੀਂ ਸੀ ਪਹੁੰਚੀ।

ਕਮਿਊਨਿਸਟ ਪਾਰਟੀ ਦੇ ਆਗੂ ਆਪਣੀ ਅਗਵਾਈ ਤੀਸਰੀ ਇੰਟਰਨੈਸ਼ਨਲ ਤੋਂ ਲੈ ਰਹੇ ਸਨ। ਤੀਸਰੀ ਇੰਟਰਨੈਸ਼ਨਲ ਨੇ ਹਿੰਦ ਦਾ ਜ਼ਿੰਮਾ ਐੱਮ ਐੱਨ ਰਾਏ ਨੂੰ ਦਿੱਤਾ ਹੋਇਆ ਸੀ, ਜਿਸ ਨੇ ਤੀਸਰੀ ਇੰਟਰਨੈਸ਼ਨਲ ਵਿੱਚ ਲੈਨਿਨ ਦੇ ਬਸਤੀਆਂ ਬਾਰੇ ਥੀਸਿਸ ਦੇ ਸਮਾਨੰਤਰ ਆਪਣਾ ਥੀਸਿਸ ਪੇਸ਼ ਕੀਤਾ ਸੀ। ਇਸ ਕਾਨਫਰੰਸ ਵਿੱਚ ਦੋਹਾਂ ਥੀਸਿਸਾਂ ਨੂੰ ਪ੍ਰਵਾਨ ਕੀਤਾ ਗਿਆ ਸੀ, ਪਰ ਐੱਮ ਐੱਨ ਰਾਏ ਨੇ ਲੈਨਿਨ ਦੇ ਥੀਸਿਸ ਨੂੰ ਨਜ਼ਰਅੰਦਾਜ਼ ਕਰਕੇ ਹਮੇਸ਼ਾ ਆਪਣਾ ਥੀਸਿਸ ਹੀ ਹਿੰਦ ਅੰਦਰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਅਨੁਸਾਰ ਹਿੰਦੁਸਤਾਨ ਅੰਦਰ ਹੁਣੇ ਸਿੱਧਾ ਸਮਾਜਵਾਦੀ ਇਨਕਲਾਬ ਕੀਤਾ ਜਾ ਸਕਦਾ ਸੀ। ਲੈਨਿਨ ਹਿੰਦੁਸਤਾਨ ਜਿਹੇ ਬਸਤੀਵਾਦੀ ਮੁਲਕ ਅੰਦਰ ਰਾਸ਼ਟਰੀ ਲਹਿਰਾਂ ਨਾਲ ਸਾਂਝ ਪਾ ਕੇ ਬਸਤੀਵਾਦੀ ਹਕੂਮਤ ਵਿਰੁੱਧ ਸੰਘਰਸ਼ ਦਾ ਹਾਮੀ ਸੀ। ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ ਵਿੱਚ ਭਗਤ ਸਿੰਘ ਦੇ ਸ਼ਬਦ ਹਨ : "ਦਾਅ ਪੇਚਾਂ ਅਤੇ ਪੈਂਤੜਾਬੰਦੀ ਲਈ ਲੈਨਿਨ ਦੇ ਜੀਵਨ, ਕੰਮ ਅਤੇ ਲਿਖਤਾਂ ਦੀ ਘੋਖ ਕਰਨੀ ਚਾਹੀਦੀ ਹੈ।"

ਇਸ ਤਰ੍ਹਾਂ ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਬਾਰੇ ਲੈਨਿਨ ਤੋਂ ਕੋਈ ਸਿੱਧੀ ਸੇਧ ਨਾ ਲੈਣ ਦੇ ਬਾਵਜੂਦ ਭਗਤ ਸਿੰਘ ਤੇ ਸਾਥੀ ਆਪਣੇ ਅਧਿਐਨ ਤੇ ਅਨੁਭਵ ਰਾਹੀਂ ਲੈਨਿਨ ਦੀ ਸਿਧਾਂਤਕ ਪੁਜ਼ੀਸ਼ਨ ਤੱਕ ਹੀ ਪਹੁੰਚੇ ਹੋਏ ਸਨ। ਹਿੰਦੁਸਤਾਨ ਦੇ ਰਾਸ਼ਟਰੀ ਅੰਦੋਲਨ ਨਾਲ ਜੁੜੇ ਕਈ ਸਵਾਲਾਂ ਬਾਰੇ ਵੱਖਰੀ ਸਮਝ ਦੇ ਬਾਵਜੂਦ ਉਹ ਰਾਸ਼ਟਰੀ ਨੇਤਾਵਾਂ ਨੂੰ ਆਪਣੇ ਦੁਸ਼ਮਣ ਤਸੱਵੁਰ ਨਹੀਂ ਸੀ ਕਰ ਰਹੇ। ਉਹ ਸਗੋਂ ਆਪਣੇ ਆਪ ਨੂੰ ਰਾਸ਼ਟਰੀ ਅੰਦੋਲਨ ਦਾ ਹਿਰਾਵਲ ਦਸਤਾ ਸਮਝਦੇ ਸਨ। ਉਹਨਾਂ ਨੇ ਬਸਤੀਵਾਦੀ ਸਮਿਆਂ ਦੇ ਪਦਾਰਥਕ ਹਾਲਾਤ ਨੂੰ ਠੀਕ ਤਰ੍ਹਾਂ ਸਮਝ ਕੇ ਜੰਗ ਦੇ ਸਹੀ ਅਖਾੜੇ ਦੀ ਚੋਣ ਕੀਤੀ ਸੀ। ਭਗਤ ਸਿੰਘ ਦੇ ਇਹ ਸ਼ਬਦ ਉਹਨਾਂ ਦੀ ਉਸ ਪੁਜ਼ੀਸ਼ਨ ਨੂੰ ਦਰਸਾਉਂਦੇ ਹਨ, ਜਿਸ ਕਾਰਨ ਉਹ ਆਪਣੇ ਸਮਿਆਂ ਨਾਲ ਇੱਕਮਿਕ ਹੋ ਸਕੇ : "ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ ਨਾ ਮੈਂ ਦਹਿਸ਼ਤਪਸੰਦ ਹਾਂ ਅਤੇ ਨਾ ਹੀ ਸਾਂ, ਸਿਰਫ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਚੰਦ ਦਿਨਾਂ ਦੇ ਸਵਾਏ ਅਤੇ ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਅਸੀਂ ਇਹਨਾਂ ਤਰੀਕਿਆਂ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਹਿੰਦੁਸਤਾਨ ਸਮਾਜਵਾਦੀ ਰੀਪਬਲਿਕਨ ਪਾਰਟੀ ਦੇ ਇਤਿਹਾਸ ਤੋਂ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ। ਸਾਡੇ ਸਾਰੇ ਕੰਮ ਇੱਕ ਦਿਸ਼ਾ ਵੱਲ ਹੀ ਸਨ, ਯਾਨੀ ਵੱਡੀ ਕੌਮੀ ਲਹਿਰ ਦੇ ਮਿਲਟਰੀ ਵਿੰਗ ਵਜੋਂ ਆਪਣੀ ਪਹਿਚਾਣ ਕਰਵਾਉਣੀ। ਜੇ ਕਿਸੇ ਨੇ ਮੈਨੂੰ ਗਲਤ ਸਮਝ ਲਿਆ ਹੈ ਤਾਂ ਉਹ ਆਪਣੇ ਵਿਚਾਰ ਸੋਧ ਲਵੇ। ਮੇਰਾ ਭਾਵ ਇਹ ਕਦੇ ਨਹੀਂ ਹੈ ਕਿ ਬੰਬ ਅਤੇ ਪਿਸਤੌਲ ਬੇਫਾਇਦਾ ਹਨ, ਸਗੋਂ ਇਸ ਦੇ ਉਲਟ ਲਾਭਦਾਇਕ ਹਨ, ਪਰ ਮੇਰਾ ਭਾਵ ਇਹ ਹੈ ਕਿ ਸਿਰਫ ਬੰਬ ਸੁੱਟਣੇ ਬੇਫਾਇਦਾ ਹੀ ਨਹੀਂ, ਸਗੋਂ ਕਈ ਵਾਰ ਨੁਕਸਾਨ ਕਰਦੇ ਹਨ। ਪਾਰਟੀ ਦੇ ਮਿਲਟਰੀ ਵਿਭਾਗ ਨੂੰ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਸਭ ਲੜਾਈ ਦਾ ਸਾਮਾਨ ਆਪਣੇ ਕੋਲ ਤਿਆਰ ਹੋਣਾ ਚਾਹੀਦਾ ਹੈ ਤਾਂਕਿ ਸੰਕਟ ਸਮੇਂ ਕੰਮ ਆ ਸਕੇ। ਇਹ ਪਾਰਟੀ ਦੇ ਰਾਜਨੀਤਕ ਕੰਮ ਦੇ ਮਦਦਗਾਰ ਤੌਰ 'ਤੇ ਹੋਣਾ ਚਾਹੀਦਾ ਹੈ। ਇਹ ਆਪਣੇ ਤੌਰ 'ਤੇ ਅਜ਼ਾਦਾਨਾ ਕੰਮ ਨਾ ਕਰੇ।"

ਇਸ ਤਰ੍ਹਾਂ ਦੀਆਂ ਸੂਚਨਾਵਾਂ ਵੀ ਮਿਲਦੀਆਂ ਹਨ ਕਿ ਇੱਕ ਵਾਰ ਮੋਤੀ ਲਾਲ ਨਹਿਰੂ ਨੇ ਚੰਦਰ ਸ਼ੇਖਰ ਅਜ਼ਾਦ ਨੂੰ ਮਿਲ ਕੇ ਕੋਈ ਕਾਰਵਾਈ ਕਰਨ ਲਈ ਕਿਹਾ ਸੀ ਜਦੋਂ ਬਰਤਾਨਵੀ ਹਕੂਮਤ ਅੰਦੋਲਨ ਪ੍ਰਤੀ ਬਿਲਕੁਲ ਅੱਖਾਂ ਮੀਚੀ ਬੈਠੀ ਸੀ। ਲਾਲਾ ਲਾਜਪਤ ਰਾਇ ਨਾਲ ਭਗਤ ਸਿੰਘ ਅਤੇ ਸਾਥੀਆਂ ਦੇ ਬਹੁਤ ਮੱਤਭੇਦ ਸਨ। ਏਥੋਂ ਤੱਕ ਕਿ ਉਹਨਾਂ ਨੇ ਉਸ ਦੇ ਖਿਲਾਫ ਰਾਬਰਟ ਬਰਾਊਨਿੰਗ ਦੀ ਕਵਿਤਾ 'ਦ ਲੌਸਟ ਲੀਡਰ' ਵੀ ਛਪਵਾ ਕੇ ਵੰਡੀ ਸੀ, ਪ੍ਰੰਤੂ ਲਾਲਾ ਲਾਜਪਤ ਰਾਏ ਦੀ ਮੌਤ ਪਿੱਛੋਂ ਉਹਨਾਂ ਨੇ ਇਸ ਨੂੰ ਰਾਸ਼ਟਰੀ ਮੁੱਦਾ ਬਣਾਉਣ ਲਈ ਇਸ ਮੌਤ ਲਈ ਜ਼ਿੰਮੇਵਾਰ ਅੰਗਰੇਜ਼ ਅਫ਼ਸਰ ਸਕਾਟ ਨੂੰ ਮਾਰਨ ਦਾ ਫੈਸਲਾ ਕੀਤਾ। ਉਹ ਆਪਣੇ ਮੁਲਕ ਦੀਆਂ ਉਹਨਾਂ ਸਥਿਤੀਆਂ ਨੂੰ ਸਮਝ ਰਹੇ ਸਨ, ਜਿਹਨਾਂ ਵਿੱਚ ਬਸਤੀਵਾਦ ਦੇ ਵਿਰੁੱਧ ਸੰਘਰਸ਼ ਰਾਸ਼ਟਰਵਾਦ ਦੇ ਬਿੰਦੂ ਉੱਤੇ ਖੜੇ ਹੋ ਕੇ ਹੀ ਹੋ ਸਕਦਾ ਸੀ।

ਭਗਤ ਸਿੰਘ ਦੇ ਸ਼ਬਦ ਹਨ ਕਿ "ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੋਣੇ ਚਾਹੀਦੇ ਹਨ।" ਇਹਨਾਂ ਸ਼ਬਦਾਂ ਉੱਤੇ ਪਹਿਰਾ ਦਿੰਦਿਆਂ ਹੀ ਭਗਤ ਸਿੰਘ ਤੇ ਸਾਥੀ ਆਪਣੀਆਂ ਸਾਰੀਆਂ ਯੁੱਧਨੀਤਕ ਪੁਜ਼ੀਸ਼ਨਾਂ ਤੇ ਦਾਅ-ਪੇਚ ਘੜ ਰਹੇ ਸਨ ਤੇ ਉਹਨਾਂ ਵਿੱਚ ਸਫ਼ਲ ਵੀ ਹੋ ਰਹੇ ਸਨ। ਅਹਿੰਸਾ ਦੀ ਸਨਕ ਰੱਖਣ ਵਾਲੇ ਮਹਾਤਮਾ ਗਾਂਧੀ ਨੇ ਇਹਨਾਂ ਨੌਜਵਾਨਾਂ ਦੀ ਵਧਦੀ ਹਰਮਨ-ਪਿਆਰਤਾ ਨੂੰ ਦੇਖ ਕੇ ਹੀ 'ਕਲਟ ਆਫ਼ ਦ ਬੰਬ' ਲੇਖ ਲਿਖ ਕੇ ਇਹਨਾਂ ਇਨਕਲਾਬੀਆਂ ਦੀ ਆਲੋਚਨਾ ਕੀਤੀ। ਜਵਾਬ ਵਿੱਚ ਭਗਵਤੀ ਚਰਨ ਵੋਹਰਾ ਨੇ 'ਬੰਬ ਦਾ ਫ਼ਲਸਫ਼ਾ' ਲੇਖ ਲਿਖਿਆ। ਇਸ ਲੇਖ ਦਾ ਖਰੜਾ ਭਗਤ ਸਿੰਘ ਨੇ ਵੀ ਜੇਲ੍ਹ ਵਿੱਚ ਪੜ੍ਹਿਆ ਸੀ ਤੇ ਇਸ ਬਾਰੇ ਸੁਝਾਅ ਦਿੱਤੇ ਸਨ। ਇਸ ਲੇਖ ਵਿੱਚ ਉਹਨਾਂ ਆਪਣੇ ਦਾਅ-ਪੇਚ ਦੇ ਹੱਕ ਵਿੱਚ ਦਲੀਲ ਦਿੱਤੀ ਕਿ ਇਹ "ਹਾਕਮ ਦੇ ਦਿਲ ਵਿੱਚ ਡਰ ਅਤੇ ਦੱਬੀ ਜਨਤਾ ਦੇ ਦਿਲ ਵਿੱਚ ਬਦਲੇ ਅਤੇ ਮੁਕਤੀ ਦੀ ਆਸ ਜਗਾਉਂਦਾ ਹੈ। ਇਹ ਥਿੜਕਦਿਆਂ ਨੂੰ ਹੌਸਲਾ ਅਤੇ ਸਵੈ-ਵਿਸ਼ਵਾਸ ਦਿੰਦਾ ਹੈ। ਰਾਜ ਕਰਦੀਆਂ ਜਮਾਤਾਂ ਦੀ ਪ੍ਰਮੁਖਤਾ ਦੇ ਡਰ ਦਾ ਖਾਤਮਾ ਕਰਦਾ ਹੈ ਅਤੇ ਦੱਬੀ ਕੌਮ ਦੀ ਇੱਜ਼ਤ ਨੂੰ ਦੁਨੀਆ ਦੀ ਨਜ਼ਰ ਵਿੱਚ ਕਾਇਮ ਕਰਦਾ ਹੈ, ਕਿਉਂਕਿ ਇਹ ਕੌਮ ਦੀ ਅਜ਼ਾਦੀ ਲਈ ਤਾਂਘ ਦਾ ਸੂਚਕ ਹੁੰਦਾ ਹੈ। ਸਾਡੇ ਦੇਸ਼ ਵਿੱਚ ਵੀ ਆਤੰਕਵਾਦ ਦੂਜੇ ਦੇਸ਼ਾਂ ਵਾਂਗ ਕ੍ਰਾਂਤੀ ਵਿੱਚ ਵਿਕਸਤ ਹੋਵੇਗਾ ਅਤੇ ਇਹ ਕ੍ਰਾਂਤੀ ਪੂਰਨ ਅਜ਼ਾਦੀ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਲਈ ਹੋਵੇਗੀ।"

ਇਸ ਤਰ੍ਹਾਂ ਉਹ ਆਪਣੀਆਂ ਕਾਰਵਾਈਆਂ ਨੂੰ ਰੂਸੀ ਇਨਕਲਾਬ ਦੇ ਇਤਿਹਾਸ ਵਿੱਚੋਂ ਪ੍ਰਸੰਗ ਲੈ ਕੇ ਜਾਇਜ਼ ਠਹਿਰਾ ਰਹੇ ਸਨ। ਰੂਸ ਅੰਦਰ ਵੀ ਇਨਕਲਾਬ ਤੋਂ ਪਹਿਲਾਂ ਇਸੇ ਤਰ੍ਹਾਂ ਦੀ ਨਰੋਦਨਿਕਾਂ ਦੀ ਇਨਕਲਾਬੀ ਲਹਿਰ ਪੈਦਾ ਹੋਈ ਸੀ। ਲੈਨਿਨ ਦਾ ਭਰਾ ਇਸੇ ਲਹਿਰ ਵਿੱਚ ਸ਼ਾਮਲ ਸੀ ਅਤੇ ਜ਼ਾਰ ਨੂੰ ਕਤਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਫਾਹੇ ਲੱਗਾ ਸੀ।

ਆਲੋਚਨਾ ਤੇ ਸੁਤੰਤਰ ਸੋਚਣੀ ਦੇ ਰਾਹ ਚੱਲ ਕੇ ਹੀ ਭਗਤ ਸਿੰਘ ਤੇ ਸਾਥੀਆਂ ਦੀ ਇਨਕਲਾਬੀ ਲਹਿਰ ਸਪੱਸ਼ਟ ਸ਼ਬਦਾਂ ਵਿੱਚ ਆਪਣੇ ਆਦਰਸ਼ਾਂ ਨੂੰ ਬਿਆਨ ਕਰ ਰਹੀ ਸੀ। ਉਹਨਾਂ ਆਪਣੇ ਬਾਰੇ ਲਿਖਿਆ ਕਿ "ਇਨਕਲਾਬੀ ਵਿਸ਼ਵਾਸ ਰੱਖਦੇ ਹਨ ਕਿ ਉਹਨਾਂ ਦੇ ਦੇਸ਼ ਦੀ ਬੰਦ ਖਲਾਸੀ ਇਨਕਲਾਬੀ ਢੰਗ ਰਾਹੀਂ ਹੀ ਹੋਵੇਗੀ। ਇਨਕਲਾਬ, ਜਿਸ ਦੀ ਉਹ ਕਾਮਨਾ ਕਰਦੇ ਹਨ ਤੇ ਜਿਸ ਲਈ ਉਹ ਲਗਾਤਾਰ ਕੰਮ ਕਰ ਰਹੇ ਹਨ, ਸਿਰਫ ਵਿਦੇਸ਼ੀ ਸਰਕਾਰ ਅਤੇ ਉਸ ਦੇ ਹਮਾਇਤੀਆਂ ਤੇ ਜਨਤਾ ਵਿਚਾਲੇ ਹਥਿਆਰਬੰਦ ਲੜਾਈ ਦੀ ਸ਼ਕਲ ਵਿੱਚ ਹੀ ਨਹੀਂ ਹੋਵੇਗਾ, ਬਲਕਿ ਇੱਕ ਨਵੇਂ ਸਮਾਜੀ ਢਾਂਚੇ ਦਾ ਸੂਚਕ ਹੋਵੇਗਾ। ਇਹ ਜੁੱਗ-ਪਲਟਾ ਸਰਮਾਏਦਾਰੀ ਅਤੇ ਹਰ ਤਰ੍ਹਾਂ ਦੇ ਜਮਾਤੀ ਵਖਰੇਵਿਆਂ ਅਤੇ ਵਿਤਕਰਿਆਂ ਦਾ ਖਾਤਮਾ ਕਰ ਦੇਵੇਗਾ। ਉਂਝ ਜੋ ਲੱਖਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਤੇ ਵਿਦੇਸ਼ੀ ਤੇ ਦੇਸੀ ਲੁਟੇਰਿਆਂ ਦੇ ਜੂਲੇ ਹੇਠ ਪਿਸ ਰਹੇ ਹਨ, ਵਾਸਤੇ ਇਹ ਖੁਸ਼ੀ ਤੇ ਖੁਸ਼ਹਾਲੀ ਲਿਆਵੇਗੀ। ਇਹ ਕੌਮ ਨੂੰ ਨਵਾਂ ਜੀਵਨ ਦੇਵੇਗਾ, ਇਹ ਨਵੇਂ ਸਮਾਜ ਦਾ ਜਨਮਦਾਤਾ ਹੋਵੇਗਾ। ਇਸ ਤੋਂ ਵਧ ਕੇ ਇਹ ਕਿਰਤੀ ਦੀ ਸਰਦਾਰੀ ਸਥਾਪਤ ਕਰਕੇ ਸਮਾਜੀ ਜੋਕਾਂ ਨੂੰ ਸਦਾ ਲਈ ਰਾਜ ਗੱਦੀਓਂ ਹਟਾ ਦੇਵੇਗਾ।"

ਇਹਨਾਂ ਸ਼ਬਦਾਂ ਨੂੰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੱਲੋਂ ਅਸੈਂਬਲੀ ਬੰਬ ਕੇਸ ਵਿੱਚ ਦਿੱਤੇ ਬਿਆਨ ਦੇ ਉਸ ਹਿੱਸੇ ਨਾਲ ਮਿਲਾ ਕੇ ਹੀ ਸਮਝਿਆ ਜਾ ਸਕਦਾ ਹੈ, ਜਿਸ ਵਿੱਚ ਇਨਕਲਾਬ ਦਾ ਭਾਵ ਦੱਸਦਿਆਂ ਉਹਨਾਂ ਕਿਹਾ ਸੀ, "ਸਾਡਾ ਇਨਕਲਾਬ ਤੋਂ ਕੀ ਭਾਵ ਹੈ? ਇਸ ਦੇ ਜਵਾਬ ਵਿੱਚ ਮੈਂ ਆਖਾਂਗਾ ਕਿ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿੱਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਕਲਚਰ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਇਹ ਵਰਤਮਾਨ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।"

ਇਸ ਤਰ੍ਹਾਂ ਭਗਤ ਸਿੰਘ ਤੇ ਸਾਥੀ ਅਜ਼ਾਦੀ, ਇਨਕਲਾਬ, ਹਿੰਸਾ, ਅਹਿੰਸਾ ਆਦਿ ਦੇ ਸਵਾਲਾਂ ਨੂੰ ਆਪਣੀ ਸੁਤੰਤਰ ਨਜ਼ਰ ਤੋਂ ਦੇਖ ਅਤੇ ਸਮਝ ਰਹੇ ਸਨ। ਉਹਨਾਂ ਲਈ ਨਾ ਮਹਾਤਮਾ ਗਾਂਧੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਅਜ਼ਾਦੀ ਹਾਸਲ ਕਰਨ ਲਈ ਅਪਣਾਇਆ ਜਾ ਰਿਹਾ ਰਾਹ ਆਖਰੀ ਆਦਰਸ਼ ਸੀ ਅਤੇ ਨਾ ਹੀ ਉਹ ਕਿਸੇ ਹੋਰ ਮੁਲਕ ਦੇ ਇਨਕਲਾਬ ਅਤੇ ਇਨਕਲਾਬ ਕਰਨ ਵਾਲਿਆਂ ਨੂੰ ਆਪਣਾ ਆਗੂ ਮੰਨ ਕੇ ਉਹਨਾਂ ਕੋਲੋਂ ਅਗਵਾਈ ਦੀ ਝਾਕ ਰੱਖ ਰਹੇ ਸਨ। ਉਹਨਾਂ ਦੀ ਟੇਕ ਆਪਣੇ ਅਜ਼ਾਦਾਨਾ ਅਧਿਐਨ ਉੱਤੇ ਹੀ ਸੀ। ਇਸੇ ਅਧਿਐਨ ਨੇ ਖਾਸ ਤੌਰ ਉੱਤੇ ਭਗਤ ਸਿੰਘ ਦੀ ਇਨਕਲਾਬੀ ਚਿੰਤਕ ਦੀ ਅਸਲ ਤਸਵੀਰ ਘੜੀ ਹੈ।

ਭਗਤ ਸਿੰਘ ਬਾਰੇ ਲਿਖਦਿਆਂ ਉਸ ਦੇ ਸਾਥੀ ਸ਼ਿਵ ਵਰਮਾ ਨੇ ਦੱਸਿਆ ਹੈ ਕਿ ਉਸ ਦੀ ਕਮੀਜ਼ ਭਾਵੇਂ ਪਾਟੀ ਹੁੰਦੀ ਸੀ, ਪਰ ਉਸ ਦੀ ਜੇਬ ਵਿੱਚ ਕਿਤਾਬ ਜ਼ਰੂਰ ਹੁੰਦੀ ਸੀ। ਜੇਲ੍ਹ ਜਾਣ ਤੋਂ ਬਾਅਦ ਵੀ ਉਸ ਵੱਲੋਂ ਕੀਤੇ ਅਧਿਐਨ ਦਾ ਘੇਰਾ ਬਹੁਤ ਵਸੀਹ ਹੈ। ਉਹ 24 ਜੁਲਾਈ 1930 ਨੂੰ ਜੈ ਦੇਵ ਨੂੰ ਖਤ ਲਿਖ ਕੇ ਜਿਹਨਾਂ ਕਿਤਾਬਾਂ ਦੀ ਮੰਗ ਕਰਦਾ ਹੈ, ਉਹਨਾਂ ਵਿੱਚ ਕਾਰਲ ਲਿਬਖਨੇਤ, ਰੱਸੈਲ, ਕਰੋਪਟਕਿਨ, ਲੈਨਿਨ, ਮਾਰਕਸ, ਸਿਨਕਲੇਅਰ ਤੇ ਬੁਖਾਰਿਨ ਆਦਿ ਦੀਆਂ ਕਿਤਾਬਾਂ ਹਨ, ਪਰ ਉਸ ਦੇ ਅਧਿਐਨ ਦਾ ਅਸਲ ਅੰਦਾਜ਼ਾ ਉਸ ਦੀ ਜੇਲ੍ਹ ਡਾਇਰੀ ਤੋਂ ਲਗਦਾ ਹੈ। ਉਹ ਕੇਵਲ ਰੱਸਲ ਅਤੇ ਮਾਰਕਸ ਜਿਹੇ ਸਿਆਸੀ ਚਿੰਤਕਾਂ ਨੂੰ ਹੀ ਨਹੀਂ ਸੀ ਪੜ੍ਹ ਰਿਹਾ। ਕਵਿਤਾ ਵਿੱਚ ਉਸ ਨੇ ਮਿਰਜ਼ਾ ਗਾਲਿਬ, ਇਕਬਾਲ ਤੇ ਵਿਲੀਅਮ ਵਰਡਜ਼ਵਰਥ ਤੱਕ ਪੜ੍ਹੇ ਹੋਏ ਸਨ। ਦੋਸਤੋਵਸਕੀ, ਗੋਰਕੀ, ਚਾਰਲਸ ਡਿਕਨਜ਼, ਜੈਕ ਲੰਡਨ ਤੇ ਅਪਟਨ ਸਿਨਕਲੇਅਰ ਜਿਹੇ ਨਾਵਲਕਾਰ ਵੀ ਉਸ ਦੀ ਓਨੀ ਹੀ ਦਿਲਚਸਪੀ ਸਨ। ਭਗਤ ਸਿੰਘ ਦੇ ਇੱਕ ਜੀਵਨੀਕਾਰ ਐੱਮ ਐੱਮ ਜੁਨੇਜਾ ਨੇ ਅੰਦਾਜ਼ਾ ਲਾਇਆ ਹੈ ਕਿ "...ਉਸ ਨੇ ਸਕੂਲ ਪੜ੍ਹਦਿਆਂ (1913-21) 50 ਦੇ ਨੇੜੇ ਕਿਤਾਬਾਂ ਪੜ੍ਹੀਆਂ, ਕਾਲਜ ਦਿਨੀਂ 1921 ਵਿੱਚ ਗ੍ਰਿਫਤਾਰੀ ਤੱਕ ਲੱਗਭੱਗ 200 ਤੇ 8 ਅਪ੍ਰੈਲ 1929 ਤੋਂ 23 ਮਾਰਚ 1931 ਦੇ ਕੈਦ ਦੇ ਬਣਦੇ 716 ਦਿਨਾਂ ਵਿੱਚ 300 ਦੇ ਕਰੀਬ ਕਿਤਾਬਾਂ ਪੜ੍ਹੀਆਂ।" ਇਸ ਤੋਂ ਭਗਤ ਸਿੰਘ ਦੀ ਕਿਤਾਬਾਂ ਪੜ੍ਹਨ ਦੀ ਭੁੱਖ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸੇ ਅਧਿਐਨ ਦੇ ਆਸਰੇ ਭਗਤ ਸਿੰਘ ਆਪਣੇ ਅੰਦਰ ਉਹ ਆਧੁਨਿਕ ਅਤੇ ਕੌਮਾਂਤਰੀ ਦ੍ਰਿਸ਼ਟੀਕੋਣ ਪੈਦਾ ਕਰ ਸਕਿਆ, ਜੋ ਉਹਨਾਂ ਦੀ ਸਮੁੱਚੀ ਇਨਕਲਾਬੀ ਲਹਿਰ ਦਾ ਦ੍ਰਿਸ਼ਟੀਕੋਣ ਬਣ ਗਿਆ। ਭਗਤ ਸਿੰਘ ਦਾ ਇਹ ਪੱਖ ਬੰਬਾਂ ਤੇ ਪਿਸਤੌਲਾਂ ਵਾਲੇ ਪੱਖ ਤੋਂ ਵੀ ਵਧੇਰੇ ਮਹੱਤਵਪੂਰਨ ਹੈ। ਇਸੇ ਲਈ ਅਜੋਕੇ ਚੁਣੌਤੀਆਂ ਭਰੇ ਸਮੇਂ ਅੰਦਰ ਭਗਤ ਸਿੰਘ ਹੋਣ ਦੇ ਇਹਨਾਂ ਅਸਲ ਅਰਥਾਂ ਨੂੰ ਮੁੜ ਤੋਂ ਖੋਜਣ ਦੀ ਜ਼ਰੂਰਤ ਹੈ।

ਸੰਪਰਕ : 98550-36890



## 'ਮੈਂ ਹਿੰਦੋਸਤਾਨੀ ਇਨਕਲਾਬ ਦਾ ਚਿੰਨ੍ਹ'

(ਫਾਂਸੀ ਦੇ ਇਕ ਦਿਨ ਪਹਿਲਾਂ 22 ਮਾਰਚ, 1931 ਨੂੰ ਸੈਂਟਰਲ ਜੇਲ੍ਹ ਲਾਹੌਰ ਦੇ 14 ਨੰਬਰ ਵਾਰਡ ਵਿਚ ਰਹਿਣ ਵਾਲੇ ਦੂਸਰੇ ਲਾਹੌਰ ਸਾਜ਼ਸ਼ ਕੇਸ ਦੇ ਬੰਦੀ ਇਨਕਲਾਬੀਆਂ ਨੇ ਭਗਤ ਸਿੰਘ ਕੋਲ ਇਕ ਚਿੱਟ ਭੇਜੀ, ਸੁਨੇਹਾ ਸੀ, ਸਰਦਾਰ, ਜੇ ਤੁਸੀਂ ਫਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ।ਇਨ੍ਹਾਂ ਘੜੀਆਂ ਵਿਚ ਸ਼ਾਇਦ ਕੁਝ ਹੋ ਸਕੇ।ਭਗਤ ਸਿੰਘ ਨੇ ਲਿਖ ਕੇ ਇਹ ਨੋਟ ਜਵਾਬ ਵਿਚ ਭੇਜਿਆ।)

### ਸ਼ਹੀਦੀ ਤੋਂ ਇਕ ਦਿਨ ਪਹਿਲਾਂ

ਜੀਉਂਦਿਆਂ ਰਹਿਣ ਦੀ ਖ਼ਾਹਿਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ।ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ, ਪਰ ਮੇਰਾ ਜਿਉਂਦਿਆਂ ਰਹਿਣਾ ਇਕ ਸ਼ਰਤ 'ਤੇ ਹੈ।ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜੀਉਂਦਾ ਨਹੀਂ ਰਹਿਣਾ ਚਾਹੁੰਦਾ।

ਮੇਰਾ ਨਾਂ ਹਿੰਦੋਸਤਾਨੀ ਇਨਕਲਾਬੀ ਦਾ ਨਿਸ਼ਾਨ ਬਣ ਚੁੱਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤਾ ਹੈ।ਏਨਾ ਉੱਚਾ ਕਿ ਜਿਉਂਦਿਆਂ ਰਹਿਣ ਦੀ ਸੂਰਤ ਵਿਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ।

ਅੱਜ ਮੇਰੀਆਂ ਕਮਜ਼ੋਰੀਆਂ ਲੋਕਾਂ ਸਾਹਮਣੇ ਨਹੀਂ ਹਨ।ਜੇ ਮੈਂ ਫਾਂਸੀ ਤੋਂ ਬਚ ਗਿਆ ਤਾਂ ਉਹ ਜ਼ਾਹਿਰ ਹੋ ਜਾਣਗੀਆਂ ਅਤੇ ਇਨਕਲਾਬ ਦਾ ਨਿਸ਼ਾਨ ਮੱਧਮ ਪੈ ਜਾਵੇਗਾ ਜਾਂ ਸ਼ਾਇਦ ਮਿਟ ਹੀ ਜਾਵੇ, ਪਰ ਮੇਰੇ ਦਲੇਰੀ ਭਰੇ ਢੰਗ ਨਾਲ ਹੱਸਦਿਆਂ-ਹੱਸਦਿਆਂ ਫਾਂਸੀ ਚੜ੍ਹਨ ਦੀ ਸੂਰਤ ਵਿਚ ਮਾਵਾਂ ਆਪਣਿਆਂ ਬੱਚਿਆਂ ਦੀ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ।

ਹਾਂ, ਇਕ ਖ਼ਿਆਲ ਅੱਜ ਵੀ ਆਉਂਦਾ ਹੈ।ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ।ਜੇ ਆਜ਼ਾਦ ਜੀਉਂਦਾ ਰਹਿੰਦਾ ਤਾਂ ਸ਼ਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।

ਇਸ ਦੇ ਬਿਨਾਂ ਕੋਈ ਲਾਲਚ ਮੇਰੇ ਦਿਲ ਵਿਚ ਫਾਂਸੀ ਤੋਂ ਬਚੇ ਰਹਿਣ ਲਈ ਕਦੇ ਨਹੀਂ ਆਇਆ। ਮੈਥੋਂ ਵੱਧ ਖ਼ੁਸ਼ਕਿਸਮਤ ਕੌਣ ਹੋਵੇਗਾ? ਮੈਨੂੰ ਅੱਜਕਲ੍ਹ ਆਪਣੇ ਆਪ ਉਤੇ ਬਹੁਤ ਨਾਜ਼ ਹੈ।ਹੁਣ ਤਾਂ ਬੜੀ ਬੇਤਾਬੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ।ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਵੇ।

ਤੁਹਾਡਾ ਸਾਥੀ,

-ਭਗਤ ਸਿੰਘ

(ਸਰੋਤ : ਅਮਰਜੀਤ ਚੰਦਨ, ਜਗਮੋਹਨ ਸਿੰਘ ਅਤੇ ਮਾਲਵਿੰਦਰਜੀਤ ਸਿੰਘ ਵੜੈਚ ਵੱਲੋਂ ਸੰਪਾਦਿਤ ਲਿਖਤਾਂ)

# ਇਤਿਹਾਸ ਦੀਆਂ ਭੁੱਲਾਂ ਤੋਂ ਸਬਕ ਨਹੀਂ ਸਿੱਖਦੇ ਜਾਪਦੇ ਧਰਮ ਨਿਰਪੱਖ ਧਿਰਾਂ ਤੇ ਇਨ੍ਹਾਂ ਦੇ ਆਗੂ

ਭਵਿੱਖ ਵਿੱਚ ਭਾਰਤ ਦੀ ਰਾਜਨੀਤੀ ਦੋ-ਧਰੁਵੀ ਚੱਲਦੀ ਹੈ ਜਾਂ ਤਿੰਨ ਜਾਂ ਚਾਰ-ਧਰੁਵੀ, ਜਿੰਨੀਆਂ ਵੀ ਕਿਸਮਾਂ ਦੇ ਵਿਰੋਧੀ ਧੜਿਆਂ ਤੇ ਧਿਰਾਂ ਵਿਚਾਲੇ ਟਕਰਾਅ ਦਾ ਰੂਪ ਧਾਰਦੀ ਰਹੇ, ਇਸ ਲੜਾਈ ਵਿੱਚ ਇੱਕ ਧਿਰ ਨੱਕ ਦੀ ਸੇਧ ਵਿੱਚ ਚੱਲ ਰਹੀ ਸਾਫ ਦਿੱਸਦੀ ਹੈ ਤੇ ਬਾਕੀ ਧਿਰਾਂ ਦਾ ਆਪਣਾ ਕੋਈ ਭਵਿੱਖ ਦਾ ਮਾਰਗ ਹੀ ਸਪੱਸ਼ਟ ਨਹੀਂ। ਸਿਰਫ ਏਨੀ ਗੱਲ ਨਾਲ ਕੋਈ ਜੰਗ ਨਹੀਂ ਲੜੀ ਜਾ ਸਕਦੀ ਕਿ ਅਸੀਂ ਫਲਾਣੀ ਧਿਰ ਨੂੰ ਪਸੰਦ ਨਹੀਂ ਕਰਦੇ ਜਾਂ ਫਿਰ ਉਸ ਦੀ ਰਾਜਨੀਤੀ ਤੇ ਪੈਂਤੜਿਆਂ ਨਾਲ ਸਾਡਾ ਵਿਰੋਧ ਹੈ। ਉਸ ਦੇ ਵਿਰੋਧ ਦੀ ਜਵਾਬੀ ਪੈਂਤੜੇਬਾਜ਼ੀ ਕਰਨ ਵੇਲੇ ਇਹ ਖਿਆਲ ਰੱਖਣ ਦੀ ਲੋੜ ਹੁੰਦੀ ਹੈ ਕਿ ਏਦਾਂ ਕਰਨ ਵਾਲਿਆਂ ਦੇ ਪੈਂਤੜੇ ਨੂੰ ਦੂਜੀ ਧਿਰ ਨਾ ਵਰਤ ਜਾਵੇ। ਇਸ ਵਕਤ ਭਾਰਤ ਵਿੱਚ ਵਿਰੋਧ ਦੀ ਧਿਰ ਦੀਆਂ ਪਾਰਟੀਆਂ ਏਸੇ ਗੱਲ ਵਿੱਚ ਇੱਕ ਪਿੱਛੋਂ ਦੂਸਰੀ ਗਲਤੀ ਕਰੀ ਜਾਂਦੀਆਂ ਹਨ ਤੇ ਫਿਰ ਉਸ ਗਲਤੀ ਨੂੰ ਗਲਤੀ ਵੀ ਨਹੀਂ ਮੰਨਦੀਆਂ, ਸਗੋਂ ਉਸ ਨੂੰ ਰਾਜਨੀਤੀ ਦਾ ਬ੍ਰਹਮ ਅਸਤਰ ਸਮਝ ਕੇ ਵਰਤਣ ਦੇ ਚੱਕਰ ਵਿੱਚ ਕੇਂਦਰ ਦੀ ਸੱਤਾਧਾਰੀ ਧਿਰ ਦਾ ਸਿਆਸੀ ਅਤੇ ਸਮਾਜੀ ਲਾਭ ਹੋਣ ਦੇ ਹਾਲਾਤ ਬਣਾ ਦੇਂਦੀਆਂ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਇਸ ਵਕਤ ਹਿੰਦੂ-ਮੁਸਲਿਮ ਮੁੱਦੇ ਉੱਤੇ ਹੁੰਦੀ ਉਹ ਕਤਾਰਬੰਦੀ ਹੈ, ਜਿਹੜੀ ਬਣਨ ਤੋਂ ਵਿਰੋਧੀ ਧਿਰ ਨੂੰ ਬਚਣਾ ਚਾਹੀਦਾ ਸੀ।

ਇਹ ਗੱਲਾਂ ਬਹੁਤ ਪੁਰਾਣੀਆਂ ਹੋ ਗਈਆਂ ਕਿ ਭਾਜਪਾ ਅਤੇ ਉਸ ਦੇ ਪਿੱਛੇ ਖੜੀ ਆਰ ਐੱਸ ਐੱਸ ਵਾਲੀ ਸਮੁੱਚੀ ਜਥੇਬੰਦੀ ਕਿਸੇ ਨਾ ਕਿਸੇ ਤਰ੍ਹਾਂ ਭਾਰਤ ਨੂੰ ਇੱਕ ਧਰਮ ਦਾ ਰਾਜ ਬਣਾਉਣ ਦੇ ਇਰਾਦੇ ਉੱਤੇ ਚੱਲ ਰਹੀਆਂ ਹਨ। ਏਦਾਂ ਦੀ ਗੱਲ ਪਿਛਲੀ ਪੌਣੀ ਸਦੀ ਤੋਂ ਵੱਧ ਸਮੇਂ ਤੋਂ ਜਿਹੜੇ ਭਾਰਤੀ ਲੋਕ ਸੁਣਦੇ ਆਏ ਹਨ ਅਤੇ ਇਹ ਗੱਲ ਕਹਿਣ ਵਾਲਿਆਂ ਤੋਂ ਆਪਣੀ ਸੋਚ ਆਮ ਲੋਕਾਂ ਤੱਕ ਪੁਚਾਈ ਨਹੀਂ ਜਾ ਸਕੀ, ਉਹ ਮੌਜੂਦਾ ਹਾਲਾਤ ਵਿੱਚ ਵੀ ਅੱਕੀਂ-ਪਲਾਹੀਂ ਹੱਥ ਮਾਰਨ ਦੇ ਨਾਲ ਨਾ ਕਿਸੇ ਸਿਰੇ ਖੁਦ ਲੱਗ ਸਕਦੇ ਹਨ ਤੇ ਨਾ ਇਸ ਦੇਸ਼ ਅਤੇ ਦੇਸ਼ ਦੇ ਲੋਕਾਂ ਨੂੰ ਲਾ ਸਕਦੇ ਹਨ। ਜਿਹੜੇ ਹੋਰ ਦੇਸ਼ਾਂ ਦੀ ਵਾਗ ਕਿਸੇ ਵਕਤ ਬਹੁਤ ਵੱਡੇ ਧਰਮ ਨਿਰਪੱਖ ਆਗੂਆਂ ਅਤੇ ਪਾਰਟੀਆਂ ਦੇ ਹੱਥ ਹੁੰਦੀ ਸੀ, ਉਹ ਵੀ ਪੈਂਤੜਿਆਂ ਦੀ ਗਲਤੀ ਕਾਰਨ ਆਪਣੀ ਧਰਮ-ਨਿਰਪੱਖਤਾ ਦੀ ਲੀਹ ਉੱਤੇ ਚੱਲਦੇ ਨਹੀਂ ਸਨ ਰਹਿ ਸਕੇ ਅਤੇ ਭਾਰਤ ਵਿੱਚ ਜਿਹੜੇ ਰਾਜ ਵਿੱਚ ਇਹੋ ਜਿਹੀ ਸੋਚ ਵਾਲੇ ਲੋਕਾਂ ਦੇ ਰਾਜ ਨੂੰ ਮਿਸਾਲ ਮੰਨਿਆ ਜਾਂਦਾ ਸੀ, ਓਥੇ ਪੈਰ ਟਿਕੇ ਨਹੀਂ ਰੱਖ ਸਕੇ। ਹਾਲਾਤ ਨੇ ਏਦਾਂ ਪਲਟਾ ਖਾਧਾ ਕਿ ਉਹ ਆਪਣੇ ਦਬਦਬੇ ਜਾਂ ਜਨਤਕ ਆਧਾਰ ਵਾਲੇ ਰਾਜ ਵਿੱਚ ਇਸ ਵੇਲੇ ਵਿਧਾਨ ਸਭਾ ਦੇ ਅੰਦਰ ਆਪਣਾ ਦੀਵਾ ਜਗਦਾ ਰੱਖਣ ਜੋਗੇ ਨਹੀਂ ਰਹਿ ਗਏ। ਲੋਕ ਕਿਸੇ ਦੇ ਗੁਲਾਮ ਨਹੀਂ ਹੁੰਦੇ, ਆਪਣੇ ਹਿੱਤਾਂ ਅਤੇ ਹਿੱਤਾਂ ਨਾਲੋਂ ਵੱਧ ਆਪਣੇ ਮਨਾਂ ਵਿੱਚ ਜਨਮ ਵੇਲੇ ਤੋਂ ਸਾਂਭੀ ਹੋਈ ਆਪਣੇ ਧਰਮ ਨੂੰ ਸਮਰਪਤ ਹੋਣ ਵਾਲੀ ਸੋਚ ਨਾਲ ਵੱਧ ਬੱਝੇ ਹੁੰਦੇ ਹਨ। ਉਨ੍ਹਾਂ ਨੂੰ ਉਸ ਮਾਨਸਿਕਤਾ ਵਿੱਚੋਂ ਕੱਢਣ ਲਈ ਜ਼ੋਰ ਲਾਉਣ ਦੀ ਥਾਂ ਅਜਿਹੇ ਪਦਾਰਥਕ ਹਾਲਾਤ ਅਤੇ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲਾ ਅਜਿਹਾ ਸਮਾਜ ਦੇਣ ਦੀ ਲੋੜ ਹੁੰਦੀ ਹੈ ਕਿ ਉਹ ਆਪਣੀ ਧਰਮ ਨਾਲ ਜੁੜੀ ਹੋਈ ਸੋਚ ਨੂੰ ਵੱਖ ਰੱਖ ਕੇ ਜੀਵਨ ਲੋੜਾਂ ਪੂਰੀਆਂ ਕਰ ਸਕਣ ਵਾਲੀ ਰਾਜਨੀਤਕ ਧਿਰ ਦੀ ਚੋਣ ਕਰ ਸਕਣ। ਅੱਜ ਵਾਲੇ ਹਾਲਾਤ ਵਿੱਚ ਭਾਰਤ ਵਿੱਚ ਏਦਾਂ ਦੀ ਸਥਿਤੀ ਨਹੀਂ, ਪਰ ਕਦੇ ਇਹ ਹੁੰਦੀ ਸੀ, ਜਿਹੜੀ ਸਾਂਭੀ ਨਹੀਂ ਜਾ ਸਕੀ ਤੇ ਹੌਲੀ-ਹੌਲੀ ਨਿੱਘਰਦੇ ਹਾਲਾਤ ਨੇ ਉਨ੍ਹਾਂ ਧਿਰਾਂ ਨੂੰ ਰਾਜਨੀਤਕ ਮੁਕਾਬਲੇ ਦੀ ਦੌੜ ਤੋਂ ਇੱਕ ਤਰ੍ਹਾਂ ਬਾਹਰ ਕੀਤਾ ਪਿਆ ਜਾਪਦਾ ਹੈ।

ਜਿਹੜੇ ਹਾਲਾਤ ਵਿੱਚ ਅੱਜ ਭਾਰਤ ਦੇਸ਼ ਫਸਿਆ ਪਿਆ ਹੈ ਅਤੇ ਇਸ ਔਖ ਵਿੱਚੋਂ ਨਿਕਲਣ ਦੀ ਮੁਹਰੈਲ ਬਣਨ ਲਈ ਜਿੰਦਾਂ ਵਿਰੋਧ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਨੂੰ ਅੱਗੇ ਲਾਉਣ ਦੇ ਯਤਨ ਹੋ ਰਹੇ ਹਨ, ਗਲਤ ਬੇਸ਼ੱਕ ਉਹ ਨਾ ਹੋਣ, ਪਰ ਕਾਂਗਰਸ ਪਾਰਟੀ ਦੀ ਸਾਫ ਸੋਚਣ ਤੋਂ ਬਿਨਾਂ ਛੜੱਪੇਬਾਜ਼ੀ ਉਨ੍ਹਾਂ ਦੇ ਪੈਰ ਜਕੜ ਲੈਂਦੀ ਹੈ। ਕਿਸੇ ਵਕਤ ਦੇਸ਼ ਵਿੱਚ ਚੋਣਾਂ ਨੇੜੇ ਆਈਆਂ ਵੇਖ ਕੇ ਇਸ ਪਾਰਟੀ ਦੇ ਆਗੂ ਤੇ ਅਚਾਨਕ ਉਪਜੇ ਹਾਲਾਤ ਵਿੱਚ ਪ੍ਰਧਾਨ ਮੰਤਰੀ ਬਣ ਚੁੱਕੇ ਰਾਜੀਵ ਗਾਂਧੀ ਨੇ ਅੱਗੜ-ਪਿੱਛੜ ਦੋ ਗਲਤੀਆਂ ਕਰ ਦਿੱਤੀਆਂ ਸਨ। ਪਹਿਲਾਂ ਸ਼ਾਹਬਾਨੋ ਕੇਸ ਵਿੱਚ ਸੁਪਰੀਮ ਕੋਰਟ ਦਾ ਉਹ ਫੈਸਲਾ ਪਾਰਲੀਮੈਂਟ ਵਿੱਚ ਕਾਨੂੰਨ ਸੋਧ ਕੇ ਬਦਲ ਦਿੱਤਾ, ਜਿਹੜਾ ਗਲਤ ਨਹੀਂ ਸੀ, ਪਰ ਮੁਸਲਿਮ ਸਮਾਜ ਵਿਚਲੇ ਕੱਟੜਪੰਥੀਆਂ ਨੂੰ ਪ੍ਰਵਾਨ ਨਹੀਂ ਸੀ। ਉਸ ਵਕਤ ਕਾਂਗਰਸ ਪਾਰਟੀ ਅਤੇ ਦੇਸ਼ ਦੀ ਸਰਕਾਰ ਨੇ ਉਸ ਫੈਸਲੇ ਨੂੰ ਬਦਲਿਆ ਨਾ ਹੁੰਦਾ ਤਾਂ ਇੱਕ ਪਾਸੇ ਮੁਸਲਿਮ ਸਮਾਜ ਵਿੱਚ ਨਿੱਗਰ ਅੱਗੇ-ਵਧੂ ਸੋਚ ਵਾਲੀ ਚੁੱਪ ਬੈਠੀ ਧਿਰ ਸਭ ਦਬਾਅ ਪਛਾੜ ਕੇ ਬਾਕੀ ਦੇਸ਼ ਦੇ ਨਾਲ ਕਦਮ ਮਿਲਾ ਕੇ ਚੱਲਣ ਦਾ ਹੌਸਲਾ ਕਰ ਸਕਦੀ ਸੀ, ਪਰ ਇਹ ਹੋਣ ਨਹੀਂ ਦਿੱਤਾ ਗਿਆ। ਫਿਰ ਜਦੋਂ ਵੇਖਿਆ ਕਿ ਮੁਸਲਿਮ ਕੱਟੜਪੰਥੀਆਂ ਨੂੰ ਉਤਸ਼ਾਹਤ ਕਰਨ ਦੇ ਇਸ ਅਮਲ ਦਾ ਹਿੰਦੂ ਸਮਾਜ ਦੇ ਬਹੁਤ ਵੱਡੇ ਹਿੱਸੇ ਉੱਤੇ ਉਲਟ ਅਸਰ ਪੈਂਦਾ ਪਿਆ ਹੈ ਤਾਂ ਉਨ੍ਹਾਂ ਨੂੰ ਖੁਸ਼ ਕਰਨ ਲਈ ਬਾਬਰੀ ਮਸਜਿਦ ਦੇ ਮੁਕੱਦਮੇ ਕਾਰਨ ਬੰਦ ਪਏ ਉਸ ਰਾਮ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਮੰਦਰ ਦਾ ਤਾਲਾ ਖੁੱਲ੍ਹਵਾ ਦਿੱਤਾ ਗਿਆ, ਜਿਹੜਾ ਓਦੋਂ ਤੱਕ ਵਿਵਾਦ ਦਾ ਮੁੱਦਾ ਸੀ। ਰਾਜੀਵ ਗਾਂਧੀ ਜਦੋਂ ਓਥੇ ਪੂਜਾ ਕਰਨ ਦੇ ਬਾਅਦ ਦੇਸ਼ ਵਿੱਚ ਲੋਕ ਸਭਾ ਲਈ ਚੋਣ ਮੁਹਿੰਮ ਵਾਸਤੇ ਚੱਲਿਆ ਅਤੇ ਓਥੇ ਕੀਤੀ ਗਈ ਪੂਜਾ ਨੂੰ ਉਸ ਨੇ ਅਤੇ ਉਸ ਦੀ ਪਾਰਟੀ ਨੇ ਬਹੁਤ ਸ਼ਲਾਘਾਯੋਗ ਕਦਮ ਦੱਸਿਆ ਤਾਂ ਉਨ੍ਹਾਂ ਤੋਂ ਵੱਧ 'ਸ਼ਲਾਘਾਯੋਗ' ਕੰਮ ਕਰਨ ਵਾਲਿਆਂ ਨੇ ਆਪਣੀ ਰਾਜਸੀ ਸੋਚ ਸਿਰੇ ਚਾੜ੍ਹਨ ਲਈ ਸਾਰੇ ਦੇਸ਼ ਵਿੱਚ ਰੱਥ-ਯਾਤਰਾ ਚਲਾ ਲਈ ਸੀ। ਨਤੀਜਾ ਸਭ ਨੂੰ ਪਤਾ ਹੈ।

ਅੱਜਕੱਲ੍ਹ ਇਹੋ ਗਲਤੀ ਕਾਂਗਰਸ ਪਾਰਟੀ ਫਿਰ ਕਰਦੀ ਪਈ ਹੈ। ਜਿਨ੍ਹਾਂ ਦਿਨਾਂ ਵਿੱਚ ਸਾਰੇ ਦੇਸ਼ ਵਿੱਚ ਭਾਜਪਾ ਦੀ ਸਾਰੀ ਫੋਰਸ ਕਾਂਗਰਸ ਪਾਰਟੀ ਉੱਤੇ ਦੋਸ਼ ਲਾ ਰਹੀ ਹੈ ਕਿ ਇਹ ਘੱਟ-ਗਿਣਤੀਆਂ ਤੇ ਉਨ੍ਹਾਂ ਦੇ ਨਾਂਅ ਉੱਤੇ ਖਾਸ ਕਰ ਕੇ ਮੁਸਲਿਮ ਸਮਾਜ ਰਿਝਾਉਣ ਲੱਗੀ ਹੋਈ ਹੈ, ਇਸ ਨੂੰ ਸੰਭਲ ਕੇ ਚੱਲਣਾ ਚਾਹੀਦਾ ਸੀ। ਹੋਇਆ ਉਲਟਾ ਕਿ ਇਸ ਪਾਰਟੀ ਦੀ ਕਰਨਾਟਕ ਸਰਕਾਰ ਨੇ ਘੱਟ ਗਿਣਤੀ ਭਾਈਚਾਰੇ ਨੂੰ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਲੈ ਲਿਆ ਹੈ। ਇਹੋ ਕੁਝ ਪਹਿਲਾਂ ਇੱਕ ਵਾਰ ਕਾਂਗਰਸ ਲੀਡਰਸ਼ਿਪ ਆਂਧਰਾ ਪ੍ਰਦੇਸ਼ ਵਿੱਚ ਕਰ ਕੇ ਉਸ ਦੇ ਨਤੀਜੇ ਭੁਗਤ ਚੁੱਕੀ ਹੈ ਤੇ ਉਸ ਨੂੰ ਯਾਦ ਨਹੀਂ ਰਹਿੰਦਾ ਕਿ ਏਦਾਂ ਜਦੋਂ ਇੱਕ ਖਾਸ ਭਾਈਚਾਰੇ ਵਾਸਤੇ ਕੋਈ ਛੋਟ ਦਿੱਤੀ ਜਾਂਦੀ ਹੈ ਤਾਂ ਦੂਸਰੇ ਭਾਈਚਾਰੇ ਦਾ ਨਾਂਅ ਲੈ ਕੇ ਰਾਜਨੀਤੀ ਕਰਨ ਵਾਲਿਆਂ ਨੂੰ ਵੀ ਆਪਣੀ ਕਤਾਰਬੰਦੀ ਕਰਨ ਲਈ ਮੌਕਾ ਮਿਲ ਜਾਂਦਾ ਹੈ। ਕਿਸੇ ਹੋਰ ਧਰਮ ਨਾਲ ਜੁੜੇ ਲੋਕਾਂ ਲਈ ਜਦੋਂ ਧਰਮ ਦੇ ਆਧਾਰ ਉੱਤੇ ਏਸੇ ਬਰਾਬਰ ਛੋਟ ਨਹੀਂ ਦਿੱਤੀ ਜਾਂਦੀ ਅਤੇ ਧਰਮਾਂ ਦੇ ਨਾਂਅ ਉੱਤੇ ਇਹੋ ਜਿਹੀ ਛੋਟ ਦੇਣ ਦੀ ਲੀਹ ਪਾਈ ਵੀ ਸਭ ਨੂੰ ਪਤਾ ਹੈ ਕਿ ਗਲਤ ਸਿੱਟੇ ਕੱਢਦੀ ਹੈ ਤਾਂ ਕਰਨਾਟਕ ਜਾਂ ਕਿਸੇ ਹੋਰ ਰਾਜ ਵਿੱਚ ਵੀ ਏਦਾਂ ਨਹੀਂ ਸੀ ਕੀਤਾ ਜਾਣਾ ਚਾਹੀਦਾ। ਕਰਨਾਟਕ ਪਹਿਲਾਂ ਕਾਂਗਰਸ ਦੀਆਂ ਗਲਤੀਆਂ ਕਾਰਨ ਭਾਜਪਾ ਦੇ ਕਬਜ਼ੇ ਵਿੱਚ ਗਿਆ ਦੱਖਣ ਦਾ ਪਹਿਲਾ ਰਾਜ ਮੰਨਿਆ ਜਾਂਦਾ ਹੈ, ਇਸ ਵਿੱਚ ਭਾਜਪਾ ਵਾਲੀ ਸਰਕਾਰ ਬਣਨ ਤੱਕ ਦੱਖਣ ਦੇ ਕਿਸੇ ਵੀ ਰਾਜ ਵਿੱਚ ਭਾਜਪਾ ਦੇ ਪੈਰ ਨਹੀਂ ਸਨ ਲੱਗ ਰਹੇ ਅਤੇ ਅੱਜ ਉਹ ਕੇਰਲਾ ਤੱਕ ਪਹੁੰਚਣ ਦੀ ਦੌੜ ਵਿੱਚ ਹੈ।

ਹਾਲਾਤ ਵੇਖੋ ਕਿੱਧਰ ਜਾ ਰਹੇ ਹਨ! ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਇਹ ਕਹੇ ਕਿ ਉਹ ਜੈਵਿਕ ਜਨਮ ਨਾਲ ਦੁਨੀਆ ਵਿੱਚ ਨਹੀਂ ਆਇਆ, ਉਸ ਨੂੰ ਈਸ਼ਵਰ ਨੇ ਕਿਸੇ ਖਾਸ ਉਦੇਸ਼ ਲਈ ਭੇਜਿਆ ਹੈ ਤਾਂ ਧਰਮ ਨਿਰਪੱਖ ਧਿਰ ਦੇ ਆਗੂ ਜੋ ਮਰਜ਼ੀ ਕਹੀ ਜਾਣ, ਆਮ ਹਿੰਦੂ ਲੋਕਾਂ ਉੱਤੇ ਮੋਦੀ ਦੀ ਗੱਲ ਅਸਰ ਪਾਉਂਦੀ ਦਿੱਸ ਪੈਂਦੀ ਹੈ। ਲੋਕ ਸਭਾ ਚੋਣਾਂ ਮੌਕੇ ਭਾਰਤ ਦੇ ਬਹੁ-ਗਿਣਤੀ ਲੋਕਾਂ ਵਾਲੇ ਇਸ ਹਿੰਦੂ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਉਕਸਾਉਣ ਲਈ ਮੋਦੀ ਇਹ ਕਹਿ ਰਹੇ ਹੋਣ ਕਿ ਬਾਕੀ ਧਰਮਾਂ ਨੂੰ ਸਹੂਲਤਾਂ ਦੇ ਕੇ ਪਤਿਆਇਆ ਜਾਂਦਾ ਹੈ ਤਾਂ ਉਸ ਵਕਤ ਉਨ੍ਹਾਂ ਨਾਲ ਵਿਰੋਧ ਵਾਲੇ ਸਾਰੇ ਧਿਰਾਂ ਤੇ ਧੜਿਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਉੱਤੇ ਇਹ ਊਜ ਨਾ ਲਾਈ ਜਾ ਸਕੇ। ਇਸ ਸਮਝਦਾਰੀ ਦੀ ਬਜਾਏ ਪਹਿਲਾਂ ਹੀ ਰਾਜਨੀਤੀ ਦੀਆਂ ਘੁੰਮਣਘੇਰੀਆਂ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਕਾਂਗਰਸ ਪਾਰਟੀ ਲੀਡਰਸ਼ਿਪ ਦੀ ਇਹ ਸੋਚ ਬਣ ਜਾਂਦੀ ਹੈ ਕਿ ਘੱਟ-ਗਿਣਤੀ ਦੀਆਂ ਵੋਟਾਂ ਰਿਜ਼ਰਵ ਕਰ ਲਈਆਂ ਜਾਣ। ਏਦਾਂ ਦੀ ਨੀਤੀ ਲੈ ਡੁੱਬੇਗੀ।

ਇਹ ਗੱਲ ਇਸ ਕਰ ਕੇ ਵੀ ਕਹੀ ਜਾ ਸਕਦੀ ਹੈ ਕਿ ਪਿਛਲੇ ਮਹੀਨਿਆਂ ਦੌਰਾਨ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਮਸਜਿਦ-ਮੰਦਰ ਵਿਵਾਦ ਜਿਸ ਤੇਜ਼ੀ ਨਾਲ ਵਧੇ ਜਾਂ ਵਧਾਏ ਗਏ ਹਨ, ਉਨ੍ਹਾਂ ਨਾਲ ਇਹ ਪਾੜਾ ਹੋਰ ਵਧ ਚੁੱਕਾ ਹੈ। ਅੱਗੋਂ ਜਦੋਂ ਔਰੰਗਜ਼ੇਬ ਦਾ ਮੁੱਦਾ ਚੁੱਕ ਕੇ ਰਾਜਨੀਤੀ ਕੀਤੀ ਜਾਣ ਲੱਗ ਪਈ ਹੈ ਤਾਂ ਇਸ ਨੇ ਵੀ ਧਾਰਮਿਕ ਰੰਗਣ ਨਾਲ ਲੋਕਾਂ ਨੂੰ ਵੰਡਣ ਦਾ ਕੰਮ ਕਰਨਾ ਹੈ। ਮੁਸਲਿਮ ਸਮਾਜ ਦਾ ਇੱਕ ਹਿੱਸਾ ਪਤਾ ਨਹੀਂ ਕਿਉਂ ਇਤਿਹਾਸ ਵਿੱਚ ਬੇਰਹਿਮ ਮੰਨੇ ਜਾਂਦੇ ਮੁਗਲ ਬਾਦਸ਼ਾਹ ਦੇ ਪੱਖ ਵਿੱਚ ਖੜਾ ਹੋਣ ਲੱਗ ਪਿਆ ਅਤੇ ਸੰਬੰਧਤ ਰਾਜ ਮਹਾਰਾਸ਼ਟਰ ਦੀ ਸਰਕਾਰ ਨੂੰ ਚਲਾ ਰਹੀਆਂ ਦੋਵੇਂ ਪਾਰਟੀਆਂ, ਭਾਜਪਾ ਤੇ ਏਕਨਾਥ ਸ਼ਿੰਦੇ ਵਾਲੀ ਸ਼ਿਵ ਸੈਨਾ ਦੇ ਲੋਕ ਔਰੰਗਜ਼ੇਬ ਦੀ ਕਬਰ ਪੁੱਟਣ ਦਾ ਨਾਅਰਾ ਨਹੀਂ, ਦਬਕਾ ਤੱਕ ਮਾਰਦੀਆਂ ਪਈਆਂ ਹਨ। ਜਿਹੜੀ ਕਬਰ ਪਿਛਲੀਆਂ ਸਵਾ ਤਿੰਨ ਸਦੀਆਂ ਤੋਂ ਕਦੇ ਕਿਸੇ ਵਿਵਾਦ ਦਾ ਮੁੱਦਾ ਨਹੀਂ ਸੀ ਬਣੀ, ਉਹ ਅਚਾਨਕ ਬਣੀ ਨਹੀਂ, ਬਣਾਈ ਜਾਣ ਲੱਗ ਪਈ ਅਤੇ ਇਸ ਮੁੱਦੇ ਉੱਤੇ ਮਹਾਰਾਸ਼ਟਰ ਦੀ ਰਾਜਨੀਤੀ ਦਾ ਧਰੁਵੀਕਰਨ ਹੁੰਦਾ ਪਿਆ ਹੈ। ਇਸ ਤੋਂ ਪਹਿਲਾਂ ਜਦੋਂ ਭਾਜਪਾ ਨੇ ਕਰਨਾਟਕਾ ਦੇ ਹਿੰਦੂਆਂ ਵਿੱਚ ਆਪਣੀ ਪਹੁੰਚ ਦਾ ਰਾਹ ਪਹਿਲਾਂ ਨਾਲੋਂ ਮੋਕਲਾ ਕਰਨਾ ਸੀ ਤਾਂ ਜਿਹੜਾ ਟੀਪੂ ਸੁਲਤਾਨ ਓਦੋਂ ਤੱਕ ਵਿਵਾਦ ਦਾ ਮੁੱਦਾ ਬਣਨ ਦੀ ਨੌਬਤ ਕਦੇ ਨਹੀਂ ਸੀ ਆਈ, ਉਹ ਉਸ ਵੇਲੇ ਓਥੇ ਹੁੰਦਾ ਵੇਖਿਆ ਗਿਆ ਸੀ। ਭਾਰਤ ਦੇ ਲੋਕ ਰੋਟੀ ਨਾ ਮਿਲਣ ਤਾਂ ਭੁੱਖੇ ਪੇਟ ਦਿਨ ਕੱਟ ਕੇ ਸਾਰ ਸਕਦੇ ਹਨ, ਪਰ ਧਰਮ ਦੇ ਖਿਲਾਫ ਹੁੰਦੀ ਕਿਸੇ ਗੱਲ ਬਾਰੇ ਸੁਣ ਲੈਣ ਤਾਂ ਬਰਦਾਸ਼ਤ ਨਹੀਂ ਕਰਦੇ। ਇਸ ਗੱਲ ਨੂੰ ਜਿਹੜੀਆਂ ਧਿਰਾਂ ਜਾਣਦੀਆਂ ਤੇ ਹਰ ਸਿਆਸੀ ਮੋਰਚੇ ਉੱਤੇ ਵਰਤਦੀਆਂ ਹਨ, ਜੇ ਉਨ੍ਹਾਂ ਦੇ ਮੁਕਾਬਲੇ ਓਥੇ ਏਦਾਂ ਇੱਕ ਖਾਸ ਘੱਟ-ਗਿਣਤੀ ਲਈ ਛੋਟਾਂ ਦਾ ਛੱਟਾ ਦੇਣਾ ਹੈ ਤਾਂ ਉਹ ਇਸ ਨੂੰ ਵਰਤਣਗੀਆਂ ਹੀ।

ਜਿਸ ਦਿਨ ਭਾਰਤ ਨੂੰ ਆਜ਼ਾਦੀ ਮਿਲੀ ਅਤੇ ਇਸ ਦੇਸ਼ ਦੀ ਕਮਾਨ ਕਾਂਗਰਸ ਦੇ ਹੱਥ ਆਈ ਸੀ, ਕਾਂਗਰਸ ਪਾਰਟੀ ਉਸ ਵਕਤ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਆਗੂ ਦੀ ਕਮਾਂਡ ਹੇਠ ਸੀ, ਜਿਹੜਾ ਬਚਨਾਂ ਅਤੇ ਅਮਲਾਂ ਦੋਵਾਂ ਦੇ ਪੱਖ ਤੋਂ ਆਪਣੀ ਧਰਮ ਨਿਰਪੱਖਤਾ ਨੂੰ ਹਰ ਕਿਸਮ ਦੀ ਲਾਗ ਤੋਂ ਬਚਾ ਕੇ ਰੱਖਦਾ ਸੀ। ਪਿੱਛੋਂ ਜਦੋਂ ਇੰਦਰਾ ਗਾਂਧੀ ਵਾਲਾ ਨਵਾਂ ਦੌਰ ਆਇਆ ਤਾਂ ਧਰਮ ਨਿਰਪੱਖਤਾ ਨੂੰ ਹਰ ਡਾਵਾਂਡੋਲਤਾ ਤੋਂ ਬਚਾ ਕੇ ਚੱਲਣ ਦੀ ਥਾਂ ਹਰ ਧਰਮ ਦੇ ਲੋਕਾਂ ਦੀ ਆਸਥਾ ਨੂੰ ਵਰਤ ਕੇ ਵੋਟਾਂ ਲੈਣ ਦੀ ਇਹੋ ਜਿਹੀ ਖੇਡ ਖੇਡੀ ਜਾਣ ਲੱਗ ਪਈ ਸੀ, ਜਿਸ ਨੇ ਦੇਸ਼ ਨੂੰ ਇਤਿਹਾਸ ਦੇ ਉਸ ਮੋੜ ਉੱਤੇ ਲਿਆ ਖੜਾ ਕੀਤਾ ਹੈ ਕਿ ਅੱਗੇ ਸਿਰਫ ਨੀਵਾਣ ਨਜ਼ਰ ਆਉਂਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਅਜੇ ਤੱਕ ਵੀ ਇਤਿਹਾਸ ਦੀਆਂ ਬੱਜਰ ਗਲਤੀਆਂ ਤੇ ਉਨ੍ਹਾਂ ਦੇ ਸਿੱਟਿਆਂ ਤੋਂ ਸਿੱਖ ਕੇ ਅੱਗੇ ਵਧਣ ਦੀ ਥਾਂ ਓਸੇ ਕਿਸਮ ਦੀਆਂ ਗਲਤੀਆਂ ਕਰਨ ਦਾ ਸਿਲਸਿਲਾ ਜਾਰੀ ਹੈ। ਦੇਸ਼ ਤੇ ਧਰਮ ਨਿਰਪੱਖਤਾ ਬਚਾਉਣੀ ਹੈ ਤਾਂ ਥੋੜ੍ਹ-ਚਿਰੇ ਸਿਆਸੀ ਲਾਭ ਸੋਚ ਕੇ ਇੱਕ ਜਾਂ ਦੂਸਰੇ ਧਾਰਮਿਕ ਭਾਈਚਾਰੇ ਕੋਲ ਉਸ ਦੇ ਹਿਤੈਸ਼ੀ ਬਣ ਕੇ ਵਿਖਾਉਣ ਤੋਂ ਬਚਣਾ ਹੋਵੇਗਾ। ਇਸ ਦੇਸ਼ ਦੀ ਬਦਕਿਸਮਤੀ ਹੈ ਕਿ ਜਿਨ੍ਹਾਂ ਨੂੰ ਇਹ ਸੋਚ ਕਰਨੀ ਚਾਹੀਦੀ ਹੈ, ਉਹੀ ਇਸ ਤੋਂ ਉਲਟ ਰਾਹ ਚੱਲਦੇ ਪਏ ਹਨ।

# ਸੁਪਰੀਮ ਕੋਰਟ : ਬੁਲਡੋਜ਼ਰ-ਸਰਕਾਰ ਤੇ ਪਰਵਾਰਕ ਆਹਾਂ

ਕੁਝ ਔੜ੍ਹ ਨਹੀਂ ਰਿਹਾ ਕਿ ਕਿਸ ਨੂੰ ਕਿਥੋਂ ਸ਼ੁਰੂ ਕੀਤਾ ਜਾਵੇ। ਜੋ ਅਸਲੀਅਤ 'ਚ ਵਾਪਰ ਰਿਹਾ, ਉਸ ਵੱਲ ਦੇਖ ਕੇ ਮਨ ਹੱਦੋਂ ਵੱਧ ਦੁਖੀ ਹੈ। ਦੁੱਖ ਵੀ ਅਜਿਹੇ ਦਿਸ ਰਹੇ ਹਨ ਜੋ ਕਿਸੇ ਨਾਲ ਸਾਂਝੇ ਕੀਤਿਆਂ ਵੀ ਘਟਣ ਵਾਲੇ ਨਹੀਂ ਹਨ। ਅਸੀਂ ਡਰਾਇੰਗ ਮਾਸਟਰ ਹੁੰਦਿਆਂ ਆਪਣੀ ਪੜ੍ਹਾਈ ਦੀ ਭੁੱਖ ਪੂਰੀ ਕਰਨ ਲਈ ਪੰਜਾਬੀ 'ਚ ਗਿਆਨੀ ਕਰਕੇ ਫਿਰ ਬੀ ਏ ਕਰਨ ਦੀ ਵੀ ਸੋਚੀ ਸੀ। ਗਿਆਨੀ ਕਰਦਿਆਂ-ਕਰਦਿਆਂ ਸਾਡਾ ਵਾਹ ਜਨਮ ਸਾਖੀਆਂ ਨਾਲ ਵੀ ਪਿਆ ਜੋ ਅਖੀਰ 'ਚ ਕੋਈ ਨਾ ਕੋਈ ਸੰਦੇਸ਼ ਦਿਆ ਕਰਦੀਆਂ ਸਨ। ਉਂਝ ਸਾਖੀਆਂ ਜ਼ਿਆਦਾਤਰ ਤੱਥ ਅਧਾਰਤ ਨਹੀਂ ਹੁੰਦੀਆਂ। ਪਰ ਅੱਜ ਵੀ ਸਾਨੂੰ ਕਈ ਜਨਮ ਸਾਖੀਆਂ ਯਾਦ ਹਨ। ਜਿਨ੍ਹਾਂ 'ਚੋਂ ਇਕ ਪ੍ਰਮੁੱਖ ਸਾਖੀ ਮੁਤਾਬਕ ਸਾਡੇ ਅਚੇਤ-ਸੁਚੇਤ ਮਨ 'ਚ ਇਉਂ ਪਈ ਹੈ ਜੋ ਮੈਂ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਆਪਣਾ ਧਰਮ ਸਮਝਦਾ ਹਾਂ। ਪਾਠਕੋ ਅਗਰ ਸੰਬੰਧਤ ਸਾਖੀ ਕਿਸੇ ਗੱਲੋਂ ਊਣੀ ਲੱਗੇ ਤਾਂ ਮੁਆਫ਼ੀ ਦਾ ਜਾਚਕ ਹਾਂ।

"ਬਾਬਾ ਨਾਨਕ ਜੀ ਆਪਣੇ ਸਾਥੀ ਸਮੇਤ ਕਿਸੇ ਸਫ਼ਰ 'ਤੇ ਸਨ। ਅਚਾਨਕ ਰਸਤੇ 'ਚ ਉਨ੍ਹਾਂ ਦਾ ਚੋਰ-ਡਾਕੂ ਨਾਲ ਟਾਕਰਾ ਹੋਇਆ। ਡਾਕੂ ਆਪਣੇ ਹਥਿਆਰਾਂ ਸਮੇਤ ਡਾਢਾ ਲੱਗ ਰਿਹਾ ਸੀ। ਉਸ ਨੇ ਬਾਬੇ ਨਾਨਕ ਨੂੰ ਸਭ ਕੁਝ ਹਵਾਲੇ ਕਰਨ ਨੂੰ ਕਿਹਾ। ਬਾਬਾ ਜੀ ਨੇ ਬੜੇ ਧੀਰਜ ਨਾਲ ਕਿਹਾ, ਜੋ ਤੁਸੀਂ ਨਹੀਂ ਵੀ ਮੰਗਿਆ, ਉਹ ਕੁਝ ਵੀ ਤੁਹਾਡੇ ਹਵਾਲੇ ਕਰਨ ਨੂੰ ਤਿਆਰ ਹਾਂ ਪਰ ਬੇਟਾ ਤੈਨੂੰ ਮੇਰੀ ਇਕ ਗੱਲ 'ਤੇ ਵੀ ਧਿਆਨ ਦੇਣਾ ਪਵੇਗਾ। ਪੁੱਛਣ 'ਤੇ ਬਾਬੇ ਨੇ ਆਖਿਆ, ਸਭ ਮਾਲ ਜੋ ਤੈਨੂੰ ਚਾਹੀਦਾ, ਤੂੰ ਉਸ ਨਾਲ ਆਪਣੀ ਝੋਲੀ ਭਰ ਕੇ ਇਕ ਵਾਰ ਸਾਡੇ ਕਹਿਣ 'ਤੇ ਆਪਣੇ ਘਰ ਜਾ ਕੇ ਘਰਦਿਆਂ ਨੂੰ ਪੁੱਛ ਕੇ ਜ਼ਰੂਰ ਆ ਕਿ ਜੋ ਰਾਤ ਸਮੇਂ ਮੈਂ ਲੁੱਟ ਖੋਹ ਕਰਦਾ ਹਾਂ, ਫੜੇ ਜਾਣ 'ਚ ਮੈਨੂੰ ਜੋ ਸਜ਼ਾ ਮਿਲੇਗੀ ਕੀ ਤੁਸੀਂ ਵੀ ਮੇਰੇ ਨਾਲ ਉਸ ਸਜ਼ਾ 'ਚ ਭਾਗੀਦਾਰ ਬਣੋਗੇ? ਇਹ ਸੁਣਦਿਆਂ ਹੀ ਘਰਵਾਲੀ ਨੇ ਉੱਤਰ ਦਿੱਤਾ, ਘਰ ਵਾਰ ਚਲਾਉਣਾ ਤੇਰਾ ਫਰਜ਼ ਹੈ। ਸਭ ਨੂੰ ਖਾਣ ਨੂੰ ਦੇਣਾ ਤੇਰੀ ਜ਼ਿੰਮੇਵਾਰੀ ਹੈ। ਤੂੰ ਜਿਵੇਂ ਮਰਜ਼ੀ ਲੁੱਟ ਖਸੁੱਟ ਕਰ, ਜਾਂ ਨੇਕ ਕਮਾਈ ਕਰ। ਸਾਡੇ 'ਚੋਂ ਕਿਸੇ ਨੇ ਵੀ ਤੇਰੇ ਅਜਿਹੇ ਕੰਮਾਂ 'ਚ ਨਾ ਸਾਥ ਦੇਣਾ ਹੈ ਨਾ ਹੀ ਕਿਸੇ ਸਜ਼ਾ ਜਾਂ ਦਿੱਤੀ ਬਦਦੁਆ ਦਾ ਹਿੱਸੇਦਾਰ ਬਣਨਾ ਹੈ। ਸਾਖੀ ਮੁਤਾਬਕ ਉਸ ਡਾਕੂ ਨੂੰ ਇਕ ਤਰ੍ਹਾਂ ਦਾ ਗਿਆਨ ਜਿਹਾ ਹੋ ਗਿਆ। ਉਸ ਨੇ ਵਾਅਦੇ ਮੁਤਾਬਕ ਬਾਬੇ ਨਾਲ ਮੁਲਾਕਾਤ ਕੀਤੀ ਅਤੇ ਸਭ ਲੁੱਟਿਆ ਮਾਲ ਵਾਪਸ ਕਰ ਦਿੱਤਾ। ਕਹਿੰਦੇ ਹਨ ਉਹ ਬਾਅਦ 'ਚ ਬੜਾ ਮਹਾਂ-ਪੁਰਖ ਬਣਿਆ।

ਭਾਰਤੀ ਸੁਪਰੀਮ ਕੋਰਟ ਦੇ ਉਸ ਹੁਕਮ ਦੀ ਅਜੇ ਸਿਆਹੀ ਨਹੀਂ ਸੁੱਕੀ ਜਿਹੜਾ ਹੁਕਮ ਉਸ ਨੇ ਤਕਰੀਬਨ ਉਸ ਦੇ ਤੇਰਾਂ ਦਸੰਬਰ ਨੂੰ ਬੁਲਡੋਜ਼ਰ ਸੰਬੰਧੀ ਇਕ ਘਮੰਡੀ ਸੂਬਾ ਮੁਖੀ ਨੂੰ ਸੁਣਾਇਆ ਸੀ। ਕਹਿਣ ਨੂੰ ਨਹੀਂ, ਦਰਅਸਲ ਅਸਲ 'ਚ ਹੀ ਜਮਹੂਰੀਅਤ ਦੇ ਚਾਰ ਪਾਵਿਆਂ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

'ਚੋਂ ਸਭ ਤੋਂ ਮਜ਼ਬੂਤ ਪਾਵਾ ਅਦਾਲਤੀ ਪ੍ਰਕਿਰਿਆ ਹੈ। ਪਰ ਅੱਜ ਦੇ ਦਿਨ ਦੇਸ਼ ਦੇ ਸਭ ਤੋਂ ਵੱਡੇ ਸੂਬੇ 'ਚੋਂ ਕਾਨੂੰਨ ਦੀ ਬਜਾਏ ਇਨਸਾਫ਼ ਦੇਣ ਲਈ ਕਾਨੂੰਨੀ ਪ੍ਰਕਿਰਿਆ ਛਿੱਕੇ ਟੰਗ ਕੇ ਬੁਲਡੋਜ਼ਰ ਦਾ ਸਹਾਰਾ ਲੈਣਾ ਐਸਾ ਸ਼ੁਰੂ ਹੋਇਆ ਜਿਹੜਾ ਵੱਖ-ਵੱਖ ਸੂਬਿਆਂ ਦੇ ਵੱਖ-ਵੱਖ ਮਕਾਨਾਂ ਨੂੰ ਤਹਿਸ-ਨਹਿਸ ਕਰਦਾ ਹੋਇਆ ਉਸ ਛੋਟੇ ਸੂਬੇ ਪੰਜਾਬ 'ਚ ਆਣ ਵੜਿਆ ਹੈ ਜਿਥੇ ਦਿਨ-ਰਾਤ ਆਮ ਆਦਮੀ ਦੀ ਸਰਕਾਰ ਦੀ ਦੁਹਾਈ ਦਿੱਤੀ ਜਾਂਦੀ ਹੈ। ਘਰ-ਵਾਰ ਢਾਹੁਣ ਦੀ ਕਾਰਵਾਈ ਵੀ ਉਦੋਂ ਕੀਤੀ ਜਾਂਦੀ ਹੈ ਜਦ ਸੰਬੰਧਤ ਨਾਗਰਿਕ ਅਜੇ ਦੋਸ਼ਾਂ ਅਧੀਨ ਹੁੰਦਾ ਹੈ। ਜਿਸ ਨੂੰ ਕਿਸੇ ਵੀ ਅਦਾਲਤ ਨੇ ਦੋਸ਼ੀ ਸਾਬਤ ਨਹੀਂ ਕੀਤਾ ਹੁੰਦਾ। ਨਾ ਹੀ ਕਿਸੇ ਨੂੰ ਅਪੀਲ ਵਗੈਰਾ ਦਾ ਹੱਕ ਦਿੱਤਾ ਜਾਂਦਾ ਹੈ। ਕੌਣ, ਕਿਹੜਾ ਬੰਦਾ ਇਹ ਸਾਬਤ ਕਰਨ ਦਾ ਹੱਕ ਰੱਖਦਾ ਹੈ ਕਿ ਫਲਾਨਾ ਬੰਦਾ ਇਸ ਦੋਸ਼ 'ਚ ਦੋਸ਼ੀ ਸਾਬਤ ਹੋ ਚੁੱਕਾ ਹੈ? ਜਿਸ ਦਾ ਘਰ ਤੋੜ ਦਿੱਤਾ ਜਾਂਦਾ ਹੈ ਉਸ ਘਰ ਬਾਬਤ ਕਿਵੇਂ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਘਰ ਫਲਾਨੇ ਦੋਸ਼ੀ ਦਾ ਇਕੱਲੇ ਦਾ ਹੀ ਹੈ? ਜਦ ਇਕ ਘਰ ਬਣਾਇਆ ਜਾਂਦਾ ਹੈ ਤਾਂ ਸਭ ਘਰ ਦੇ ਮੈਂਬਰ ਲੇਬਰ ਲਈ ਚਾਹ-ਪਾਣੀ ਫੜਾਉਂਦੇ ਹਨ। ਕਈ ਘਰਾਂ ਦੇ ਬੱਚੇ ਇੱਟਾਂ-ਗਾਰਾ-ਪਾਣੀ ਆਦਿ ਤੱਕ ਪੁੱਜਦਾ ਕਰਕੇ ਘਰ 'ਚ ਆਪਣਾ ਹਿੱਸਾ ਪਾਉਂਦੇ ਹਨ। ਸਰਕਾਰਾਂ ਦੇ ਮੁਖੀਓ! ਕੰਨ ਖੋਲ੍ਹ ਕੇ ਸੁਣੋ ਅਗਰ ਜਨਮ-ਸਾਖੀ ਮੁਤਾਬਕ ਡਾਕੂ ਦੇ ਘਰਦਿਆਂ ਨੂੰ ਪਤਾ ਹੈ ਕਿ ਅਸੀਂ ਕਿਸੇ ਵੀ ਸਜ਼ਾ ਦੇ ਭਾਗੀਦਾਰ ਨਹੀਂ ਹਾਂ ਤਾਂ ਅੱਜ ਦੇ ਪੜ੍ਹੇ-ਲਿਖੇ ਪਰਵਾਰਾਂ ਨੂੰ ਗਿਆਨ ਕਿਉਂ ਨਹੀਂ ਹੈ? ਘਰ ਢਿੱਠਣ 'ਤੇ ਜਦ ਹਾਕਮ ਦੀਆਂ ਤਾੜੀਆਂ ਵੱਜਦੀਆਂ ਹਨ। ਠੀਕ ਐਨ ਸਮੇਂ ਪਰਵਾਰਕ ਮੈਂਬਰਾਂ ਦੀਆਂ ਧਾਹਾਂ ਅਤੇ ਬਦਦੁਆਵਾਂ ਨਿਕਲਦੀਆਂ ਹਨ। ਹਾਕਮੋ! ਤੁਸੀਂ ਸਭ ਅਜ਼ਾਦ ਭਾਰਤ 'ਚ ਲੋਕ-ਰਾਜੀ ਤਰੀਕੇ ਨਾਲ ਵੱਖ-ਵੱਖ ਸੂਬਿਆਂ ਦੇ ਰਾਜੇ ਬਣੇ ਹੋ। ਜਦ ਰਾਜੇ ਬਦਨ ਤੱਕ ਤੁਸੀਂ ਕਿਸੇ ਪ੍ਰਕਿਰਿਆ ਰਾਹੀਂ ਬਣੇ ਹੋ ਤਾਂ ਤੁਸੀਂ ਵੱਖ-ਵੱਖ ਦੋਸ਼ਾਂ 'ਚ ਬਣਦੀਆਂ ਸਜ਼ਾਵਾਂ ਵੀ ਕਾਨੂੰਨੀ ਪ੍ਰਕਿਰਿਆ ਰਾਹੀਂ ਦਿਓ। ਕੀ ਕੋਈ ਡਿਕਟੇਟਰ ਤੁਹਾਡੇ ਤੋਂ ਕਿਵੇਂ ਵੱਖਰਾ ਹੈ? ਸਦਾ ਹੀ ਇਕ ਸ਼ਾਸਕ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸ਼ਾਸਕ ਦੀਆਂ ਵਧੀਕੀਆਂ ਤੋਂ ਬਾਅਦ ਫਿਰ ਕਦੇ ਨਾ ਕਦੇ ਵਾਰੀ ਜਨਤਾ ਦੀ ਵੀ ਆਉਂਦੀ ਹੈ। ਉਥੇ ਤੱਕ ਨੌਬਤ ਨਾ ਆਵੇ ਅਜਿਹਾ ਨੁਕਸਾ ਵੀ ਹੁਣ ਦੇ ਹਾਕਮਾਂ ਪਾਸ ਹੈ। ਸਭ ਹੁਕਮਰਾਨ ਆਪੋ ਆਪਣੇ ਅੰਦਰ ਨੀਝ ਨਾਲ ਝਾਕਣ ਕਿ ਵੋਟਾਂ ਮੰਗਣ ਵੇਲੇ ਜੋ ਤੁਹਾਡਾ ਵਤੀਰਾ ਸੀ, ਮੁੜ ਉਸ ਵਤੀਰੇ ਅਧੀਨ ਆਓ। ਨਾ ਤੁਸੀਂ ਆਪ ਕਾਨੂੰਨ ਨੂੰ ਆਪਣੇ ਹੱਥ 'ਚ ਲਵੋ ਨਾ ਹੀ ਕਿਸੇ ਨੂੰ ਮੌਕਾ ਦਿਓ। ਸਰਕਾਰਾਂ ਆਪੋ-ਆਪਣੇ ਵਿਧਾਨ ਮੁਤਾਬਕ ਕਰਨ। ਜੋ ਤੁਹਾਡੇ ਹਿੱਸੇ ਦਾ ਹੈ ਉਹ ਤੁਸੀਂ ਕਰੋ। ਜੋ ਅਦਾਲਤਾਂ ਦੇ ਹਿੱਸੇ ਆਉਂਦਾ ਹੈ ਉਹ ਅਦਾਲਤਾਂ ਨੂੰ ਕਰਨ ਦਿਓ। ਆਪਣੇ ਬਣਾਏ ਕਾਨੂੰਨ ਮੁਤਾਬਕ ਆਪਣੇ-ਆਪਣੇ ਹੱਥ ਚੱਲੋ। ਤੁਹਾਡੀ ਨੀਅਤ ਸਾਫ਼ ਹੋਣੀ ਚਾਹੀਦੀ ਹੈ।

ਕਦੇ ਸ਼ਾਇਰ ਇਕਬਾਲ ਨੇ ਲਿਖਿਆ ਸੀ :

"ਜਮਹੂਰੀਅਤ ਇਕ ਤਰਜ਼ਮੇ ਹਕੂਮਤ ਹੈ,<br>
ਜਿੰਨ ਮੇ ਲੋਗੋ ਕੋ ਗਿਣਾ ਕਰਤੇ ਹੈਂ ਤੋਲਾ ਨਹੀਂ।"

ਸਭ ਰਾਜ ਸਰਕਾਰਾਂ ਇਸ ਕਰਕੇ ਰਾਜ ਭਾਗ 'ਚ ਹਨ ਕਿ ਚੁਣੇ ਹੋਏ ਸਿਰ ਉਨ੍ਹਾਂ ਵੱਲ ਜ਼ਿਆਦਾ ਹਨ। ਉਨ੍ਹਾਂ ਸਿਰ ਵੱਲ ਹੀ ਸੰਬੋਧਤ ਹੋ ਕੇ ਆਖ ਰਹੇ ਹਾਂ ਕਿ ਲੋਕ ਹਮੇਸ਼ਾ ਤਬਦੀਲੀ ਚਾਹੁੰਦੇ ਹੋ। ਤੁਸੀਂ ਵੀ ਆਪਣੇ ਸਮੇਂ ਤਬਦੀਲੀ 'ਚੋਂ ਨਿਕਲੇ ਹੋ। ਅਗਲੀ ਵਾਰ ਜਨਤਾ ਦੀ ਚੋਣ ਬਦਲ ਜਾਣੀ ਹੈ। ਅਜਿਹੀਆਂ ਸਭ ਗੱਲਾਂ ਨੂੰ ਧਿਆਨ 'ਚ ਰੱਖ ਕੇ ਰਹਿੰਦੇ ਸਮੇਂ ਜਨਤਾ ਦੀ ਰਹਿੰਦੀ ਸੇਵਾ ਕਰੋ। ਪਿੰਡ ਦੀ ਫਿਰਨੀ ਕੋਲ ਪੁੱਜ ਕੇ ਬੂਟ ਲਾਹ ਕੇ ਲੇਟ ਕੱਢਣ ਲਈ ਦੌੜਨ ਦੀ ਕੋਈ ਜ਼ਰੂਰਤ ਨਹੀਂ। ਤੁਹਾਡੇ ਕੀਤੇ ਨੇ ਤੁਹਾਡੇ ਰਾਹਾਂ ਤੇ ਕੰਡੇ ਜਾਂ ਫੁੱਲ ਵਿਛਾਉਣੇ ਹਨ। ਆਹਾਂ ਤੇ ਅਫ਼ਵਾਹਾਂ ਤੋਂ ਬਚੋ।

# ਸੰਪਰਕ : 98721-65741

# ਖੇਤਾਂ ਦਾ ਪੁੱਤ ਪਾਸ਼

23 ਮਾਰਚ ਦਾ ਮਨਹੂਸ ਦਿਨ ਸੀ, ਜਿਸ ਦਿਨ ਖ਼ਾਲਿਸਤਾਨੀ ਬੁਰਛਿਆਂ ਨੇ ਉਸ ਦੇ ਦੋਸਤ ਹੰਸ ਰਾਜ ਸਮੇਤ ਪਾਸ਼ ਨੂੰ ਸਾਡੇ ਕੋਲੋਂ ਖੋਹ ਲਿਆ। ਉਨ੍ਹਾਂ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਦਾ ਦਿਨ ਬਹੁਤ ਗ਼ਲਤ ਚੁਣਿਆ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਇਹ ਲਹੂ ਰੱਤਾ ਦਿਨ ਤਾਂ ਇਤਿਹਾਸ ਦੇ ਪੰਨਿਆਂ ਉੱਪਰ ਅੰਕਿਤ ਹੋ ਚੁੱਕਾ ਹੈ। ਇਸ ਦਿਨ ਕਿਸੇ ਦੀ ਮੌਤ ਇਤਿਹਾਸ ਦੇ ਪੰਨਿਆਂ ਉੱਪਰ ਸੂਹੇ ਅੱਖਰਾਂ ਵਿੱਚ ਲਿਖੀ ਜਾਏਗੀ। ਘਿਨਾਉਣੇ ਕਾਰਨਾਮਿਆਂ ਨੂੰ ਅੰਜਾਮ ਦੇਣ ਵਾਲ਼ੀਆਂ ਕਾਲ਼ੀਆਂ ਤਾਕਤਾਂ ਦਾ ਹੀ ਕਿਧਰੇ ਨਾਮੋ-ਨਿਸ਼ਾਨ ਨਹੀਂ ਲੱਭਣਾ। ਉਹੀ ਹੋਇਆ, ਸ਼ਹੀਦ ਪਾਸ਼ ਆਪਣੇ ਪਿਆਰਿਆਂ ਦੇ ਹਿਰਦਿਆਂ ਵਿੱਚ ਡੂੰਘਾ ਉੱਤਰ ਗਿਆ, ਜਦੋਂ ਗਿੱਦੜਾਂ ਵਾਂਗ ਛਹਿ ਲਾ ਕੇ ਆਏ ਬੁਰਛਿਆਂ ਦਾ ਕਿਸੇ ਨੂੰ ਨਾਂਅ ਵੀ ਨਹੀਂ ਪਤਾ।

'ਯੁੱਗ ਨੂੰ ਪਲਟਾਉਣ ਵਿਚ ਮਸ਼ਰੂਫ ਲੋਕ<br>
ਬੁਖ਼ਾਰ ਨਾਲ ਨਹੀਂ ਮਰਦੇ ।<br>
ਮੌਤ ਦੇ ਕੰਧੇ 'ਤੇ ਜਾਣ ਵਾਲਿਆਂ ਲਈ<br>
ਮੌਤ ਤੋਂ ਪਿੱਛੋਂ ਜ਼ਿੰਦਗੀ ਦਾ ਸਫਰ ਸ਼ੁਰੂ ਹੁੰਦਾ ਹੈ।'

ਇਹ ਐਲਾਨ ਪਾਸ਼ ਹੀ ਕਰ ਸਕਦਾ ਸੀ, ਕਿਉਂਕਿ ਉਹ ਖ਼ੁਦ ਯੁੱਗ ਕਵੀ ਨਹੀਂ ਬਲਕਿ ਯੁੱਗ ਪਲਟਾਊ ਕਵੀ ਸੀ, ਜੋ ਸ਼ਾਇਦ ਕ੍ਰਾਂਤੀਕਾਰੀ ਕਵਿਤਾ ਦਾ ਜਾਇਆ ਸੀ।

ਉਹ ਸਾਹਿਤ ਦਾ ਸੂਰਜ ਸੀ, ਜੋ ਆਪਣੇ ਬਚਪਨ ਤੋਂ ਹੀ ਜ਼ਹੀਨ ਦ੍ਰਿਸ਼ਟੀ ਦਾ ਮਾਲਕ ਸੀ। ਉਸ ਨੇ ਵਾਰਤਕ ਉੱਪਰ ਵੀ ਨਿੱਠ ਕੇ ਹੱਥ ਅਜ਼ਮਾਇਆ। ਉਸ ਦੀਆਂ ਚਿੱਠੀਆਂ ਵੀ ਇੱਕ ਤਰ੍ਹਾਂ ਉਸ ਦੀ ਜੀਵਨ ਸ਼ੈਲੀ ਦੀ ਇਤਿਹਾਸਕ ਮਹੱਤਤਾ ਦਰਸਾਉਣ ਵਾਲੀ ਦਸਤਾਵੇਜ਼ ਹੈ। ਮੈਂ ਸਮੇਂ ਦੀ ਸੀਮਾ ਦਾ ਖ਼ਿਆਲ ਰੱਖਦਿਆਂ ਪਾਸ਼ ਦੀ ਸਿਰਫ਼ ਇੱਕ ਕਵਿਤਾ 'ਸਾਡੇ ਸਮਿਆਂ ਵਿੱਚ' ਉੱਪਰ ਤਰਦੀ ਜਿਹੀ ਝਾਤ ਪਾਉਣ ਦਾ ਯਤਨ ਕੀਤਾ ਹੈ। ਉਸ ਦੀ ਸਮੁੱਚੀ ਸ਼ਾਇਰੀ ਦੀ ਥਾਹ ਪਾਉਣ ਲਈ ਤਾਂ ਇੱਕ ਜਨਮ ਹੋਰ ਲੈ ਕੇ ਪੂਰਾ ਨਹੀਂ ਉਤਰਿਆ ਜਾਣਾ। ਮੈਂ ਕੋਈ ਆਲੋਚਕ ਨਹੀਂ, ਪਰ ਜੋ ਮੈਂ ਨਜ਼ਮ ਵਿੱਚੋਂ ਅਨੁਭਵ ਕੀਤਾ ਹੈ, ਬਿਆਨ ਕਰਨ ਦਾ ਨਿਗੂਣਾ ਜਿਹਾ ਯਤਨ ਹੈ।

ਸਾਡੇ ਸਮਿਆਂ ਵਿੱਚ ਉਸ ਦੀ ਇਸ ਕਵਿਤਾ ਦੀ ਕੈਨਵਸ ਐਨੀ ਵਿਸ਼ਾਲ ਤੇ ਬਹੁ-ਪਰਤੀ ਹੈ, ਜਿਸ ਵਿੱਚ ਸਾਡੇ ਸਮੇਂ ਦਾ ਰਾਜਨੀਤਕ, ਸਮਾਜਿਕ, ਧਾਰਮਿਕ, ਆਰਥਿਕ, ਸੱਭਿਆਚਾਰਕ ਮੁਹਾਂਦਰਾ ਦਰਪੇਸ਼ ਹੈ। ਜਦੋਂ ਉਹ ਖੇਤਾਂ ਦਾ ਪੁੱਤ ਹੋ ਕੇ ਚਗਲੇ ਸੁਆਦਾਂ ਦੀ ਗੱਲ ਕਰਨ ਤੋਂ ਇਨਕਾਰ ਕਰਦਾ ਹੈ, ਸਮੇਂ ਦੇ

**ਅਤਰਜੀਤ**

ਚਗਲੇ ਸੁਆਦ ਸਥਾਪਤੀ ਦਾ ਚਿਹਰਾ ਮੋਹਰਾ ਪੂਰੀ ਤਰ੍ਹਾਂ ਸਾਡੇ ਸਾਹਮਣੇ ਦ੍ਰਿਸ਼ਟਮਾਨ ਕਰ ਦਿੰਦੇ ਹਨ, ਜਿਨ੍ਹਾਂ ਨੇ ਸਾਡੇ ਜੀਵਨ ਨੂੰ ਘੁਣ ਵਾਂਗ ਜ਼ਰਜ਼ਰਾ ਕਰ ਛੱਡਿਆ ਹੈ। ਕਵੀ ਨੂੰ ਸਾਡੇ ਧੀਆਂ-ਪੁੱਤਰਾਂ ਦੀ ਤਰਸਯੋਗ ਹਾਲਤ ਪ੍ਰੇਸ਼ਾਨ ਕਰਦੀ ਹੈ ਤੇ ਉਹ ਕੂਕ ਉੱਠਦਾ ਹੈ-'ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ ਤੁਹਾਡੇ ਚਗਲੇ ਹੋਏ ਸੁਆਦਾਂ ਦੀ ਗੱਲ ਕਰਾਂਗਾ, ਜਿਨ੍ਹਾਂ ਦੇ ਹੜ੍ਹ ਵਿੱਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।' ਇਸ ਤਰ੍ਹਾਂ ਦੇ ਕਰੂਰ ਯਥਾਰਥ ਦਾ ਕਾਵਿਕ ਤਰਲੀਕਰਨ ਕਰਕੇ ਹਿਰਦਿਆਂ ਵਿੱਚ ਉਤਾਰ ਦਿੰਦਾ ਹੈ।

ਖਾਦ ਦੀ ਘਾਟ ਕਾਰਨ ਕਮਾਦ ਦੇ ਪਿਚਕ ਜਾਣ ਨੂੰ ਗਰੀਬੜੀ ਦੀ ਹਿੱਕ ਨਾਲ ਤੁਲਨਾ ਕਰਨੀ ਬਹੁ-ਗਿਣਤੀ ਦੇ ਦਰਦ ਨੂੰ ਕਲਾਤਮਿਕ ਢੰਗ ਨਾਲ਼ ਬਿਆਨ ਕਰ ਦਿੰਦਾ ਹੈ। ਇਹ ਗਰੀਬੜੀ ਸਦੀਆਂ ਤੋਂ ਥੁੜਾਂ ਦੀ ਸਤਾਈ ਬਹੁਗਿਣਤੀ ਮਜ਼ਲੂਮ ਜਮਾਤ ਦਾ ਪ੍ਰਤੀਕ ਹੈ, ਜੋ ਆਪਣੇ ਵਿਸ਼ਾਲ ਅਰਥਾਂ ਨਾਲ਼ ਇੱਥੇ ਪ੍ਰਸਤੁਤ ਹੋਈ ਹੈ। ਤੇ ਹੋਰ ਵੀ । ਕੁੜੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਲੱਚਰਪੁਣੇ ਦੇ ਉਲ਼ਟ ਉਹ ਐਲਾਨ ਕਰਦਾ ਹੈ ਕਿ ਸਿਆਲਾਂ ਵਿੱਚ ਖਿੜਨ ਵਾਲ਼ੇ ਫੁੱਲਾਂ ਦੇ ਨਾਂਅ 'ਤੇ ਕੁੜੀਆਂ ਦੇ ਨਾਂਅ-ਕੁਨਾਂਅ ਨਹੀਂ ਰੱਖੇਗਾ। ਉਹ ਸਰਕਾਰੀ ਤੰਤਰ ਦੇ ਪੁਰਜ਼ੇ ਬੈਂਕ ਦੇ ਸੈਕਟਰੀ ਦੀਆਂ ਖਚਰੀਆਂ ਮੁੱਛਾਂ, ਪਿੰਡ ਦੇ ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਵੱਲ ਇਸ਼ਾਰਾ ਕਰਕੇ ਸਮੁੱਚੇ ਰਾਜ ਪ੍ਰਬੰਧ ਦਾ ਮਖੌਟਾ ਉਧੇੜ ਦਿੰਦਾ ਹੈ। ਹੁਸਨ ਨੂੰ ਲੂਣ ਭੁੱਕੀ, ਮੱਕੀ ਦੀ ਰੋਟੀ ਅਤੇ ਜ਼ਿੰਦਗੀ ਜੀਊਣ ਨੂੰ ਲੁਕ-ਲੁਕ ਪੀਣ ਵਾਲੀ ਘਰ ਦੀ ਸ਼ਰਾਬ ਨਾਲ਼ ਮੇਚ ਕੇ ਉਹ ਆਪਣੇ ਪਾਠਕਾਂ ਦੇ ਮਨਾਂ ਵਿੱਚ ਜ਼ਿੰਦਗੀ ਨੂੰ ਅਣਖ ਨਾਲ਼ ਇਉਂ ਜੀਣ ਦੀ ਲੋਚਾ ਜਗਾਉਂਦਾ ਹੈ। ਉਹ ਜਾਣਦਾ ਹੈ ਕਿ ਕਰੜਾ ਜੋਤਾ ਲਾ ਕੇ ਛੱਡੇ ਬਲਦ ਕਿਵੇਂ ਧੁੱਸ ਦੇ ਕੇ ਖੁਰਲੀ ਨੂੰ ਟੱਕਰਦੇ ਹਨ। ਖੁਰਲੀ ਨੂੰ ਟੱਕਰਨਾ ਧੁੱਸ ਨਾਲ਼ ਜ਼ਿੰਦਗੀ ਜਿਊਣ ਦੇ ਅਰਥਾਂ ਨੂੰ ਸੰਘਣਾ ਕਰਦਾ ਹੈ । ਸਪੱਸ਼ਟ ਹੋ ਜਾਂਦਾ ਹੈ ਕਿ ਦਿਨ ਕਟੀ ਦਾ ਨਾਂਅ ਜ਼ਿੰਦਗੀ ਹੈ, ਸਗੋਂ ਇਹ ਟੱਕਰਨਾ ਜ਼ਿੰਦਗੀ ਜਿਉਣ ਦਾ ਤੀਖਣ ਜਜ਼ਬਾ ਪੈਦਾ ਕਰਨ ਵਿੱਚ ਨਿਹਿਤ ਹੈ। ਸੰਤ ਰਾਮ ਉਦਾਸੀ ਅਤੇ ਪਾਸ਼ ਦੀ ਤੁਲਨਾ ਕਰਦਿਆਂ ਜਿਵੇਂ ਆਮ ਕਿਹਾ ਜਾਂਦਾ ਹੈ ਕਿ ਪਾਸ਼ ਕਿਸਾਨੀ ਦਾ ਕਵੀ ਸੀ। ਕਿਸਾਨੀ ਪਰਵਾਰ ਵਿੱਚ ਜਨਮਿਆ ਪਾਸ਼ ਜਿੱਥੇ ਜੱਟ ਦੇ ਸਾਧ ਹੋਣ ਦੀ ਗੱਲ ਕਰਦਾ ਹੈ, ਉੱਥੇ ਉਹ ਬੁੱਢੇ ਮੋਚੀ ਦੀਆਂ ਨਿਗਾਹਾਂ ਗੁਆ ਚੁੱਕੀਆਂ ਅੱਖਾਂ ਦੀ ਜੋਤ ਅਤੇ ਜੰਗ ਵਿੱਚ ਇੱਕ ਬਾਂਹ ਗੁਆ ਚੁੱਕੇ ਹੌਲਦਾਰ ਨੂੰ ਬਾਂਹ ਦੀ ਯਾਦ ਆਉਣ, ਲੁਹਾਰ ਦੇ ਥਾਂ-ਥਾਂ ਤੋਂ ਲੁਸੇ ਮਾਸ, ਭਾਂਡੇ ਮਾਂਜਦੀ ਝੀਰੀ, ਸੀਰੀ ਦੇ ਕਾਲ਼ੇ ਸ਼ਾਹ ਬੁੱਲ੍ਹਾਂ ਦੀ ਗਾਥਾ ਦੇ ਦਰਦ ਨੂੰ ਵੀ ਆਪਣਾ ਦਰਦ ਸਮਝਦਾ ਹੈ। ਉਹ ਬਾਪੂ ਦੇ ਮੌਰਾਂ 'ਤੇ ਲਿਖੇ ਇਤਿਹਾਸ, ਮਾਂ ਦੇ ਪੈਰਾਂ ਵਿੱਚ ਪਾਟੀਆਂ ਬਿਆਈਆਂ ਨੂੰ ਵੇਖ ਕੇ ਐਲਾਨ ਕਰਦਾ ਹੈ ਕਿ ਉਹ ਸਥਾਪਤੀ ਦੇ ਚਗਲੇ ਸੁਆਦਾਂ ਦੀ ਗੱਲ ਨਹੀਂ ਕਰੇਗਾ, ਪਾਸ਼ ਦੀ ਕਵਿਤਾ ਦੀਆਂ ਅਨੇਕਾਂ ਪਰਤਾਂ ਅਤੇ ਅਨੇਕਾਂ ਡਾਇਮੈਨਸ਼ਨਜ਼ ਹਨ, ਜਿਨ੍ਹਾਂ ਸਦਕਾ ਉਸ ਨੂੰ ਸਮੁੱਚੇ ਪਾਠਕ ਵਰਗ ਵਿੱਚ ਮਕਬੂਲੀਅਤ ਹਾਸਲ ਹੈ। ਇੱਥੇ ਹੀ ਨਹੀਂ, ਉਹ ਕੇਵਲ ਪੰਜਾਬੀ ਪਾਠਕਾਂ ਦਾ ਚਹੇਤਾ ਕਵੀ ਹੀ ਨਹੀਂ, ਦੂਜੀਆਂ ਅਨੇਕ ਭਾਸ਼ਾਵਾਂ ਵਿੱਚ ਅਨੁਵਾਦ ਹੋਣ ਨਾਲ਼ ਉਸ ਦੀ ਸ਼ਾਇਰੀ ਵਿਸ਼ਵ ਪੱਧਰ 'ਤੇ ਫੈਲਣ ਦਾ ਮਾਣ ਹਾਸਲ ਕਰ ਚੁੱਕੀ ਹੈ।

*ਸੰਪਰਕ : 94175-81936*

# ਹਰਜੀਤ ਦੌਧਰੀਆ : ਸਿਆਸਤ ਤੇ ਕਵਿਤਾ

ਹਰਜੀਤ ਦੌਧਰੀਆ ਮੇਰਾ ਗਰਾਈਂ ਸੀ ਤੇ ਦਿਲ ਦੇ ਬਹੁਤ ਕਰੀਬ ਵੀ। ਉਹ ਸਿੱਕੇਬੰਦ ਦੋਸਤ ਸੀ, ਜਿਸ ਦੇ ਬੋਲਾਂ ਉੱਪਰ ਭਰੋਸਾ ਕੀਤਾ ਜਾ ਸਕਦਾ ਸੀ। ਉਸ ਨਾਲ ਨੇੜਤਾ ਦਾ ਕਾਰਨ ਪਿੰਡ ਦੀ ਮਿੱਟੀ ਤੇ ਨਿਰਾਪੁਰਾ ਜਜ਼ਬਾਤੀ ਲਗਾਉ ਹੀ ਨਹੀਂ ਸੀ, ਸਗੋਂ ਵਿਚਾਰਾਂ ਅਤੇ ਅਕੀਦੇ ਦੀ ਸਾਂਝ ਸੀ। ਉਹ ਟਕਸਾਲੀ ਕਮਿਊਨਿਸਟ ਸੀ, ਉਸ ਦੇ ਵਿਚਾਰਾਂ ਤੇ ਅਮਲਾਂ ਵਿੱਚ ਝੋਲ ਨਹੀਂ ਸੀ। ਉਹ ਧੁਨ ਦਾ ਪੱਕਾ, ਪਰ ਸਮਾਜਿਕ ਵਿਵਹਾਰ ਸਮੇਂ ਦਰਿਆ-ਦਿਲ ਮੁਲਾਹਜ਼ੇਦਾਰ ਸੀ। ਮਾਰਕਸਵਾਦੀ ਵਿਚਾਰਧਾਰਾ ਅਤੇ ਮਜ਼ਦੂਰ ਲਹਿਰ ਦੇ ਹਿੱਤਾਂ ਪ੍ਰਤੀ ਉਸ ਦੀ ਵਚਨਬੱਧਤਾ ਮੱਧਵਰਗੀ ਬੁੱਧੀਜੀਵੀਆਂ ਵਾਂਗ ਤਿਲਕਵੀਂ ਨਹੀਂ ਸੀ। ਸਮਾਜਿਕ ਮੇਲ-ਮਿਲਾਪ ਸਮੇਂ ਉਹ ਜਿੰਨਾ ਲਚਕਦਾਰ ਸੀ, ਵਿਚਾਰਧਾਰਕ ਪੈਂਤੜੇ ਪੱਖੋਂ ਉਹ ਓਨਾ ਹੀ ਅਡੋਲ ਅਤੇ ਧਿਰ-ਪਾਲ ਸੀ। ਗੁਜ਼ਰ-ਬਸਰ ਲਈ ਉਸ ਨੇ ਘਾਟ-ਘਾਟ ਦਾ ਪਾਣੀ ਪੀਤਾ, ਪਰ ਜੀਵਿਆ ਆਪਣੀਆਂ ਸ਼ਰਤਾਂ ਉੱਤੇ ਹੀ। ਕਹਿਣ ਨੂੰ ਤਾਂ ਉਹ ਸੱਤ ਪੱਤਣਾਂ ਦਾ ਤਾਰੂ ਸੀ, ਤੁਰਿਆ ਘੱਟ, ਪਰ ਜਿੰਨਾ ਕੁ ਤੁਰਿਆ, ਮੜਕ ਨਾਲ ਤੁਰਿਆ।

**ਸੁਖਦੇਵ ਸਿੰਘ ਸਿਰਸਾ**

ਪਿੰਡ ਦੌਧਰ ਦੇ ਥੋੜ੍ਹੀ ਪਰੋਖੋਂ ਵਾਲੇ ਕਿਰਤੀ ਪਰਵਾਰ ਦੇ 'ਨੌਨਿਹਾਲ' ਹਰਜੀਤ ਦੌਧਰੀਏ ਨੇ ਪ੍ਰੀਤਨਗਰ, ਬਰਤਾਨੀਆ ਅਤੇ ਕੈਨੇਡਾ 'ਚ ਰਹਿੰਦਿਆਂ ਨਾ ਆਪਣੀ ਚਾਲ-ਢਾਲ ਬਦਲੀ, ਨਾ ਕਿਸੇ ਲਾਟ ਸਾਹਿਬ ਦੀ ਤੜੀ ਮੰਨੀ। ਬੀ.ਐੱਸ.ਸੀ. ਐਗਰੀਕਲਚਰ ਪਾਸ ਕਰਕੇ ਉਹਨੇ ਪੰਜਾਬ ਖੇਤੀਬਾੜੀ ਮਹਿਕਮੇ 'ਚ ਨੌਕਰੀ ਕਰ ਲਈ, ਪਰ ਅਫ਼ਸਰਾਂ ਦੀ ਨਿੱਤ ਦੀ ਟੋਕਾ-ਟਾਕੀ ਕਰਕੇ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਪ੍ਰੀਤਨਗਰ ਪਹੁੰਚ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ ਹਿੱਸੇ-ਪੱਤੀ 'ਤੇ ਖੇਤੀ ਕਰ ਲਈ, ਪਰ ਉਸ ਨੇ ਪਹਿਨਣ-ਪਚਰਣ ਤੇ ਬੋਲ-ਬਾਣੀ ਪੱਖੋਂ ਪ੍ਰੀਤਨਗਰੀ ਰੰਗ ਢੰਗ (ਸ਼ੈਲੀ) ਨਾ ਅਪਣਾਇਆ। ਪ੍ਰੀਤਨਗਰੀ ਆਦਰਸ਼ਾਂ ਦਾ ਭਰਮ ਟੁੱਟਿਆ ਤਾਂ ਉਹ ਪੰਚਾਇਤੀ ਰਾਜ ਟ੍ਰੇਨਿੰਗ ਸੈਂਟਰ, ਫ਼ਿਰੋਜ਼ਪੁਰ ਦਾ ਪ੍ਰਿੰਸੀਪਲ ਆ ਲੱਗਿਆ। ਇੱਥੇ ਉਹ ਮਹਿਕਮੇ ਦੇ ਅਫ਼ਸਰਾਂ ਤੇ ਜਾਗੀਰਦਾਰਾਂ ਦੀ ਸ਼ਤਰੰਜ ਦੀ ਗੋਟੀ (ਨਰਦ) ਬਣਨ ਤੋਂ ਵਿਹਰ ਗਿਆ। ਨੌਕਰੀ ਛੱਡ 1967 ਈ. 'ਚ ਉਹ ਵਲਾਇਤ ਚਲਾ ਗਿਆ। ਇੱਥੇ ਉਸ ਨੇ ਫੋਰਡ ਮੋਟਰ ਕੰਪਨੀ 'ਚ ਨੌਕਰੀ ਕੀਤੀ, ਕੰਪਨੀਆਂ ਦੀਆਂ ਸ਼ਰਤਾਂ ਮੁਤਾਬਕ ਨਾ ਉਸ ਨੇ ਡਰਾਇਵਰੀ ਸਿੱਖੀ, ਨਾ ਟਾਈ ਲਾਈ, ਡ੍ਰੈੱਸ ਕੋਡ ਦੀ ਪ੍ਰਵਾਹ ਨਾ ਕੀਤੀ। ਵਲਾਇਤ 'ਚ ਉਹ 'ਭਾਰਤੀ ਮਜ਼ਦੂਰ ਸਭਾ, ਗ੍ਰੇਟ ਬ੍ਰਿਟੇਨ' ਅਤੇ 'ਪ੍ਰਗਤੀਸ਼ੀਲ ਲਿਖਾਰੀ ਸਭਾ, ਗ੍ਰੇਟ ਬ੍ਰਿਟੇਨ' ਦਾ ਸਰਕਰਦਾ ਕਾਰਕੁਨ ਰਿਹਾ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ 'ਚ ਉਹ ਸਰੀ (ਕੈਨੇਡਾ) ਆ ਵਸਿਆ, ਜਿੱਥੇ ਉਹ ਕੈਨੇਡਾ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦਾ ਸਰਗਰਮ ਮੈਂਬਰ ਰਿਹਾ। ਪੰਜ ਦਹਾਕੇ ਯੂਰਪ ਤੇ ਉੱਤਰੀ ਅਮਰੀਕਾ ਵਿੱਚ ਰਹਿ ਕੇ ਵੀ ਹਰਜੀਤ ਦੌਧਰੀਏ ਨੇ ਆਪਣੀ ਦੇਸੀ ਪਛਾਣ ਨਹੀਂ ਗੁਆਈ। ਉਸ ਦਾ ਸਰੀ (ਕੈਨੇਡਾ) ਵਾਲਾ ਰੈਣ-ਬਸੇਰਾ ਭਾਂਤ-ਭਾਂਤ ਦੇ ਕਮਿਊਨਿਸਟਾਂ ਅਤੇ ਵੱਖ-ਵੱਖ ਸੋਚਾਂ/ਵਿਚਾਰਾਂ ਵਾਲੇ ਲੇਖਕਾਂ ਦੀ ਸਾਂਝੀ ਸੱਥ ਬਣਿਆ ਰਿਹਾ।

ਹਰਜੀਤ ਦੌਧਰੀਏ ਨੂੰ ਖੱਬੇਪੱਖੀ ਵਿਚਾਰਾਂ ਦੀ ਜਾਗ ਮਾਲਵੇ ਦੇ ਦੋ ਨਾਮੀ-ਗ੍ਰਾਮੀ ਕਮਿਊਨਿਸਟਾਂ - ਬਾਬਾ ਰੂੜ ਸਿੰਘ ਚੂਹੜਚੱਕ ਅਤੇ ਬਾਬਾ ਗੇਂਦਾ ਸਿੰਘ ਦੌਧਰ ਤੋਂ ਲੱਗੀ। ਉਸ ਦੀ ਮਾਤਾ ਗੁਰਚਰਨ ਕੌਰ, ਜੋ ਅਸਧਾਰਨ ਬੁੱਧੀ ਦੀ ਮਾਲਕ ਤੇ ਆਤਮ ਸਨਮਾਨ ਵਾਲੀ ਸੁਆਣੀ ਸੀ, ਦੇ ਪੇਕੇ ਚੂਹੜਚੱਕ (ਹੁਣ ਜ਼ਿਲ੍ਹਾ ਮੋਗਾ) 'ਚ ਸਨ। ਬਾਬਾ ਰੂੜ ਸਿੰਘ ਉਨ੍ਹਾਂ ਦੇ ਗੁਆਂਢੀ ਸਨ। ਜਦੋਂ ਬਾਬਾ ਰੂੜ ਸਿੰਘ ਦੇ ਘਰ ਪੁਲਸ ਦਾ ਛਾਪਾ ਪੈਂਦਾ ਤਾਂ ਉਹ ਇਨਕਲਾਬੀ ਸਾਹਿਤ ਹਰਜੀਤ ਦੇ ਨਾਨਕਿਆਂ ਦੇ ਘਰ ਲੁਕਾ ਦਿੰਦੇ। ਮਾਤਾ ਗੁਰਚਰਨ ਕੌਰ ਬਾਬਾ ਰੂੜ ਸਿੰਘ ਨੂੰ ਆਦਰਸ਼ ਕਮਿਊਨਿਸਟ ਆਗੂ ਮੰਨਦੀ ਸੀ। ਹਰਜੀਤ ਦੇ ਪਿਤਾ ਸ. ਪਾਲਾ ਸਿੰਘ ਸਾਧਾਰਨ-ਬੁੱਧ ਕਿਰਤੀ ਸਨ, ਜੋ ਆਪਣੇ ਜੱਦੀ-ਪੁਸ਼ਤੀ ਤਰਖਾਣਾ ਕਸਬ ਦੇ ਨਾਲ-ਨਾਲ ਖੇਤੀ ਵੀ ਕਰਦੇ ਸਨ। ਥੋੜ੍ਹੀ ਭੋਇੰ-ਮਾਲਕੀ ਕਰਕੇ ਪਰਵਾਰ ਦਾ ਗੁਜ਼ਾਰਾ ਮੁਸ਼ਕਲ ਸੀ, ਪਰ ਉਨ੍ਹਾਂ ਨੇ ਸਬਰ ਤੇ ਮਿਹਨਤ ਦਾ ਪੱਲਾ ਨਾ ਛੱਡਿਆ। ਦਾਦਕੇ ਪਰਵਾਰ ਦੇ ਗੁਆਂਢ ਵਿੱਚ ਬਾਬਾ ਗੇਂਦਾ ਸਿੰਘ ਦਾ ਘਰ ਸੀ, ਜੋ ਸਰਕਾਰ ਦੀਆਂ ਨਜ਼ਰਾਂ 'ਚ ਬਾਗ਼ੀ ਸੀ ਤੇ ਉਸ ਦੀਆਂ ਸਰਗਰਮੀਆਂ ਕਰਕੇ ਪਿੰਡ 'ਚ ਪੁਲਸ ਚੌਂਕੀ ਬੈਠੀ ਸੀ। ਪੁਲਸ ਦੇ ਛਾਪੇ ਇੱਥੇ ਵੀ ਨਿੱਤ ਦਾ ਵਿਹਾਰ ਸੀ। ਹਰਜੀਤ ਦਾ ਇੱਕ ਮਾਮਾ ਅਮਰਤਾ ਪੁਲਸ ਦਾ ਸਤਾਇਆ ਭਗੌੜਾ ਹੋ ਕੇ ਡਾਕੂਆਂ ਨਾਲ ਰੋਹੀਏਂ ਚੜ੍ਹ ਗਿਆ ਸੀ, ਅਖ਼ੀਰ ਪੁਲਸ ਮੁਕਾਬਲੇ 'ਚ ਮਾਰਿਆ ਗਿਆ ਸੀ। ਸ਼ਰੀਕਾਂ ਵੱਲੋਂ ਹੁੰਦੇ ਧੱਕੇ ਅਤੇ ਜਾਤੀ-ਵਿਤਕਰੇ ਕਰਕੇ ਕਦੇ-ਕਦੇ ਹਰਜੀਤ ਦੀ ਮਾਤਾ ਨੂੰ ਰੋਹ ਤਾਂ ਚੜ੍ਹਦਾ, ਪਰ ਦੋਵੇਂ ਦੂਰ-ਅੰਦੇਸ਼ ਬਾਬੇ ਉਸ ਨੂੰ ਲੋਕ-ਪੱਖੀ ਸਰਗਰਮੀਆਂ ਵਿੱਚ ਜੋੜੀ ਰੱਖਦੇ ਅਤੇ ਬੱਚਿਆਂ ਨੂੰ ਪੜ੍ਹਾਉਣ ਦੀ ਸਮਝੌਤੀ ਦਿੰਦੇ। ਮਾਂ ਦੀ ਮਮਤਾ, ਦੋਹਾਂ ਗ਼ਦਰੀ ਬਾਬਿਆਂ ਦੇ ਪਿਆਰ-ਦੁਲਾਰ ਅਤੇ ਸਕੂਲ ਦੇ ਰੁਝੇਵੇਂ ਨੇ ਅੱਥਰੇ ਹਰਜੀਤ ਅੰਦਰਲੇ ਨਾਬਰ ਨੂੰ ਥਾਪੜ ਕੇ ਸੁਲਾ ਦਿੱਤਾ। ਜਮਾਤਾਂ ਚੜ੍ਹਦਾ-ਚੜ੍ਹਦਾ ਉਹ ਲੋਕਾਈ ਦੀ ਪੀੜ ਨੂੰ ਸਮਝਣ ਵਾਲਾ ਚੇਤੰਨ ਪਾੜ੍ਹਾ ਅਤੇ ਲੋਕ-ਦਰਦੀ ਲੇਖਕ ਬਣ ਗਿਆ।

ਹਰਜੀਤ ਦੌਧਰੀਏ ਦੀ ਜੁੜਤ ਖੱਬੇਪੱਖੀ ਰਾਜਨੀਤੀ ਨਾਲ ਸੀ। ਉਹ ਤਾ-ਉਮਰ ਮਜ਼ਦੂਰ ਜਮਾਤ ਦੀ ਸਰਗਰਮੀ ਨਾਲ ਜੁੜਿਆ ਰਿਹਾ। ਮਾਰਕਸਵਾਦ ਦੇ ਅਧਿਐਨ ਅਤੇ ਬਰਤਾਨੀਆ ਦੀ ਮਜ਼ਦੂਰ ਜਮਾਤ ਦੇ ਘੋਲਾਂ 'ਚ ਸ਼ਿਰਕਤ ਕਰਕੇ ਉਹ ਵਿਸ਼ਵ ਪੱਧਰ ਉੱਤੇ ਖੱਬੇਪੱਖੀ ਰਾਜਨੀਤੀ ਵਿੱਚ ਆਉਂਦੇ ਉਤਰਾਵਾਂ-ਚੜ੍ਹਾਵਾਂ ਨੂੰ ਬਾਖ਼ੂਬੀ ਸਮਝਦਾ ਸੀ। ਮਾਉ-ਜ਼ੇ-ਤੁੰਗ ਅਤੇ ਉਸ ਦੀ ਵਿਚਾਰਧਾਰਕ ਸਿਆਸੀ ਪੁਜ਼ੀਸ਼ਨ ਦਾ ਉਹ ਸਮਰਥਕ ਰਿਹਾ ਸੀ। ਉਸ ਦੀਆਂ ਲਿਖਤਾਂ ਵਿੱਚ ਸਿਆਸੀ-ਆਰਥਿਕਤਾ ਵਿਚਲੀ ਬੁਨਿਆਦੀ ਤਬਦੀਲੀ ਦੇ ਨਾਲ-ਨਾਲ ਸੱਭਿਆਚਾਰਕ ਇਨਕਲਾਬ ਦੀ ਵਕਾਲਤ ਹੋਈ ਹੈ। ਹਰਜੀਤ ਨੇ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਕਵਿਤਾ ਅਤੇ ਵਾਰਤਕ ਲਿਖੀ, ਚਿੱਤੋਂ ਉਹ ਕਵੀ ਸੀ ਅਤੇ ਕਵੀ ਵੀ ਸਿਆਸੀ ਮਿਜ਼ਾਜ ਵਾਲਾ। ਕਵਿਤਾ ਦੀ ਸਿਰਜਣਾ ਉਸ ਦੀ ਸਿਆਸੀ ਸਰਗਰਮੀ ਦਾ ਹੀ ਇੱਕ ਮੋਰਚਾ ਸੀ। ਸਮਾਜ ਵਿਚਲੀ ਕਾਣੀ ਵੰਡ, ਜਾਤ-ਪਾਤੀ ਵਿਤਕਰਾ ਅਤੇ ਜ਼ਰਵਾਲਾਂ ਦੇ ਹਿੰਸਕ ਦਾਬੇ ਨੇ ਉਸ ਨੂੰ ਖੱਬੇਪੱਖੀ ਰਾਜਨੀਤੀ ਅਤੇ ਕਵਿਤਾ ਦੇ ਰਾਹ ਪਾਇਆ। ਉੱਚ-ਜਾਤੀ ਹੰਕਾਰ 'ਚ ਗ੍ਰੱਸੇ ਸਨਾਤਨੀ ਸੋਚ ਵਾਲੇ ਇੱਕ ਅਧਿਆਪਕ ਦੇ ਵਿਹੁਲੇ ਬੋਲਾਂ ਦਾ ਕੰਡਾ ਸਾਰੀ ਉਮਰ ਉਸ ਦੇ ਮਨ-ਮਸਤਕ 'ਚ ਰੜਕਦਾ ਰਿਹਾ। ਉਹ ਪੀੜ ਹੀ ਉਸ ਨੂੰ



ਨਾਸਤਕ ਵਿਹਾਰ, ਲੋਕ-ਸੰਘਰਸ਼ਾਂ ਦੇ ਪਿੜ ਅਤੇ ਕਵਿਤਾ ਦੀ ਢੋਈ ਵੱਲ ਲੈ ਗਈ। ਇੱਕ ਨਜ਼ਮ 'ਚ ਉਹ ਲਿਖਦਾ ਹੈ: 'ਜਦੋਂ ਅਹਿਸਾਸ ਜਾਗਣ ਲੱਗਾ/ਪਿੰਡ ਦੇ ਮੁਖੀਏ ਦੀ/ਅੱਖ 'ਚ ਰੜਕਣ ਲੱਗਾ/ਥਾਣੇ ਦੀ ਵੀ ਗਹਿਰੀ ਅੱਖ ਸੀ/ ਉੱਤੋਂ ਵਗਾਰ ਦੀ ਗਹਿਰੀ ਛੱਟ ਸੀ/ਚੁਫੇਰ ਜਾਤ ਅਤੇ ਜਮਾਤ ਦੀ/ਦੂਹਰੀ ਕੰਡਿਆਲੀ ਵਾੜ ਸੀ।' (ਸੱਚੇ ਮਾਰਗ ਚੱਲਦਿਆਂ)

ਹਰਜੀਤ ਦੌਧਰੀਆ ਇਹ ਬਾਖ਼ੂਬੀ ਸਮਝਦਾ ਸੀ ਕਿ 'ਲੋਕ-ਪੱਖੀ ਕਵਿਤਾ ਰਾਜਕਰਨੀ ਜਮਾਤ ਦੇ ਪ੍ਰਬੰਧ ਵਿੱਚ ਵਿਘਨ' ਹੁੰਦੀ ਹੈ, ਇਸ ਲਈ ਸਥਾਪਤੀ ਦੇ ਕਰਿੰਦਿਆਂ ਨੂੰ ਚੁਭਦੀ ਹੈ, ਪਰ 'ਦਾਬੂ ਸਿਰਾਂ ਨੂੰ ਹਲੂਨਣ' ਲਈ ਕਵਿਤਾ ਕਾਰਗਰ ਹਥਿਆਰ ਵੀ ਹੁੰਦੀ ਹੈ। ਲੋਕ-ਸੰਘਰਸ਼ਾਂ 'ਚ ਤਪ ਕੇ ਕੁੰਦਨ ਬਣੇ ਹਰਜੀਤ ਨੂੰ ਇਹ ਇਲਮ ਵੀ ਸੀ ਕਿ ਇਕੱਲੀ ਕਵਿਤਾ ਕੁਝ ਨਹੀਂ ਸੁਆਰ ਸਕਦੀ। ਜ਼ਿੰਦਗੀ ਦੇ ਜਟਿਲ ਪੇਚਾਂ ਅਤੇ ਸੂਖਮ ਅੰਤਰ-ਵਿਰੋਧਾਂ ਨੂੰ ਸਮਝੇ ਬਿਨਾਂ 'ਕੰਮ ਦੀ' ਕਵਿਤਾ ਨਹੀਂ ਲਿਖੀ ਜਾ ਸਕਦੀ। 'ਮਿੱਤਰ ਪਿਆਰੇ ਨੂੰ' ਉਨਵਾਨ ਵਾਲੀ ਨਜ਼ਮ 'ਚ ਉਹ ਸਮਕਾਲੀ ਸੁਵਿਧਾ ਭੋਗੀ ਕਵੀਆਂ ਨੂੰ ਸਿਖ-ਮੱਤ ਦਿੰਦਿਆਂ ਲਿਖਦਾ ਹੈ ਕਿ 'ਪੈਲੀਆਂ 'ਚੋਂ ਬਰੂ ਦੀਆਂ ਜੜ੍ਹਾਂ/ਖੇਤ ਦੀ ਵੱਟ 'ਤੇ ਖੜ੍ਹ ਕੇ ਨਹੀਂ ਨਿਕਲਦੀਆਂ ਹੁੰਦੀਆਂ।' 'ਫ਼ਸਲਾਂ ਵਿੱਚੋਂ ਨਦੀਨ ਮਾਰਨ ਲਈ ਨਦੀਨ ਦੀ ਪਛਾਣ ਅਤੇ ਅਮਲ ਦੋਵੇਂ ਜ਼ਰੂਰੀ ਹਨ।' ਹਰਜੀਤ ਇਹ ਜਾਣਦਾ ਸੀ ਕਿ ਸਮਾਜੀ ਹਕੀਕਤਾਂ ਦੀ ਸਮਝ ਸਮਾਜਿਕ ਅਮਲ 'ਚ ਕੁੱਦੇ ਬਿਨਾਂ ਨਹੀਂ ਆਉਂਦੀ, ਦੂਜਾ ਇਹ ਕਿ ਸ਼ਬਦ ਘਾੜਿਆਂ ਨੂੰ ਆਪਣੀ ਧਿਰ (ਆਪਣੇ ਤੇ ਪਰਾਏ) ਦੀ ਪਛਾਣ ਹੋਣੀ ਚਾਹੀਦੀ ਹੈ। ਸਮਾਜਿਕ ਚੇਤਨਾ ਤੋਂ ਸੱਖਣੇ ਅਤੇ ਅਮਲ ਤੋਂ ਟੁੱਟੇ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਉਹ ਵਿਅੰਗ ਨਾਲ 'ਬਾਂਦਰ-ਨੀਤੇ ਨਾਇਕ', 'ਕੂਹਣੀ ਮਾਰ ਲਫ਼ੰਗੇ', 'ਨਾਟੀਆਂ ਵਾਲੇ ਊਠ', 'ਪਾਲਤੂ ਕਤੂਰੇ', 'ਮਾਹਾਂ 'ਚ ਕੋਕੜੂ' ਅਤੇ 'ਬਿਗਾਨਿਆਂ ਦੀ ਖੁਸਰਾ ਤੋਰ' ਤੁਰਨ ਵਾਲੇ ਕਹਿੰਦਾ ਹੈ। ਸਿਆਸੀ ਮੱਸ ਵਾਲਾ ਕਵੀ ਹੋਣ ਕਰਕੇ ਉਹ ਜਾਣਦਾ ਹੈ ਕਿ ਕਵਿਤਾ ਰਾਹੀਂ ਚੋਟ ਕਿੱਥੇ ਤੇ ਕਿਵੇਂ ਮਾਰਨੀ ਹੈ:

ਮਾਹਾਂ 'ਚ ਕੋਕੜੂਆਂ ਦੇ ਦਾਣੇ/ਮਾਹਾਂ ਦੇ ਦਾਣਿਆਂ ਵਰਗੇ ਲਗਦੇ ਨੇ<br>
ਪਤਾ ਉਦੋਂ ਲਗਦਾ ਹੈ/ਜਦੋਂ ਜਾੜ੍ਹਾਂ ਥੱਲੇ ਕਰੀਚਦੇ ਨੇ...<br>
ਮੱਕੀ ਦੀ ਫ਼ਸਲ 'ਚ ਖੱਸੀ ਟਾਂਡੇ ਵੀ ਹੁੰਦੇ ਹਨ<br>
ਜਿਨ੍ਹਾਂ ਦੀਆਂ ਗੰਢਾਂ ਫੋਲਣ 'ਤੇ/ਸੁਆਹ ਵਰਗੀ ਸਮਗਰੀ ਨਿਕਲਦੀ ਹੈ।

ਸਿਆਸੀ ਮੁਹਾਵਰੇ ਅਤੇ ਸਿੱਧੀ ਚੋਟ ਮਾਰਨ ਵਾਲੀ ਹਰਜੀਤ ਦੀ ਕਵਿਤਾ ਨੂੰ ਕਾਵਿਕ ਸੁਹਜ ਤੋਂ ਸੱਖਣਾ ਮਹਿਜ਼ ਪ੍ਰਚਾਰ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਉਸ ਨੇ 'ਨਾਟੀਆਂ', 'ਅਸਮਾਨ ਥੰਮੀਏ', 'ਰੁੱਤੇ ਫਲ' ਅਤੇ 'ਅੰਦਰ ਬਾਹਰ' ਵਰਗੀਆਂ ਸੂਖਮ ਅੰਦਾਜ਼ ਵਾਲੀਆਂ ਕਵਿਤਾਵਾਂ ਵੀ ਲਿਖੀਆਂ ਹਨ ਅਤੇ 'ਚੁਕੰਨੇ ਰਹੀਓ', 'ਝਿੜਕ ਰੱਖਿਓ', 'ਅੱਖ ਪੁੱਟੋ', 'ਨਵੇਂ ਸ਼ਬਦ', 'ਪਹਿਚਾਣ', 'ਕਤੂਰੇ' ਅਤੇ 'ਸਮਕਾਲੀ ਅਦੀਬਾਂ ਨੂੰ' ਵਰਗੀਆਂ ਸੰਬੋਧਨੀ ਸ਼ੈਲੀ ਵਾਲੀਆਂ ਨਜ਼ਮਾਂ ਵੀ ਲਿਖੀਆਂ ਹਨ। ਉਹ ਇਸ ਗੱਲੋਂ ਸੁਚੇਤ ਸੀ ਕਿ ਕਿਰਤੀ ਜਮਾਤਾਂ ਅਤੇ ਅਬੋਧ ਲੋਕਾਈ ਦੇ ਮਨਾਂ ਉੱਤੋਂ ਕਾਬਜ਼ ਜਮਾਤਾਂ ਦੀ ਵਿਚਾਰਧਾਰਕ ਸਰਦਾਰੀ ਅਤੇ ਸਭਿਆਚਾਰਕ ਮੁੱਲਾਂ ਦੀ ਛੱਟ ਲਾਹੁਣ ਲਈ ਕਵੀਆਂ ਅਤੇ ਕਲਾਕਾਰਾਂ ਨੂੰ ਵੱਧ ਸੁਚੇਤ ਹੋਣ ਦੀ ਲੋੜ ਹੁੰਦੀ ਹੈ। ਕਾਬਜ਼ ਜਮਾਤਾਂ ਦੇ ਸੁਹਜ ਸੁਆਦ ਨੂੰ ਜੜ੍ਹੋਂ ਪੁੱਟੇ ਬਿਨਾਂ ਕਿਰਤੀ ਕਾਮਿਆਂ ਦੇ ਸੁਹਜ ਸ਼ਾਸਤਰ ਦੀ ਸਿਰਜਣਾ ਨਹੀਂ ਹੋ ਸਕਦੀ। ਉਹ ਇੱਕ ਥਾਂ ਲਿਖਦਾ ਹੈ ਕਿ ਸੱਤਾਧਾਰੀ ਅਤੇ ਵਿਰੋਧੀ ਜਮਾਤਾਂ ਦੇ ਵਿਚਾਰਧਾਰਕ ਪੈਂਤੜੇ ਦੀ 'ਨੁਕਤਾਚੀਨੀ ਲੀੜਿਆਂ ਦੇ ਬੇਕਿਰਕ ਹੋ ਕੇ ਪਾੜਣ ਵਾਂਗ ਹੁੰਦੀ ਹੈ।' ਦਲਾਲ ਬੁਰਜਵਾਜ਼ੀ ਦੇ ਮਾਇਆ-ਜਾਲ ਅਤੇ ਉਸ ਦੇ ਪਿਛਲੱਗ ਕਵੀਆਂ ਦੀ ਕੋਰੀ ਸ਼ਬਦ ਘਾੜਤ ਤੋਂ ਸੁਚੇਤ ਕਰਦਿਆਂ ਉਹ ਕਹਿੰਦਾ ਹੈ ਕਿ "ਉਨ੍ਹਾਂ ਦੀਆਂ ਖਾਧੀਆਂ ਕਸਮਾਂ ਦੀ/ਪਰਤੀਤ ਨਾ ਕਰਿਓ/ਚੇਤੇ ਰੱਖਿਓ! ਕਿਸੇ ਨਾ ਕਿਸੇ ਸੈਕਟਰ ਵਿਚ/ਜੰਗ ਸਦਾ ਜਾਰੀ ਰਹਿੰਦੀ ਏ/ਅਵੇਸਲੇ ਨਾ ਹੋਇਓ!"

ਹਰਜੀਤ ਦੌਧਰੀਏ ਨੇ ਪੰਜਾਬੀ ਸ਼ਬਦ-ਸਭਿਆਚਾਰ ਵਿੱਚ ਹੇਠ ਲਿਖੀਆਂ ਪੁਸਤਕਾਂ ਨਾਲ ਆਪਣਾ ਸੀਰ ਪਾਇਆ-'ਸੱਚੇ ਮਾਰਗ ਚਲਦਿਆਂ' (ਕਾਵਿ-ਸੰਗ੍ਰਹਿ), 1977, 'ਹੈ ਭੀ ਸੱਚ ਹੋਸੀ ਭੀ ਸੱਚ' (ਕਾਵਿ ਸੰਗ੍ਰਹਿ) 1984, 'ਆਪਣਾ ਪਿੰਡ ਪ੍ਰਦੇਸ' (ਕਾਵਿ ਸੰਗ੍ਰਹਿ) 2002, 'ਤੁਮਿਆਂ ਵਾਲੀ ਜਮੈਣ' (ਕਾਵਿ ਸੰਗ੍ਰਹਿ) 2010, 'ਹੇਠਲੀ ਉੱਤੇ' (ਵਾਰਤਕ) 2011, Hold the Sky (Selected poems, 2011), Darshan (Darshan Singh Canadian: Life and Contribution, Edited 2014), The Immortal Stories of Dr. D.S. Kotnis and Dr. Noriman Bethune, Ed. 2012), Live and Let Live: Without Religion, (2017). ਹਰਜੀਤ ਦੌਧਰੀਏ ਦੀ ਕਵਿਤਾ ਦਾ 'ਹਾਸਿਲ' ਇਹ ਹੈ ਕਿ ਉਸ ਨੇ ਹਾਕਮ ਜਮਾਤਾਂ ਦੇ ਵਿਚਾਰਧਾਰਕ ਪੈਂਤੜੇ ਅਤੇ ਸੁਹਜ ਸ਼ਾਸਤਰ ਨੂੰ ਰੱਦ ਕਰਕੇ ਕਿਰਤੀ ਕਾਮਿਆਂ ਅਤੇ ਹਾਸ਼ੀਏ ਦੇ ਸਮਾਜ ਦੀ ਕਲਾ ਅਤੇ ਕਵਿਤਾ ਲਈ ਨਵਾਂ-ਵਿਧਾਨ ਸਿਰਜਿਆ ਹੈ। ਹੁਣ ਜਦੋਂ ਇਤਿਹਾਸ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਅ ਕੇ ਹਰਜੀਤ ਦੌਧਰੀਆ ਖੱਬੇਪੱਖੀ ਕਲਮਾਂ ਵਾਲਿਆਂ ਦੇ ਕਾਫ਼ਲੇ ਵਿੱਚੋਂ ਆਪਣਾ ਹੱਥ ਛੁਡਾ ਗਿਆ ਹੈ, ਉਸ ਨੂੰ ਉਸ ਦੀ ਕਵਿਤਾ ਦੇ ਇਨ੍ਹਾਂ ਬੋਲਾਂ ਨਾਲ ਹੀ ਆਪਣੀ ਅਕੀਦਤ ਭੇਟ ਕਰ ਰਿਹਾ ਹਾਂ:

ਅਸੀਂ ਠੱਠੀਆਂ, ਕੂਚਿਆਂ ਮੁਹੱਲਿਆਂ 'ਚ ਰਹਿਣ ਵਾਲੇ ਲੋਕ<br>
ਆਪਣੇ ਟੱਬਰਾਂ ਲਈ ਕੁਝ ਵਾਕ ਲੋਚਦੇ ਹਾਂ<br>
ਉਨ੍ਹਾਂ ਭਾਰੀ ਪੁਸਤਕਾਂ ਨੂੰ<br>
ਸਿਰਾਂ 'ਤੇ ਚੁੱਕੀ ਫਿਰਨ ਤੋਂ ਇਨਕਾਰ ਕਰਦੇ ਹਾਂ<br>
ਜਿਨ੍ਹਾਂ ਦੇ ਸ਼ਬਦਾਂ ਦੀਆਂ ਇਬਾਰਤਾਂ<br>
ਪੀੜਾਂ, ਚੀਕਾਂ ਤੇ ਨੰਗੇਜ ਦਾ ਕਾਰਨ ਬਣੀਆਂ<br>
ਸਾਨੂੰ ਧਰਤੀ 'ਤੇ<br>
ਸ਼ਬਦਾਂ ਦੀਆਂ ਬਹੁਕਰਾਂ, ਖਰਕਿਆਂ ਤੇ ਝਾੜੂਆਂ ਦੀ ਲੋੜ ਹੈ...<br>
ਸਾਨੂੰ ਘਸੇ ਪਿਟੇ, ਜੂਠੇ ਸ਼ਬਦ ਨਹੀਂ ਚਾਹੀਦੇ।

*ਸੰਪਰਕ : 98156-36565*

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਵਿਸ਼ਵੀ ਸਰੋਕਾਰਾਂ ਦਾ ਦਿਲਚਸਪ ਬਿਰਤਾਂਤ

## ਕਿਤਾਬ ਜੋ ਅਜੇ ਬਾਕੀ ਹੈ

**(ਡਾਇਰੀ)**
**ਡਾ. ਪਰਮਜੀਤ ਢੀਂਗਰਾ**
**ਮੁੱਲ : 499, ਪੰਨੇ : 292**
**ਰੀਥਿੰਕ ਬੁੱਕਸ, ਸੰਗਰੂਰ**





**ਚਰਚਾ ਇਕ ਪੁਸਤਕ ਦੀ**

**ਭਗਵੰਤ ਰਸੂਲਪੁਰੀ**

ਡਾਕਟਰ ਪਰਮਜੀਤ ਢੀਂਗਰਾ ਪ੍ਰਮੁੱਖ ਚਿੰਤਕ ਦੇ ਤੌਰ 'ਤੇ ਪ੍ਰਸਿੱਧ ਹੈ। ਉਸ ਨੇ ਭਾਸ਼ਾ, ਚਿੰਤਨ ਤੇ ਸਾਹਿਤ ਦੇ ਵੱਖ-ਵੱਖ ਮਸਲਿਆਂ ਉੱਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਮੁੱਢਲੇ ਰੂਪ ਵਿੱਚ ਇਸ ਪੁਸਤਕ ਦਾ ਖਰੜਾ ਉਨ੍ਹਾਂ ਡਾਇਰੀ ਦੀ ਸ਼ਕਲ ਵਿੱਚ ਲਿਖਿਆ ਸੀ, ਉਪਰੰਤ ਇਸ ਡਾਇਰੀ ਨੂੰ ਕਿਤਾਬੀ ਸ਼ਕਲ ਦੇਣ ਲੱਗਿਆ ਲੇਖਾਂ ਦੀ ਸ਼ਕਲ ਦੇ ਕੇ ਦਿਲਚਸਪ ਤੇ ਪ੍ਰੇਰਨਾ-ਭਰਪੂਰ ਬਣਾ ਦਿੱਤਾ ਹੈ।

ਕੋਵਿਡ ਦੀ ਆਮਦ ਦੌਰਾਨ ਡਾ. ਢੀਂਗਰਾ ਹੁਰਾਂ ਜਿਹੜੀਆਂ ਵੀ ਕਲਾਸਿਕ ਕਿਤਾਬਾਂ ਪੜ੍ਹੀਆਂ, ਉਨ੍ਹਾਂ ਵਿੱਚੋਂ ਨਿਕਲੇ ਮੁੱਲਵਾਨ ਵਿਚਾਰਾਂ, ਤੱਤ-ਸਾਰ ਅਤੇ ਪ੍ਰੇਰਨਾ ਪ੍ਰਸੰਗਾਂ ਨੂੰ ਡਾਇਰੀ ਦੀ ਸ਼ਕਲ 'ਚ ਲਿਖਣੇ ਸ਼ੁਰੂ ਕਰ ਦਿੱਤੇ। ਇਹੀ ਡਾਇਰੀ ਦੇ ਪੰਨੇ ਲੇਖਾਂ ਦੀ ਸ਼ਕਲ ਪਾਠਕਾਂ ਨੂੰ ਪੜ੍ਹਨ ਲਈ ਸੰਪਾਦਤ ਕਰ ਦਿੱਤੇ। ਮਹਾਨ ਲੇਖਕਾਂ ਦੇ ਵਿਚਾਰ, ਸਮਕਾਲੀ ਸਰੋਕਾਰਾ, ਚਿੰਤਨ ਸੰਬੰਧੀ ਲੇਖ 'ਕਿਤਾਬ ਜੋ ਅਜੇ ਬਾਕੀ ਹੈ' ਦੀ ਸ਼ਕਲ ਦੇ ਰੂਪ ਵਿੱਚ ਸਾਡੇ ਤੱਕ ਪੁੱਜ ਗਏ। ਇਨ੍ਹਾਂ ਲੇਖਾਂ ਨੂੰ ਲਿਖਦੇ ਸਮੇਂ ਉਹ ਸਮਕਾਲੀ ਵਰਤਾਰਿਆਂ ਨਾਲ ਜੋੜਨ ਲਈ ਹਰ ਲੇਖ ਦੇ ਅੰਤ ਵਿੱਚ ਇਕ ਪੋਸਟ ਸਕ੍ਰਿਪਟ ਵੀ ਲਿਖਦੇ ਹਨ, ਜੋ ਬਹੁਤ ਅਹਿਮ ਹੈ। ਜੋ ਉਨ੍ਹਾਂ ਪ੍ਰਸੰਗ ਨੂੰ ਸਮਕਾਲੀ ਵਰਤਾਰੇ ਨਾਲ ਜੋੜਦੇ ਹਨ, ਜਿਸ ਤੋਂ ਇਹ ਵੀ ਅਹਿਸਾਸ ਹੁੰਦਾ ਹੈ ਕਿ ਕਿਤਾਬ ਵਿੱਚੋਂ ਉਪਜੇ ਵਿਚਾਰ ਭਾਵੇਂ ਕਈ ਸਾਲ ਪੁਰਾਣੇ ਹਨ, ਪਰ ਉਨ੍ਹਾਂ ਦੀ ਪ੍ਰਸੰਗਕਤਾ ਅੱਜ ਵੀ ਕਾਇਮ ਹੈ। ਇਹ ਟਿੱਪਣੀਆਂ ਸਾਰਥਕ ਤਾਂ ਹਨ ਹੀ, ਬਲਕਿ ਯੂਨੀਕ ਵੀ ਹਨ। ਉਨ੍ਹਾਂ ਇਸ ਪੁਸਤਕ ਵਿੱਚ ਕਲਾਸਿਕ ਕਿਤਾਬਾਂ ਦੀ ਜਿਸ ਤਰ੍ਹਾਂ ਝਲਕ ਵਿਖਾਈ ਹੈ, ਉਨ੍ਹਾਂ ਨੂੰ ਪੜ੍ਹ ਕੇ ਮੂਲ ਕਿਤਾਬਾਂ ਪੜ੍ਹਨ ਨੂੰ ਮਨ ਵੀ ਕਰਦਾ ਹੈ। ਇਨ੍ਹਾਂ ਨਿੱਕੇ ਲੇਖਾਂ ਦੇ ਸਰੋਤ ਭਾਵੇਂ ਢੀਂਗਰਾ ਹੁਰਾਂ ਨੇ ਵੱਖ-ਵੱਖ ਕਿਤਾਬਾਂ ਪੜ੍ਹ ਕੇ ਪ੍ਰਾਪਤ ਕੀਤੇ ਹਨ ਜਾਂ ਵਿਦਵਾਨਾਂ ਵੱਲੋਂ ਕੀਤੀਆਂ ਸਿਧਾਂਤਕ ਗੱਲਾਂ ਦੇ ਅਧਾਰ ਉੱਤੇ ਲੇਖਾਂ ਦੀ ਉਸਾਰੀ ਕੀਤੀ ਗਈ ਹੈ, ਪਰ ਉਨ੍ਹਾਂ ਦਾ ਨਿਭਾ, ਭਾਸ਼ਾ ਅਤੇ ਪੇਸ਼ਕਾਰੀ ਦਾ ਢੰਗ-ਵਿਧੀ ਉਨ੍ਹਾ ਦੀ ਆਪਣੀ ਹੈ। ਕਿਤਾਬ ਵਿੱਚ ਨਿੱਕੇ ਵੱਡੇ 108 ਲੇਖ ਪ੍ਰਸਤੁਤ ਕੀਤੇ ਗਏ ਹਨ।

ਇਨ੍ਹਾਂ ਲੇਖਾਂ ਦੀ ਮੁੱਖ ਸੁਰ ਨਾਰੀ ਦਮਨ ਦੇ ਪ੍ਰਸੰਗ ਵਿੱਚ ਨਾਰੀਵਾਦੀ ਲਿਖਤਾਂ ਦਾ ਵਰਣਨ, ਕੌਮਾਂਤਰੀ ਪੱਧਰ 'ਤੇ ਬੀਜਾਂ ਨੂੰ ਲੈ ਕੇ ਇਜਾਰੇਦਾਰੀ ਦੇ ਪ੍ਰਸੰਗ ਵਿੱਚ ਵਿਰਾਸਤੀ ਬੀਜਾਂ ਦੀ ਸਾਂਭ-ਸੰਭਾਲ, ਗਾਂਧੀ-ਜਿਨਾਹ, ਨਹਿਰੂ-ਜੋਸ਼ ਮਲੀਹਾਬਾਦੀ ਦੇ ਪ੍ਰਸੰਗ ਵਿੱਚ ਉਨ੍ਹਾਂ ਦੀ ਨੇੜਤਾ ਦੇ ਦੋਸਤੀ ਦੇ, ਫ਼ਿਲਮੀ ਕਲਾਕਾਰਾਂ ਦੇ, ਵਿਸ਼ਵ ਪ੍ਰਸਿੱਧ ਕਲਾਕਾਰ-ਲੇਖਕਾਂ ਦੇ, ਭਾਸ਼ਾ ਦੇ ਮਸਲੇ, ਕਲਾ ਦੇ, ਜਾਤ-ਪਾਤ ਨਾਲ ਜੁੜੇ, ਪ੍ਰਸਿੱਧ ਕਿਤਾਬਾਂ ਵਿੱਚੋਂ ਰੌਚਿਕ ਪ੍ਰਸੰਗ ਸਮੇਤ ਹੋਰ ਅਨੇਕਾਂ ਪ੍ਰਸੰਗ ਢੀਂਗਰਾ ਹੁਰਾਂ ਨੇ ਆਪਣੀ ਭਾਸ਼ਾ ਵਿੱਚ ਦਿਲਚਸਪੀ ਨਾਲ ਵਰਨਣ ਕੀਤੇ ਹਨ।

ਕਿਤਾਬ ਦੇ ਸ਼ੁਰੂ ਵਿੱਚ ਔਰਤ ਦੇ ਮਨ ਅਤੇ ਜਿਸਮ ਨੂੰ ਸੂਖ਼ਮਤਾ ਨਾਲ ਖੰਘਾਲਣ ਵਾਲੀ ਕਾਰਕੁਨ ਅਤੇ ਉੱਘੀ ਲੇਖਕ ਐਟਵੁੱਡ ਦੇ ਪ੍ਰਸੰਗ ਵਿੱਚ ਨਾਰੀਵਾਦੀ ਸੋਚ ਦਾ ਬਿਰਤਾਂਤ ਸਿਰਜਿਆ ਹੈ ਕਿ ਇਕ ਨਾਰੀ ਨੂੰ ਵਿਸ਼ਵ ਦਾ ਮਰਦ ਪ੍ਰਧਾਨ ਸਮਾਜ ਕਿਵੇਂ ਦਾ ਘੜਦਾ ਹੈ। ਲੇਖਕ ਨੇ ਦੱਸਿਆ ਹੈ ਕਿ ਔਰਤ ਦਾ ਜਿਸਮ ਬਹੁਤ ਕੀਮਤੀ ਹੈ, ਜਿਸ ਨੂੰ ਇਕ ਪ੍ਰੋਡਕਟ ਦੇ ਤੌਰ 'ਤੇ ਹਰ ਥਾਂ ਵਰਤਿਆ ਜਾਂਦਾ ਹੈ ਤੇ ਚੀਜ਼ਾਂ ਦੀ ਵਿਕਰੀ ਲਈ ਔਰਤ ਦੀ ਵਰਤੋਂ ਮਰਦ ਵੱਲੋਂ ਕੀਤੀ ਜਾਂਦੀ ਹੈ। ਔਰਤ ਦੇ ਜਿਸਮ ਦੀ ਵਰਤੋਂ ਕਾਰ, ਬੀਅਰ, ਸੇਵਿੰਗ ਲੋਸ਼ਨ, ਸਿਗਰਟ, ਸ਼ਰਾਬ ਵੇਚਣ ਲਈ ਕੀਤੀ ਜਾ ਸਕਦੀ ਹੈ। ਔਰਤ ਦਾ ਜਿਸਮ ਡਾਈਟ ਪਲਾਨ ਤੋਂ ਲੈ ਕੇ ਹੀਰੇ ਤੱਕ ਵੇਚਣ ਦੇ ਕੰਮ ਆਉਂਦਾ ਹੈ। ਲੇਖਕ ਕਹਿੰਦਾ ਹੈ, ਕਿਉਂਕਿ ਔਰਤ ਨੂੰ ਗਿਆਨ ਤੇ ਸਮਝਦਾਰੀ ਪੱਖੋਂ ਹਾਸ਼ੀਏ ਉੱਤੇ ਰੱਖਿਆ ਜਾਂਦਾ ਹੈ। ਯੂਲੀਆ ਬੋਂਡਾਰੇਂਕੋ ਦੇ ਬਹਾਨੇ ਯੂਕਰੇਨ ਦੀ ਬਹਾਦਰ ਨਾਰੀ ਦੀ ਗੱਲ ਕੀਤੀ ਗਈ ਹੈ, ਜੋ ਸਵੈ-ਇੱਛਾ ਨਾਲ ਫ਼ੌਜੀ ਬਣਦੀ ਹੈ ਤੇ ਉਥੋਂ ਅਨੇਕਾਂ ਨਵੇਂ ਅਨੁਭਵ ਪ੍ਰਾਪਤ ਕਰਕੇ ਆਪਣੇ ਦੇਸ਼ ਯੂਕਰੇਨ ਦੀ ਰੱਖਿਆ ਹੀ ਨਹੀਂ ਕਰਦੀ, ਬਲਕਿ ਰੂਸੀ ਫੌਜਾਂ ਨੂੰ ਦੂਰ ਤੱਕ ਖਦੇੜਨ 'ਚ ਯੋਗਦਾਨ ਵੀ ਪਉਂਦੀ ਹੈ। ਅਗਾਂਹ ਪੈਦਲ ਫੌਜ ਨਾਲ ਬੈਰਕਾਂ 'ਚ ਰਹਿਣ ਤੇ ਅਗਲੀਆਂ ਜੰਗਾਂ ਲਈ ਸਖ਼ਤ ਟ੍ਰੇਨਿੰਗ ਲੈਂਦੀ ਹੋਈ ਉਥੋਂ ਦੀ ਸਮੁੱਚੀ ਨਾਰੀ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਔਰਤ ਕਿਸੇ ਵੀ ਤਰੀਕੇ ਨਾਲ ਮਰਦ ਨਾਲੋਂ ਪਿੱਛੇ ਨਹੀਂ। ਲੇਖਕ ਨੂੰ ਇਕ ਥਾਂ ਵਿਰਾਸਤੀ ਬੀਜਾਂ ਦੀ ਸਾਂਭ-ਸੰਭਾਲ ਬਾਰੇ ਪੜ੍ਹਨ ਦਾ ਮੌਕਾ ਮਿਲਦਾ ਹੈ। ਆਦਿਵਾਸੀ ਕਬੀਲੇ ਕਿਵੇਂ ਦੇਸੀ ਬੀਜਾਂ ਨੂੰ ਬਚਾਉਣ ਲਈ 'ਨਿਰਮਾਣ' ਨਾਂਅ ਦੀ ਸੰਸਥਾ ਚਲਾ ਰਹੇ ਹਨ। ਲੇਖਕ ਕਹਿੰਦਾ ਹੈ ਕਿ ਬੀਜ ਕੰਪਨੀਆਂ ਕਿਵੇਂ ਕੁਦਰਤੀ ਸਰੋਤਾਂ ਦਾ ਨਾਸ ਮਾਰ ਕੇ ਕੌਮਾਂਤਰੀਆਂ ਪੱਧਰ ਦੀਆਂ ਬੀਜ ਵੇਚਣ ਵਾਲੀਆਂ ਕੰਪਨੀਆਂ ਉੱਤੇ ਆਪਣੀ ਅਜਾਰੇਦਾਰੀ ਕਾਇਮ ਕਰ ਰਹੀਆਂ ਹਨ। ਆਪਣੀ ਗੱਲ ਨੂੰ ਠੋਸ ਰੂਪ ਵਿੱਚ ਕਰਨ ਲਈ ਲੇਖਕ ਮੱਧ ਪ੍ਰਦੇਸ਼ ਦੇ ਕਬਾਇਲੀਆਂ ਦਾ ਬਿਰਤਾਂਤ ਬਿਆਨ ਕਰਦਾ ਹੈ।

ਸਾਡੇ ਕੋਲ ਹੁਣ ਤੱਕ ਗਾਂਧੀ ਤੇ ਜਿਨਾਹ ਬਾਰੇ ਬਿਰਤਾਂਤ ਵਿਰੋਧ ਸੁਰ ਵਾਲਾ ਰਿਹਾ ਹੈ। ਲੇਖਕ ਨੇ ਕਾਨਜੀ ਦੁਆਰਕਾ ਦਾਸ ਦੀ ਕਿਤਾਬ 'ਗਾਂਧੀ ਥਰੂ ਮਾਈ ਡਾਇਰੀ ਲੀਵਸ' ਦੇ ਹਵਾਲੇ ਇਸ ਬਿਰਤਾਂਤ ਨੂੰ ਉਲਟਾ ਦਿੱਤਾ ਹੈ। ਆਪਣੇ ਲੇਖ ਵਿੱਚ ਲੇਖਕ ਨੇ ਦੋ ਘਟਨਾਵਾਂ ਨੂੰ ਬਿਆਨ ਕੀਤਾ ਹੈ, ਜਿਨ੍ਹਾਂ ਵਿੱਚ ਦੋਵੇਂ ਇਕ-ਦੂਜੇ ਪ੍ਰਤੀ ਪਿਆਰ ਤੇ ਸਨੇਹ ਦੀ ਭਾਵਨਾ ਰੱਖਦੇ ਹੋਏ ਵਿਚਰਦੇ ਹਨ। ਇਕ ਘਟਨਾ ਵਿੱਚ ਗਾਂਧੀ ਜਿਨਾਹ ਦਾ ਇਲਾਜ ਕੁਦਰਤੀ ਇਲਾਜ ਪ੍ਰਣਾਲੀ ਨਾਲ ਕਰਨ ਦੀ ਸਲਾਹ ਦਿੰਦਾ ਹੈ ਤੇ ਦੂਜੀ ਘਟਨਾ ਸਿੰਧ ਹਾਈ ਕੋਰਟ ਦੇ ਸਾਹਮਣਿਓਂ ਗਾਂਧੀ ਦੀ ਮੂਰਤੀ ਇਸ ਲਈ ਹਟਵਾ ਦਿੱਤੀ, ਤਾਂ ਕਿ ਦੰਗਾ ਕਰਨ ਵਾਲੇ ਉਸ ਦਾ ਨੁਕਸਾਨ ਨਾ ਕਰ ਦੇਣ, ਇਹੀ ਮੂਰਤੀ ਇਸਲਾਮਾਬਾਦ ਵਿਚ ਭਾਰਤੀ ਦੂਤਘਰ ਦੇ ਵਿਹੜੇ ਵਿੱਚ ਲੱਗੀ ਹੋਈ ਹੈ। ਦੂਜਾ ਪ੍ਰਸੰਗ 'ਨਹਿਰੂ ਜੁੱਗ ਦੀ ਇਕ ਗਾਥਾ' ਵਿੱਚ ਲੇਖਕ ਪੰਡਤ ਜਵਾਹਰ ਲਾਲ ਨਹਿਰੂ ਤੇ ਜੋਸ਼ ਮਲੀਹਾਬਾਦੀ ਦੀ ਦੋਸਤੀ ਦਾ ਪ੍ਰਸੰਗ ਲਿਖਦਾ ਹੈ, ਜਿਸ ਵਿੱਚ ਪੰਡਤ ਨਹਿਰੂ ਦੀ ਫਰਾਖ਼ਦਿਲੀ ਦਾ ਪਤਾ ਲੱਗਦਾ ਹੈ। ਵਿਕਟਰ ਹਿਊਗੋ, ਜੋ ਕਿ ਮਨੁੱਖਤਾ ਨੂੰ ਪਿਆਰ ਕਰਦਾ ਸੀ, ਉਹਦੇ ਬੁੱਤ ਨਾਲ ਵੱਖ-ਵੱਖ ਸੱਜੇ-ਪੱਖੀ ਸੋਚ ਦੇ ਧਾਰਨੀ ਉਸ ਪ੍ਰਤੀ ਨਸਲੀ ਟਿੱਪਣੀਆਂ ਕਰਕੇ ਲੋਕਾਂ ਵਿੱਚ ਭੜਕਾਹਟ ਪੈਦਾ ਕਰਦੇ ਹਨ, ਸਿੱਟੇ ਵਜੋਂ ਕੁਝ ਸ਼ਰਾਰਤੀ ਲੋਕ ਬੁੱਤ ਉੱਤੇ ਸਫ਼ੈਦ ਰੰਗ ਮਲ਼ ਦਿੰਦੇ ਹਨ। ਇਸ ਪ੍ਰਸੰਗ ਨੂੰ 'ਵਿਕਟਰ ਹਿਊਗੋ ਦੀ ਮੂਰਤੀ ਤੇ ਨਸਲੀ ਸੋਚ' ਤਹਿਤ ਲਿਖਿਆ ਹੈ। ਕਿਵੇਂ ਉਹਦੇ ਬੁੱਤ ਨੂੰ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜੋ ਮਨੁੱਖਤਾ ਲਈ ਪਿਆਰ ਦੀਆਂ ਬਾਤਾ ਪਾਉਂਦਾ ਰਿਹਾ ਸੀ। ਇਕ ਚੰਗੀ ਕਿਤਾਬ ਦੀ ਭਾਲ ਕਰਦਿਆਂ ਲੇਖਕ 'ਓਪਨ ਵੇਨਜ਼' ਕਿਤਾਬ ਦਾ ਜ਼ਿਕਰ ਕਰਦਾ ਹੈ, ਜੋ ਇਕ ਫ਼ੌਜੀ ਦੇ ਝੋਲੇ 'ਚੋਂ ਨਿਕਲੀ ਸੀ, ਜਿਸ ਵਿੱਚੋਂ ਗੋਲੀ ਲੰਘ ਜਾਂਦੀ ਹੈ। 'ਗੋਲੀ ਵਿੰਨ੍ਹੀ ਕਿਤਾਬ' ਤਹਿਤ ਲੇਖਕ ਐਦੂਆਰਦੋ ਗਲੋਨੀਓ ਦੀ ਕਿਤਾਬ ਬਾਰੇ ਇਕ ਰੌਚਿਕ ਪ੍ਰਸੰਗ ਸਾਂਝਾ ਕਰਦਾ ਹੈ।

ਢੀਂਗਰਾ ਹੁਰਾਂ ਨੇ ਭਾਸ਼ਾ ਤੇ ਸ਼ਬਦਾਂ ਬਾਰੇ ਵੀ ਕੁਝ ਪ੍ਰਸੰਗ ਲਿਖੇ ਹਨ। 'ਬੱਚਿਆਂ ਦਾ ਸ਼ਬਦ-ਕੋਸ਼' ਵਿੱਚ ਸਹਿਜ-ਸੁਭਾ ਬੱਚਿਆਂ ਵੱਲੋਂ ਕਹੇ ਸ਼ਬਦ ਅਹਿਮ ਹੋ ਜਾਂਦੇ ਹਨ। ਉਹ ਬੱਚਿਆਂ ਨੂੰ ਵੱਡੇ ਸ਼ਬਦ-ਕੋਸ਼ ਕਹਿੰਦਾ ਹੈ। ਇਕ ਚਿੰਤਕ ਐਦੂਆਰਦੋ ਗਲੇਨੀਓ ਦੇ ਹਵਾਲੇ ਨਾਲ ਉਹ ਬਜ਼ਾਰਵਾਦ ਦੀ ਚੁੰਗਲ ਵਿੱਚ ਫਸੇ ਮਨੁੱਖ ਦਾ ਜ਼ਿਕਰ ਕਰਦਾ ਹੈ, ਜੋ ਕਿ ਬਜ਼ਾਰ ਦਾ ਬੁਰੀ ਤਰ੍ਹਾਂ ਗ਼ੁਲਾਮ ਹੋ ਗਿਆ ਹੈ। ਇਸੇ ਪ੍ਰਸੰਗ ਵਿੱਚ ਸਮਕਾਲੀ ਰਾਜਨੀਤਕ ਵਰਤਾਰੇ ਉੱਤੇ ਟਿੱਪਣੀ ਵੀ ਕਰ ਜਾਂਦਾ ਹੈ। 'ਮਰ ਰਹੀ ਭਾਸ਼ਾ ਨੂੰ ਜੀਆਦਾਨ ਦਾ ਕਿੱਸਾ' ਲੇਖ ਵਿੱਚ ਲੇਖਕ ਮੇਗਨ ਸਪੇਸ਼ੀਆ ਦੀ ਉਸ ਭਾਸ਼ਾ 'ਮੈਂਕਸ' ਦਾ ਜ਼ਿਕਰ ਕਰਦਾ ਹੈ, ਜਿਸ ਨੂੰ ਯੂਨੈਸਕੋ ਨੇ ਮਰ ਰਹੀ ਭਾਸ਼ਾ ਵਿੱਚ ਦਰਜ ਕਰ ਲਿਆ ਸੀ। 'ਭਾਸ਼ਾ ਤੋਂ ਡਰਦੀ ਤਾਨਾਸ਼ਾਹੀ' ਲੇਖ ਵਿੱਚ ਲੇਖਕ ਕਹਿੰਦਾ ਹੈ ਕਿ ਸੱਤਾ ਕਿਵੇਂ ਕਿਸੇ ਭਾਸ਼ਾ ਨੂੰ ਮਾਰਨ ਦਾ ਉਪਰਾਲਾ ਕਰਦੀ ਹੈ। ਇਕ ਯਹੂਦੀ ਐੱਲ ਐੱਲ ਜੈਮਨੌਫ਼ ਇਕ ਅਜਿਹੀ ਭਾਸ਼ਾ ਦਾ ਸੁਪਨਾ ਵੇਖਦਾ ਹੈ, ਜਿਸ ਨੂੰ ਸਾਰੇ ਸਮਝ ਸਕਣ ਤੇ ਬੋਲ ਸਕਣ। ਇਸ ਲਈ ਉਹ 'ਐਸਪੇਰੈਂਟੋ' ਨਾਂਅ ਦੀ ਭਾਸ਼ਾ ਦਾ ਵਿਕਾਸ ਕਰਦਾ ਹੈ। ਜੈਮਨੌਫ਼ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਤਿੰਨ ਵਾਰ ਵਿਚਾਰਿਆ ਜਾਂਦਾ ਹੈ, ਪਰ ਇਨਾਮ ਨਹੀਂ ਮਿਲਦਾ। ਸੰਯੁਕਤ ਰਾਸ਼ਟਰ ਸੰਘ ਇਸ ਭਾਸ਼ਾ ਨੂੰ ਕੌਮਾਂਤਰੀ ਭਾਸ਼ਾ ਦਾ ਦਰਜਾ ਦੇਣ ਲਈ ਇਕ ਮਤਾ ਲੈ ਕੇ ਆਉਂਦਾ ਹੈ ਤੇ ਫਰਾਂਸ ਇਸ ਲਈ ਇਸ ਮਤੇ ਦਾ ਵਿਰੋਧ ਕਰਦਾ ਹੈ, ਕਿਉਂਕਿ ਇਸ ਨਾਲ ਫਰੈਂਚ ਦਾ ਮਹੱਤਵ ਘਟ ਜਾਵੇਗਾ। ਹਿਟਲਰ ਕਹਿੰਦਾ ਸੀ ਇਸ ਭਾਸ਼ਾ ਰਾਹੀਂ ਯਹੂਦੀ ਪੂਰੀ ਦੁਨੀਆ ਉੱਤੇ ਕਬਜ਼ਾ ਕਰ ਲੈਣਗੇ। ਇਸ ਦੇ ਬਾਵਜੂਦ ਇਸ ਨੂੰ ਬੋਲਣ ਵਾਲੇ 20 ਲੱਖ ਤੋਂ ਵੱਧ ਹਨ। ਜਿਵੇਂ ਕਿਸੇ ਭਾਸ਼ਾ ਨੂੰ ਜਿਉਂਦੇ ਰੱਖਣ ਲਈ ਮਨੁੱਖ ਯਤਨ ਕਰਦੇ ਰਹਿੰਦੇ ਹਨ, ਉਂਝ ਹੀ ਆਪਣੇ ਸੱਭਿਆਚਾਰ ਤੇ ਪਰੰਪਰਾਵਾਂ ਨੂੰ ਜਿਉਂਦੇ ਰੱਖਣ ਦੇ ਲਈ ਲੇਖਕ ਆਪਣੇ ਇਕ ਲੇਖ 'ਜਾਪਾਨ ਦਾ ਈਦੋ ਕਾਲ ਤੇ ਵਰਤਮਾਨ' ਵਿੱਚ ਈਦੋ ਕਾਲ ਦਾ ਜ਼ਿਕਰ ਕਰਦਾ ਹੈ। ਅਗਾਂਹ ਇਕ ਹੋਰ ਪ੍ਰਸੰਗ 'ਹਿੰਸਕ ਭਾਸ਼ਾਵਾਂ ਦਾ ਬੋਲਬਾਲਾ' ਵਿੱਚ ਭਾਸ਼ਾ ਦੇ ਮਸਲਿਆਂ ਨੂੰ ਮਾਰ ਦਿੱਤੀਆਂ ਜਾਣ ਵਾਲੀਆਂ ਭਾਸ਼ਾਵਾਂ ਦੇ ਸੰਦਰਭ ਵਿੱਚ ਕਿਵੇਂ ਪੇਸ਼ ਕੀਤਾ ਜਾਂਦਾ ਹੈ, ਇਸ ਪ੍ਰਸੰਗ ਵਿੱਚ ਲੇਖ ਵਿੱਚ ਲੇਖਕ ਸਿਆਹਫੇਮ ਲੇਖਕ ਟੋਨੀ ਮਾਰੀਸਨ ਦੀ ਕਹਾਣੀ ਬਿਆਨ ਕਰਦਾ ਹੈ। 'ਭਾਸ਼ਾਈ ਸਾਮਰਾਜਵਾਦ' ਲੇਖ ਵਿੱਚ ਸਾਡੇ ਦੇਸ਼ ਵਿੱਚ ਹਿੰਦੀ ਭਾਸ਼ਾਵਾਂ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਭਾਸ਼ਾ ਪ੍ਰਤੀ ਖੁੱਲ੍ਹਦਿਲੀ ਅਪਣਾਉਣ ਦੀ ਗੱਲ ਕੀਤੀ ਗਈ ਹੈ। ਮਿਜ਼ੋਰਮ ਦੀ ਮਰ ਰਹੀ ਭਾਸ਼ਾ ਨੂੰ ਬਚਾਉਣ ਦਾ ਉਪਰਾਲਾ ਕਰਨ ਵਾਲੇ ਇਕ ਲੇਖਕ ਜੇ. ਜਾਕੀਆ ਦਾ ਪ੍ਰਸੰਗ 'ਮਰ ਰਹੀ ਭਾਸ਼ਾ ਦੀ ਗਾਥਾ' ਬਾਰੇ ਰੌਚਿਕ ਬਿਰਤਾਂਤ ਹੈ।

ਲੇਖਕ ਨੇ 'ਸੁੱਕ ਰਹੇ ਤੇ ਗੰਧਲੇ ਦਰਿਆਵਾਂ ਦੀ ਪੁਕਾਰ' ਲੇਖ ਵਿੱਚ ਵਿਸ਼ਵ ਪੱਧਰ ਉੱਤੇ ਪਾਣੀਆਂ ਦੇ ਸੰਕਟ ਦੀ ਗੱਲ ਵੀ ਕੀਤੀ ਹੈ। ਮਰ ਰਹੀ ਭਾਸ਼ਾ ਦੇ ਨਾਲ ਲੇਖਕ ਨੇ 'ਗਿਰਝਾਂ-ਦੁਰਲੱਭ ਤੇ ਮਿੱਤਰ ਪੰਛੀ' ਲੇਖ ਵਿੱਚ ਮਰ ਤੇ ਲੁਪਤ ਹੋ ਰਹੀਆਂ ਗਿਰਝਾਂ ਬਾਰੇ ਵੀ ਇਕ ਰੌਚਿਕ ਰਿਪੋਰਟ ਦੇ ਹਵਾਲੇ ਨਾਲ ਕਰਦਾ ਹੈ, ਜੋ 'ਨਿਊਯਾਰਕ ਟਾਈਮਜ਼' ਵਿੱਚ ਛਪੀ ਹੁੰਦੀ ਹੈ। ਗਿਰਝਾਂ, ਜੋ ਕਿ ਮਰੇ ਹੋਏ ਜਾਨਵਰਾਂ ਨੂੰ ਖਾਂਦੀਆਂ ਹਨ, ਵਾਤਾਵਰਣ ਤੇ ਮਨੁੱਖ ਲਈ ਬੜੀਆਂ ਲਾਹੇਵੰਦ ਹਨ, ਹੁਣ ਲੁਪਤ ਹੋ ਗਈਆਂ ਹਨ। ਇਨ੍ਹਾਂ ਗਿਰਝਾਂ ਦੀ ਆਬਾਦੀ ਵਿੱਚ 99.9 ਫ਼ੀਸਦੀ ਗਿਰਾਵਟ ਆ ਗਈ ਹੈ। ਆਪਣੇ ਲੇਖ ਵਿੱਚ ਗਿਰਝਾਂ ਨਾਲ ਜੁੜੀਆਂ ਮਿੱਥਾਂ ਦਾ ਜ਼ਿਕਰ ਵੀ ਕਰਦਾ ਹੈ।

ਜਰਮਨੀ ਦੇ ਉੱਘੇ ਫ਼ਿਲਾਸਫ਼ਰ ਇਮੈਨੂਅਲ ਕਾਂਤ ਦੇ ਚੰਦਰਮਾ ਦੇ ਕਿੱਸੇ ਦੇ ਹਵਾਲੇ ਨਾਲ ਇਕ ਕਿੱਸਾ ਬਿਆਨ ਕਰਦਾ ਹੈ, ਜਿਸ ਵਿੱਚ ਕਾਂਤ ਦਾ ਬ੍ਰਹਿਮੰਡ ਨੂੰ ਦੇਣ ਜਾ ਜੋ ਫ਼ਲਸਫਾ ਬਣਦਾ ਹੈ, ਉਸ ਦਾ ਪ੍ਰਗਟਾਵਾ ਕੀਤਾ ਹੈ ਕਿ ਕਿਵੇਂ ਉਹ ਆਪਣੇ ਘਰ ਦੀ ਖਿੜਕੀ ਵਿੱਚੋਂ ਚੰਨ ਅਤੇ ਅਕਾਸ਼ ਘੰਟਿਆਂਬੱਧੀ ਵੇਖਦਾ ਰਹਿੰਦਾ ਹੈ। ਉਸ ਨੂੰ ਮਹਿਸੂਸ ਕਰਕੇ ਆਪਣੀ ਕਲਪਨਾ ਸ਼ਕਤੀ ਨਾਲ ਉਹ ਅਹਿਮ ਗੱਲਾਂ ਕਰ ਜਾਂਦਾ ਹੈ।

ਇਕ ਹੋਰ ਪ੍ਰਸੰਗ 'ਵਹੀਦਾ ਰਹਿਮਾਨ ਦਾ ਬਚਪਨ ਤੇ ਸਿਨੇਮਾ' ਵਿੱਚ ਉਸ ਵੱਲੋਂ ਲਿਖੀ ਆਪਣੇ ਫਿਲਮੀ ਸੰਘਰਸ਼ ਦੀ ਘਟਨਾ ਬਿਆਨ ਕੀਤੀ ਗਈ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਅਦਾਕਾਰੀ ਦੀ ਕਲਾ ਕਿਵੇਂ ਉੱਭਰ ਕੇ ਬਾਹਰ ਆਉਂਦੀ ਹੈ। ਫਿਲਮਕਾਰ ਰਿਸ਼ੀਕੇਸ਼ ਮੁਕਰਜੀ ਦੇ ਹਵਾਲੇ ਨਾਲ ਲੇਖਕ ਉਸ ਬਾਰੇ ਰੌਚਿਕ ਪ੍ਰਸੰਗ ਬਿਆਨ ਕਰਦਾ ਹੈ ਕਿ ਉਹ ਫਿਲਮਾਂ ਵਿੱਚ ਕਿਸ ਤਰ੍ਹਾਂ ਦਾ ਕੰਮ ਕਰਦਾ ਸੀ ਤੇ ਫਿਲਮਾਂ 'ਤੇ ਕਿੰਨੀ ਮਿਹਨਤ ਕਰਦਾ ਸੀ। 'ਫ਼ਿਲਮ ਅੰਦਰ ਫ਼ਿਲਮਾਂ' ਪ੍ਰਸੰਗ ਵਿੱਚ ਮਨੀ ਕੌਲ ਦੇ ਬਹਾਨੇ ਨਾਲ ਫਿਲਮਾਂ ਦੀ ਸਕਰਿਪਟ ਤੇ ਕਰੈਕਟਰ ਦੀ ਪੇਸ਼ਕਾਰੀ ਬਾਰੇ ਸੰਵਾਦ ਰਚਾਇਆ ਗਿਆ ਹੈ। ਇਕ ਹੋਰ ਪ੍ਰਸੰਗ 'ਵਿਠਲ ਰਾਵ ਉਰਫ਼ ਗ਼ਦਰ ਦਾ ਵਿਛੋੜਾ' ਦੇ ਪ੍ਰਸੰਗ ਵਿੱਚ ਦਲਿਤ ਪਰਵਾਰ ਵਿੱਚ ਜੰਮੇ ਇਨਕਲਾਬੀ ਗੀਤਕਾਰ ਵਿਠਲ ਰਾਵ ਉਰਫ਼ ਗ਼ਦਰ ਦੀ ਸੋਚ ਬਾਰੇ ਲਿਖਦਾ ਹੈ, ਜੋ ਕਿ ਆਪਣੀ ਨਕਸਲਬਾੜੀ ਮਾਓਵਾਦੀ ਸੋਚ ਤਿਆਗ ਕੇ ਅੰਤਲੇ ਦਿਨਾਂ 'ਚ ਅੰਬੇਡਕਰਵਾਦ ਤੇ ਮਾਰਕਸਵਾਦ ਨੂੰ ਜੋੜਨ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

'ਭੂਗੋਲ ਕਿਵੇਂ ਸਮੇਂ ਨਾਲ ਬਦਲਦਾ ਹੈ', 'ਨੀਲ ਦਰਿਆ ਆਪਣੇ ਵਹਿਣ ਨੂੰ ਕਿਵੇਂ ਮੋੜਾ ਦਿੰਦਾ ਹੈ', 'ਪਿਰਾਮਿਡਾਂ ਦੀ ਦੁਨੀਆ' ਲੇਖ ਵਿੱਚ ਰੌਚਿਕ ਬਿਰਤਾਂਤ ਸਿਰਜਦਾ ਹੈ। 13 ਏਕੜ ਵਿੱਚ ਫੈਲੇ ਇਨ੍ਹਾਂ ਪਿਰਾਮਿਡਾਂ ਦੀਆਂ ਭਾਰੀਆਂ ਤੇਈ ਲੱਖ ਸਲੈਬਾਂ ਕਿਵੇਂ ਰੇਗਿਸਤਾਨ ਤੋਂ ਨੀਲ ਦਰਿਆ ਦੇ ਤੱਟ ਤੱਕ ਲੈ ਕੇ ਆਂਦੀਆਂ ਹੋਣਗੀਆਂ। ਲੇਖਕ ਅਸਲ ਵਿੱਚ ਇਹ ਗੱਲ ਕਰਨੀ ਚਾਹੁੰਦਾ ਹੈ ਕਿ ਦਰਿਆ ਆਪਣੇ ਵਹਿਣ ਕਿਵੇਂ ਬਦਲਦੇ ਰਹਿੰਦੇ ਨੇ। 'ਪੌਦੇ ਵੀ ਬੋਲਦੇ ਹਨ' ਲੇਖ ਬੜਾ ਸੂਖਮ ਬਿਰਤਾਂਤ ਪੇਸ਼ ਕਰਦਾ ਹੈ ਕਿ ਪੌਦਿਆਂ ਵਿੱਚ ਇਕ-ਦੂਜੇ ਨੂੰ ਸਮਝਣ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਜ਼ਿੰਦਗੀ ਦੇ ਸ.ਫਰ ਦੀਆਂ ਪਰਤਾਂ ਦਾ ਦ੍ਰਿਸ਼ਟਾਂਤ

## ਵਰ੍ਹਿਆਂ ਕੋਲ ਰੁਕੇ ਪਲ

(ਨਿਬੰਧ ਸੰਗ੍ਰਹਿ)
**ਜਗਦੀਪ ਸਿੱਧੂ**
**ਪੰਨੇ : 87, ਕੀਮਤ : 200 ਰੁਪਏ**
**ਕੈਲੀਬਰ ਪਬਲੀਕੇਸ਼ਨ ਪਟਿਆਲਾ**



**ਸਾਹਿਤ ਚਿੰਤਨ**

**ਅਰਵਿੰਦਰ ਕੌਰ ਕਾਕੜਾ**

ਪੰਜਾਬੀ ਸਾਹਿਤ ਵਿੱਚ ਜਗਦੀਪ ਸਿੱਧੂ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਹ ਲਗਾਤਾਰ ਹੀ ਆਪਣੀ ਸਿਰਜਣਾ ਵਿੱਚ ਕਾਰਜਸ਼ੀਲ ਹੈ। ਉਹ ਆਪਣਾ ਸਾਹਿਤਕ ਸਫ਼ਰ ਗ਼ਜ਼ਲ ਸੰਗ੍ਰਹਿ 'ਅੱਗ ਦੇ ਰੰਗ' 2010 ਤੋਂ ਸ਼ੁਰੂ ਕਰਦਾ ਹੈ। ਉਸ ਤੋਂ ਬਾਅਦ ਉਹ ਲਗਾਤਾਰ ਹੀ ਵੱਖੋ-ਵੱਖਰੀਆਂ ਵਿਧਾਵਾਂ ਵਿੱਚ ਸਿਰਜਣਾ ਕਰ ਰਿਹਾ ਹੈ। ਜਗਦੀਪ ਸਿੱਧੂ ਇੱਕ ਕਵੀ, ਵਾਰਤਕਕਾਰ ਤੇ ਚੰਗਾ ਅਨੁਵਾਦ ਕਰਤਾ ਹੈ। ਉਸ ਦੀ ਸਿਰਜਣਾ ਕੋਲ ਸੂਖਮਤਾ, ਸਹਿਜਤਾ, ਸੰਵੇਦਨਾ ਤੇ ਸੁਹਜਤਾ ਹੈ। ਉਸ ਦੀ ਹਰ ਪੁਸਤਕ ਵੱਖਰਤਾ ਦੇ ਘੇਰੇ ਵਿੱਚ ਬੱਝਦੀ ਹੋਈ ਚਰਚਾ ਦਾ ਕਾਰਨ ਬਣਦੀ ਹੈ। ਜਗਦੀਪ ਲਗਾਤਾਰ ਪੰਜਾਬੀ ਟ੍ਰਿਬਿਊਨ ਵਿੱਚ ਨਿਬੰਧਕਾਰ ਵਜੋਂ ਛਪ ਰਿਹਾ ਹੈ। ਉਸ ਦੀ ਰੌਚਕ ਸ਼ੈਲੀ ਨਾਲ ਲਿਖੀ ਹੋਈ ਹਰ ਰਚਨਾ ਪਾਠਕਾਂ ਦਾ ਧਿਆਨ ਖਿੱਚਦੀ ਹੈ। ਉਹ ਪੰਜਾਬੀ ਪਾਠਕਾਂ ਲਈ ਨਿਬੰਧਾਂ ਦੀ ਪੁਸਤਕ 'ਵਰ੍ਹਿਆਂ ਕੋਲ ਰੁਕੇ ਪਲ' ਲੈ ਕੇ ਹਾਜ਼ਰ ਹੁੰਦਾ ਹੈ। ਇਸ ਪੁਸਤਕ ਦਾ ਸਿਰਲੇਖ ਆਪਣੇ ਆਪ 'ਚ ਦਿਲ ਖਿੱਚਵਾਂ ਹੈ ਕਿ ਵਰ੍ਹਿਆਂ ਵਿੱਚ ਕੈਦ ਅੰਦਰ ਜ਼ਿੰਦਗੀ ਸਫ਼ਰ ਦੇ ਵੱਖੋ-ਵੱਖਰੇ ਪੜਾਅ ਕਿਵੇਂ ਜਾਗਦੇ ਹਨ, ਇਨ੍ਹਾਂ ਅੰਦਰਲੀ ਹਿੱਲਜੁਲ ਨੂੰ ਮਾਪਣਾ ਹੀ ਇਸ ਪੁਸਤਕ ਦੀ ਖ਼ੂਬੀ ਬਣਦਾ ਹੈ। ਜਗਦੀਪ ਵਕਤ ਦੀ ਤੋਰ ਨੂੰ ਇਸ ਪੁਸਤਕ ਵਿੱਚ ਬੰਨ੍ਹਣ ਦਾ ਯਤਨ ਕਰਦਾ ਹੈ, ਜਿਸ ਵਿੱਚ ਜੀਵਨ ਵਿਚਲੀਆਂ ਧੁੱਪਾਂ ਤੇ ਛਾਵਾਂ ਦਾ ਆਪਸੀ ਅੰਤਰ ਸੰਬੰਧ ਵੇਖਿਆ ਜਾਵੇ। ਉਹ ਗੁਆਚੇ ਪਲਾਂ ਅਤੇ ਵਿਗੋਚੇ ਵਕਤ ਦੀ ਦਸ਼ਾ ਪਹਿਚਾਣਦਾ ਨਜ਼ਰ ਆਉਂਦਾ ਹੈ। ਇਹ ਬੀਤੇ ਪਲ ਉਸ ਦੀ ਸਿਰਜਣਾ ਵਿੱਚ ਹਾਜ਼ਰੀ ਲਗਵਾਉਂਦੇ ਹਨ, ਜਿਸ ਵਿੱਚ ਅਤੀਤ ਦੇ ਖੰਡਿਤ ਪਲ ਇਸ ਪੁਸਤਕ ਵਿੱਚ ਬੱਝਦੇ ਅਖੰਡਿਤ ਨਜ਼ਰ ਆਉਂਦੇ ਹਨ। ਜਦੋਂ ਲੇਖਕ ਦੀ ਸਿਰਜਣਾ ਵਿੱਚ ਕਿਤੇ ਵੀ ਖੜੋਤ ਨਾ ਝਲਕਦੀ ਹੋਵੇ, ਉਥੋਂ ਇਹ ਜ਼ਾਹਰ ਹੁੰਦਾ ਹੈ ਉਹ ਸਮੇਂ ਦੀ ਗਤੀਸ਼ੀਲਤਾ ਨੂੰ ਸਾਂਭਣ ਦਾ ਵਲ ਜਾਣਦਾ ਹੈ। ਜਗਦੀਪ ਨਿਬੰਧਾਂ ਨੂੰ ਸਿਰਜਦਾ ਹੀ ਨਹੀਂ, ਬਲਕਿ ਨਿਬੰਧ ਉਸ ਨੂੰ ਸਿਰਜਦੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਲੇਖਕ ਦੀ ਜੀਵਨ ਸ਼ੈਲੀ ਤੇ ਕਾਰਜਸ਼ੈਲੀ ਦਾ ਝਲਕਾਰਾ ਮਿਲਦਾ ਹੈ। ਲੇਖਕ ਇਨ੍ਹਾਂ ਵਿੱਚ ਖ਼ੁਦ ਹਾਜ਼ਰ ਹੁੰਦਾ ਹੈ, ਇਹ ਇਸ ਕਿਤਾਬ ਦੇ ਵਿੱਚੋਂ ਗੁਜ਼ਰਦਿਆਂ ਮਹਿਸੂਸ ਹੋਇਆ। ਇਸ ਵਿੱਚ ਯਾਦਾਂ, ਜ਼ਿੰਦਗੀ ਬਾਰੇ ਉਸ ਦੇ ਅਨੁਭਵ ਤੇ ਆਲੇ-ਦੁਆਲੇ ਦੇ ਪਲਾਂ ਦੇ ਸੰਵਾਦ ਹੈ। ਹਰ ਨਿਬੰਧਕਾਰ ਦੀ ਪਹਿਚਾਣ ਉਸ ਦੀ ਸ਼ੈਲੀ ਤੋਂ ਆਪ-ਮੁਹਾਰੇ ਸਾਹਮਣੇ ਆਉਂਦੀ ਹੈ। ਇਸੇ ਤਰ੍ਹਾਂ ਜਗਦੀਪ ਦੀ ਲੇਖਣੀ ਵਿਚਲੀ ਸਹਿਜਤਾ ਤੇ ਗੰਭੀਰਤਾ ਪਾਠਕ ਨੂੰ ਟੁੰਬਦੀ ਹੈ। ਇਸ ਸ਼ੈਲੀ ਦੀ ਇਹ ਖ਼ੂਬੀ ਹੈ ਕਿ ਜਗਦੀਪ ਆਪਣੇ ਅਨੁਭਵਾਂ ਨੂੰ ਬੰਨ੍ਹਣ ਲਈ ਆਪਣੀ ਸ਼ੈਲੀ ਨੂੰ ਆਪ ਸਿਰਜਦਾ ਹੋਇਆ ਆਪਣੇ ਮਨੋਭਾਵਾਂ ਨੂੰ ਬਾਖ਼ੂਬੀ ਦੇ ਨਾਲ ਰਚਨਾ ਦੇ ਵਿੱਚ ਪੇਸ਼ ਕਰਦਾ ਹੈ। ਉਸ ਦੀ ਵਾਰਤਕ ਤੇ ਕਵਿਤਾ ਸੋਸਮਈ ਧੁਨੀ ਤੋਂ ਮੁਕਤ ਹੁੰਦੀ ਹੈ। ਰਚਨਾ ਵਿਚਲੀ ਸੁਆਦਲੀ ਲਹਿ ਮਨ ਨੂੰ ਪ੍ਰਭਾਵਿਤ ਕਰਦੀ ਆਪਣੀ ਪਛਾਣ ਛੱਡ ਜਾਂਦੀ ਹੈ। ਪੁਸਤਕ "ਵਰ੍ਹਿਆਂ ਕੋਲ ਰੁਕੇ ਪਲ" ਦੇ ਚੌਵੀ ਨਿਬੰਧਾਂ ਵਿਚਲੀ ਖਾਸੀਅਤ ਇਹ ਹੈ ਕਿ ਇਹ ਪਾਠਕ ਦੀ ਜ਼ਿੰਦਗੀ ਦੇ ਕਿਸੇ ਅੰਸ਼ ਨਾਲ ਭਾਗੀਦਾਰੀ ਸਥਾਪਤ ਕਰਦੇ ਹਨ, ਇਹ ਨਿਬੰਧ ਤੁਹਾਨੂੰ ਆਪਣੇ ਮਹਿਸੂਸ ਹੁੰਦੇ ਹਨ। ਇਹ ਆਮ ਲੋਕਾਂ ਦੇ ਜੀਵਨ ਦੁਆਲੇ ਘੁੰਮਦੇ ਹੋਏ ਹਰ ਪਾਠਕ ਨਾਲ ਗਹਿਰੀ ਸੰਵੇਦਨਾ ਰੱਖਦੇ ਹਨ। ਇਹ ਨਿਬੰਧ ਭਾਵੇਂ ਅਕਾਰੋਂ ਛੋਟੇ ਹਨ, ਪਰ ਇਸ ਵਿੱਚ ਛੁਪੇ ਜ਼ਿੰਦਗੀ ਦੇ ਮਾਇਨੇ ਸਾਰਥਿਕ ਪੇਸ਼ ਹੋਏ ਹਨ। ਫੁੱਟਬਾਲ ਜਗਦੀਪ ਦੇ ਜੀਵਨ ਦਾ ਉਹ ਕੇਂਦਰੀ ਬਿੰਬ ਬਣ ਉੱਭਰਦਾ ਹੋਇਆ ਅਰਥਾਂ ਵਿੱਚੋਂ ਅਰਥ ਸਿਰਜਦਾ ਜੀਵਨ ਦੀਆਂ ਬਹੁਤ ਲੁਕਵੀਆਂ/ਅਲੁਕਵੀਆਂ ਰਾਹਾਂ ਦਾ ਸਿਰਨਾਵਾਂ ਬਣਦਾ ਹੈ। ਫੁੱਟਬਾਲ ਦੇ ਮੈਦਾਨ ਵਿਚਲੀਆਂ ਵਸਤਾਂ ਦੀ ਸਥੂਲਤਾ ਵੀ ਸੂਖਮਤਾ ਵਿੱਚ ਵੱਟਦੀ ਨਜ਼ਰ ਆਉਂਦੀ ਹੈ।

ਇਸ ਪੁਸਤਕ ਵਿੱਚ ਅੱਠ ਦੇ ਕਰੀਬ ਨਿਬੰਧ ਫੁੱਟਬਾਲ ਦੀ ਖੇਡ ਕੇਂਦਰਤ ਹਨ, ਜੋ ਗਰਾਊਂਡ ਤੋਂ ਸਮਾਜ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਕਠੋਰ ਹਾਲਤਾਂ ਦਾ ਅਨੁਭਵ ਵੀ ਕਰਵਾਉਂਦੇ ਹਨ। 'ਹੱਥ ਪੈਰ ਮਾਰਦਿਆਂ' ਨਿਬੰਧ ਵਿੱਚ ਫੁੱਟਬਾਲ ਖੇਡ ਦਾ ਚਿਤਰਣ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਤੁਸੀਂ ਇਸ ਖੇਡ ਦੇ ਚੰਗੀ ਤਰ੍ਹਾਂ ਜਾਣੂ ਹੋ ਜਾਂਦੇ ਹੋ। ਇਹ ਖੇਡ ਜੀਵਨ ਸਫ਼ਰ ਦੇ ਸੰਘਰਸ਼ੀ ਪਲਾਂ ਦਾ ਵੀ ਅਹਿਸਾਸ ਕਰਾਉਂਦੀ ਹੈ। ਇਸ ਸੰਘਰਸ਼ ਵਿੱਚ ਜੀਵਨ ਦੇ ਸੁਪਨਿਆਂ 'ਤੇ ਪੂਰੇ ਹੋਣ ਦਾ ਇੱਕ ਵੱਖਰਾ ਹੀ ਸੰਵਾਦ ਛਿਪਿਆ ਹੋਇਆ ਹੈ। ਉਹ ਜੀਵਨ ਨੂੰ ਖੇਡ ਦੇ ਫਲਸਫੇ ਨਾਲ ਸਮਝਦਾ ਹੈ ਤੇ ਰਚਨਾ ਵਿੱਚ ਅਭਿਵਿਅਕਤ ਕਰਦਾ ਹੈ।

ਫੁੱਟਬਾਲ ਤੇ ਕਲਮ ਨੂੰ ਨਾਲੋਂ-ਨਾਲ ਰੱਖਦਾ ਹੋਇਆ ਜਗਦੀਪ ਹਰ ਕਦਮ ਵਿੱਚ ਸਮਾਏ ਜੀਵਨ ਦੀ ਰਿਦਮ ਨੂੰ ਫੜਦਾ ਹੈ ਤੇ ਉਸ ਦਾ ਗੰਭੀਰਤਾ ਨਾਲ ਅਹਿਸਾਸ ਕਰਦਾ ਹੋਇਆ ਰਚਨਾ ਦੀ ਬੁਣਤੀ ਬੁਣਦਾ ਹੈ। ਉਹ ਢਹਿ ਰਹੇ ਘਰ ਤੇ ਬਣ ਰਹੇ ਮਕਾਨ ਨੂੰ ਸਮਾਨ ਅੰਤਰ ਰੱਖ ਕੇ ਦੇਖਦਾ ਹੋਇਆ ਜ਼ਿੰਦਗੀ ਦੇ ਕਈ ਰਿਸ਼ਤਿਆਂ ਨੂੰ ਨਾਲੋ-ਨਾਲ ਮਹਿਸੂਸਦਾ ਹੈ। 'ਢਹਿ ਰਿਹਾ ਘਰ, ਬਣ ਰਿਹਾ ਘਰ' ਨਿਬੰਧ ਵਿਚਲੀ ਸੰਵੇਦਨਾ ਇਨ੍ਹਾਂ ਨਿਬੰਧਾਂ ਦਾ ਸਿਖਰ ਬਣਦਾ ਹੈ। ਇਸ ਵਿਚਲੀਆਂ ਘਟਨਾਵਾਂ ਸਮੁੱਚੇ ਜੀਵਨ ਦੇ ਦੁੱਖ-ਸੁੱਖ ਦਾ ਅਹਿਸਾਸ ਬਣਦੀਆਂ ਹਨ। ਜ਼ਿੰਦਗੀ ਵਿੱਚ ਕੀ ਕੁਝ ਤਿੜਕਿਆ ਤੇ ਕੀ ਕੁਝ ਪਾਇਆ ਜਾਣ ਦਾ ਇਸ਼ਾਰਾ ਵੀ ਹੈ।

ਕੋਰੋਨਾ ਦੇ ਵਾਇਰਸ ਦੇ ਭੈਅ ਤੇ ਮਾਰ ਨੂੰ ਹੰਢਾਉਂਦਾ ਹੋਇਆ ਲੇਖਕ ਕਿਤੇ ਆਪਣਾ ਬਚਪਨ ਤੇ ਕਿਤੇ ਆਪਣੀ ਬੇਟੀ ਦਾ ਬਚਪਨ ਯਾਦ ਕਰਦਾ ਹੈ। ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਦੇਖਦਾ ਹੋਇਆ ਲੇਖਕ ਕਿਤੇ ਕਰੂਰ ਵਕਤ ਤੇ ਕਿਤੇ ਕਿਸਾਨੀ ਮਸਲਿਆਂ ਨੂੰ ਵਾਚਦਾ ਹੋਇਆ ਆਪਣੇ ਨਿਬੰਧਾਂ ਵਿੱਚ ਸਮਾਉਣ ਦੀ ਕੋਸ਼ਿਸ਼ ਵੀ ਕਰਦਾ ਹੈ। ਕਵੀ ਦੇਸ਼ ਵਿਚਲੀਆਂ ਲੜਾਈਆਂ ਦਾ ਜ਼ਿਕਰ ਕਰਦਾ, ਪੰਜਾਬ ਸੰਕਟ ਦੇ ਦਿਨ, ਅਜੋਕੇ ਫਾਸ਼ੀਵਾਦੀ ਦੌਰ ਵਿੱਚ ਜ਼ਿੰਦਗੀ ਦਾ ਜਿੱਤਾਂ ਤੇ ਹਾਰਾਂ ਨੂੰ ਦੱਸਦਾ ਪ੍ਰਤੀਤ ਹੁੰਦਾ ਹੈ 'ਜਿੱਤ' ਨਿਬੰਧ ਏਸੇ ਸੰਦਰਭ ਦੀ ਪੇਸ਼ਕਾਰੀ ਹੈ। ਵਾਹਗਾ ਬਾਰਡਰ ਪਾਰ ਕਰਕੇ ਉਧਰਲੇ ਤੇ ਇਧਰਲੇ ਪੰਜਾਬ ਅੰਦਰਲੀ ਲੇਖਕਾਂ ਦੀ ਭਾਈਚਾਰਕ ਸਾਂਝ ਲੇਖਕ ਨੂੰ ਕਵੀ ਹੋਣ 'ਤੇ ਮਾਣ ਮਹਿਸੂਸ ਕਰਵਾਉਂਦੀ ਹੈ। 'ਮੈਂ ਆਇਆ ਬਸ', 'ਇਹ ਦੁਨੀਆ ਉਹ ਦੁਨੀਆ', 'ਹੋਸਟਲ ਕਥਾ', 'ਜੀਵਨ ਸਫ਼ਰ', 'ਪੌੜੀਆਂ ਉਤਰਦੀ ਛਾਂ' ਆਦਿ ਨਿਬੰਧਾਂ ਦੇ ਵਿੱਚ ਕੁਝ ਖੱਟੀਆਂ ਤੇ ਕੁਝ ਮਿੱਠੀਆਂ ਯਾਦਾਂ ਹਨ, ਪਰ ਇਹਨਾਂ ਅੰਦਰ ਧੜਕਦੇ ਸੁਪਨਿਆਂ ਦੀ ਆਪਣੀ ਇੱਕ ਨਵੀਂ ਉਡਾਨ ਵੀ ਹੈ। 'ਯੇ ਮੇਰੇ ਸੁਪਨੇ ਯਹੀ ਤੋ ਹੈ ਅਪਨੇ' ਨਿਬੰਧ ਵਿੱਚ ਲੇਖਕ ਸੁਪਨਿਆਂ ਦੇ ਨਾਲ ਚੰਗਾ ਨਾਤਾ ਜੋੜਦਾ ਹੈ। ਸਿਹਤ ਪ੍ਰਬੰਧ ਪ੍ਰਤੀ ਸਰਕਾਰ ਦਾ ਨਾਂਹ-ਪੱਖੀ ਰਵੱਈਆ ਵੀ ਇਹਨਾਂ ਨਿਬੰਧਾਂ ਵਿੱਚੋਂ ਨਜ਼ਰ ਆਉਂਦਾ ਹੈ, ਅੱਗੇ ਰਾਹੀ ਰਾਹ ਪੁੱਛਦੇ..., 'ਦੁੱਖ ਰਹਿਣਾ ਹੀ ਹੈ?'... ਜੋ ਦਿਸ ਰਹੀਆਂ ਇਹ ਤਿਉੜੀਆਂ', 'ਟੂ-ਲੈਟ' ਆਦਿ ਨਿਬੰਧਾਂ ਵਿੱਚ ਜੀਵਨ ਦੇ ਕੁਝ ਨਿਵੇਕਲੇ ਅਨੁਭਵਾਂ ਦਾ ਅਹਿਸਾਸ ਹੈ ਤੇ ਕੁਝ ਨਿਬੰਧਾਂ ਵਿੱਚ ਕਵੀ ਆਪਣੇ ਕਵੀ ਦਰਬਾਰਾਂ ਦੇ ਅਹਿਸਾਸਾਂ ਦਾ ਵਰਣਨ ਵੀ ਕਰਦਾ ਹੈ। ਆਪਣੇ ਆਲੇ-ਦੁਆਲੇ ਦੇ ਸਧਾਰਨ ਵਰਤਾਰਿਆਂ ਨੂੰ ਵੇਖਣ/ਸਮਝਣ ਲਈ ਉਸ ਕੋਲ ਸੂਖਮ ਦ੍ਰਿਸ਼ਟੀ ਹੈ, ਜਿਸ ਕਰਕੇ ਵਾਪਰ ਰਿਹਾ ਕੁਝ ਵੀ ਉਹਦੇ ਲਈ ਸਾਧਾਰਨ ਨਹੀਂ ਬਣਦਾ।

ਸਮੁੱਚੇ ਰੂਪ ਵਿੱਚ ਇਸ ਪੁਸਤਕ ਦੀ ਖ਼ੂਬਸੂਰਤੀ ਜੀਵਨ ਦੀਆਂ ਰਮਜਾਂ ਨੂੰ ਥਾਹ ਪਾਉਣ ਦਾ ਅਹਿਸਾਸ ਕਰਵਾਉਣਾ ਹੈ। ਇਹ ਪੁਸਤਕ ਸਮਾਜ, ਸਮੇਂ ਤੇ ਸਿਰਜਣਾ ਦਾ ਆਪਸੀ ਅੰਤਰ ਸੰਬੰਧ ਇਸ ਤਰ੍ਹਾਂ ਉਲੀਕਦੀ ਹੈ ਕਿ ਪਾਠਕ ਇਹਦੇ ਨਾਲ ਤੁਰਦਾ ਹੋਇਆ ਸ਼ਬਦਾਂ ਦੇ ਖ਼ੂਬਸੂਰਤ ਭਾਵਾਂ ਵਿੱਚ ਵਹਿਣ ਲੱਗਦਾ ਹੈ।

ਜਗਦੀਪ ਚਾਹੇ ਫੁੱਟਬਾਲ ਦਾ ਮੈਦਾਨ ਵਾਚ ਰਿਹਾ ਹੋਵੇ, ਚਾਹੇ ਕਵਿਤਾ ਨਾਲ ਤੁਰ ਰਿਹਾ ਹੋਵੇ, ਚਾਹੇ ਘਰ ਵਿੱਚੋਂ ਨਿਕਲੇ ਰਾਹ ਦੀਆਂ ਪੈੜਾਂ ਮਾਪ ਰਿਹਾ ਹੋਵੇ, ਚਾਹੇ ਹਾਰ ਵਿੱਚੋਂ ਜਿੱਤ ਲੱਭ ਰਿਹਾ ਹੋਵੇ, ਚਾਹੇ ਵਰਤਮਾਨ ਵਿੱਚੋਂ ਅਤੀਤ, ਬੀਤੇ ਵਿੱਚੋਂ ਅੱਜ ਅਹਿਸਾਸ ਰਿਹਾ ਹੋਵੇ, ਉਹ ਨੀਰਸਤਾ ਵਿੱਚੋਂ ਵੀ ਹੁਲਾਸ ਤਲਾਸ਼ ਲੈਂਦਾ ਹੈ। ਉਹ ਅਜੋਕੇ ਵਰਤਾਰੇ ਦੇ ਕਰੂਰ ਅੰਸ਼ਾਂ ਦਾ ਪਾਰਖੂ ਹੈ ਤੇ ਮਨੁੱਖ ਦੀ ਮਾਨਸਿਕਤਾ ਵਿੱਚ ਪੈ ਰਹੇ ਬੋਝਲ, ਤ੍ਰਾਸਦਿਕ, ਨਾਂਹਪੱਖੀ ਤੇ ਮਾਰੂ ਪ੍ਰਛਾਵਿਆਂ ਨੂੰ ਬੜੀ ਸਹਿਜਤਾ ਨਾਲ ਲੈਂਦਾ ਹੋਇਆ ਇਸ ਦੇ ਦ੍ਰਿਸ਼ਟਾਂਤਾਂ ਤੇ ਅਨੁਭਵਾਂ ਨੂੰ ਟੁੰਬਦੀ ਸ਼ੈਲੀ ਵਿੱਚ ਗੁੰਦਦਾ ਹੈ। ਜਗਦੀਪ ਵਾਰਤਕ ਦੇ ਖੇਤਰ 'ਚ ਇਹ ਇਕ ਸੁਹਿਰਦ, ਵਿਲੱਖਣ ਤੇ ਮਿਆਰੀ ਸਿਰਜਣਾ ਕਰਦਾ ਨਜ਼ਰ ਆਉਂਦਾ ਹੈ। ਕਿਤੇ-ਕਿਤੇ ਇਹ ਨਿਬੰਧ ਸੰਸਮਰਣ ਤੇ ਕਿਤੇ ਸਵੈ ਜੀਵਨੀ ਦੇ ਅੰਸ਼ ਪ੍ਰਤੀਤ ਹੁੰਦੇ ਹਨ। ਇਸ ਪੁਸਤਕ ਦੀ ਵਿਲੱਖਣਤਾ ਇਹ ਹੈ ਕਿ ਇਹ ਪਾਠਕ ਨੂੰ ਸ਼ੁਰੂ ਤੋਂ ਅਖੀਰ ਤੱਕ ਆਪਣੇ ਨਾਲ ਤੋਰਦੀ ਹੈ। ਏਹੀ ਮੀਰੀ ਗੁਣ ਕਾਰਨ ਇਹ ਨਿਬੰਧ ਆਪਣੀ ਸਪੇਸ ਧਾਰਨ ਕਰਦੇ ਹਨ। ਸਹਿਜ, ਸੁਹਜਮਈ ਅਹਿਸਾਸਾਂ ਦੇ ਵੇਰਵਿਆਂ ਨਾਲ ਸਾਂਝ ਪਵਾਉਣਾ ਹੀ ਇਸ ਪੁਸਤਕ ਦਾ ਹਾਸਲ ਹੈ।



# ਪੁਸਤਕ ਰੀਵਿਊ



## ਲੂਣ ਦਾ ਜਜ਼ੀਰਾ

**(ਨਾਵਲ)**
**ਜਸਬੀਰ ਭੁੱਲਰ**
**ਪੰਨੇ : 128, ਮੁੱਲ : 300 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**



ਨਿੱਕੇ ਹੁੰਦਿਆਂ, ਬਾਤ ਸੁਣਦਾ-ਸੁਣਦਾ ਮੈਂ ਬਾਤ ਦਾ ਹੀ ਹੋ ਜਾਂਦਾ ਸਾਂ, ਬਾਤ ਵਿੱਚ ਤੁਰਨ ਲੱਗ ਪੈਂਦਾ ਸਾਂ, ਕਲਪਨਾ ਵਿੱਚ ਬਾਤ ਨੂੰ ਜਿਉਣ ਲੱਗ ਪੈਂਦਾ ਸਾਂ। ਬਾਤ ਮੁੱਕਣ ਪਿੱਛੋਂ ਵੀ ਮੁੱਕਦੀ ਨਹੀਂ ਸੀ। ਉਹ ਬਾਤਾਂ ਹੁਣ ਵੀ ਤੁਰ ਰਹੀਆਂ ਨੇ ਮੇਰੇ ਅੰਦਰ।... ਇਹ ਨਾਵਲ ਲਿਖਣ ਵੇਲੇ ਮੇਰੇ ਕੋਲ ਠੋਸ ਜ਼ਮੀਨ ਨਹੀਂ ਸੀ। ਮੇਰੀ ਨਿਰਭਰਤਾ ਕਲਪਨਾ ਦੇ ਜਲੌਅ ਉੱਤੇ ਸੀ। ਉਦੋਂ ਕਲਪਨਾ ਨੇ ਵੀ ਯਥਾਰਥ ਨਾਲੋਂ ਵੱਡੇ ਹੋਣ ਦੀ ਸ਼ਾਹਦੀ ਭਰੀ ਸੀ। ਅੰਬਰ ਵੱਲ ਦੀ ਮੇਰੀ ਉਡਾਣ ਦਾ ਵਕਤ ਸ਼ੁਰੂ ਹੋ ਚੁੱਕਿਆ ਸੀ। ਕਲਪਨਾ ਨੇ 'ਲੂਣ ਦਾ ਜਜ਼ੀਰਾ' ਨਾਵਲ ਲਈ ਸਮੁੰਦਰ ਵੀ ਸਿਰਜ ਦਿੱਤਾ ਤੇ ਜਹਾਜ਼ ਵੀ। ਜਿਸ ਟਾਪੂ ਉੱਤੇ ਲੂਣ ਪੀਹਣ ਵਾਲੀ ਚੱਕੀ ਡਿੱਗ ਪਈ ਸੀ, ਉੱਥੇ ਲੂਣ ਦੇ ਅੰਬਾਰ ਲੱਗ ਗਏ ਸਨ। ਉਨ੍ਹਾਂ ਅੰਬਾਰਾਂ ਨੇ ਅਨੋਖੀਆਂ ਘਟਨਾਵਾਂ ਨੂੰ ਜਨਮ ਦੇ ਦਿੱਤਾ ਹੈ ਤੇ ਮਨੁੱਖ ਦੇ ਕਿਰਦਾਰ ਦੇ ਨੈਣ-ਨਕਸ਼ ਵੀ ਉਜਾਗਰ ਕੀਤੇ ਹਨ। ਇਹਨਾਂ ਸ਼ਬਦਾਂ ਨਾਲ ਨਾਵਲਕਾਰ ਜਸਬੀਰ ਭੁੱਲਰ ਇਸ ਨਾਵਲ ਦੀ ਭੂਮਿਕਾ ਲਿਖਦਾ ਹੈ ਅਤੇ ਇਸ ਨਾਵਲ ਦੀ ਸਿਰਜਣਾ ਬਾਰੇ ਦੱਸਦਾ ਹੈ। ਇਹ ਪੁਸਤਕ ਵੈਸੇ ਤਾਂ ਇਕ ਨਾਵਲ ਹੈ, ਅਜਿਹਾ ਨਾਵਲ ਜੋ ਨਿਰੋਲ ਕਲਪਨਾ 'ਤੇ ਅਧਾਰਿਤ ਹੈ। ਇਸ ਦਾ ਕਥਾਨਕ ਇਕ ਪਰੀ ਕਹਾਣੀ ਵਾਂਗ ਹੈ ਅਤੇ ਅਲਫ਼-ਲੈਲਾ ਵਿਚਲੀਆਂ ਪਰੀ ਕਹਾਣੀਆਂ ਦਾ ਵਿਸਥਾਰ ਹੀ ਹੈ। ਜੰਨਤ ਜਜ਼ੀਰੇ ਦੀ ਕਹਾਣੀ ਜਦ ਸ਼ੁਰੂ ਹੁੰਦੀ ਹੈ ਤਾਂ ਮਕਸੂਦ ਨਾਂਅ ਦਾ ਇਕ ਵਿਅਕਤੀ ਅਲਫ਼-ਲੈਲਾ ਦੀ ਕਿਤਾਬ ਵਿੱਚੋਂ ਨਿਕਲ ਕੇ ਸਮੁੰਦ ਜਹਾਜ਼ੀ ਦੇ ਪੁੱਤ ਆਲਮ ਜਹਾਜ਼ੀ ਦੇ ਮਹਿਲ ਵਿੱਚ ਪੁੱਜਦਾ ਹੈ। ਕਲਪਨਾ ਦੇ ਘੋੜੇ ਸਿਰਜਨਾਤਮਕਤਾ ਨੂੰ ਨਾਲ ਲੈ ਸਰਪਟ ਦੌੜਦੇ ਹਨ, ਜਦ ਮਕਸੂਦ ਆਲਮ ਨੂੰ ਦੱਸਦਾ ਹੈ, ਤਾਂ ਵੀ ਕੀ ਐ?... ਸ਼ਬਦ ਹਮੇਸ਼ਾ ਖਲੋਤੇ ਹੋਏ ਤਾਂ ਨਹੀਂ ਹੁੰਦੇ ਨਾ। ਸ਼ਬਦ ਤੁਰਦੇ ਵੀ ਨੇ। ਪਤੈ! ਇਕ ਦਿਨ ਅਲਫ਼-ਲੈਲਾ ਕਿਤਾਬ ਖੁੱਲ੍ਹੀ ਪਈ ਹੋਈ ਸੀ। ਮੈਂ ਸਰਕ ਕੇ ਹਾਸ਼ੀਏ ਤੱਕ ਚਲਿਆ ਗਿਆ ਤੇ ਫਿਰ ਉਥੋਂ ਬੁੜ੍ਹਕ ਕੇ ਬਾਹਰ ਆ ਗਿਆ। ਤੈਨੂੰ ਮਿਲਣਾ ਜ਼ਰੂਰੀ ਜਾਪਿਆ ਸੀ। ਆਲਮ ਦੇ ਨਾਲ਼-ਨਾਲ਼ ਪਾਠਕ ਦੀ ਜਿਗਿਆਸਾ ਵਧਦੀ ਜਾਂਦੀ ਹੈ। ਆਲਮ ਉਸ ਨੂੰ ਜਵਾਬ ਦਿੰਦਾ ਹੈ, ਮੈਂ ਜਾਨਣਾ ਵਾਂ ਸ਼ਬਦਾਂ ਵਿੱਚ ਸਾਹ ਹੁੰਦੇ ਨੇ, ਸੰਗੀਤ ਵੀ ਲੁਕਿਆ ਹੁੰਦੈ। ਸ਼ਬਦ ਮਰਦੇ ਨਹੀਂ। ਜਿਊਂਦੇ ਰਹਿੰਦੇ ਨੇ ਹਮੇਸ਼ਾ। ਮੈਂ ਵੀ ਕੁਝ-ਕੁਝ ਜਾਨਣਾ ਵਾਂ ਉਹਨਾਂ ਬਾਰੇ, ਪਰ ਇਸ ਬਾਤਚੀਤ ਦੇ ਬਾਵਜੂਦ ਇਹ ਪਤਾ ਨਹੀਂ ਲੱਗਦਾ ਕਿ ਮਕਸੂਦ ਕੌਣ ਹੈ ਅਤੇ ਉਸ ਮਹਿਲ ਵਿੱਚ ਕਿਉਂ ਆਇਆ ਹੈ। ਉਸ ਦੇ ਅੱਬੂ ਵੇਲੇ ਤੋਂ ਉਸ ਦੇ ਜਹਾਜ਼ 'ਤੇ ਕੰਮ ਕਰਦੇ ਜਲਾਲ ਨੂੰ ਸੱਦਿਆ ਜਾਂਦਾ ਹੈ ਤਾਂ ਉਸ ਲਾਲਸਾ ਦੀ ਚੱਕੀ ਬਾਰੇ ਪਤਾ ਲੱਗਦਾ ਹੈ, ਜੋ ਹਰ ਸਮੇਂ ਲੂਣ ਪੀਹ-ਪੀਹ ਕੇ ਢੇਰ ਲਾ ਦਿੰਦੀ ਹੈ। ਲਾਲਸਾਵੱਸ ਮਕਸੂਦ ਉਸ ਚੱਕੀ ਨੂੰ ਬੰਦ ਕਰਨ ਵਾਲਾ ਮੰਤਰ ਭੁੱਲ ਜਾਂਦਾ ਹੈ ਤੇ ਫਿਰ ਇਹੀ ਚੱਕੀ ਉਸ ਲਾਲਸਾ ਕਾਰਨ ਪ੍ਰਾਪਤ ਹੋਣ ਵਾਲੇ ਹਰ ਮਾੜੇ ਨਤੀਜੇ ਦਾ ਕਾਰਨ ਬਣਦੀ ਹੈ। ਨਾਵਲਕਾਰ ਲਿਖਦਾ ਹੈ, ਉਹ ਚੱਕੀ ਮਨੁੱਖ ਦੀਆਂ ਲਾਲਸਾਵਾਂ ਦੀ ਚੱਕੀ ਸੀ। ਉਹ ਚੱਕੀ ਲੂਣ ਦੇ ਰੂਪ ਵਿਚ ਲਾਲਸਾਵਾਂ ਪੈਦਾ ਕਰ ਰਹੀ ਸੀ। ਆਦਮੀ ਦੇ ਮਨ ਨੂੰ ਸਬਰ-ਸੰਤੋਖ ਦਾ ਮੰਤਰ ਭੁੱਲਿਆ ਹੋਇਆ ਸੀ। ਉਸ ਚੱਕੀ ਨੇ ਮਨੁੱਖ ਦੇ ਜੀਵਨ ਨੂੰ ਖਾਰਾ ਕਰ ਦਿੱਤਾ ਸੀ। ਮਿੱਠਾ ਨਹੀਂ ਸੀ ਰਹਿਣ ਦਿੱਤਾ। ਸੋਚਿਆ, ਹਰ ਹੋਸ਼ਮੰਦ ਆਦਮੀ ਨੂੰ ਕਹਾਂ, ਉਸ ਚੱਕੀ ਦੇ ਲੂਣ ਤੋਂ ਆਪਣੇ ਆਪ ਨੂੰ ਬਚਾਵੇ।

ਇਸੇ ਕਾਰਨ ਪਹਿਲਾਂ-ਪਹਿਲ ਇਸ ਨਾਵਲ ਦੇ ਬਾਲ ਨਾਵਲ ਹੋਣ ਦਾ ਭੁਲੇਖਾ ਪੈਂਦਾ ਹੈ। ਇਸ ਨਾਵਲ ਵਿੱਚ ਪਰੀ ਕਹਾਣੀਆਂ ਦੇ ਕਿਰਦਾਰ ਹਨ, ਜਿਸ ਕਾਰਨ ਅਜਿਹਾ ਹੋਣਾ ਵਾਜਿਬ ਵੀ ਹੈ, ਪਰ ਜਿਵੇਂ-ਜਿਵੇਂ ਪਾਠਕ ਇਸ ਨਾਵਲ ਨੂੰ ਪੜ੍ਹਦਾ ਹੈ, ਉਸ ਇਸ ਨਾਵਲ ਦੇ ਅਸਲ ਮਕਸਦ ਤੋਂ ਜਾਣੂ ਹੁੰਦਾ ਹੈ। ਇਸ ਨਾਵਲ ਵਿੱਚ ਜਸਬੀਰ ਭੁੱਲਰ ਦੀ ਕਲਪਨਾ ਅਸਲ ਵਿੱਚ ਮਨੁੱਖਤਾ ਨੂੰ ਉਹਨਾਂ ਅਮਨੁੱਖੀ ਵਰਤਾਰਿਆਂ ਨੂੰ ਸਮਝਣ ਵਿੱਚ ਸਹਾਈ ਹੁੰਦੀ ਹੈ, ਜਿਸ ਕਾਰਨ ਭਵਿੱਖ ਵਿੱਚ ਮਨੁੱਖਤਾ ਦੀ ਹੋਂਦ ਨੂੰ ਵੀ ਖ਼ਤਰਾ ਹੋ ਸਕਦਾ ਹੈ। ਨਾਵਲਕਾਰ ਨੇ ਮਨੁੱਖ ਦੀ ਲਾਲਸਾ ਕਾਰਨ ਪੈਦਾ ਹੋਏ ਹਾਲਾਤ ਲਾਜਵਾਬ ਢੰਗ ਨਾਲ਼ ਪ੍ਰਤੀਕਾਂ ਦੀ ਮਦਦ ਨਾਲ਼ ਬਿਆਨ ਕੀਤੇ ਹਨ। ਨਾਵਲ ਦੇ ਮੁੱਖ ਕਿਰਦਾਰ ਆਲਮ ਦੇ ਲੂਣ ਦੇ ਜਜ਼ੀਰੇ ਵਿੱਚ ਪਹੁੰਚਣ ਅਤੇ ਇਥੇ ਪੀਣ ਲਈ ਪਾਣੀ ਨਾ ਮਿਲਣ ਦੀ ਘਟਨਾ ਨੂੰ ਇਸ ਸੰਬੰਧ ਵਿੱਚ ਵੇਖਿਆ ਜਾ ਸਕਦਾ ਹੈ। ਪਾਠਕ ਇਸ ਬਿਰਤਾਂਤ ਨੂੰ ਪੜ੍ਹ ਕੇ ਭਵਿੱਖ ਦੀ ਉਸ ਹਾਲਤ ਨੂੰ ਚੰਗੀ ਤਰ੍ਹਾਂ ਕਿਆਸ ਸਕਦਾ ਹੈ, ਜੋ ਧਰਤੀ ਹੇਠਲੇ ਪਾਣੀ ਦੇ ਖ਼ਤਮ ਹੋ ਜਾਣ ਸਮੇਂ ਹੋਵੇਗਾ ਅਤੇ ਉਸ ਤਲਾਸ਼ ਵੱਲ ਵਧਦੇ ਕਦਮਾਂ ਦੀ ਇਕ ਪ੍ਰਤੱਖ ਉਦਾਹਰਣ ਇਸ ਨਾਵਲ ਵਿੱਚ ਪ੍ਰਤੀਕ ਬਣ ਉੱਭਰੀ ਹੈ। ਉਹ ਚਿੱਟੇ ਥੱਲ ਵੱਲ ਤੁਰ ਪਿਆ। ਥੱਲ ਉੱਤੇ ਦਿਸਹੱਦੇ ਤੱਕ ਫੈਲਿਆ ਹੋਇਆ। ਚਿੱਟਾ ਚੂਰਾ ਨਿਰਾ ਲੂਣ ਸੀ। ਕਿਤੇ ਹੋਣੀ ਉਹਨੂੰ ਲੂਣ ਦੇ ਜਜ਼ੀਰੇ ਉੱਤੇ ਹੀ ਤਾਂ ਨਹੀਂ ਸੀ ਲੈ ਆਈ। ਆਲਮ ਦੇ ਪੈਰਾਂ ਹੇਠਾਂ ਲੂਣ ਸੀ। ਉਹਦੇ ਅਗਲੇ ਪੈਂਡੇ ਉੱਤੇ ਵੀ ਲੂਣ ਸੀ। ਉਹ ਫੇਰ ਵੀ ਤੁਰਿਆ ਗਿਆ। ਆਲਮ ਦੇ ਪੀਣ ਲਈ ਪਾਣੀ ਕਿਧਰੇ ਹੋਵੇ, ਨਾ ਹੋਵੇ, ਪਾਣੀ ਦੀ ਆਸ ਫੇਰ ਵੀ ਸੀ। ਉਹਨੇ ਲੂਣ ਵਿੱਚ ਖਲੋਤੇ ਹੋਏ ਕੁਝ ਰੁੱਖ ਵੇਖੇ। ਉਹ ਰੁੱਖ ਸੁੱਕੇ ਹੋਏ ਸਨ ਤੇ ਵਕਤ ਦੇ ਨਾਲ਼ ਕਾਲੇ ਪਏ ਹੋਏ ਸਨ। ਬਹੁਤ ਦੇਰ ਤੱਕ ਤੁਰਦੇ ਰਹਿਣ ਪਿੱਛੋਂ ਉਸ ਨੂੰ ਜਾਪਿਆ, ਪੂਰਾ ਜਜ਼ੀਰਾ ਹੀ ਲੂਣ ਦਾ ਸੀ।

ਨਾਵਲ ਦੇ ਇਕ ਹੋਰ ਨਾਵਲਕਾਰ ਨੇ ਇਕ ਅਜਿਹੀ ਰਾਜਨੀਤਕ ਹਾਲਤ ਚਿਤਰੀ ਹੈ, ਜੋ ਇਸ ਦੇਸ਼ ਦੇ ਰਾਜਨੀਤਕ ਵਰਤਾਰੇ ਨੂੰ ਪੂਰੀ ਤਰ੍ਹਾਂ ਬਿਆਨ ਕਰਦੀ ਹੈ। ਨਾਵਲਕਾਰ ਲਿਖਦਾ ਹੈ, ਰਾਜ ਵਿਚ ਬੜਾ ਕੁਝ ਅਣਸੁਖਾਵਾਂ ਅਤੇ ਅਣਕਿਆਸਿਆ ਹੋ ਰਿਹਾ ਸੀ। ਜਾਲ ਬੁਣੇ ਜਾ ਰਹੇ ਸਨ। ਰੁਤਬੇਵਾਨ ਆਪ-ਹੁਦਰੀਆਂ ਕਰਨ ਲੱਗ ਪਏ ਸਨ। ਬਰਾੜਾ ਮਹਿਜ਼ ਇਕ ਨਾਮ ਸੀ। ਉਸ ਵਰਗੇ ਕਈ ਸਨ, ਜਿਨ੍ਹਾਂ ਨੇ ਰਾਜ ਦਾ ਕਾਨੂੰਨ ਛਿੱਕੇ ਟੰਗਿਆ ਹੋਇਆ ਸੀ। ਰਾਜ ਦੇ ਲੋਕ ਧੁਖ ਰਹੇ ਸਨ। ਧੂੰਆਂ ਫੈਲ ਰਿਹਾ ਸੀ। ਕੁਝ ਲੋਕ ਉਸ ਧੂੰਏਂ ਨੂੰ ਮਾਮੂਲੀ ਧੁੰਦ ਕਹਿ ਕੇ ਹੱਸ ਪੈਂਦੇ ਸਨ। ਜੇ ਉਹ ਧੁੰਦ ਵੀ ਸੀ ਤਾਂ ਨਿੱਤ ਦਿਨ ਸੰਘਣੀ ਹੋ ਰਹੀ ਸੀ। ਉਸ ਧੁੰਦ ਵਿਚ ਧੁੱਪ ਵਾਲੇ ਦਿਨ ਗੁਆਚ ਰਹੇ ਸਨ।

ਜਲਾਲ, ਮਕਸੂਦ, ਗੁਲਾਬ, ਬਰਾੜਾ ਅਤੇ ਖਾਲਿਦ ਵਰਗਾ ਇਸ ਨਾਵਲ ਦਾ ਹਰ ਕਿਰਦਾਰ ਹੀ ਖ਼ਿਆਲਾਂ, ਸੁਪਨਿਆਂ ਤੇ ਹਕੀਕਤ ਦੇ ਦਰਮਿਆਨ ਇੱਕ ਕੜੀ ਦਾ ਕੰਮ ਕਰਦਾ ਹੈ। ਜ਼ਿੰਦਗੀ ਦੇ ਰੰਗਾਂ ਨੂੰ ਪੇਸ਼ ਕਰਨਾ ਅਤੇ ਆਪਣੇ ਮੰਤਵ ਜਾਂ ਮਕਸਦ ਨੂੰ ਬਿਹਤਰ ਅੰਜਾਮ ਦੇਣਾ ਹੀ ਚੰਗੇ ਨਾਵਲ ਦਾ ਹਾਸਲ ਹੈ। ਕਥਾ ਰਸ, ਬਿਰਤਾਂਤ, ਪਾਤਰ ਉਸਾਰੀ ਤੇ ਪਾਤਰਾਂ ਦੇ ਅਨੁਕੂਲ ਦਿਲਚਸਪ ਭਾਸ਼ਾ ਇਸ ਨਾਵਲ ਦੇ ਗੁਣ ਹੀ ਸਿੱਧ ਹੁੰਦੇ ਹਨ। ਇਸ ਨਾਵਲ ਵਿੱਚ ਨਾਵਲਕਾਰ ਨੇ ਹਕੀਕੀ ਗੱਲਾਂ ਦਾ ਖ਼ਿਆਲ ਕਰਦਿਆਂ ਪ੍ਰਤੀਕਮਈ ਭਾਸ਼ਾ ਦਾ ਵੀ ਸੋਹਣਾ ਪ੍ਰਯੋਗ ਕੀਤਾ ਹੈ। ਪਾਠਕਾਂ ਵੱਲੋਂ ਇਸ ਨਾਵਲ ਦੇ ਅਸਲ ਮਕਸਦ ਨੂੰ ਸਮਝਣਾ ਹੀ ਇਸ ਨਾਵਲ ਦੀ ਅਸਲ ਸਫ਼ਲਤਾ ਸਿੱਧ ਹੋਵੇਗੀ।

**- ਡਾ. ਸੰਦੀਪ ਰਾਣਾ**

# ਸੱਜਰਾ ਸਾਹਿਤ

## ਆਓ ਰਲ਼-ਮਿਲ ਸੋਚੀਏ



(ਲੇਖ ਸੰਗ੍ਰਹਿ)
-ਪ੍ਰਭਜੋਤ ਕੌਰ ਢਿੱਲੋਂ
ਸਫੇ : 122, ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ

ਆਪਣੇ ਆਸ-ਪਾਸ ਹੁੰਦਾ ਵੇਖਿਆ ਅਤੇ ਬਹੁਤ ਕੁਝ ਆਪ ਸਰਕਾਰੀ ਦਫ਼ਤਰਾਂ ਵਿੱਚ ਭੁਗਤਿਆ। ਸਮਾਜ ਵਿੱਚ ਅਤੇ ਅਸੀਂ ਸਾਰੇ ਬਹੁਤ ਕੁਝ ਇੱਕੋ ਜਿਹੀਆਂ ਸਮੱਸਿਆਵਾਂ ਨਾਲ ਜੂਝਦੇ ਹਾਂ। ਰਿਸ਼ਵਤ, ਭ੍ਰਿਸ਼ਟਾਚਾਰ, ਦਫ਼ਤਰਾਂ ਵਿੱਚ ਖੱਜਲ-ਖੁਆਰੀ, ਰਿਸ਼ਤਿਆਂ ਦੀ ਟੁੱਟ ਭੱਜ, ਮਾਪਿਆਂ ਦੀ ਦੁਰਦਸ਼ਾ, ਬਿਰਧ ਆਸ਼ਰਮਾਂ ਦੀ ਵਧਦੀ ਗਿਣਤੀ, ਵਿਦੇਸ਼ਾਂ ਨੂੰ ਜਾ ਰਹੇ ਨੌਜਵਾਨ, ਦਹੇਜ ਲਈ ਬਣੇ ਕਾਨੂੰਨ ਦੀ ਦੁਰਵਰਤੋਂ ਆਦਿ ਵਿਸ਼ਿਆਂ 'ਤੇ ਮੈਂ ਲਿਖਿਆ। ਅਸਲ ਵਿੱਚ ਇਹ ਸਾਰਾ ਕੁਝ ਸਾਡੇ ਆਸਪਾਸ ਹੋ ਰਿਹਾ ਹੈ ਅਤੇ ਅਸੀਂ ਭੁਗਤਦੇ ਵੀ ਹਾਂ।

**-ਦੋ ਸ਼ਬਦ 'ਚੋਂ**

**ਜਗੀਰ ਸਿੰਘ ਜਗਤਾਰ**
**ਦੇ ਸੰਪਾਦਕੀ ਲੇਖਾਂ ਦੀ ਦ੍ਰਿਸ਼ਟੀ ਤੋਂ**

## 'ਅਜੋਕੇ ਸਮੇਂ ਦੀ ਤੋਰ'



**ਸੰਕਲਨ ਕਰਤਾ ਅਤੇ ਸੰਪਾਦਕ**
**ਬਲਦੇਵ ਸਿੰਘ 'ਬੱਦਨ'**
**ਸਫੇ : 154, ਮੁੱਲ : 300 ਰੁਪਏ**
**ਨਵਰੰਗ ਪਬਲੀਕੇਸ਼ਨ, ਸਮਾਣਾ**

ਜਗਤਾਰ ਦੀ ਪੱਤਰਕਾਰੀ, ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਉਪਰ ਅਧਾਰਿਤ ਹੈ। ਉਹ ਅਜਿਹਾ ਪੱਤਰਕਾਰ ਹੈ, ਜੋ ਖਰੀਦਿਆਂ ਨਹੀਂ ਜਾ ਸਕਦਾ। ਅਜੇ ਤੱਕ ਉਸ ਨੇ ਝੂਠੀ ਖ਼ਬਰ ਬਿਆਨਬਾਜ਼ੀ ਅਤੇ ਸੰਪਾਦਕੀ ਕਦੇ ਵੀ ਝੂਠ ਉਪਰ ਅਧਾਰਤ ਨਹੀਂ ਛਾਪੀ। ਉਸ ਨੇ ਕਿਸੇ ਰਾਜਨੀਤਕ ਪਾਰਟੀ, ਧਾਰਮਿਕ ਜਥੇਬੰਦੀ ਦਾ ਪ੍ਰਤੀਨਿਧ ਬਣਕੇ ਝੂਠ ਅਧਾਰਿਤ ਪੱਤਰਕਾਰੀ ਨਹੀਂ ਕੀਤੀ। ਉਸ ਦੀ ਸਾਹਿਤਕਾਰੀ ਵੀ ਕਮਾਲ ਦੀ ਹੈ। ਕੋਈ ਜੋ ਲੇਖਕ ਉਸ ਕੋਲ ਆ ਕੇ ਆਪਣਾ ਆਰਥਿਕ ਰੋਣਾ ਰੋਂਦਾ ਹੈ, ਤਾਂ 'ਜਗਤਾਰ' ਉਸ ਦੇ ਹੌਸਲੇ ਨੂੰ ਡਿਗਣ ਨਹੀਂ ਦਿੰਦਾ।

**-ਡਾ. ਬਲਦੇਵ ਸਿੰਘ 'ਬੱਦਨ'**

## ਲੋਕ ਕਾਵਿ-ਰੂਪ : ਰੰਗ



(ਸੰਪਾਦਨ ਤੇ ਸਮੀਖਿਆ)
**ਡਾ. ਹਰਨੇਕ ਸਿੰਘ ਹੇਅਰ**
**ਸਫੇ : 288, ਮੁੱਲ : 286 ਰੁਪਏ**
**ਅਲਖ ਪ੍ਰਕਾਸ਼ਨ, ਜਲੰਧਰ**

ਲੋਕ ਕਾਵਿ ਰੂਪ 'ਰੰਗ' ਦਾ ਸੰਪਾਦਨ ਕਰਦਿਆਂ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਦੇ ਮੌਲਿਕ ਸਰੂਪ (ਜਿਹਾ ਕਿ ਅਖਾੜਾ ਗਾਇਕਾਂ ਪਾਸੋਂ ਪ੍ਰਾਪਤ ਹੋਇਆ ਹੈ) ਨੂੰ ਬਰਕਰਾਰ ਰੱਖਿਆ ਜਾਵੇ, ਪਰ ਰਾਗੀਆਂ ਦੀ ਯਾਦ ਸ਼ਕਤੀ ਦੀ ਸਮਰਥਾ/ਅਸਮਰੱਥਾ ਕਾਰਨ ਇਨ੍ਹਾਂ ਦੇ ਪਾਠਾਂ ਵਿੱਚ ਚੋਖਾ ਅੰਤਰ ਮਿਲਦਾ ਹੈ। ਭਾਵੇਂ ਕਿ ਰਾਗੀ 'ਰੰਗ' ਤੋਂ ਪਹਿਲਾ ਅਕਸਰ ਪ੍ਰਸੰਗ ਵੀ ਸੁਣਾਉਂਦਾ ਹੈ, ਪਰ ਇਹ ਪ੍ਰਸੰਗ ਰਾਗੀਆਂ ਦੀ ਸਿਰਜਣਾ ਹੁੰਦੇ ਹਨ ਨਾ ਕਿ ਸ਼ਾਇਰੀਆਂ (ਕਵੀਆ) ਦੀ। ਸ਼ਾਇਰੀਆਂ ਦੇ ਰੰਗਾਂ ਦੀ ਮੌਲਿਕਤਾ ਨੂੰ ਬਰਕਰਾਰ ਰੱਖਣ ਦੇ ਯਤਨ ਸਦਕਾ ਰੰਗਾਂ ਦੇ ਪ੍ਰਸੰਗਾ ਨੂੰ ਇਨ੍ਹਾਂ ਵਿੱਚ ਸੁਚੇਤ ਤੌਰ 'ਤੇ ਸ਼ਾਮਲ ਨਹੀਂ ਕੀਤਾ ਗਿਆ। ਸੰਪਾਦਨ ਕਰਤਾ ਨੇ ਇਥੇ ਰੰਗਾਂ ਦੇ ਸਿਰਜਕਾਂ ਬਾਰੇ ਵੀ ਮੁੱਢਲੀ ਜਾਣਕਾਰੀ ਬਚੇ ਖੁਚੇ ਸਰੋਤਾਂ ਤੋਂ ਇਕੱਤ੍ਰਿਤ ਕਰਨ ਲਈ ਸਿਰ ਤੋੜ ਯਤਨ ਕੀਤਾ ਹੈ ਜੋ ਉਸ ਨੂੰ ਇਨ੍ਹਾਂ ਰਾਗੀਆਂ ਪਾਸੋਂ ਪ੍ਰਾਪਤ ਹੋਈ ਹੈ। ਤੇਜ਼ੀ ਨਾਲ ਸੁੱਕ ਰਹੇ ਸਰੋਤਾਂ ਤੋਂ ਅਜਿਹੀ ਮੁੱਲਵਾਨ ਜਾਣਕਾਰੀ ਪ੍ਰਾਪਤ ਕਰਨਾ ਸਾਡਾ ਸਭਨਾਂ ਦਾ ਨੈਤਿਕ ਫਰਜ਼ ਹੈ।

**-ਹਰਨੇਕ ਸਿੰਘ ਹੇਅਰ (ਡਾ.)**

## ਹੋਇ ਗਈ ਪਰਭਾਤ



(.ਗਜ਼ਲ ਸੰਗ੍ਰਹਿ)
**ਪੰਜਾਬ ਸਿੰਘ 'ਮੋਹਸਿਨ'**
**ਸਫੇ : 128, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਆਪਣੀ ਅਣਹੋਂਦ ਦਾ ਜਸ਼ਨ, ਇਹ ਮੋਮਿਨ ਜਾਂ ਕਾਫਿਰ ਹੋਣ ਤੋਂ ਬਹੁਤ ਦੂਰ ਦੀ ਗੱਲ ਹੈ। ਇਹ ਚੁੱਪ ਤੇ ਮੌਨ ਦੇ ਵਿੱਚੋਂ ਪ੍ਰਗਟ ਹੁੰਦੀ ਹੈ ਤੇ ਨਵੇਂ ਦਿਸਹੱਦਿਆਂ ਤੱਕ ਫੈਲਦੀ ਚਲੀ ਜਾਂਦੀ ਹੈ। ਆਪਣੀ ਕਵਿਤਾ ਬਾਰੇ ਲਿਖਣ ਲੱਗਿਆ ਮੇਰੇ ਹੱਥ ਕੰਬਣ ਲੱਗ ਜਾਂਦੇ ਹਨ ਤੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਕਿਉਂਕਿ ਮੈਂ ਤਾਂ ਸਿਰਫ਼ ਇੱਕ ਜ਼ਰੀਆ ਹਾਂ, ਗੀਤ ਤਾਂ ਅਸਤਿਤਵ ਦਾ ਹੈ ਤੇ ਉਸ ਦੁਆਰਾ ਹੀ ਗਾਇਆ ਜਾ ਰਿਹਾ ਹੈ। ਇੱਕ ਬੰਸਰੀ ਦਾ ਧੁਨ ਨਾਲ ਕੀ ਸੰਬੰਧ ਹੋ ਸਕਦਾ ਹੈ, ਜਿਸਦੀਆਂ ਉਂਗਲਾਂ ਉਸ ਉਪਰ ਖੇਡਦੀਆਂ ਹਨ ਅਸਲ ਵਿੱਚ ਹੀ ਰਾਗ, ਲੈ ਅਤੇ ਇਸ ਦੇ ਪ੍ਰਭਾਵ ਤੋਂ ਜਾਣੂ ਹੁੰਦਾ ਹੈ। ਸੋ ਮੇਰੀ ਕੋਸ਼ਿਸ਼ ਹੈ ਕਿ ਪਾਠਕ ਉਸ ਸ਼ਕਤੀ ਨਾਲ ਸਿੱਧਾ ਰੂ-ਬ-ਰੂ ਹੋ ਸਕੇ, ਬਿਨਾ ਮੈਨੂੰ ਵਿਚਾਲਿਉਂ ਦੇਖਿਆ।

**-ਮੋਹਸਿਨ**

# ਭੋਲਾ ਸਿੰਘ ਸੰਘੇੜਾ ਦੀ ਪੁਸਤਕ 'ਸ਼ਬਦਕਾਰ' 'ਤੇ ਗੋਸ਼ਟੀ



**ਬਰਨਾਲਾ**-ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਗੋਬਿੰਦ ਬਾਂਸਲ ਚੈਰੀਟੇਬਲ ਟਰੱਸਟ ਧਰਮਸ਼ਾਲਾ ਵਿਖੇ ਭੋਲਾ ਸਿੰਘ ਸੰਘੇੜਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸ਼ਬਦਕਾਰ' 'ਤੇ ਗੋਸ਼ਟੀ ਕਰਵਾਈ ਗਈ। ਪੁਸਤਕ 'ਤੇ ਪੇਪਰ ਪੜ੍ਹਦਿਆਂ ਹਰਦੀਪ ਕੁਮਾਰ ਨੇ ਕਿਹਾ ਕਿ ਸੰਘੇੜਾ ਨੇ ਦਰਅਸਲ ਬਰਨਾਲਾ ਦੀ ਸਾਹਿਤਕ ਲਹਿਰ ਦੇ 25 ਮੋਢੀ ਲੇਖਕਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਵਿਚ ਇਕ ਦਸਤਾਵੇਜ਼ ਸਾਡੇ ਅੱਗੇ ਪੇਸ਼ ਕੀਤਾ ਹੈ, ਜਿਸ ਤੋਂ ਸੇਧ ਲੈ ਕੇ ਕੋਈ ਵੀ ਲੇਖਕ ਕਿਸੇ ਰਚਨਾਕਾਰ ਬਾਰੇ ਵਿਸਥਾਰ ਵਿਚ ਕੰਮ ਕਰ ਸਕਦਾ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਇਸ ਪੁਸਤਕ ਦੀ ਆਪਣੀ ਵਿਸ਼ੇਸ਼ਤਾ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਨਵੇਂ ਲੇਖਕ ਇਸ ਲੜੀ ਨੂੰ ਅੱਗੇ ਵਧਾਉਣਗੇ। ਪਰਗਟ ਸਿੰਘ ਸਿੱਧੂ ਅਤੇ ਕਰਮ ਸਿੰਘ ਮਾਨ ਦਾ ਮੱਤ ਸੀ ਕਿ ਇਸ ਪੁਸਤਕ ਦਾ ਮਹੱਤਵ ਇਸ ਕਰਕੇ ਵੀ ਹੈ ਕਿ ਕਈ ਅਣਗੌਲੇ ਕਲਮਕਾਰਾਂ ਬਾਰੇ ਪਾਠਕਾਂ ਨੂੰ ਪਹਿਲੀ ਵਾਰ ਜਾਣਕਾਰੀ ਹਾਸਲ ਹੁੰਦੀ ਹੈ। ਓਮ ਪ੍ਰਕਾਸ਼ ਗਾਸੋ, ਸੀ. ਮਾਰਕੰਡਾ ਅਤੇ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਹ ਪੁਸਤਕ ਦੱਸਦੀ ਹੈ ਕਿ ਸਾਹਿਤ ਦੀ ਦੁਨੀਆ ਵਿਚ ਉੱਚਾ ਮੁਕਾਮ ਹਾਸਲ ਕਰਨ ਲਈ ਇਹਨਾਂ ਲੇਖਕਾਂ ਨੂੰ ਕਿਵੇਂ ਲਗਾਤਾਰ ਮਿਹਨਤ ਕਰਨੀ ਪਈ। ਡਾ. ਹਰਿਭਗਵਾਨ, ਤਰਸੇਮ ਅਤੇ ਡਾ. ਹਰੀਸ਼ ਨੇ ਕਿਹਾ ਕਿ ਭਵਿੱਖ ਵਿਚ ਇਹ ਪੁਸਤਕ ਰੈਫਰੈਂਸ ਕਿਤਾਬ ਦਾ ਰੁਤਬਾ ਹਾਸਲ ਕਰੇਗੀ। ਵਿਚਾਰ-ਵਟਾਂਦਰੇ ਵਿਚ ਡਾ. ਭੁਪਿੰਦਰ ਸਿੰਘ ਬੇਦੀ, ਡਾ. ਰਾਮ ਪਾਲ ਸ਼ਾਹਪੁਰੀ, ਦਰਸ਼ਨ ਚੀਮਾ, ਪ੍ਰੋ. ਚਤਿੰਦਰ ਸਿੰਘ ਰੁਪਾਲ, ਤੇਜਿੰਦਰ ਚੰਡਿਹੋਕ, ਜਗਤਾਰ ਜਜ਼ੀਰਾ ਅਤੇ ਸੁਦਰਸ਼ਨ ਗੁੱਡੂ ਨੇ ਵੀ ਭਾਗ ਲਿਆ।ਇਸ ਮੌਕੇ ਹੋਏ ਕਵੀ ਦਰਬਾਰ ਵਿਚ ਰਾਮ ਸਰੂਪ ਸ਼ਰਮਾ, ਹਾਕਮ ਰੂੜੇਕੇ, ਸੁਖਵਿੰਦਰ ਸਿੰਘ ਸਨੇਹ, ਲਛਮਣ ਦਾਸ ਮੁਸਾਫਿਰ ਅਤੇ ਪਾਲ ਸਿੰਘ ਲਹਿਰੀ ਆਦਿ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ।ਮੰਚ ਸੰਚਾਲਨ ਪ੍ਰੋ. ਚਤਿੰਦਰ ਸਿੰਘ ਰੁਪਾਲ ਨੇ ਬਾਖੂਬੀ ਨਿਭਾਇਆ।

# ਸਤਨਾਮ ਸਿੰਘ ਸ਼ੌਕਰ ਤੇ ਪਰਦੀਪ ਸਿੰਘ ਨੂੰ 'ਪਾਠਕ ਪੁਰਸਕਾਰ' ਦੇਣ ਦਾ ਐਲਾਨ

**ਜਲੰਧਰ** : ਪੰਜਾਬੀ ਸਾਹਿਤਕ ਸਭਿਆਚਾਰਕ ਵਿਚਾਰ ਮੰਚ, ਸਰੀ, ਬੀ. ਸੀ. ਤੇ ਆਦਾਰਾ 'ਕਹਾਣੀ ਧਾਰਾ' ਵੱਲੋਂ ਦਿੱਤੇ ਜਾਣ ਵਾਲੇ 'ਪਾਠਕ ਪੁਰਸਕਾਰ' ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਲ 2025 ਦੇ ਲਈ ਸਾਹਿਤ ਦੇ ਦੋ ਪਾਠਕ ਸਤਨਾਮ ਸਿੰਘ ਸ਼ੌਕਰ ਤੇ ਪਰਦੀਪ ਸਿੰਘ ਦੀ ਚੋਣ ਕੀਤੀ ਗਈ ਹੈ। ਇਹ ਪੁਰਸਕਾਰ ਨਿਰੋਲ ਪਾਠਕਾਂ ਨੂੰ ਦਿੱਤਾ ਜਾ ਰਿਹਾ ਹੈ, ਲੇਖਕ-ਪਾਠਕ ਨੂੰ ਨਹੀਂ । ਪੁਰਸਕਾਰ ਦੇ ਕਨਵੀਨਰ ਭਗਵੰਤ ਰਸੂਲਪੁਰੀ ਨੇ ਦੱਸਿਆ ਕਿ ਪਹਿਲੀ ਵਾਰ ਪੰਜਾਬੀ ਵਿੱਚ 'ਪਾਠਕ ਪੁਰਸਕਾਰ' ਦਿੱਤੇ ਜਾ ਰਹੇ ਹਨ । ਇਸ ਪੁਰਸਕਾਰ ਵਿੱਚ ਨਗਦ ਰਾਸ਼ੀ, ਸਨਮਾਨ ਪੱਤਰ ਤੇ ਕਿਤਾਬਾਂ ਦਾ ਇਕ ਸੈੱਟ ਦਿੱਤਾ ਜਾਵੇਗਾ । ਇਹ ਪੁਰਸਕਾਰ ਸਮਾਗਮ ਵਿਰਸਾ ਵਿਹਾਰ ਜਲੰਧਰ ਵਿਖੇ ਮਿਤੀ 28 ਮਾਰਚ, 2025, ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 3 ਵਜੇ ਆਰੰਭ ਹੋਣ ਜਾ ਰਹੇ ਸਮਾਗਮ ਵਿੱਚ ਦਿੱਤੇ ਜਾਣਗੇ । ਇਸ ਸਮਾਗਮ ਵਿੱਚ 'ਪੁਸਤਕ ਸਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ' ਵਿਸ਼ੇ 'ਤੇ ਦੋ ਵਿਦਵਾਨ ਲੇਖਕਾਂ ਡਾ. ਬਲਦੇਵ ਸਿੰਘ 'ਬੱਦਨ' ਤੇ ਪ੍ਰੋ. ਸੁਰਜੀਤ ਜੱਜ ਦੇ ਲੈਕਚਰ ਰੱਖੇ ਗਏ ਹਨ।





'ਪਾਠਕ ਪੁਰਸਕਾਰ' ਲਈ ਪਾਠਕਾਂ ਦੀ ਪਛਾਣ ਕਰਨ ਲਈ ਉਨ੍ਹਾਂ ਕੋਲੋਂ ਪਾਠਕ ਹੋਣ ਦੇ ਵੇਰਵੇ ਨਿਯਮ ਤੇ ਸ਼ਰਤਾਂ ਤਹਿਤ ਮੰਗੇ ਗਏ ਸਨ । ਤਕਰੀਬਨ ਦੋ ਦਰਜਨ ਪਾਠਕਾਂ ਨੇ ਆਪਣੇ ਵੇਰਵੇ ਲਿਖ ਕੇ ਭੇਜੇ। ਉਨ੍ਹਾਂ ਵਿੱਚੋਂ ਦੋ ਗੰਭੀਰ ਕਿਸਮ ਦੇ ਪਾਠਕਾਂ ਦੀ ਚੋਣ ਕੀਤੀ ਗਈ । ਪਹਿਲੇ ਪਾਠਕ ਖਰੜ ਦੇ ਨਜ਼ਦੀਕ ਇਕ ਪਿੰਡ ਦੇ ਸਤਨਾਮ ਸਿੰਘ ਸ਼ੌਕਰ ਪਿਛਲੇ ਪੰਜ ਦਹਾਕਿਆਂ ਤੋਂ ਪੁਸਤਕਾਂ ਤੇ ਰਸਾਲੇ ਪੜ੍ਹਦੇ ਆ ਰਹੇ ਹਨ ਤੇ ਉਨ੍ਹਾਂ ਦੀ ਨਿੱਜੀ ਲਾਇਬਰੇਰੀ ਵਿੱਚ 45000 ਦੇ ਕਰੀਬ ਕਿਤਾਬਾਂ ਹਨ । ਉਹ ਨਵੀਆਂ ਛਪ ਰਹੀਆਂ ਪੁਸਤਕਾਂ ਤੇ ਸਮਕਾਲੀ ਰਸਾਲਿਆਂ ਨਾਲ ਨਿਰੰਤਰ ਜੁੜੇ ਹੋਏ ਹਨ। ਦੂਜੇ ਪਾਠਕ ਫਿਲੌਰ ਦੇ ਨਜ਼ਦੀਕ ਇਕ ਪਿੰਡ ਦੇ ਪਰਦੀਪ ਸਿੰਘ ਪਿਛਲੇ ਚਾਰ ਦਹਾਕਿਆਂ ਤੋਂ ਪੁਸਤਕਾਂ ਤੇ ਸਮਕਾਲੀ ਰਸਾਲੇ ਪੜ੍ਹਦੇ ਆ ਰਹੇ ਹਨ ਤੇ ਉਨ੍ਹਾਂ ਦੀ ਨਿੱਜੀ ਲਾਇਬਰੇਰੀ ਵਿੱਚ 5000 ਦੇ ਕਰੀਬ ਕਿਤਾਬਾਂ ਹਨ । ਉਹ ਵੀ ਨਵੀਂ ਛਪੀ ਕਿਤਾਬ ਖਰੀਦ ਕੇ ਪੜ੍ਹਦੇ ਆ ਰਹੇ ਹਨ। ਪੁਰਸਕਾਰ ਦੇ ਸੰਚਾਲਕ ਅਮਰਜੀਤ ਚਾਹਲ ਤੇ ਸਰਬਜੀਤ ਹੁੰਦਲ ਦਾ ਕਹਿਣਾ ਹੈ ਕਿ ਜਦੋਂ ਅਜੋਕੇ ਸਮੇਂ ਵਿੱਚ ਲੇਖਕ ਵੱਧ ਰਹੇ ਤੇ ਪਾਠਕ ਘੱਟ ਰਹੇ ਹੋਣ ਉਦੋਂ ਅਜਿਹੇ ਪੁਰਸਕਾਰਾਂ ਦੀ ਸਾਰਥਕਤਾਂ ਹੋਰ ਵੀ ਵੱਧ ਜਾਂਦੀ ਹੈ। ਨਵੇਂ ਪਾਠਕ ਪੈਦਾ ਕਰਨ ਲਈ ਇਹ ਪੁਰਸਕਾਰ ਅਸੀਂ ਆਰੰਭ ਕੀਤਾ ਹੈ।

# ਗ਼ਜ਼ਲਗੋ ਜਸਵਿੰਦਰ ਨਾਲ ਰੂ-ਬ-ਰੂ

**ਪਟਿਆਲਾ** : ਬੀਤੇ ਦਿਨੀਂ ਸਾਹਿਤਕਾਰਾਂ ਦੇ ਕਮਰੇ ਵਿੱਚ ਅੱਜਕੱਲ੍ਹ ਕੈਨੇਡਾ ਰਹਿੰਦੇ ਪੰਜਾਬੀ ਸ਼ਾਇਰ ਜਸਵਿੰਦਰ ਨਾਲ ਰੂਬਰੂ ਪ੍ਰੋਗਰਾਮ ਕੀਤਾ ਗਿਆ। ਜਸਵਿੰਦਰ ਨੇ ਆਪਣੇ ਰੂਬਰੂ ਵਿਚ ਬੋਲਦਿਆਂ ਜਿੱਥੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਭਰਵੀਂ ਗੱਲਬਾਤ ਕੀਤੀ, ਉਥੇ ਪੰਜਾਬੀ ਗ਼ਜ਼ਲ ਦੀ ਤਕਨੀਕ ਨਾਲ ਜੁੜੇ ਨੁਕਤਿਆਂ ਬਾਰੇ ਵੀ ਵਿਸਥਾਰਪੂਰਵਕ ਗੱਲਬਾਤ ਕੀਤੀ। ਉਨ੍ਹਾਂ ਆਪਣੀ ਰਚਨਾ ਦੀ ਆਧਾਰਸ਼ਿਲਾ ਉਹਨਾਂ ਸਮਿਆਂ ਨੂੰ ਕਿਹਾ, ਜਦੋਂ ਨਕਸਲਬਾੜੀ ਲਹਿਰ ਦਾ ਪ੍ਰਭਾਵ ਅਤੇ ਵਿਦਿਆਰਥੀ ਯੂਨੀਅਨਾਂ ਕਿਰਿਆਸ਼ੀਲ ਸਨ। ਅਜਿਹੇ ਸਮਿਆਂ ਵਿੱਚ ਇੱਕ ਸ਼ਾਇਰ ਦੀ ਸੰਵੇਦਨਾ ਕਿਸ ਤਰ੍ਹਾਂ ਆਕਾਰ ਲੈਂਦੀ ਹੈ ਅਤੇ ਸੰਵਾਦ ਕਰਦੀ ਹੈ। ਏਸੇ ਸੰਵੇਦਨਾ ਵਿੱਚੋਂ ਉਨ੍ਹਾਂ ਨੇ ਆਪਣੀ ਗਜ਼ਲ ਦੇ ਪੈਦਾ ਹੋਣ ਬਾਰੇ ਅਤੇ ਉਸ ਅੰਦਰ ਪਏ ਫਿਲਾਸਫੀਕਲ ਗੁਣ ਬਾਰੇ ਗੱਲਾਂ ਕੀਤੀਆਂ। ਉਨ੍ਹਾਂ ਨਵੀਂ ਪੀੜ੍ਹੀ ਦੇ ਗਜ਼ਲ ਲਿਖਣ ਵਾਲਿਆਂ ਨੂੰ ਅਧਿਐਨ ਅਤੇ ਅਭਿਆਸ 'ਤੇ ਜ਼ੋਰ ਦੇਣ ਲਈ ਕਿਹਾ। ਪੰਜਾਬੀ ਗ਼ਜ਼ਲ ਸਕੂਲਾਂ ਬਾਰੇ ਵੀ ਜਦੋਂ ਉਨ੍ਹਾਂ ਨੂੰ ਸੁਆਲ ਕੀਤਾ ਤਾਂ ਉਨ੍ਹਾਂ ਨੇ ਗ਼ਜ਼ਲ ਸਕੂਲਾਂ ਨੂੰ ਸਿਰਫ ਤਕਨੀਕ 'ਤੇ ਜ਼ੋਰ ਦੇਣ ਵਾਲੀਆਂ ਸੰਸਥਾਵਾਂ ਕਿਹਾ, ਜਿਹੜੀਆਂ ਗਜ਼ਲ ਦੀ ਮੌਲਿਕਤਾ ਅਤੇ ਖਿਆਲ ਪੱਖੋਂ ਉਸ ਨੂੰ ਅਮੀਰ ਕਰਨ ਤੋਂ ਅਸਮਰੱਥ ਰਹੀਆਂ।ਗਜ਼ਲ ਬਾਰੇ ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਚਿੰਤਾ ਜਤਾਉਣ ਦੀ ਥਾਂ ਇਸ ਦੇ ਵਰਤਮਾਨ 'ਤੇ ਤਸੱਲੀ ਜ਼ਹਿਰ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਗ਼ਜ਼ਲ ਵਿਸ਼ੈਗਤ ਸਰੋਕਾਰਾਂ ਦੇ ਨਾਲ-ਨਾਲ ਤਕਨੀਕੀ ਪੱਖ ਤੋਂ ਵੀ ਹਰ ਸਮੇਂ ਨਵੇਂ ਪ੍ਰਯੋਗ ਕਰਨ ਵੱਲ ਅਗਰਸਰ ਰਹਿੰਦੀ ਹੈ। ਗੱਲਬਾਤ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਨਵੀਆਂ ਗ਼ਜ਼ਲਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ ਅਤੇ ਉਨ੍ਹਾਂ ਤੋਂ ਵੀ ਗ਼ਜ਼ਲਾਂ ਸੁਣੀਆਂ।ਇਸ ਸਮੇਂ ਮੌਜੂਦ ਡਾ. ਬਲਵਿੰਦਰ ਸੰਧੂ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਸਤਪਾਲ ਭੀਖੀ, ਦੀਪਕ ਧਲੇਵਾਂ, ਚਿੱਟਾ ਸਿੱਧੂ, ਸੁਖਵਿੰਦਰ ਸੁੱਖੀ, ਅਨੀ ਕਾਠਗੜ੍ਹ, ਤਲਵਿੰਦਰ ਸ਼ੇਰਗਿੱਲ, ਕੁਲਦੀਪ ਅੰਜਲਾ, ਹਰ ਮਨ, ਰੂਹੀ ਸਿੰਘ, ਨਰਿੰਦਰਪਾਲ ਕੌਰ, ਸੁਖਦੀਪ ਅੰਜਲਾ, ਹਸਨ, ਸੁਖਚੈਨ ਖੋਸਾ ਅਤੇ ਸੁਖਚੈਨ ਵਾਂਦਰ ਆਦਿ ਨੇ ਬਹੁਤ ਹੀ ਜਗਿਆਸਾ ਭਰਪੂਰ ਸਵਾਲ ਪੁੱਛੇ, ਜਿਨ੍ਹਾਂ ਦੇ ਜਸਵਿੰਦਰ ਨੇ ਬਹੁਤ ਖ਼ੂਬਸੂਰਤੀ ਨਾਲ ਜਵਾਬ ਦਿੱਤੇ। ਸੁਸ਼ੀਲ ਦੁਸਾਂਝ ਅਤੇ ਬਲਵਿੰਦਰ ਸੰਧੂ ਨੇ ਖ਼ੂਬਸੂਰਤ ਟਿੱਪਣੀਆਂ ਕੀਤੀਆਂ। ਪ੍ਰਧਾਨਗੀ ਦੇ ਤੌਰ 'ਤੇ ਦਰਸ਼ਨ ਬੁੱਟਰ ਨੇ ਆਪਣੀ ਗੱਲਬਾਤ ਕੀਤੀ ਅਤੇ ਸੂਤਰਧਾਰ ਦੀ ਭੂਮਿਕਾ ਸਤਪਾਲ ਭੀਖੀ ਨੇ ਬਾਖੂਬੀ ਨਿਭਾਈ।



**—ਸਤਪਾਲ ਭੀਖੀ**

# ਤੇਜਾ ਸਿੰਘ ਮੁਹਾਰ ਦੀ ਪੁਸਤਕ 'ਢਲਦੇ ਸੂਰਜ ਦੀ ਲਾਲੀ' ਲੋਕ ਅਰਪਿਤ



**ਕੋਟਕਪੂਰਾ** : ਸ਼ਬਦ-ਸਾਂਝ ਮੰਚ, ਕੋਟਕਪੂਰਾ ਦੇ ਸਰਗਰਮ ਮੈਂਬਰ ਅਤੇ ਬਜ਼ੁਰਗ ਸ਼ਾਇਰ ਤੇਜਾ ਸਿੰਘ ਮੁਹਾਰ ਦੀ ਪਲੇਠੀ ਕਾਵਿ-ਪੁਸਤਕ 'ਢਲਦੇ ਸੂਰਜ ਦੀ ਲਾਲੀ' ਲੋਕ-ਅਰਪਿਤ ਕੀਤੀ ਗਈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਜਨਰਲ ਸਕੱਤਰ ਅਤੇ ਸ਼ਾਇਰ ਕੁਲਵਿੰਦਰ ਵਿਰਕ ਨੇ ਦੱਸਿਆ ਕਿ ਭਾਸ਼ਾ ਵਿਭਾਗ, ਫ਼ਰੀਦਕੋਟ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜੀਤ ਪੁਰੀ ਦੀ ਯੋਗ ਅਗਵਾਈ ਹੇਠ ਆਫ਼ੀਸਰ ਕਲੱਬ ਵਿਖੇ ਕਰਵਾਏ ਗਏ ਇੱਕ ਸ਼ਾਨਦਾਰ ਸਮਾਗਮ ਦੌਰਾਨ ਇਸ ਕਿਤਾਬ ਨੂੰ ਲੋਕ-ਅਰਪਿਤ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਿੰ. ਐੱਸ.ਐੱਸ. ਬਰਾੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਇਸ ਤੋਂ ਇਲਾਵਾ ਪ੍ਰਸਿੱਧ ਪ੍ਰਵਾਸੀ ਸ਼ਾਇਰ ਅਜ਼ੀਮ ਸ਼ੇਖ਼ਰ, ਰਜਿੰਦਰਜੀਤ, ਪ੍ਰੀਤ ਮਨਪ੍ਰੀਤ, ਜਸਵਿੰਦਰ ਰੱਤੀਆਂ, ਹਰਦਮ ਮਾਨ ਅਤੇ ਰੂਪ ਦਵਿੰਦਰ ਕੌਰ ਨੇ ਵਿਸ਼ੇਸ਼ ਸ਼ਾਇਰਾਂ ਵਜੋਂ ਸ਼ਿਰਕਤ ਕੀਤੀ । ਮੰਚ ਦੇ ਪ੍ਰਧਾਨ ਅਤੇ ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੇ ਕਿਹਾ ਕਿ ਤੇਜਾ ਸਿੰਘ ਮੁਹਾਰ ਬੇਸ਼ੱਕ ਅੱਜਕੱਲ੍ਹ ਕੈਨੇਡਾ ਦੀ ਧਰਤੀ 'ਤੇ ਰਹਿ ਰਹੇ ਹਨ, ਪਰ ਉਹਨਾਂ ਨੇ ਕੋਟਕਪੂਰਾ ਅਤੇ ਆਪਣੀ ਜਨਮ-ਭੂਮੀ ਦਾ ਕਦੇ ਮੋਹ ਨਹੀਂ ਤਿਆਗਿਆ। ਇਸ ਮੋਹ, ਹੇਰਵੇ ਅਤੇ ਪਰਵਾਸ ਦੀਆਂ ਚੁਣੌਤੀਆਂ ਵਿੱਚੋਂ ਹੀ ਉਹਨਾਂ ਦੀਆਂ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਦੀ ਸਿਰਜਣਾ ਹੋਈ ਹੈ। ਸ਼ਬਦ-ਸਾਂਝ ਮੰਚ ਦੀ ਸਮੁੱਚੀ ਟੀਮ, ਜਿਸ ਵਿੱਚ ਸਰਪ੍ਰਸਤ ਗੁਰਿੰਦਰ ਸਿੰਘ ਕੋਟਕਪੂਰਾ, ਨਾਵਲਕਾਰ ਜੀਤ ਸਿੰਘ ਸੰਧੂ, ਉਦੇ ਰੰਦੇਵ, ਲੋਕ-ਗਾਇਕ ਇੰਦਰ ਮਾਨ, ਰਜਿੰਦਰ ਡਿੰਪਾ, ਗੁਰਬਚਨ ਸਿੰਘ ਭੁੱਲਰ, ਭੁਪਿੰਦਰ ਪਰਵਾਜ਼ ਆਦਿ ਸ਼ਾਮਲ ਹਨ, ਨੇ ਉਨ੍ਹਾਂ ਦੀ ਇਸ ਪਲੇਠੀ ਕਾਵਿ-ਪੁਸਤਕ ਦੀ ਆਮਦ 'ਤੇ ਬੇਹੱਦ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਮੁਬਾਰਕਬਾਦ ਦਿੱਤੀ ਹੈ।ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਖੋਜ ਅਫ਼ਸਰ ਕੰਵਲਜੀਤ ਸਿੰਘ ਸਿੱਧੂ ਅਤੇ ਪ੍ਰਿੰਸੀਪਲ ਕੁਮਾਰ ਜਗਦੇਵ ਸਿੰਘ ਬਰਾੜ, ਪ੍ਰਸਿੱਧ ਗ਼ਜ਼ਲਗੋ ਵਿਜੇ ਵਿਵੇਕ, ਸਿਮਰਨ ਅਕਸ, ਮਨ ਮਾਨ, ਧਰਮ ਪਰਵਾਨਾ, ਪ੍ਰੋ. ਬੀਰ ਇੰਦਰ ਸਰਾਂ, ਸ਼ਿਵ ਨਾਥ ਦਰਦੀ, ਵਤਨਵੀਰ ਜ਼ਖ਼ਮੀ, ਰਾਜ ਗਿੱਲ ਭਾਣਾ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਮੰਚ ਸੰਚਾਲਨ ਜਸਵੀਰ ਜੱਸੀ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਕੀਤਾ।

# ਸਾਂਝੀ ਸੱਥ ਦਾ ਸਾਲਾਨਾ ਸਮਾਗਮ

**ਖੰਨਾ**-ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਖੰਨਾ ਵੱਲੋਂ ਪ੍ਰਸਿੱਧ ਗਜ਼ਲਗੋ ਕ੍ਰਿਸ਼ਨ ਭਨੋਟ ਦੀ ਨਿੱਘੀ ਯਾਦ ਨੂੰ ਸਮਰਪਿਤ ਆਪਣਾ ਪਲੇਠਾ ਸਾਲਾਨਾ ਸਾਹਿਤਕ ਸਮਾਗਮ ਖੰਨਾ ਦੀ ਪ੍ਰਸਿੱਧ ਵਿਦਿਅਕ ਸੰਸਥਾ ਏ ਐੱਸ ਕਾਲਜ ਸਮਰਾਲਾ ਰੋਡ ਖੰਨਾ ਵਿਖੇ ਕਰਵਾਇਆ ਗਿਆ। ਇਹ ਸਮਾਗਮ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ, ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ, ਉਪ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਗ਼ਜ਼ਲਗੋ ਡਾਕਟਰ ਹਰਜਿੰਦਰ ਸਿੰਘ ਲਾਲ ਫਿਰੋਜ਼ਪੁਰੀ ਵੱਲੋਂ ਸ਼ਮ੍ਹਾਂ ਰੋਸ਼ਨ ਕਰਕੇ ਕੀਤੀ। ਸੱਥ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਗੁਰੀ ਵੱਲੋਂ ਸੱਥ ਦੀਆਂ ਇੱਕ ਸਾਲ ਦੀਆਂ ਕੀਤੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਰਚਨਾਵਾਂ ਦੇ ਦੌਰ ਵਿੱਚ ਆਏ ਕਵੀਆਂ ਨੇ ਰਚਨਾਵਾਂ ਪੜ੍ਹੀਆਂ। ਇਸ ਤੋਂ ਬਾਅਦ ਸਨਮਾਨ ਸ਼ਖ਼ਸੀਅਤਾਂ ਦੇ ਸਨਮਾਨ ਸਮਾਗਮ ਵਿੱਚ ਸਭ ਤੋਂ ਪਹਿਲਾਂ ਕੌਮਾਂਤਰੀ ਖਿਡਾਰੀ ਮੇਜਰ ਸਿੰਘ ਮੇਜੀ ਯੂਕੇ ਦਾ ਸਨਮਾਨ ਕੀਤਾ ਗਿਆ। ਦੂਸਰੀ ਸਨਮਾਨਯੋਗ ਸ਼ਖ਼ਸੀਅਤ ਪ੍ਰਸਿੱਧ ਕਵੀ ਗੀਤਕਾਰ ਗਾਇਕ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦਾ ਸਨਮਾਨ ਕੀਤਾ ਗਿਆ। ਇਸ ਤੋਂ ਬਾਅਦ ਡਾਕਟਰ ਸਰਬਜੀਤ ਸਿੰਘ ਸੋਹਲ ਬਾਰੇ ਸੁਤਵੰਤ ਕੌਰ ਸੁੱਖੀ ਭਾਦਲਾ ਵੱਲੋਂ ਪਰਚਾ ਪੜ੍ਹ ਕੇ ਮੁੱਢਲੀ ਜਾਣਕਾਰੀ ਦਿੱਤੀ ਗਈ, ਉਪਰੰਤ ਡਾਕਟਰ ਸਰਬਜੀਤ ਕੌਰ ਸੋਹਲ ਦਾ ਸੱਥ ਵੱਲੋਂ ਅਤੇ ਆਏ ਮਹਿਮਾਨਾਂ ਵੱਲੋਂ ਸਨਮਾਨ ਕੀਤਾ ਗਿਆ ।ਇਸ ਤੋਂ ਬਾਅਦ ਡਾਕਟਰ ਹਰਜਿੰਦਰ ਸਿੰਘ ਲਾਲ ਫਿਰੋਜ਼ਪੁਰੀ ਦਾ ਸਨਮਾਨ ਕੀਤਾ ਗਿਆ। ਇਸ ਤੋਂ ਉਪਰੰਤ ਪ੍ਰਧਾਨ ਦਰਸ਼ਨ ਬੁੱਟਰ ਦਾ ਸਨਮਾਨ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਇਸ ਪਲੇਠੇ ਸਾਲਾਨਾ ਸਮਾਗਮ ਵਿੱਚ ਰਵਿੰਦਰ ਰੁਪਾਲ ਕੌਲਗੜ੍ਹ ਦਾ ਲੇਖ ਸੰਗ੍ਰਹਿ 'ਹਨੇਰੇ ਤੋਂ ਚੰਨਣ ਵੱਲ' ਲੋਕ ਅਰਪਣ ਕੀਤਾ ਗਿਆ। ਇਸ ਬਾਰੇ ਜਾਣ-ਪਛਾਣ ਡਾਕਟਰ ਰਜਿੰਦਰ ਦੋਸਤ ਵੱਲੋਂ ਕਰਵਾਈ ਗਈ। ਸਾਂਝੀ ਸੱਥ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਭਾਦਲਾ ਵੱਲੋਂ ਆਏ ਮਹਿਮਾਨ ਸਨਮਾਨਿਤ ਸ਼ਖ਼ਸੀਅਤਾਂ, ਸਾਹਿਤਕਾਰ ਅਤੇ ਸਾਹਿਤ ਪ੍ਰੇਮੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਭਾ ਦੀ ਕਾਰਵਾਈ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਮੁਖੀ ਗੁਰਸੇਵ ਸਿੰਘ ਢਿੱਲੋਂ ਅਤੇ ਤਰਨ ਵੱਲ ਵੱਲੋਂ ਬਾਖੂਬੀ ਨਿਭਾਈ ਗਈ।

# ਮਾਧਵੀ ਅੱਗਰਵਾਲ ਦਾ ਸੰਗ੍ਰਹਿ 'ਕਵਿਤਾ ਹਮਾਰਾ ਸ਼ਿਤਿਜ' ਲੋਕ ਅਰਪਣ

**ਜਲੰਧਰ**-ਅਦਬੀ ਦੁਨੀਆ ਵੱਲੋਂ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਕਰਕੇ ਹਿੰਦੀ ਦੀ ਪ੍ਰਸਿੱਧ ਕਵਿੱਤਰੀ ਮਾਧਵੀ ਅੱਗਰਵਾਲ ਦੀ ਤੀਜੀ ਪੁਸਤਕ ਅਤੇ ਦੂਜਾ ਕਾਵਿ ਸੰਗ੍ਰਹਿ 'ਕਵਿਤਾ ਹਮਾਰਾ ਸ਼ਿਤਿਜ' ਦਾ ਲੋਕ ਅਰਪਣ ਪ੍ਰਧਾਨ ਜਗਦੀਸ਼ ਡਾਲਿਆ ਅਤੇ ਸਰਪ੍ਰਸਤ ਕੀਮਤੀ ਕੈਸਰ ਅਤੇ ਸੁਰਜੀਤ ਸਿੰਘ ਦੀ ਦੇਖ-ਰੇਖ ਹੇਠ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਦੇ ਤੌਰ 'ਤੇ ਪ੍ਰੋ. ਸੀਮਾ ਜੈਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਰਾਮ ਮੂਰਤੀ ਸ਼ਾਮਲ ਰਹੇ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੰਧੂ ਵਰਿਆਣਵੀ, ਜਗਦੀਸ਼ ਰਾਣਾ, ਸੰਤ ਸੰਧੂ, ਸੁਰਜੀਤ ਸਿੰਘ, ਪਰਮਦਾਸ ਹੀਰ ਆਦਿ ਸੁਸ਼ੋਭਿਤ ਹੋਏ। ਜਗਦੀਸ਼ ਡਾਲਿਆ ਨੇ ਸਭ ਦਾ ਸਵਾਗਤ ਕਰਦਿਆਂ ਮਾਧਵੀ ਅੱਗਰਵਾਲ ਨੂੰ ਮੁਬਾਰਕਾਂ ਦਿੱਤੀਆਂ।ਇਸ ਮੌਕੇ ਸੀਮਾ ਜੈਨ ਅਤੇ ਡਾ. ਰਾਮ ਮੂਰਤੀ ਨੇ ਮਾਧਵੀ ਅੱਗਰਵਾਲ ਦੇ ਕਾਵਿ ਸੰਗ੍ਰਹਿ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਉਸ ਦੀ ਕਵਿਤਾ ਦੇ ਕਈ ਰੰਗਾਂ ਬਾਰੇ ਚਾਨਣਾ ਪਾਇਆ। ਜਗਦੀਸ਼ ਰਾਣਾ ਅਤੇ ਪ੍ਰੋ. ਸੰਧੂ ਵਰਿਆਣਵੀ ਨੇ ਮਾਧਵੀ ਅੱਗਰਵਾਲ ਨੂੰ ਵਧਾਈ ਦਿੰਦਿਆਂ ਉਸ ਦੇ ਵਿਅਕਤੀਤਵ ਅਤੇ ਮਿਲਣਸਾਰ ਸੁਭਾਅ ਅਤੇ ਉਸ ਦੀ ਕਵਿਤਾ ਦੀਆਂ ਖੂਬੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਬਹੁਤ ਘੱਟ ਸਮੇਂ ਵਿੱਚ ਉਸ ਦਾ ਨਾਂਅ ਤੇਜ਼ੀ ਨਾਲ ਸਾਹਿਤ ਜਗਤ ਵਿਚ ਉੱਭਰ ਕੇ ਸਾਹਮਣੇ ਆਇਆ ਹੈ ਤੇ ਪੂਰੀ ਉਮੀਦ ਹੈ ਉਹ ਆਪਣੀ ਮਿਹਨਤ, ਲਗਨ ਤੇ ਇੱਛਾ ਸ਼ਕਤੀ ਨਾਲ ਸਾਹਿਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਏਗੀ। ਮਾਧਵੀ ਅੱਗਰਵਾਲ ਨੇ ਬੋਲਦਿਆਂ ਕਿਹਾ ਕਿ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਉਹ ਕਵਿਤਾ ਲਿਖੇਗੀ, ਪਰ ਸਮੇਂ ਨੇ ਉਸ ਹੱਥ ਕਲਮ ਫੜਾ ਦਿੱਤੀ ਤੇ ਕਵਿਤਾ ਨੇ ਉਸ ਨੂੰ ਇਕ ਅਲੱਗ ਪਹਿਚਾਣ ਦਿੱਤੀ ਹੈ।



ਅਦਬੀ ਦੁਨੀਆ ਵੱਲੋਂ ਮਾਧਵੀ ਅੱਗਰਵਾਲ ਦੇ ਨਾਲ਼-ਨਾਲ਼ ਸੀਮਾ ਜੈਨ, ਡਾ. ਰਾਮ ਮੂਰਤੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਯਾਦ ਵਿੱਚ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਪ੍ਰਧਾਨਗੀ ਮੰਡਲ ਦੇ ਨਾਲ਼-ਨਾਲ਼ ਕੀਮਤੀ ਕੈਸਰ, ਪਰਮਦਾਸ ਹੀਰ, ਮਿੱਤਰ ਮਨਜੀਤ, ਧਰਮਵੀਰ ਸਾਗਰ, ਗੁਰਦੀਪ ਸਿੰਘ ਸੈਣੀ, ਡਾ. ਵੀਣਾ ਵਿਜ ਉਦਿਤ, ਹਰਬੰਸ ਸਿੰਘ ਅਕਸ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਦੀਪਿਕਾ ਅਰੋੜਾ, ਪ੍ਰਵੀਨ ਗਗਨੇਜਾ, ਕੁਲਵਿੰਦਰ ਗਾਖਲ, ਜਸਪਾਲ ਜ਼ੀਰਵੀ, ਹਰਭਜਨ ਸਿੰਘ ਨਾਹਲ, ਹਰਜਿੰਦਰ ਸਿੰਘ ਜਿੰਦੀ, ਉਰਮਿਲਜੀਤ ਸਿੰਘ, ਤਰਸੇਮ ਜਲੰਧਰੀ, ਦਲਜੀਤ ਮਹਿਮੀ, ਪਵੀ ਟਿਵਾਣਾ, ਮਨੋਜ ਫਗਵਾੜਵੀ ਤੇ ਹੋਰ ਕਵੀਆਂ ਨੇ ਅਲੱਗ-ਅਲੱਗ ਰੰਗਾਂ ਦੀਆਂ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਰੋਹਿਤ ਸਿੱਧੂ ਅਲਗ ਨੇ ਵਧੀਆ ਢੰਗ ਨਾਲ਼ ਚਲਾਉਂਦਿਆਂ ਸਭ ਨੂੰ ਸਮਾਂ ਦਿੱਤਾ।

# ਡਾ. ਅਮਰ ਕੋਮਲ ਅਭਿਨੰਦਨ ਗ੍ਰੰਥ ਦਾ ਲੋਕ-ਅਰਪਣ ਅੱਜ

**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਸੁਪ੍ਰਸਿੱਧ ਅਤੇ ਸਰਬਾਂਗੀ ਪੰਜਾਬੀ ਲੇਖਕ ਡਾ. ਅਮਰ ਕੋਮਲ ਸਬੰਧੀ ਸੰਪਾਦਿਤ ਡਾ. ਅਮਰ ਕੋਮਲ ਅਭਿਨੰਦਨ ਗ੍ਰੰਥ ਦਾ ਲੋਕ-ਅਰਪਣ ਮੁਸਾਫ਼ਿਰ ਸੈਂਟਰਲ ਸਟੇਟ ਲਾਇਬਰੇਰੀ (ਸਾਹਮਣੇ ਜ਼ਿਲ੍ਹਾ ਕਚਹਿਰੀ) ਪਟਿਆਲਾ ਵਿਖੇ ਮਿਤੀ 23 ਮਾਰਚ ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਕੀਤਾ ਜਾ ਰਿਹਾ ਹੈ।ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਸਾਬਕਾ ਡਿਪਟੀ ਕਮਿਸ਼ਨਰ ਅਤੇ ਉੱਘੇ ਪੰਜਾਬੀ ਲੇਖਕ ਸ. ਜੀ. ਕੇ. ਸਿੰਘ, ਆਈ.ਏ.ਐੱਸ. ਹੋਣਗੇ।

## ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਸਾਲਾਨਾ ਜਨਰਲ ਬਾਡੀ ਅਜਲਾਸ 30 ਨੂੰ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦਾ ਸਲਾਨਾ ਜਨਰਲ ਬਾਡੀ ਅਜਲਾਸ ਮਿਤੀ 30 ਮਾਰਚ, 2025 ਦਿਨ ਐਤਵਾਰ ਨੂੰ ਠੀਕ 11 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿੱਚ ਮਾਰਚ 2024 ਤੋਂ 2025 ਦੀਆਂ ਸਰਗਰਮੀਆ, ਸੰਵਿਧਾਨਕ ਸੋਧਾਂ ਬਾਰੇ ਚਰਚਾ, ਨਵੇਂ ਬਣੇ ਮੈਂਬਰਾਂ ਦੀ ਪ੍ਰਵਾਨਗੀ ਅਤੇ ਸਾਲਾਨਾ ਬਜਟ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਅਕਾਡਮੀ ਦੇ ਸਾਰੇ ਸਰਪ੍ਰਸਤਾਂ, ਮੁੱਢਲੇ ਮੈਂਬਰਾਂ ਅਤੇ ਜੀਵਨ ਮੈਂਬਰਾਂ ਨੂੰ ਇਸ ਅਜਲਾਸ ਵਿੱਚ ਹਾਜ਼ਰ ਹੋਣ ਦੀ ਅਕਾਡਮੀ ਦੇ ਜਨਰਲ ਸਕੱਤਰ ਗੁਰਜ਼ਾਰ ਸਿੰਘ ਪੰਧੇਰ ਵੱਲੋਂ ਬੇਨਤੀ ਹੈ।

# ਸਮਕਾਲ

## ਸ਼ਬਦ : ਇੱਕ ਦਿਨ ਵਿਸ਼ੇਸ਼ ਅੰਕ




ਤ੍ਰੈਮਾਸਿਕ 'ਸ਼ਬਦ' ਨੇ ਸਮੇਂ-ਸਮੇਂ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਕੇ ਆਪਣੀ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਹੱਥਲਾ ਅੰਕ 'ਇੱਕ ਦਿਨ ਵਿਸ਼ੇਸ਼ ਅੰਕ' ਤਿਆਰ ਕੀਤਾ ਗਿਆ ਹੈ। ਸੰਪਾਦਕੀ 'ਚ ਸੰਪਾਦਕ ਨੇ ਲਿਖਿਆ ਹੈ, "ਸ਼ਬਦ ਦੇ ਇਸ ਵਿਸ਼ੇਸ਼ ਅੰਕ ਦਾ ਮਕਸਦ ਇਹੋ ਹੈ ਕਿ ਆਪਣੀ ਜ਼ਿੰਦਗੀ ਵਿੱਚ ਸਾਂਭੇ ਹੋਏ ਅਜਿਹੇ ਦਿਨਾਂ ਨੂੰ ਪਾਠਕਾਂ ਨਾਲ ਸਾਂਝਾ ਕਰੀਏ। ਆਪਣੇ ਸੁਖਦ ਜਾਂ ਦੁਖਦ ਦਿਨਾਂ ਨੂੰ ਹੋਰਨਾਂ ਨਾਲ ਵੀ ਵੰਡੀਏ।" 20 ਲੇਖਕਾਂ ਨੇ ਆਪਣੇ ਅਛੂਤੇ ਦੇ ਦੁਰਲੱਭ ਦਿਨਾਂ ਨਾਲ ਪਾਠਕਾਂ ਦੀ ਸਾਂਝ ਪਾਈ ਹੈ। ਹੱਥਲੇ ਅੰਕ ਵਿੱਚ ਅਜਾਇਬ ਸਿੰਘ ਹੁੰਦਲ (ਇਕੱਤੀ ਦਸ ਪੰਝੱਤਰ), ਅਤਰਜੀਤ (ਇਕ ਦਿਨ), ਜਸਬੀਰ ਭੁੱਲਰ (ਕਿੱਸਾ ਇੱਕ ਰਿੱਛ ਦੇ ਮਰਨ ਦਾ), ਬਲਦੇਵ ਸਿੰਘ ਸੜਕਨਾਮਾ (ਜੀਵਨ ਸਾਥੀ ਦੇ ਚਲੇ ਜਾਣ ਤੋਂ ਬਾਅਦ), ਖ਼ਾਲਿਦ ਹੁਸੈਨ (ਚੇਤਿਆਂ 'ਚ ਵੱਸਿਆ ਇਕ ਦਿਨ), ਅਰਤਿੰਦਰ ਸੰਧੂ (ਇੱਕ ਦਿਨ ਦਾ ਪਸਾਰਾ), ਬਲਬੀਰ ਕੌਰ ਸੰਘੇੜਾ (ਇੱਕ ਦਿਨ ਮੇਰਾ ਵੀ), ਮਨਜੀਤ ਇੰਦਰਾ (ਕਿਸ ਨਾਲ ਕੀਚੈ ਦੋਸਤੀ), ਦਰਸ਼ਨ ਬੁਲੰਦਵੀ (ਅਲਿਜ਼ਬੈੱਥ ਨਾਲ ਇਕ ਦਿਨ), ਅਮਰਜੀਤ ਚਾਹਲ (ਮੇਰਾ ਉਹ ਦਿਨ), ਮਹਿੰਦਰਪਾਲ ਸਿੰਘ ਧਾਲੀਵਾਲ (ਦੋਸਤੀ ਜ਼ਿੰਦਾ ਹੈ), ਸੁਰਜੀਤ ਕੌਰ (ਮੇਰਾ ਕਾਲਾ ਈ ਸਰਦਾਰ), ਹਰਜੀਤ ਅਟਵਾਲ (ਧੀ ਦੇ ਵਿਆਹ ਤੋਂ ਅਗਲਾ ਦਿਨ), ਕੁਲਜੀਤ ਮਾਨ (ਇਹ ਜ਼ਿੰਦਗੀ ਹੈ ਤੇ ਇਹੋ ਹੀ ਸੱਚ ਹੈ), ਦਰਸ਼ਨ ਜੋਗਾ (ਕੀ ਦੱਸਾਂ ਕੀ ਛੱਡਾਂ), ਮੇਜਰ ਮਾਂਗਟ (ਜ਼ਿੰਦਗੀ ਤੇ ਮੌਤ ਵਿਚਕਾਰ ਲਟਕਿਆ ਸਮਾਂ ), ਦਲਵੀਰ ਕੌਰ (ਓਹ ਦਿਨ !), ਕੰਵਲਜੀਤ ਭੁੱਲਰ (ਫੌਜੀ ਗਾਥਾ-ਧੁੰਦ ਵਿਚਲਾ ਬੰਦਾ), ਭਗਵੰਤ ਰਸੂਲਪੁਰੀ (ਰਾਖ਼ ਦੀ ਢੇਰੀ), ਰਵੀ ਸ਼ੇਰਗਿੱਲ (ਮੌਤ ਨਾਲ ਮੁਲਾਕਾਤ) ਇਨ੍ਹਾਂ ਪ੍ਰਸੰਗਾਂ ਵਿੱਚੋਂ ਕਈ ਪ੍ਰਸੰਗ ਮਨ ਵਚਿਲਤ ਕਰਨ ਵਾਲੇ ਨੇ। ਅੰਤ ਵਿੱਚ ਡਾ. ਮਨਜਿੰਦਰ ਸਿੰਘ-ਹੰਸਰਾਜ ਦਾ 'ਸਰਬਜੀਤ ਕੌਰ ਸੋਹਲ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਦਾ ਲੇਖ ਪ੍ਰਕਾਸ਼ਤ ਕੀਤਾ ਗਿਆ ਹੈ। ਪਰਚੇ ਵਿੱਚ ਇਕ ਕਿਤਾਬ ਜਿੰਨਾ ਮੈਟਰ ਪ੍ਰਕਾਸ਼ਤ ਕੀਤਾ ਗਿਆ ਹੈ। ਨਿਸਚੇ ਹੀ ਪਾਠਕਾਂ ਨੂੰ ਇਹ ਅੰਕ ਪਸੰਦ ਆਵੇਗਾ। ਅਜਿਹਾ ਅੰਕ ਸਾਂਭਣਯੋਗ ਹੁੰਦੇ ਹਨ।

ਸ਼ਬਦ , ਪੰਨੇ : 160, ਮੁੱਲ : 100 ਰੁਪਏ, ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (ਸੰਪਾਰਕ: 98148-03254)

## ਮਿੰਨੀ -145

ਮਿੰਨੀ ਕਹਾਣੀ ਦੀ ਤ੍ਰੈਮਿਕ ਪੱਤ੍ਰਿਕਾ 'ਮਿੰਨੀ' ਦਾ ਜਨਵਰੀ-ਮਾਰਚ, 2025 ਅੰਕ ਪ੍ਰਕਾਸ਼ਤ ਹੋ ਕੇ ਪੁੱਜਾ ਹੈ। ਸੰਪਾਦਕੀ ਲੋਕਤੰਤਰ ਨੂੰ ਮੁਖਾਤਿਬ ਹੁੰਦੀ ਹੈ। ਸ਼ੁਰੂ ਵਿੱਚ ਗੋਰਕੀ (ਬੇਵਫ਼ਾਈ ਦੀ ਸਜ਼ਾ), ਕਾਜੀਮਿਅਰਜ਼ ਔਲਾਸ (ਦਰੱਖਤ ਦੀ ਟਾਹਣੀ) ਕਹਾਣੀਆਂ ਛਪੀਆਂ ਹਨ। ਮਹਿਮਾਨ ਰਚਨਾਕਾਰ ਵਿੱਚ ਇਸ ਵਾਰ ਚਿੱਤਰਾ ਮੁਦਗਿਲ ਨਾਲ ਜਾਣ ਪਛਾਣ ਕਰਵਾਉਣ ਉਪਰੰਤ ਪੰਜ ਕਹਾਣੀਆਂ ਪ੍ਰਸਾਖਤ ਕੀਤੀਆਂ ਹਨ। ਡਾ. ਕਮਲ ਚੋਪੜਾ, ਵੰਦਨਾ ਸਹਾਏ, ਡਾ. ਸ਼ਿਪਰਾ ਮਿਸ਼ਰਾ, ਕ੍ਰਿਸ਼ਨਾ ਸ਼ਰਮਾ, ਸੱਤਿਆ ਸ਼ਰਮਾ ਕੀਰਤੀ, ਅਸਗਰ ਵਜਾਹਤ, ਬਲਰਾਮ ਅਗਰਵਾਲ, ਰਾਗਿਨੀ ਸ਼੍ਰੀਵਾਸਤਵ ਦੀਆਂ ਰਚਨਾਵਾਂ ਹਨ। ਸਾਰੀਆਂ ਕਹਾਣੀਆਂ ਜਗਦੀਸ਼ ਰਾਏ ਕੁਲਰੀਆ ਵੱਲੋਂ ਅਨੁਵਾਦ ਕੀਤੀਆਂ ਹਨ। ਸੀਮਾ ਵਰਮਾ ਦੀ ਜਾਣ ਪਛਾਣ ਤੇ ਛੇ ਕਹਾਣੀਆਂ ਛਪੀਆਂ ਹਨ। ਸਿਲਸਿਲਾ ਤਹਿਤ ਜਗਦੀਸ਼ ਰਾਏ ਕੁਲਰੀਆ, ਸਵਾਮੀ ਸਰਬਜੀਤ, ਵੀਰ ਸਿੰਘ ਥਿੰਦ, ਜਗਜੀਤ ਸਿੰਘ ਲੋਹਟਬੱਦੀ, ਅਨਿਲ ਖ਼ਿਆਲ, ਗੁਰਮੀਤ ਸਿੰਘ ਮਰਾੜ੍ਹ, ਤ੍ਰਿਲੋਕ ਸਿੰਘ ਢਿੱਲੋਂ, ਮਨਜੀਤ ਕੌਰ ਅੰਬਾਲਵੀ, ਸਤਨਾਮ ਜੱਸੜ, ਕੈਲਾਸ਼ ਠਾਕੁਰ, ਕੁਲਵਿੰਦਰ ਕੁਮਾਰ, ਡਾ. ਇੰਦਰਪਾਲ ਕੌਰ, ਤਰਸੇਮ ਗੋਪੀ ਕਾ ਦੀਆਂ ਮਿੰਨੀ ਕਹਾਣੀਆਂ ਸਮਕਾਲ ਨੂੰ ਮੁਖਾਤਿਬ ਹਨ। ਮੇਰੀ ਪਸੰਦ ਤਹਿਤ ਹਰਪ੍ਰੀਤ ਰਾਣਾ ਨੇ ਡਾ. ਸ਼ਿਆਮ ਸੁੰਦਰ ਦੀਪਤੀ, ਜਗਦੀਸ਼ ਅਰਮਾਨੀ ਦੀਆਂ ਕਹਾਣੀਆਂ ਹਨ। ਡਾ. ਚੰਦਰ ਪ੍ਰਕਾਸ਼ ਨੇ 'ਕੁੱਜੇ ਵਿਚ ਸਮੁੰਦਰ-ਸਮਾਜਕ ਯਥਾਰਥ ਦਾ ਪ੍ਰਤੀਬਿੰਬ' ਮਿੰਨੀ ਕਹਾਣੀ ਵਿਧਾ ਦਾ ਨਵੇਕਲੇ ਅੰਦਾਜ਼ ਨਾਲ ਵਿਸ਼ਲੇਸ਼ਣ ਕੀਤਾ ਹੈ। ਅੰਤ ਵਿੱਚ ਮਿੰਨੀ ਕਹਾਣੀ ਨਾਲ ਸਬੰਧਤ ਕਵਰੇਜ਼ ਹੈ। ਰਸਾਲਾ ਮਿੰਨੀ ਕਹਾਣੀ ਦੀ ਗੰਭੀਰਤਾ ਨਾਲ ਗੱਲ ਕਰਦਾ ਹੈ। ਪੰਨੇ : 64, ਮੁੱਲ : 40 ਰੁਪਏ, ਸੰਪਾਦਕ : ਜਗਦੀਸ਼ ਰਾਏ ਕੁਲਰੀਆ, ਸੰਪਰਕ ; 95018-77033




## ਪੰਖੜੀਆਂ : ਬਾਲ ਰਸਾਲਾ

ਪੰਖੜੀਆਂ ਦੇ ਮਾਰਚ, 25 ਅੰਕ ਵਿੱਚ ਐੱਸ. ਅਸ਼ਕੋ ਭੌਰਾ (ਬਾਂਦਰ ਤੇ ਸ਼ੇਰ), ਅਜੀਤ ਸੈਣੀ (ਲਹੂ ਬੋਲ ਪਿਆ), ਮਨਮੋਹਨ ਸਿੰਘ ਦਾਉਂ (ਘਰ ਦਾ ਚਾਨਣ), ਰਿਪਨਜੋਤ ਕੌਰ ਸੋਨੀ ਬੱਗਾ (ਇੱਕ ਰੁੱਖ, ਸੌ ਸੁੱਖ), ਹਰਿੰਦਰ ਸਿੰਘ ਗੋਗਨਾ (ਹੋਲੀ ਵਾਲੇ ਦਿਨ) ਕਹਾਣੀਆਂ ਤੋਂ ਇਲਾਵਾ ਜਸਬੀਰ ਭੁੱਲਰ ਦਾ ਨਾਵਲ 'ਥੇਹ' ਦਾ ਅਗਲਾ ਭਾਗ ਪ੍ਰਕਾਸ਼ਤ ਹੋਇਆ ਹੈ। ਕੁਲਵਿੰਦਰ ਕੌਰ, ਵਿਜੈ ਕੁਮਾਰ, ਪ੍ਰੋ. ਗਰਨਦੀਪ ਕੌਰ ਧਾਲੀਵਾਲ, ਮਾਸਟਰ ਸੰਜੀਵ ਧਰਮਾਨੀ ਲੇਖਾਂ ਤੋਂ ਇਲਾਵਾ ਕੁਝ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਵਿਦਿਆਰਥੀਆਂ ਦੇ ਉਜਲੇ ਭਵਿੱਖ ਦੀ ਆਸ ਕਰਦੀ ਸੰਪਾਦਕੀ ਹੈ। ਪੱਖੜੀਆਂ ਨਿਰੰਤਰ ਬਾਲ ਸਾਹਿਤ ਦੀ ਸੇਵਾ ਕਰ ਰਿਹਾ ਹੈ। ਰਸਾਲੇ ਦਾ ਮੁੱਲ : 20 ਰੁਪਏ ਤੇ ਪੰਨੇ : 40 ਹਨ।




ਪਤਾ : ਸੰਪਾਦਕ ਪੰਖੜੀਆਂ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062, ਸੰਪਰਕ: 0172-5227395

## ਸੀਸ ਗੰਜ, ਮਾਰਚ, 2025

64 ਰੰਗੀਨ ਪੰਨੇ, ਮੋਰਚਾ ਗੰਗਸਰ ਜੈਤੋ ਅਤੇ ਜਸਵਿੰਦਰ ਭੁੱਲਰ ਦਾ ਲੇਖ ਗੋਰਖਨਾਥ ਤੇ ਸਿਧਾਂ ਨਾਲ ਗੋਸਟਿ' ਮਹੱਤਵਪੂਰਨ ਲੇਖ ਹਨ। ਸੰਪਾਦਕ : ਪਰਮਜੀਤ ਸਿੰਘ ਕਰਮਸਰ, ਪਤਾ : ਸੀਸ ਗੰਜ ਦਫਤਰ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001, ਸੰਪਰਕ 11-23712580

*- ਭਗਵੰਤ ਰਸੂਲਪੁਰੀ*

# ਪਾਠਕਾਂ ਦੇ ਝਰੋਖੇ 'ਚੋਂ

## ਸੁਰ-ਸੰਗੀਤ ਦੇ ਹੀਰੇ

ਨਵਾਂ ਜ਼ਮਾਨਾਂ ਦਾ ਐਤਵਾਰਤਾਂ ਵਿੱਚ 'ਸੁਰ ਸੰਗੀਤ ਦੇ ਹੀਰੇ' ਲੇਖਾਂ ਨੂੰ ਉਡੀਕ ਉਡੀਕ ਕੇ ਪੜ੍ਹਦਾ ਹਾਂ। ਇਹ ਸਾਰੇ ਲੇਖ ਮੈਂ ਸਾਂਭ ਲਏ ਹਨ। ਪੁਰਾਣੇ ਸੰਗੀਤਕਾਰ ਦੇ ਥੰਮ ਵਾਕਿਆ ਹੀ ਬੜੇ ਮਿਹਨਤੀ ਤੇ ਸੰਗੀਤ ਨੂੰ ਪਿਆਰ ਕਰਨ ਵਾਲੇ ਹੁੰਦੇ ਸਨ। ਉਹ ਬਿਨਾ ਸ਼ੋਰ ਤੋਂ ਦਿਨ ਰਾਤ ਸੰਗੀਤ ਵਿੱਚ ਗਵਾਚੇ ਰਹਿੰਦੇ ਸਨ। ਪਿਛਲੇ ਕੁਝ ਸਮੇਂ ਤੋਂ ਜੋ ਤੁਸੀਂ ਲੰਮੇ ਲੇਖ ਲਿਖਣ ਦੀ ਪ੍ਰੰਪਰਾ ਸ਼ੁਰੂ ਕੀਤੀ ਹੋਈ ਹੈ ਇਹ ਤਰੀਫ਼ ਕਰਨ ਯੋਗ ਗੱਲ ਹੈ। ਤੇਗਿੰਦਰ ਨੇ ਇਤਿਹਾਸ ਦੀ ਰਾਜਨੀਤੀ' ਵਾਲਾ ਲੇਖ ਬੜੀ ਮਿਹਨਤ ਕਰਕੇ ਲਿਖਿਆ ਹੈ। ਕਰਤਾਰੁਪੁਰ ਲਾਂਘੇ ਵਾਲੇ ਲੇਖ ਵਿੱਚ ਤੁਸੀਂ ਗੁਰੂ ਨਾਨਕ ਨਾਲ ਜੁੜੀਆਂ ਸਾਖੀਆਂ ਨੂੰ ਅਧਾਰ ਬਣਾ ਕੇ ਲਿਖਿਆ ਲੇਖ ਪ੍ਰਕਾਸ਼ਤ ਕੀਤਾ ਹੈ। ਗੁਰੂ ਨਾਨਕ ਦਾਂ ਸਾਂਝ ਵਾਲਾ ਬਿੰਬ ਇਸ ਪੰਨੇ ਵਿੱਚੋਂ ਉਭਰਦਾ ਹੈ। ਕਿਤਾਬਾਂ ਵਾਲੇ ਪੰਨੇ ਵਿੱਚ ਹੋਰ ਸੁਧਾਰ ਕਰਨ ਦੀ ਲੋੜ ਹੈ। ਕਈ ਵਾਰ ਰੀਵਿਊਕਾਰ ਸਧਾਰਨ ਕਿਤਾਬ ਬਾਰੇ ਐਵੇਂ ਵਧਾ ਚੜ੍ਹਾ ਕੇ ਗੱਲਾਂ ਲਿਖ ਦਿੰਦੇ ਨੇ। ਆਲੋਚਨਾ ਕਰਨਾ ਵੀ ਆਲੋਚਕ ਦਾ ਧਰਮ ਹੁੰਦਾ ਹੈ।

**-ਸੁਖਪਾਲ ਕੌਰ ਸਮਰਾਲਾ,**
**ਸੀਨੀ. ਸੰਕੈ. ਸਕੂਲ ਲੜਕੀਆਂ, ਸਮਰਾਲਾ**

## ਕਰਤਾਪੁਰ ਲਾਂਘਾ

16 ਮਾਰਚ ਦੇ ਨਵਾਂ ਜ਼ਮਾਨਾ ਵਿੱਚ ਮੁੱਖ ਪੰਨੇ 'ਤੇ ਮੁਹੰਮਦ ਜ਼ਕਰੀ ਆਫਤਾਬ ਨੇ ਕਰਤਾਰ ਪੁਰ ਲਾਂਘਾ ਬਾਰੇ ਆਪਣੇ ਨਿਜੀ ਅਨੁਭਵ ਲਿਖੇ ਹਨ। ਇਸ ਬਾਰੇ ਲੇਖਕ ਨੇ ਸਾਂਝਾ ਦੇ ਪੁਲ ਦੇ ਰੂਪ 'ਚ ਇਸ ਲਾਂਘੇ ਨੂੰ ਤਸਵਰ ਕੀਤਾ ਹੈ।ਇਹ ਖਿਆਲ ਹੀ ਆਪਣੇ ਆਪ ਵਿੱਚ ਫਖਰ ਯੋਗ ਹੈ।ਕਰਤਾਰਪੁਰ ਲਾਂਘਾ ਦੋਨਾ ਮੁਲਕਾ ਵਿਚਕਾਰ ਤੇ ਦੋਵੇਂ ਫਿਰਕਿਆਂ ਵਿੱਚ ਸਾਂਝ ਦਾ ਰੌਸ਼ਨ ਮਿਨਾਰ ਬਣਿਆ ਰਹੇ।ਇਸ ਅੰਕ ਵਿਚ ਇਤਿਹਾਸਕਾਰ ਖੁਸ਼ਵੰਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਅਲੌਕਿਕ ਜੀਵਨ 'ਤੇ ਰੌਸ਼ਨੀ ਪਾਈ। ਡਾ. ਸੰਦੀਪ ਰਾਣਾ ਨੇ ਗੋਵਰਧਨ ਗਬੀ ਦੀ ਕਿਤਾਬ ਆਪਣਾ ਘਰ ਦੀਆਂ ਕਹਾਣੀਆਂ ਦਾ ਜ਼ਿਕਰ ਬਹੁਤ ਵਿਸਥਾਰ ਨਾਲ ਕੀਤਾ ਹੈ । ਇਸ ਕਿਤਾਬ ਵਿਚ ਕਹਾਣੀਆਂ ਵੰਨ ਸੁਵੰਨੇ ਵਿਸ਼ੇ ਹਨ।ਰਿਪੁਦਮਨ ਰੂਪ ਦੇ ਨਾਵਲ ਤੀਲ੍ਹਾ ਬਾਰੇ ਵੀ ਡਾ. ਜਸਵਿੰਦਰ ਕੌਰ ਬਿੰਦਰਾ ਨੇ ਚੰਗੀ ਜਾਣਕਾਰੀ ਦਿੱਤੀ।

**-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਦ੍ਰਿਸ਼ਟੀਕੋਣ

9 ਮਾਰਚ ਦੇ 'ਐਤਵਾਰਤਾ' ਵਿਚ ਜਤਿੰਦਰ ਪਨੂੰ ਨੇ ਪੰਜਾਬ ਵਿੱਚ ਚੱਲ ਰਹੇ ਸ਼੍ਰੋਮਣੀ ਅਕਾਲੀ ਦਲ ਤੇ ਤਖਤਾਂ ਦੇ ਜਥੇਦਾਰਾਂ ਵਿੱਚ ਚੱਲ ਰਹੀ ਖਿੱਚੋਤਾਣ ਦੇ ਪਿੱਛੇ ਛੁਪੇ ਹੋਏ ਕਾਰਨਾਂ ਦੀ ਚਰਚਾ ਕੀਤੀ ਹੈ।ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਬਾਦਲ ਪਰਵਾਰ 1999 ਤੋਂ ਲੈ ਕੇ ਹੁਣ ਤੱਕ 8 ਜਥੇਦਾਰਾਂ ਨੂੰ ਆਪਣੀ ਧੱਕੇਸ਼ਾਹੀ ਨਾਲ ਬਰਖਾਸਤ ਤੇ ਬੇਇੱਜ਼ਤ ਕਰਕੇ ਘਰਾ ਨੂੰ ਭੇਜ ਚੁੱਕਾ ਹੈ। ਉਨ੍ਹਾਂ ਵਿੱਚੋਂ ਤਾਂ ਕਈ ਅਜਿਹੇ ਹਨ, ਜੋ ਕਦੇ ਕਿਸੇ ਜਨਤਕ ਪੰਥਕ ਇਕੱਠ ਵਿਚ ਵੀ ਨਜ਼ਰ ਨਈਂ ਆਉਂਦੇ ।ਸੁਰਜੀਤ ਸੁਮਨ ਨੇ ਪੰਜਾਬ ਵਿਚ ਦਿਨੋ-ਦਿਨ ਵਧ ਰਹੇ ਨਸ਼ਿਆਂ ਦੇ ਰੁਝਾਨ 'ਤੇ ਚਿੰਤਾ ਜ਼ਾਹਿਰ ਕੀਤੀ ਹੈ, ਜੋ ਕਿ ਹਰੇਕ ਪੰਜਾਬੀ ਨੂੰ ਕਰਨੀ ਵੀ ਚਾਹੀਦੀ ਹੈ।ਦਰਅਸਲ ਜਦੋਂ ਸਾਡੇ ਸਮਾਜ ਵਿਚ ਕੁਝ ਧਾਰਮਿਕ ਡੇਰਿਆਂ ਅੰਦਰ ਸ਼ਰਾਬ, ਸਿਗਰਟਾਂ, ਭੰਗ, ਚਰਸਾਂ ਦਾ ਪ੍ਰਸ਼ਾਦ ਚੜ੍ਹਾਇਆ ਤੇ ਵਰਤਾਇਆ ਜਾਂਦਾ ਹੋਵੇ ਤੇ ਸਥਾਨਕ ਪ੍ਰਸ਼ਾਸਨ ਤੇ ਸਰਕਾਰੀ ਮਸ਼ੀਨਰੀ ਅੱਖਾਂ ਬੰਦ ਕਰੀ ਬੈਠੀ ਰਹੇਗੀ ਤਾਂ ਨਸ਼ੇ ਕਿੱਥੋਂ ਬੰਦ ਹੋ ਜਾਣਗੇ । ਅਜਿਹੇ ਡੇਰਿਆਂ 'ਤੇ ਬਿਨਾਂ ਦੇਰ ਕੀਤਿਆਂ ਬੁਲਡੋਜ਼ਰ ਫੇਰ ਕੇ ਖਤਮ ਕਰ ਦੇਣਾ ਚਹੀਦਾ ਹੈ, ਉਥੋਂ ਦੇ ਪ੍ਰਬੰਧਕਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾਵੇ।ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਖਿਲਾਫ ਜੋ ਯੁੱਧ ਛੇੜਿਆ ਹੈ, ਬਹੁਤ ਹੀ ਸ਼ਲਾਘਾਯੋਗ ਹੈ। ਨਸ਼ਾ ਤਸਕਰ ਚਾਹੇ ਛੋਟਾ ਹੈ, ਚਾਹੇ ਵੱਡਾ ਇਨ੍ਹਾਂ ਦੀਆਂ ਜਾਇਦਾਦਾਂ ਕੁਰਕ ਤੇ ਮਕਾਨ ਢਹਿ-ਢੇਰੀ ਕਰ ਦੇਣਾ ਚਾਹੀਦੈ। ਇਨ੍ਹਾ ਵੱਡੇ ਘਰਾਂ ਦੇ ਦੀਵੇ ਗੁੱਲ ਕਰ ਛੱਡੇ ਹਨ ਤੇ ਜਿਹੜੇ ਕੋਈ ਅਖੌਤੀ ਬੁੱਧੀਜੀਵੀ ਪੁਲਸ ਕਾਰਵਾਈ ਦਾ ਵਿਰੋਧ ਕਰਕੇ ਨਸ਼ਾ ਤਸਕਰਾਂ ਦਾ ਪੱਖ ਪੂਰਦੇ ਹਨ, ਉਨ੍ਹਾਂ 'ਤੇ ਵੀ ਪਰਚੇ ਦਰਜ ਕਰਕੇ ਜੇਲ੍ਹਾਂ 'ਚ ਬੰਦ ਕਰਨਾ ਚਾਹੀਦਾ ਹੈ।

**—ਬੀ.ਡੀ.ਭਗਤ,**
**ਮਜੀਠਾ ਰੋਡ ਬਾਈਪਾਸ, ਅੰਮ੍ਰਿਤਸਰ**

## 'ਇਤਿਹਾਸ ਦੀ ਰਾਜਨੀਤੀ-ਸਕੂਲੀ ਸਿੱਖਿਆ'

'ਨਵਾਂ ਜ਼ਮਾਨਾਂ ਦਾ ਐਤਵਾਰਤਾ ਮੈਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਤੇਗਿੰਦਰ ਦਾ ਲਿਖਿਆ 'ਇਤਿਹਾਸ ਦੀ ਰਾਜਨੀਤੀ-ਸਕੂਲੀ ਸਿੱਖਿਆ' ਦੋ ਕਿਸ਼ਤਾਂ ਵਿੱਚ ਛਪਿਆ ਲੇਖ ਨੇ ਮਨ ਦੇ ਕਪਾਟ ਖੋਲ੍ਹ ਕੇ ਰੱਖ ਦਿੱਤੇ। ਸੱਤਾ ਪ੍ਰਾਪਤ ਲੋਕ ਕਿਵੇਂ ਇਤਿਹਾਸ ਨੂੰ ਆਪਣੇ ਹਿੱਤਾਂ ਲਈ ਵਰਤਦੇ ਨੇ ਮੈਨੂੰ ਇਹ ਲੇਖ ਪੜ੍ਹ ਕੇ ਪਤਾ ਲੱਗਾ। 'ਕਰਤਾਰ ਲਾਂਘਾ ਸਾਂਝਾਂ ਦਾ ਪੁਲ' ਮੁਹੰਮਦ ਜਕਰੀਆ ਆਫਤਾਬ ਦਾ ਲਿਖਿਆ ਤੇ ਖੁਸ਼ਵੰਤ ਸਿੰਘ ਦਾ ਲੇਖ ਗੁਰੂ ਨਾਨਕ ਦੇ ਸਾਂਝੇ ਪੰਜਾਬ ਵਾਲਾ ਬਿਰਤਾਂਤ ਪੇਸ਼ ਕਰਦਾ ਹੈ। ਬਾਬਾ ਹਿੰਦੂ-ਮੁਸਲਿਮ ਤੇ ਸਿੱਖਾਂ ਵਿੱਚ ਬਰਾਬਰ ਦਾ ਮਕਬੂਲ ਸੀ। ਪੁਸਤਕ ਸੱਭਿਆਚਾਰ ਵਾਲਾ ਪੰਨਾ ਹਮੇਸ਼ਾ ਦੀ ਤਰ੍ਹਾਂ ਮੇਰਾ ਰਾਹ ਦਸੇਰਾ ਰਿਹਾ ਹੈ। ਚੰਗੀਆਂ ਕਿਤਾਬਾਂ ਬਾਰੇ ਲਿਖਿਆ ਪੜ੍ਹ ਕੇ ਮੈਂ ਅਕਸਰ ਕਿਤਾਬਾਂ ਖਰੀਦ ਲੈਂਦਾ ਹਾਂ। ਜਤਿੰਦਰ ਪਨੂੰ ਹੁਰਾਂ ਦਾ ਮੈਂ ਲੰਮੇ ਸਮੇਂ ਤੋਂ ਪਾਠਕ ਰਿਹਾ ਹਾਂ। ਇਸ ਵਾਰ ਉਨ੍ਹਾਂ 'ਦ੍ਰਿਸ਼ਟੀਕੋਣ ' 'ਚ ਧਰਮ ਤੇ ਰਾਜਨੀਤੀ ਦੇ ਨਿਖੇੜੇ ਦੀ ਗੱਲ ਕੀਤੀ ਹੈ। ਸੁਰਜੀਤ ਸੁਮਨ 'ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ' ਹਰ ਵਾਰ ਬੜਾ ਰੌਚਿਕਤਾ ਨਾਲ ਲਿਖਦਾ ਹੈ। ਸਮਕਾਲ ਦੇ ਮਸਲਿਆਂ ਨੂੰ ਉਹ ਕਹਾਣੀ ਦੀ ਸ਼ੈਲੀ ਨਾਲ ਸੋਹਣਾ ਲਿਖਦਾ ਹੈ। 'ਸਮਕਾਲ' ਨੂੰ ਸਮਕਾਲੀ ਰਸਾਲਿਆਂ ਬਾਰੇ ਭਰਪੂਰ ਗਿਆਨ ਮਿਲ ਜਾਂਦਾ ਹੈ। 'ਸੁਰ ਸੰਗੀਤ ਦੇ ਹੀਰੇ' ਲੇਖ ਲੜੀ ਵਿੱਚ ਮਕਸੂਦ ਸਾਕਿਬ ਸਾਹਿਬ ਕਮਾਲ ਦੇ ਲਿਖ ਰਹੇ ਨੇ। ਨਵਾਂ ਜ਼ਮਾਨਾਂ ਦੇ ਐਤਵਾਰਤਾ ਅੰਕ ਵਿੱਚ ਹੋਰ ਸੁਧਾਰ ਕਰਕੇ ਇਹਨੂੰ ਚੰਗਾ ਬਣਾਇਆ ਜਾ ਸਕਦਾ ਹੈ।

**- ਸਤਨਾਮ ਸਿੰਘ ਸ਼ੌਕਰ, ਖਰੜ**

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸੁਰ-ਸੰਗੀਤ ਦੇ ਹੀਰੇ-7 : ਪ੍ਰੋ. ਬੀ ਆਰ ਦਿਓਧਰ**

**ਪੀ ਸੀ ਜੋਸ਼ੀ : ਰਾਜਨੀਤਕ ਪਰਿਵਰਤਨ : ਅਨਿਲ ਰਾਜੀਮਵਾਲੇ**

**2024 ਦੀਆਂ ਪ੍ਰਤੀਨਿਧ ਕਹਾਣੀਆਂ : ਜਾਣ-ਪਛਾਣ : ਸੁਕੀਰਤ**

**ਤ੍ਰੈਲੋਚਨ ਲੋਚੀ ਵੱਲੋਂ ਅਨੁਵਾਦਿਤ ਕਵਿਤਾਵਾਂ ਤੇ ਹੋਰ ਬਹੁਤ ਕੁਝ**

23-March-Sunday.qxd 3/22/2025 11:00 PM Page 3



ਡਾ. ਕਰਮਜੀਤ ਸਿੰਘ ਨਡਾਲਾ ਪੰਜਾਬੀ ਮਿੰਨੀ ਕਹਾਣੀ ਨਾਲ ਜੁੜਿਆ ਹੋਇਆ ਇੱਕ ਚਰਚਿਤ ਹਸਤਾਖ਼ਰ ਹੈ, ਜੋ ਆਪਣੀ ਸਿਰਜਣਾਤਮਕ ਕਲਾ ਦੇ ਬਲਬੂਤੇ ਇਸ ਵਿਧਾ ਦੇ ਨਕਸ਼ ਉਘੇੜਨ ਲਈ ਯਤਨ ਕਰ ਰਿਹਾ ਹੈ। ਇਸ ਦੀਆਂ ਮਿੰਨੀ ਕਹਾਣੀਆਂ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ ਤੇ ਇੱਕ ਵਧੀਆ ਤੇ ਨੈਤਿਕ ਕਦਰਾਂ-ਕੀਮਤਾਂ ਵਾਲਾ ਸਮਾਜ ਸਿਰਜਣ ਦਾ ਹੋਕਾ ਦਿੰਦੀਆਂ ਹਨ।

**- ਜਗਦੀਸ਼ ਰਾਏ ਕੁਲਰੀਆਂ**

# ਡਾ. ਕਰਮਜੀਤ ਸਿੰਘ ਨਡਾਲਾ ਦੀਆਂ ਮਿੰਨੀ ਕਹਾਣੀਆਂ

## ਪਰਾਲੀ ਦਾ ਸੇਕ

ਮਿੱਲ ਦੀਆਂ ਭੱਠੀਆਂ ਨੂੰ ਚਲਾਉਣ ਲਈ ਪਰਾਲੀ ਬਾਲੀ ਜਾਂਦੀ ਸੀ ਤੇ ਜਦੋਂ ਦੀ ਇਹ ਮਿੱਲ ਲੱਗੀ, ਉਹ ਉਦੋਂ ਤੋਂ ਹੀ ਗੱਡੇ ਉੱਤੇ ਪਰਾਲੀ ਢੋਅ ਰਿਹਾ ਸੀ। ਸੀਜ਼ਨ ਵਿੱਚ ਮਸਾਂ ਪੰਜ-ਸੱਤ ਹਜ਼ਾਰ ਬਣਦਾ। ਬਥੇਰਾ ਜ਼ੋਰ ਲਾਉਂਦਾ। ਪਰ ਆਖ਼ਰ ਗੱਡੇ ਅਤੇ ਝੋਟਿਆਂ ਨੇ ਤਾਂ ਆਪਣੀ ਹੀ ਚਾਲੇ ਚੱਲਣੈਂ। ਘਰਾਂ ਦੇ ਸੌ ਖ਼ਰਚੇ।

ਆਂਢੀ-ਗੁਆਂਢੀ ਟਰੈਕਟਰਾਂ ਵਾਲੇ ਫੇਰੇ ਲਾ-ਲਾ ਕੇ ਮਾਲੋ-ਮਾਲ ਹੋ ਗਏ ਸਨ। ਭੰਤੇ ਨੂੰ ਇਹ ਕੁਝ ਦੇਖ ਕੇ ਆਪਣਾ-ਆਪ ਖੇਤ ਵਿੱਚ ਖੜ੍ਹੇ ਡਰਨੇ ਵਰਗਾ ਮਹਿਸੂਸ ਹੋਣ ਲੱਗ ਜਾਂਦਾ। ਉਹ ਗੁੱਸੇ ਵਿੱਚ ਡੰਗਰਾਂ ਦੀ ਚਾਲ ਤੇਜ਼ ਕਰਨ ਲਈ ਅੰਨ੍ਹੇਵਾਹ ਸੋਟੀਆਂ ਮਾਰਦਾ।

ਉਸ ਦੇ ਨਾਲ ਮਿੱਟੀ ਹੋਈ ਰਹਿੰਦੀ ਮਿੰਦੋ ਨੂੰ ਕਦੇ ਵੀ ਚੱਜ ਦਾ ਲੀੜਾ ਨਹੀਂ ਸੀ ਜੁੜਿਆ, ਪਰ ਜਦੋਂ ਟਰੈਕਟਰ ਲੈਣ ਦੀ ਗੱਲ ਹੋਈ ਤਾਂ ਉਸ ਨੇ ਸਾਰੀਆਂ ਟੂੰਮਾਂ ਅੱਗੇ ਲਿਆ ਧਰੀਆਂ। ਕਹਿੰਦੀ ਇਹ ਮੇਰੇ ਕਿਸ ਕੰਮ ਨੇ।

ਮੁੰਡੇ ਦੀ ਦੁਬਈ ਜਾ ਕੇ ਕਮਾਈ ਕਰਨ ਦੀ ਰੀਝ ਨੂੰ ਉਹ ਹਰ ਵਾਰ ਅਗਲੇ ਸੀਜ਼ਨ ਬਾਅਦ ਜ਼ਰੂਰ ਭੇਜਣ ਲਈ ਕਹਿ ਕੇ ਟਾਲ ਦਿੰਦਾ।

ਘਰ ਵਾਲੀ ਦੀਆਂ ਟੂੰਮਾਂ ਤੇ ਥੋੜ੍ਹੀ ਜ਼ਮੀਨ ਗਹਿਣੇ ਪਾ, ਪੈਸੇ ਬੈਂਕ ਵਿੱਚ ਜਮ੍ਹਾਂ ਕਰਵਾ ਕੇ ਟਰੈਕਟਰ ਕਰਜ਼ੇ 'ਤੇ ਲੈ ਲਿਆ।

ਟਰੈਕਟਰ ਖ਼ਰੀਦਣ ਤੋਂ ਬਾਅਦ ਉਸ ਨੇ ਮਨ ਵਿੱਚ ਸੋਚ ਲਿਆ ਕਿ ਮੁਟਿਆਰ ਧੀ ਦੇ ਵਿਆਹ, ਘਰ ਦਾ ਮੂੰਹ-ਮੱਥਾ ਤੇ ਘਰਵਾਲੀ ਦੀ ਦਿੱਖ ਸੰਵਾਰਨ ਲਈ ਇਸ ਵਾਰੀ ਦੱਬ ਕੇ ਮਿਹਨਤ ਕਰੇਗਾ ਤੇ ਸਾਰੇ ਧੋਣੇ ਧੋ ਦੇਵੇਗਾ।

ਝੋਨਾ ਵੱਢਣ ਤੋਂ ਪਹਿਲਾਂ ਹੀ ਉਸ ਨੇ ਲੋਕਾਂ ਨਾਲ ਸਾਈਆਂ ਲਾ ਲਈਆਂ। ਮੁੰਡਾ ਵੀ ਐਤਕੀਂ ਰੀਝ ਪੂਰੀ ਹੁੰਦੀ ਦੇਖ ਕੇ, ਪੂਰੀ ਤਰ੍ਹਾਂ ਬਾਪੂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਨੂੰ ਤਿਆਰ ਸੀ।

ਰੇਟ ਵੀ ਐਤਕੀਂ ਵੱਧ ਨਿਕਲਿਆ। ਉਹ ਹੋਰ ਵੀ ਅੰਦਰੋਂ-ਅੰਦਰ ਛਾਲਾਂ ਮਾਰ ਰਿਹਾ ਸੀ। ਬੈਂਕ ਦੀਆਂ ਕਿਸ਼ਤਾਂ ਸਮੇਂ-ਸਿਰ ਚੁਕਾ ਦਿਆਂਗਾ।

ਝੋਨੇ ਦੀ ਵਾਢੀ ਸ਼ੁਰੂ ਹੋ ਗਈ। ਪਰਾਲੀ ਦੀ ਪਹਿਲੀ ਟਰਾਲੀ ਲੱਦ ਕੇ ਉਹ ਚਾਈਂ-ਚਾਈਂ ਲੋਕਾਂ ਸਮੇਤ ਮਿੱਲ ਦੇ ਗੇਟ ਦੇ ਸਾਹਮਣੇ ਪਹੁੰਚਿਆ ਤਾਂ ਗੇਟਕੀਪਰ ਨੇ ਸਹਿਜ ਭਾਅ ਨਾਲ ਕਿਹਾ, "ਇਸ ਵਾਰ ਪਰਾਲੀ ਨਹੀਂ ਸੁਟਵਾਉਣੀ।"

"ਕਿਉਂ ?"

"ਗੌਰਮਿੰਟ ਨੇ ਧੂੰਏਂ ਤੇ ਸੁਆਹ ਦੇ ਪਰਦੂਸ਼ਨ ਤੋਂ ਬਚਣ ਲਈ ਬਿਜਲੀ 'ਤੇ ਚੱਲਣ ਵਾਲਾ ਬਾਇਲਰ ਲਗਾ ਦਿੱਤੈ।"

"ਹੈਂ!"

ਭੰਤੇ ਨੂੰ ਇੰਜ ਲੱਗਾ, ਜਿਵੇਂ ਉਹ ਮਿੱਲ ਦੀ ਭੱਠੀ ਦੇ ਸੇਕ ਵਿੱਚ ਪੂਰੇ ਦਾ ਪੂਰਾ ਸੜ ਗਿਆ ਹੋਵੇ।

## ਭੁਚਾਲ

ਪੁੱਤਰ ਸੋਲਾਂ ਕੁ ਵਰ੍ਹਿਆਂ ਦਾ ਹੋਇਆ ਤਾਂ ਉਹ ਉਹਨੂੰ ਵੀ ਨਾਲ ਲੈ ਜਾਣ ਲੱਗ ਪਿਆ।

" ... ਕਿਵੇਂ ਅੰਗ-ਪੈਰ ਵਿੰਗੇ-ਟੇਢੇ ਬਣਾ ਕੇ ਚੌਂਕ ਦੀ ਨੁੱਕਰੇ ਬੈਠ ਜਾਈਦੈ.... ਬੰਦਾ... ਕੁਬੰਦਾ ਵੇਖ ਕੇ ਕਿਵੇਂ ਢਿੱਲੜ ਜਿਹਾ ਮੂੰਹ ਬਣਾ ਲਈਦਾ ਹੁੰਦੈ.... ਲੋਕਾਂ ਨੂੰ ਬੁੱਧੂ ਬਣਾਉਣ ਲਈ ਤਰਸ ਦੇ ਪਾਤਰ ਬਣ ਕੇ ਕਿੰਜ ਆਪਣੇ ਵੱਲ ਖਿੱਚੀਦੈ ... ਇੰਜ ਬਣ ਜਾਵੋ ਕਿ ਲੰਘ ਰਹੇ ਰਾਹੀ ਦਾ ਦਿਲ ਪਿਘਲ ਜਾਵੇ ਤੇ ਸਿੱਕਾ ਭੁੜਕ ਕੇ ਤੁਹਾਡੇ ਕੌਲੇ 'ਚ ਆ ਡਿੱਗੇ.....।"

ਉਹ ਸਿੱਖਦਾ ਰਿਹਾ ਤੇ ਉਹਦੇ ਵਾਂਗੂੰ ਬਣਨ ਦੀ ਕੋਸ਼ਿਸ਼ ਵੀ ਕਰਦਾ ਰਿਹਾ।

ਫੇਰ ਇੱਕ ਦਿਨ ਉਸ ਨੇ ਪੁੱਤਰ ਨੂੰ ਕਿਹਾ, "ਜਾ ਹੁਣ ਤੂੰ ਆਪਣੇ ਆਪ ਮੰਗਿਆ ਕਰ।"

ਉਹ ਸ਼ਾਮ ਨੂੰ ਘਰ ਆਇਆ। ਆਉਂਦਿਆਂ ਹੀ ਉਸ ਨੇ ਰੁਪਈਏ ਜੇਬ 'ਚੋਂ ਕੱਢਦਿਆਂ ਪਿਉ ਵੱਲ ਵਧਾਏ, "ਲੈ ਭਾਪਾ! ਮੇਰੀ ਪਹਿਲੀ ਕਮਾਈ....।"

"ਹੈਂ! ਉਏ ਕੰਜਰ ਦਿਆ, ਪਹਿਲੇ ਦਿਨ ਹੀ ਸੌ ਰੁਪਈਆ .... ਏਨੇ ਤਾਂ ਮੈਂ ਅੱਜ ਤੱਕ ਨਹੀਂ ਮੰਗ ਕੇ ਲਿਆ ਸਕਿਆ.... ਤੈਨੂੰ ਕਿੱਥੋਂ ਮਿਲ ਗਏ.....।"

"ਬਸ ਇਵੇਂ ਹੀ ਏ ਭਾਪਾ.... ਦੇਖ ਲੈ ਤੈਨੂੰ ਕੱਟ ਗਿਆਂ....।"

"ਉਏ ਕਿਤੇ ਕਿਸੇ ਦੀ ਜੇਬ ਤਾਂ ਨਹੀਂ ਕੱਟ ਲਈ.... ?"

"ਨਹੀਂ ... ਬਿਲਕੁਲ ਨਹੀਂ......।"

"ਉਏ ਅੱਜਕੱਲ੍ਹ ਦੇ ਲੋਕ ਤਾਂ ਰੁਪਈਆ-ਅਠਿਆਨੀ ਮਸੀਂ ਫਿਟਕਾਰਾਂ ਮਾਰ-ਮਾਰ ਕੇ ਦਿੰਦੇ ਨੇ.... ਤੇਰੇ ਉੱਤੇ ਕਿਹੜੇ ਦੇਵਤੇ ਦੀ ਵਰਖਾ ਹੋ ਗਈ.... ?"

ਏਸ ਰੌਲੇ-ਰੱਪੇ 'ਚ ਉਹਨਾਂ ਦੀ ਬਰਾਦਰੀ ਦੇ ਕਿੰਨੇ ਸਾਰੇ ਝੁੱਗੀਆਂ ਝੌਂਪੜੀਆਂ ਵਾਲੇ ਮੰਗ ਖਾਣੇ, ਉਹਨਾਂ ਦੁਆਲੇ ਇਕੱਠੇ ਹੋ ਕੇ ਤਮਾਸ਼ਾ ਵੇਖਣ ਲੱਗ ਪਏ।

"ਭਾਪਾ ਜੇ ਢੰਗ ਨਾਲ ਮੰਗੀਏ ਤਾਂ ਲੋਕ ਪੈਸੇ ਆਪ ਖੁਸ਼ੀ ਨਾਲ ਦਿੰਦੇ ਨੇ.....।"

"ਉਏ ਤੂੰ ਕਿਹੜੇ ਨਵੇਂ ਢੰਗਾਂ ਦੀਆਂ ਗੱਲਾਂ ਕਰਦੈਂ... ਕੰਜਰ ਦਿਆ ਬੁਝਾਰਤਾਂ ਜਿਹੀਆਂ ਨਾ ਪਾ.... ਪੁਲਸ ਦੀ ਮਾਰ ਖਾਏਂਗਾ ਤੇ ਸਾਨੂੰ ਵੀ ਮਰਵਾਏਂਗਾ..... ਕਾਕਾ ਜੇ ਮੰਗ-ਤੰਗ ਕੇ ਗੁਜ਼ਾਰਾ ਹੋਈ ਜਾਵੇ ਤਾਂ ਚੋਰੀ-ਚਕਾਰੀ 'ਚ ਕੀ ਪਿਐ.... ਘੜੀ ਅੱਖ ਦੀ ਸ਼ਰਮ ਹੀ ਏ.... ਸਾਡੇ ਵੱਡੇ-ਵਡੇਰੇ ਵੀ ਇੰਜ ਹੀ ਕਰਦੇ ਰਹੇ।"

"ਅਸੀਂ ਵੀ ਇਵੇਂ ਹੀ ਕਰਨੈ.... ਸਾਡੀਆਂ ਨਾੜਾਂ 'ਚ ਮੰਗਤਿਆਂ ਵਾਲਾ ਖਾਨਦਾਨੀ ਖ਼ੂਨ ਐ..... ਸਾਡਾ ਇਹੋ ਹੀ ਰੋਜ਼ਗਾਰ ਤੇ ਇਹੋ ਕਾਰੋਬਾਰ ਐ..... ਇਹ ਖਾਨਦਾਨੀ ਪਿਰਤਾਂ ਕਦੇ ਬਦਲੀਐਂ.... ਤੂੰ ਬੰਦਾ ਬਣਜਾ....।"

"ਭਾਪਾ, ਬੰਦਾ ਬਣਿਅ5 ਤਾਂ ਹੀ ਕਹਿੰਨਾ .... ਮੈਂ ਪੁਰਾਣੀਆਂ ਪਿਰਤਾਂ ਤੋੜ ਦਿੱਤੀਆਂ ਨੇ.... ਮੈਂ ਅੱਜ ਰਾਜ ਮਿਸਤਰੀਆਂ ਨਾਲ ਦਿਹਾੜੀ ਕਰਕੇ ਆਇਆਂ। ਕਿਸੇ ਦਾ ਕਾਲੋਨੀ 'ਚ ਮਕਾਨ ਬਣਦਾ ਪਿਐ। ਉਹਨਾਂ ਸ਼ਾਮ ਨੂੰ ਸੌ ਰੁਪਈਆ ਦਿੱਤੈ.... ਸਰਦਾਰ ਕਹਿੰਦਾ ਸੀ ਰੋਜ਼ ਇਵੇਂ ਆਵੀਂ, ਸੌ ਲਈ ਜਾਵੀਂ...."

ਪਿਉ ਹੈਰਾਨ ਹੋਇਆ ਕਦੇ ਪੁੱਤਰ ਵੱਲ ਦੇਖਦਾ, ਕਦੇ ਪੈਸਿਆਂ ਵੱਲ। ਇਹ ਮੁੰਡਾ ਕਿਹੋ ਜਿਹੀਆਂ ਗੱਲਾਂ ਪਿਆ ਕਰਦੈ। ਜਿਵੇਂ ਅੱਜ ਉਸ ਦੀ ਜੱਦੀ ਰਿਆਸਤ 'ਚ ਭੁਚਾਲ ਨਾਲ ਹੇਠਲੀ ਉਪਰ ਆ ਗਈ ਹੋਵੇ।

## ਇਕੱਤੀ ਮਾਰਚ

ਇਕੱਤੀ ਮਾਰਚ ਨੂੰ ਠੇਕੇ ਕੀ ਟੁੱਟੇ, ਗੱਜਣ ਦਾ ਮਨ ਵੀ ਲਲਚਾ ਉੱਠਿਆ। ਉਸ ਨੇ ਵੀ ਸ਼ਰਾਬ ਦੀ ਪੇਟੀ ਖਰੀਦ ਕੇ ਸਕੂਟਰ 'ਤੇ ਰੱਖ ਲਈ। ਫਿਰ ਉਡਾਰੀਆਂ ਮਾਰਦਾ ਘਰ ਨੂੰ ਚੱਲ ਪਿਆ, ਪਰ ਰਸਤੇ 'ਚ ਟੁੱਟੀ ਸੜਕ ਤੋਂ ਸਕੂਟਰ ਐਸਾ ਡੋਲਿਆ ਕਿ ਉਹ ਟੋਏ 'ਚ ਜਾ ਡਿੱਗਾ। ਸ਼ਰਾਬ ਦੀਆਂ ਬੋਤਲਾਂ ਇਧਰ-ਉਧਰ ਨਿਵਾਣਾਂ ਵੱਲ ਰਿੜ੍ਹਦੀਆਂ ਫਿਰ ਰਹੀਆਂ। ਉਹ ਆਪ ਰਗੜਾਂ ਖਾ ਕੇ, ਹਾਏ-ਹਾਏ ਕਰ ਰਿਹਾ ਸੀ।

ਲਾਗੇ ਆਏ ਇੱਕ ਪੱਤਰਕਾਰ ਨੇ ਤੁਰੰਤ ਇਹਨਾਂ ਸੁਨਹਿਰੀ ਪਲਾਂ ਨੂੰ ਮੋਬਾਇਲ ਨਾਲ ਕੈਦ ਕਰਨਾ ਸ਼ੁਰੂ ਕਰ ਦਿੱਤਾ। ਇੰਨੇ 'ਚ ਇੱਕ ਲੰਘ ਰਹੀ ਬੱਸ ਦੇ ਕੰਡਕਟਰ ਨੇ ਮੰਜ਼ਰ ਦੇਖਿਆ ਤਾਂ ਉਸ ਸੀਟੀ ਮਾਰ ਕੇ ਬੱਸ ਰੋਕ ਲਈ। ਉਤਰਦਿਆਂ ਬੋਤਲਾਂ ਨੂੰ ਘੂਰਦਿਆਂ ਦੋ ਬੋਤਲਾਂ ਬੈਗ 'ਚ ਪਾ ਕੇ ਬੱਸ ਭਜਾ ਕੇ ਲੈ ਗਿਆ।

"ਓ ਹੋ ਕਿਵੇਂ ਵਿਚਾਰਾ ਟੋਏ 'ਚ ਡਿੱਗ ਕੇ, ਸੱਟਾ ਲਵਾ ਬੈਠਾ..... ਸਕੂਟਰ ਵੀ ਟੁੱਟ ਗਿਐ.....।" ਆਉਂਦਾ-ਜਾਂਦਾ ਜਿਹੜਾ ਵੀ ਰਾਹੀ ਰੁਕਦਾ, ਇਵੇਂ ਹਮਦਰਦੀ ਭਰੇ ਬੋਲ ਬੋਲਦਾ ਤੇ ਇੱਕ ਅੱਧੀ ਬੋਤਲ ਚੁੱਕ ਕੇ ਤੁਰਦਾ ਬਣਦਾ।

"ਓਏ ਮੇਰੀਆਂ ਬੋਤਲਾਂ ਲਈ ਜਾਂਦੇ ਹੋ...... ਸ਼ਰਮ ਕਰੋ ਬੇਸ਼ਰਮੋ.....।" ਉਹ ਬੇਵੱਸ ਹੋਇਆ ਰੌਲਾ ਪਾ ਰਿਹਾ ਸੀ, ਪਰ ਰਾਮ ਰੌਲੇ 'ਚ ਉਸ ਦੀ ਕੋਈ ਸੁਣਦਾ ਵੀ ਕਿੱਥੇ।

ਏਨੇ 'ਚ ਦੋ ਪੁਲਸੀਏ ਆ ਗਏ।

"ਔਹ ਦੇਖੋ ਜੀ..... ਲੋਕ ਮੇਰੀਆਂ ਬੋਤਲਾਂ ਚੁੱਕ-ਚੁੱਕ ਲੈ ਗਏ.....।"

"ਲਹੂ ਸਫੈਦ ਹੋ ਗਿਐ ਸਾਲੇ ਲੋਕਾਂ ਦਾ........ ਸਾਲਿਆਂ ਕਿਸੇ ਡਿੱਗੇ ਨੂੰ ਚੁੱਕਣਾ ਤਾਂ ਕੀ....... ਸਾਲੀ ਭੁੱਖ ਪਈ ਹੋਈ.......।" ਇੱਕ ਸਿਪਾਹੀ ਗੁੱਸੇ 'ਚ ਬੋਲ ਰਿਹਾ ਸੀ।

ਫਿਰ ਪੁਲਸ ਵਾਲਿਆਂ ਮੌਕਾ ਸੰਭਾਲਿਆ। ਟੁੱਟੀ ਪੇਟੀ 'ਚ ਬਚੀਆਂ ਤਿੰਨਾਂ 'ਚੋਂ ਦੋ ਬੋਤਲਾਂ, ਉਹਨਾਂ ਵੀ ਕੱਛੇ ਮਾਰ ਲਈਆਂ।

"ਜੀ ਮੇਰੀਆਂ ਬੋਤਲਾਂ.......।"

"ਅਜੇ ਤੈਨੂੰ ਅਕਲ ਨਹੀਂ ਆਈ..... ਮਸਾਂ ਮਰਨੋਂ ਬਚਿਐਂ....... ਤੈਨੂੰ ਅਜੇ ਵੀ ਡੱਫਣ ਦੀ ਪਈ ਏ..........।"

ਬੋਤਲਾਂ ਨੂੰ ਨਿਹਾਰਦੇ ਸਿਪਾਹੀ ਗੁਟਕਦੇ ਚਲੇ ਗਏ।

ਮੋਬਾਇਲ ਵਾਲਾ ਪੱਤਰਕਾਰ ਹੁਣ ਜ਼ਖਮੀ ਦੇ ਕੋਲ ਹੁੰਦਾ ਬੋਲਿਆ, "ਦੇਖ ਭਰਾ ...... ਜ਼ਮਾਨਾ ਬਹੁਤ ਮਾੜਾ ਆ ਗਿਐ....... ਕੋਈ ਕਿਸੇ ਅੰਦਰ ਹਮਦਰਦੀ ਨਹੀਂ ਰਹਿ ਗਈ......... ਮੈਂ ਮੋਬਾਇਲ 'ਚ ਸਭ ਕੁਝ ਰਿਕਾਰਡ ਕਰ ਲਿਐ....... ਕੱਲ੍ਹ ਅਖ਼ਬਾਰ ਤੇ ਵਟਸਅੱਪ ਰਾਹੀਂ ਤੇਰੀ ਇਸ ਘਟਨਾ ਨੂੰ ਘਰ-ਘਰ ਪਹੁੰਚਾਅ ਦੇਵਾਂਗਾ.......... ਪਰ ਆਹ ਫੜਾ ਇੱਕ ਬੋਤਲ ....... ਇਹਦਾ ਹੁਣ ਤੂੰ ਕੀ ਕਰਨੈ.........।"

ਏਨਾ ਕਹਿੰਦਿਆਂ, ਉਸ ਡਿੱਗੇ ਪਏ ਨੂੰ ਉੱਥੇ ਹੀ ਛੱਡ ਕੇ, ਉਹ ਔਹ ਗਿਆ।

## ਪਰਾਇਆ ਮੋਹ

ਉਹ ਸਹੁਰੀ ਕਿੱਥੇ ਮੰਨਦੀ। ਉਹਦੇ ਸਿਰ ਉੱਤੇ ਤਾਂ ਬਾਹਰਲਾ ਭੂਤ ਸੁਆਰ ਸੀ। ਕੈਨੇਡਾ ਰਹਿੰਦੇ ਘਰਵਾਲੇ ਨੇ ਫੋਨ ਕੀਤਾ, "ਤੂੰ ਜ਼ਿਦ ਨਾ ਕਰ। ਘਰ ਬੀਬੀ-ਭਾਪਾ ਤੇ ਨਿਆਣਿਆਂ ਨੂੰ ਸੰਭਾਲਣਾ ਤੇਰੀ ਜ਼ੁੰਮੇਵਾਰੀ ਏ। ਮੈਂ ਆ ਹੀ ਜਾਨਾਂ, ਸਾਲ ਬਾਅਦ। ਬਾਹਰ ਸੈਰ-ਸਪਾਟੇ ਨਹੀਂ ਹੁੰਦੇ। ਸਿਰ ਖੁਰਕਣ ਦਾ ਵਿਹਲ ਨਹੀਂ। ਇੱਥੇ ਵਿਹਲਿਆਂ ਨੂੰ ਕੋਈ ਰੋਟੀ ਨਹੀਂ ਦਿੰਦਾ। ਹਾਂ, ਜੇ ਤੂੰ ਨਹੀਂ ਰਹਿ ਸਕਦੀ ਤਾਂ ਤੈਨੂੰ ਕੋਈ ਨਾ ਕੋਈ ਕੋਰਸ ਕਰਨਾ ਪਊ। ਫੇਰ ਹੀ ਤੈਨੂੰ ਬਾਹਰ ਆਉਣ ਦਾ ਫਾਇਦੈ।"

ਉਹ ਸ਼ਹਿਰ ਜਾਣ ਲੱਗ ਪਈ। ਸਵੇਰੇ ਹੀ ਪਹਿਨ-ਪੱਚਰ ਕੇ ਤੁਰ ਪੈਂਦੀ। ਪਿੱਛੇ ਬੁੱਢੇ ਸੱਸ-ਸਹੁਰਾ, ਨੂੰਹ ਦੀ ਘੂਰੀ ਤੋਂ ਡਰਦੇ ਰੋਟੀ-ਟੁੱਕ ਵੀ ਕਰਦੇ ਤੇ ਉਹਦੇ ਬੱਚਿਆਂ ਨੂੰ ਵੀ ਸੰਭਾਲਦੇ ਫਿਰਦੇ।

"ਯਾਰ, ਇਹ ਸੰਤ ਸਿੰਘ ਦੀ ਨੂੰਹ ਕਿੱਧਰ ਰੋਜ ਟੈਨ-ਸ਼ੈਨ ਹੋ ਕੇ ਤੁਰ ਪੈਂਦੀ ਏ, ਘਰੇ ਸੱਸ-ਸਹੁਰੇ ਦੀ ਕੁੱਤੇ-ਖਾਣੀ ਕਰਦੀ ਰਹਿੰਦੀ ਏ।" ਇੱਕ ਦਿਨ ਗਲੀ ਦੇ ਦੋ ਬੰਦੇ ਉਹਨੂੰ ਦੇਖ ਕੇ ਗੱਲਾਂ ਕਰਨ ਲੱਗ ਪਏ।

"ਕਹਿੰਦੇ ਸ਼ਹਿਰ ਜਾਂਦੀ ਏ ਕੋਈ ਕੋਰਸ-ਕੂਰਸ ਕਰਦੀ ਏ ਬਾਹਰ ਜਾ ਕੇ ਕੰਮ ਸੌਖਾ ਮਿਲ ਜਾਂਦੈ।"

"ਕੋਰਸ ਹੁਣ ਦੋ ਨਿਆਣਿਆਂ ਦੀ ਮਾਂ ਬਣ ਕੇ ਕਿਹੜੇ ਕੋਰਸ ਕਰਨ ਡਹਿ ਪਈ ਏ.. ਘਰੋਂ ਸੌਖੇ ਨੇ ਖਾਣ-ਪੀਣ ਦੀ ਪੂਰੀ ਖੁੱਲ੍ਹ ਏ..ਬਾਹਰੋਂ ਘਰਵਾਲਾ ਬਥੇਰੇ ਰੁਪਈਏ ਭੇਜੀ ਜਾਂਦੈ ਸੌਅ ਸਹੂਲਤਾਂ ਨੇ।"

"ਕਹਿੰਦੇ ਕੋਈ ਨੈਨੀ ਦਾ ਕੋਰਸ ਪਈ ਕਰਦੀ ਏ।"

"ਨੈਨੀ! ਉਹ ਕੀ ਬਲਾਅ ਹੋਈ ? ਇਹ ਕੋਰਸ"

"ਓਏ ਤੈਨੂੰ ਨਹੀਂ ਪਤਾ, ਉਧਰ ਕੈਨੇਡਾ 'ਚ ਜਿਹੜੇ ਲੋਕ ਆਪੋ-ਆਪਣੇ ਕੰਮਾਂ 'ਤੇ ਚਲੇ ਜਾਂਦੇ ਨੇ, ਪਿੱਛੋਂ ਉਨ੍ਹਾਂ ਦੇ ਬੁੱਢਿਆਂ ਤੇ ਨਿੱਕੇ ਨਿਆਣਿਆਂ ਦੇ ਨੱਕ-ਮੂੰਹ ਪੂੰਝਿਆ ਕਰੂ, ਸੇਵਾ ਕਰਿਆ ਕਰੂ, ਸੰਭਾਲਿਆ ਕਰੂ, ਹੋਰ ਕੀ।"

"ਹੱਛਾ ਇਹ ਕੋਰਸ ਏਸ ਕਰਕੇ ਹੁੰਦੈ ਦੂਰ ਫਿੱਟੇ ਮੂੰਹ ਸਾਡੇ ਲੋਕਾਂ ਦੇ ਜੇ ਉੱਥੇ ਜਾ ਕੇ ਕਾਲਿਆਂ-ਗੋਰਿਆਂ ਦੇ ਬੱਚੇ ਤੇ ਬੁੱਢੇ ਹੀ ਸੰਭਾਲਣੇ ਨੇ ਤਾਂ ਇਹਦੇ ਨਾਲੋਂ ਫੇਰ ਆਪਣੇ ਜੰਮੇ ਨਿਆਣੇ ਤੇ ਸੱਸ-ਸਹੁਰੇ ਨੂੰ ਹੀ ਸੰਭਾਲ ਲਵੇ ਤਾਂ ਗਣੀਮਤ ਏ ਸਹੁਰੀ ਲਗਦੀ ਕੈਨੇਡਾ ਦੀ ਸੱਚੀਂ ਸਿਆਣੇ ਕਹਿੰਦੇ ਨੇ ਗਿੱਟੇ ਭੰਨਾ ਆਪਣਿਆਂ ਸਦਕੇ ਲਵਾਂ ਪਰਾਇਆਂ।"

## ਦਸਵੰਧ

ਹੋਰਨਾਂ ਮਜ਼ਦੂਰਾਂ ਵਾਂਗੂੰ ਜੀਰੂ ਵੀ ਸਾਰਾ ਦਿਨ ਸੀਮਿੰਟ ਵਿਚ ਭੂਤ ਬਣਿਆ ਰਹਿੰਦਾ। ਥੱਕ-ਟੁੱਟ ਜਾਂਦਾ। ਬਿੰਦ-ਝੱਟ ਆਰਾਮ ਕਰਨ ਨੂੰ ਜੀਅ ਕਰਦਾ ਵੀ ਤਾਂ ਸਾਹਮਣੇ ਬੈਠਾ ਠੇਕੇਦਾਰ ਸੂਈ ਕੁੱਤੀ ਵਾਂਗੂੰ ਪੈ ਨਿਕਲਦਾ।

ਅੱਜ ਉਹਨੂੰ ਪੰਜਾਂ ਦਿਹਾੜੀਆਂ ਦੇ ਪੈਸੇ ਮਿਲੇ ਤਾਂ ਘਰ ਲਈ ਦਾਲ, ਖੰਡ, ਘਿਉ, ਮਸਾਲੇ ਤੇ ਬੱਚਿਆਂ ਲਈ ਖੱਟੀਆਂ-ਮਿੱਠੀਆਂ ਗੋਲੀਆਂ ਲੈ ਲਈਆਂ। ਅਜੇ ਵੀ ਉਸ ਕੋਲ ਤੀਹ ਕੁ ਰੁਪਏ ਬਚ ਗਏ ਸਨ।

ਮੰਦਰ ਵਾਲੀ ਗਲੀ ਵਿੱਚੋਂ ਲੰਘਦਿਆਂ ਉਸ ਨੂੰ ਮੰਦਰ ਦੀ ਟੱਲੀ ਖੜਕਦੀ ਸੁਣਾਈ ਦਿੱਤੀ। ਉਸ ਦਾ ਜੀਅ ਕੀਤਾ ਕਿ ਅੱਜ ਪੈਸੇ ਮਿਲੇ ਨੇ, ਚਲੋ ਕੁਝ ਦਸਵੰਧ ਕੱਢ ਕੇ ਮੰਦਰ ਵਿੱਚ ਵੀ ਮੱਥਾ ਟੇਕਿਆ ਜਾਵੇ।

ਪੰਡਤ ਮੂਰਤੀ ਦੇ ਲਾਗੇ ਬੈਠਾ ਗਿਰੀਆਂ ਤੇ ਕਾਜੂ ਦੁੱਧ ਨਾਲ ਛਕ ਰਿਹਾ ਸੀ। ਜੀਰੂ ਨੇ ਮੂਰਤੀ ਅੱਗੇ ਗੋਡੇ ਟੇਕੇ, ਅੱਖਾਂ ਮੁੰਦ ਲਈਆਂ, "ਹੇ ਭਗਵਾਨ ਤੇਰੀ ਕ੍ਰਿਪਾ ਨਾਲ ਅੱਜ ਵਾਰੇ-ਨਿਆਰੇ ਨੇ ਚਾਰ ਦਿਨ ਰੁੱਖਾ-ਸੁੱਖਾ ਖਾਵਾਂਗੇ, ਤਾਕਤ ਬਖਸ਼ੀਂ ਨਾਲੇ ਇਵੇਂ ਈ ਮਾੜਾ-ਮੋਟਾ ਤੋਰੀ-ਫੁਲਕਾ ਰੇੜ੍ਹੀ ਜਾਵੀਂ।"

ਇੰਨਾ ਕੁਝ ਮਨ ਵਿਚ ਕਹਿੰਦਿਆਂ ਉਸ ਨੇ ਇੱਕ ਰੁਪਈਏ ਦਾ ਸਿੱਕਾ ਬੜੀ ਸ਼ਰਧਾ ਨਾਲ ਭਗਵਾਨ ਦੇ ਚਰਨਾਂ ਵਿੱਚ ਸੁੱਟ ਦਿੱਤਾ। ਸਿੱਕਾ ਇੰਜ ਖੜਕਿਆ, ਜਿਵੇਂ ਲਾਗੇ ਬੈਠੇ ਪੰਡਤ ਦੇ ਸਿਰ ਵਿਚ ਜਾ ਕੇ ਵੱਜਾ ਹੋਵੇ।

ਪੰਡਤ ਦਾ ਚਿਹਰਾ ਇਕਦਮ ਗੁੱਸੇ ਨਾਲ ਲਾਲ ਹੋ ਗਿਆ। ਅੰਦਰੋਂ-ਅੰਦਰ ਉਹ ਇਵੇਂ ਵਿੱਸ ਘੋਲਣ ਲੱਗਾ, ਜਿਵੇਂ ਕੋਈ ਫਨੀਅਰ ਨਾਗ ਉਸ ਮਜ਼ਦੂਰ ਦੀ ਪਟਾਰੀ ਵਿੱਚੋਂ ਨਿਕਲ ਕੇ ਉਸ ਨੂੰ ਡੱਸ ਗਿਆ ਹੋਵੇ।

ਪੰਡਤ ਉਸ ਦੀ ਪਾਟੀ ਕਮੀਜ਼ ਨੂੰ ਦੇਖ ਕੇ ਖਿਝਿਆ ਤੇ ਸਿੱਕਾ ਚੁੱਕ ਕੇ ਉਸ ਵੱਲ ਵਗ੍ਹਾ ਕੇ ਮਾਰਿਆ, "ਓਏ ਏਨੇ ਦਾ ਤਾਂ ਤੂੰ ਸਾਡਾ ਫਰਸ਼ ਈ ਗੰਦਾ ਕਰ ਦਿੱਤੈ.. ਸਾਲਾ ਭੁੱਖਾ-ਨੰਗਾ। ਏਨੀ ਮਹਿੰਗਾਈ 'ਚ ਰੁਪਈਏ ਨਾਲ ਮੱਥਾ ਟੇਕਦਿਆਂ ਤੈਨੂੰ ਸ਼ਰਮ ਨ੍ਹੀਂ ਆਈ। ਇੱਕ ਰੁਪਏ ਨਾਲ ਅੱਜਕੱਲ੍ਹ ਭਗਵਾਨ ਖੁਸ਼ ਨਹੀਂ ਹੁੰਦਾ, ਨਾ ਈ ਏਨੇ ਨਾਲ ਤੇਰੀ ਹਾਲਤ ਸੁਧਰਨੀ ਏ, ਜਿੰਨਾ ਗੁੜ ਪਾਵੇਂਗਾ, ਓਨਾ ਈ ਮਿੱਠਾ ਹੋਊ।"

ਜੀਰੂ ਕੁਝ ਨਾ ਬੋਲਿਆ। ਸਿੱਕਾ ਫਰਸ਼ ਉੱਤੋਂ ਚੁੱਕਿਆ, ਜੇਬ ਵਿਚ ਪਾਇਆ ਤੇ ਪਿੱਛੇ ਮੁੜ ਮੰਦਰ ਦੀਆਂ ਪੌੜੀਆਂ ਉੱਤਰ ਗਿਆ।

## ਹਮਦਰਦੀ

ਭੋਗ 'ਤੇ ਜਾਣ ਲਈ ਅਮਰੀਕ ਸਿੰਘ ਸਵੇਰੇ ਦਸ ਵਜੇ ਨਹਾ-ਧੋ ਕੇ ਤਿਆਰ ਹੋ ਗਿਆ ਸੀ। ਸਫ਼ਾਰੀ ਸੂਟ ਤੇ ਉਨਾਭੀ ਰੰਗ ਦੀ ਪੱਗ ਉਹਨੇ ਕੁਝ ਪੋਚਵੀਂ ਜਿਹੀ ਬੰਨ੍ਹ ਲਈ। ਆਪਣੇ-ਆਪ ਨੂੰ ਸ਼ੀਸ਼ੇ 'ਚ ਦੇਖਦਿਆਂ ਉਹਦਾ ਮਨ ਨਸ਼ਿਆ ਉੱਠਿਆ।

"ਭਾਗਵਾਨੇ ਛੇਤੀ ਕਰ, ਮੈਂ ਤਾਂ ਤਿਆਰ ਹੋ ਗਿਆ।"

"ਜੀ ਬਸ ਦਸ ਮਿੰਟ ਹੋਰ।"

"ਓ ਹੋ ਛੇਤੀ ਕਰ, ਆਪਾਂ ਜ਼ਰਾ ਜਲਦੀ ਪਹੁੰਚਣੈ।"

"ਬਈ ਆਪਣੇ ਬਲਕਾਰ ਦੇ ਭੋਗ 'ਤੇ ਕੁਝ ਬੁਲਾਰਿਆਂ ਨੇ ਭਾਸ਼ਨ ਵੀ ਕਰਨੇ ਨੇ..ਮੈਂ ਸਟੇਜ ਸਕੱਤਰ ਹੋਣੈ..ਏਸ ਮੌਕੇ ਸਟੇਜ ਸਕੱਤਰ ਦਾ ਮੁਫ਼ਤ ਮੁੱਲਾ ਹੀ ਟੌਹਰ ਹੁੰਦੈ ..ਵੇਖੀਂ ਮੈਂ ਕਿਵੇਂ ਲੱਛੇਦਾਰ ਭਾਸ਼ਨ ਕਰਦਿਆਂ ਲੋਕਾਂ ਦੀਆਂ ਅੱਖਾਂ 'ਚੋਂ ਹੰਝੂਆਂ ਦੇ ਹੜ੍ਹ ਵਗਾਉਂਦੈਂ ..ਨਾਲੇ ਐਧਰ ਮੇਰੇ ਵੱਲ ਦੇਖੀਂ ਜ਼ਰਾ .. ਫੱਬੂ ਫੇਰ ਸਰਦਾਰ ਮਾਈਕ 'ਤੇ ਬੋਲਦਾ।"

"ਜੀ ਬਿਲਕੁਲ, ਲਾੜੇ ਪਏ ਲਗਦੇ ਓ।"

"ਅੱਛਾ! ਚੱਲ ਫਿਰ ਛੇਤੀ ਪਾ ਕੱਪੜੇ ..ਮੈਂ ਗੱਡੀ ਬਾਹਰ ਕੱਢਦਾਂ।"

ਕੁਝ ਕੁ ਮਿੰਟਾਂ ਬਾਅਦ ਘਰ ਵਾਲੀ ਵੀ ਚਿੱਟਾ ਸੂਟ ਪਾ ਕੇ ਘਰ ਵਾਲੇ ਦੀ ਪੱਗ ਨਾਲ ਮੈਚ ਕਰਦੀ, ਉਨਾਭੀ ਚੁੰਨੀ ਲੈ ਕੇ ਗੱਡੀ 'ਚ ਆ ਬੈਠੀ।

"ਹੈਂ! ਇਹ ਕੀ ..ਬਈ ਆਪਾਂ ਮਰੇ ਦੇ ਭੋਗ 'ਤੇ ਜਾਣੈ..ਕਿਸੇ ਪੈਲਸ 'ਚ ਵਿਆਹ ਖਾਣ ਨਹੀਂ ਚੱਲੇ..ਕਹਿਰ ਦੀ ਮੌਤ ਹੋਈ ਏ ..ਔਰਤਾਂ ਏਸ ਮੌਕੇ ਚਿੱਟੀਆਂ ਚੁੰਨੀਆਂ ਲੈਂਦੀਆਂ ਹੀ ਚੰਗੀਆਂ ਲਗਦੀਆਂ ਤੇ ਤੂੰ ਉਨਾਭੀ ਚੁੰਨੀ ਲੈ ਕੇ ਤੁਰ ਪਈ ..ਤੇਰਾ ਦਿਮਾਗ ਤਾਂ ਨਹੀਂ ਖਰਾਬ ਹੈ। ਜਨਾਨੀਆਂ ਨੂੰ ਖੌਰੇ ਕਦੋਂ ਅਕਲ ਆਊ ..ਕਮਾਲ ਕਰਤੀ ਤੂੰ ਤਾਂ ..ਕੋਈ ਹੈ ਤੈਨੂੰ ਮਰਨ ਵਾਲੇ ਨਾਲ ਹਮਦਰਦੀ।"

ਸ਼ਰਮਿੰਦੀ ਜਿਹੀ ਹੋਈ ਨੇ ਉਹਦੀ ਉਨਾਭੀ ਪੱਗ ਵੱਲ ਤਿਰਸ਼ੀ ਅੱਖ ਨਾਲ ਝਾਕਿਆ, ਪਰ ਬੋਲੀ ਕੁਝ ਨਾ। ਅੰਦਰ ਚਲੀ ਗਈ ਚਿੱਟੀ ਚੁੰਨੀ ਲੈਣ ਲਈ।

# ਘਰ ਤੇ ਵਿਦੇਸ਼ : ਇੱਕ ਦ੍ਰਿਸ਼ਟੀਕੋਣ 'ਤੇ ਸੰਵਾਦ



ਪਿਛਲੇ ਐਤਵਾਰ ਨੂੰ 'ਘਰ ਤੇ ਵਿਦੇਸ਼' ਦੀ ਵਾਪਸੀ ਹੋਈ—ਇੱਕ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਜੋ ਕਿ ਅੰਮ੍ਰਿਤਸਰ ਵਿੱਚ ਜਨਮੇ, ਲੰਡਨ-ਵਸਨੀਕ ਕਲਾਕਾਰ ਡਾ. ਮੋਹਨ ਲੂਥਰਾ ਵੱਲੋਂ ਮੁੰਬਈ ਦੀ ਪ੍ਰਸਿੱਧ ਜਹਾਂਗੀਰ ਆਰਟ ਗੈਲਰੀ ਵਿੱਚ ਆਯੋਜਿਤ ਕੀਤੀ ਗਈ। 28 ਸ਼ਕਤੀਸ਼ਾਲੀ ਲੈਂਡਸਕੇਪ ਪੇਸ਼ ਕਰਦੇ ਹੋਏ ਇਹ ਪ੍ਰਦਰਸ਼ਨੀ 700 ਤੋਂ ਵੱਧ ਦਰਸ਼ਕਾਂ ਨੂੰ ਆਕਰਸ਼ਿਤ ਕਰ ਗਈ, ਜਿਸ ਵਿੱਚ ਕਲਾ ਪ੍ਰੇਮੀ, ਆਲੋਚਕ, ਅਤੇ ਸਾਂਸਕ੍ਰਿਤਕ ਵਿਅਕਤੀ ਤੌਰ 'ਤੇ ਸ਼ਾਮਲ ਹੋਏ।

ਡਾ. ਲੂਥਰਾ ਦਾ ਜਨਮ ਅੰਮ੍ਰਿਤਸਰ ਵਿੱਚ ਹੋਇਆ ਅਤੇ ਉਨ੍ਹਾਂ ਨੇ ਸ੍ਰੀਮਤੀ ਫੂਲਨ ਰਾਣੀ ਦੇ ਨੇਤ੍ਰਤਵ ਹੇਠ ਤਾਲੀਮ ਪ੍ਰਾਪਤ ਕੀਤੀ, ਜਦਕਿ ਉਨ੍ਹਾਂ ਦੀ ਕਲਾ-ਸ਼ੈਲੀ ਪ੍ਰਸਿੱਧ ਕਲਾਕਾਰ ਠਾਕੁਰ ਸਿੰਘ ਦੀ ਤਕਨੀਕੀ ਤੇ ਪ੍ਰਭਾਵਿਤ ਰਹੀ।

ਪ੍ਰਦਰਸ਼ਨੀ ਦਾ ਉਦਘਾਟਨ ਮੁੰਬਈ ਦੇ ਪ੍ਰਸਿੱਧ ਸਾਂਸਕ੍ਰਿਤਕ ਵਿਅਕਤੀ ਮਿਸਟਰ ਕਾਯੋਜ਼ ਬਿਲਿਮੋਰੀਆ ਨੇ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਡਾ. ਲੂਥਰਾ ਦੀ ਕਲਾ-ਸਫ਼ਰ 'ਤੇ ਚਰਚਾ ਕੀਤੀ, ਜਿਸ ਵਿੱਚ ਉਨ੍ਹਾਂ ਦੀ ਕਲਾਕਾਰੀਆਂ ਵਿਦੇਸ਼ਾਂ ਵਿਚਲੇ ਤਜਰਬਿਆਂ ਨਾਲ ਲੈਂਦੀ ਰਹੀ ਹੈ। ਉਨ੍ਹਾਂ ਨੇ ਕਿਹਾ, 'ਇਹ ਪੇਂਟਿੰਗਾਂ ਸਿਰਫ਼ ਕਿਸੇ ਥਾਂ ਦੀ ਤਸਵੀਰ ਨਹੀਂ ਹਨ, ਸਗੋਂ ਇਹ ਦੱਸਦੀਆਂ ਹਨ ਕਿ ਇਹ ਥਾਵਾਂ ਕਿਵੇਂ ਇੱਕ ਕਲਾਕਾਰ ਦੇ ਵਿਚਾਰਾਂ ਅਤੇ ਆਤਮਿਕਤਾ ਨੂੰ ਰੂਪ ਦਿੰਦੀਆਂ ਹਨ।'

ਜਹਾਂਗੀਰ ਆਰਟ ਗੈਲਰੀ ਦੇ ਚੇਅਰਮੈਨ ਅਦਿਲ ਜਹਾਂਗੀਰ ਨੇ ਵੀ ਡਾ. ਲੂਥਰਾ ਦੇ ਕੰਮ ਨੂੰ 'ਗੰਭੀਰ ਅਤੇ ਪ੍ਰਭਾਵਸ਼ਾਲੀ' ਦੱਸਿਆ, ਜਦਕਿ ਕਈ ਨੌਜਵਾਨ ਦਰਸ਼ਕ, ਜਿਨ੍ਹਾਂ ਵਿੱਚ ਦਸ ਸਾਲ ਦੇ ਬੱਚੇ ਵੀ ਸ਼ਾਮਲ ਸਨ, ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਦੀਆਂ ਤਸਵੀਰਾਂ ਲੈਣ ਦੀ ਇਜਾਜ਼ਤ ਮੰਗ ਰਹੇ ਸਨ।

'ਘਰ ਤੇ ਵਿਦੇਸ਼' ਦੀ ਖਾਸੀਅਤ ਇਹ ਸੀ ਕਿ ਇਹ ਪੇਂਟਿੰਗ ਅਤੇ ਕਾਵਿ ਨੂੰ ਇਕੱਠੇ ਪੇਸ਼ ਕਰ ਰਿਹਾ ਸੀ। ਹਰ ਚਿੱਤਰ ਇੱਕ ਵਿਚਾਰਸ਼ੀਲ ਕਵਿਤਾ ਜਾਂ ਟਿੱਪਣੀ ਨਾਲ ਜੁੜਿਆ ਹੋਇਆ ਸੀ, ਜਿਸ ਨੇ ਦਰਸ਼ਕਾਂ ਨੂੰ ਇੱਕ ਅਧਿਕ ਗਹਿਰੀ ਸੋਚ ਵਿੱਚ ਡੁਬੋਣ ਵਾਲੀ ਅਨੁਭੂਤੀ ਦਿੱਤੀ।

ਇਸ ਨਵੀਨ ਦ੍ਰਿਸ਼ਟੀਕੋਣ ਨੇ ਪ੍ਰਦਰਸ਼ਨੀ ਦੀ ਮਹੱਤਤਾ ਨੂੰ ਵਧਾਇਆ, ਜੋ ਕਿ ਗੁਸਟਬੁੱਕ ਵਿੱਚ ਦਰਸ਼ਕਾਂ ਦੀਆਂ ਸਹਿਮਤੀਆਂ ਵਿੱਚ ਸਪੱਸ਼ਟ ਰਿਹਾ:

'ਇਹ ਕਲਾ ਸਿਰਫ਼ ਸੌਂਦਰਯ ਨਹੀਂ ਦੱਸਦੀ, ਸਗੋਂ ਅੱਜ ਦੀਆਂ ਜ਼ਰੂਰੀ ਸਮੱਸਿਆਵਾਂ 'ਤੇ ਵੀ ਧਿਆਨ ਦਿੰਦੀ ਹੈ। ਚਿੱਤਰ ਅਤੇ ਵਿਰਚਨਾ ਬਹੁਤ ਪ੍ਰਭਾਵਸ਼ਾਲੀ ਹਨ।' - ਹੰਨਾ ਲਿਬਰੇਖਟ, 18 ਫ਼ਰਵਰੀ 2025

'ਬਹੁਤ ਵਧੀਆ ਕੰਮ! ਇਹ ਵਿਸ਼ਿਆਂ ਦੀ ਗਹਿਰਾਈ ਨੂੰ ਸੁੰਦਰ ਢੰਗ ਨਾਲ ਪੇਸ਼ ਕਰਦਾ ਹੈ।' - ਰਾਸ਼ੀ ਮਿੱਤਲ, 20 ਫ਼ਰਵਰੀ 2025

**ਕਲਾਕਾਰੀ ਅਤੇ ਵਿਸ਼ੇਸ਼ਣ ਦਾ ਸੁਮੇਲ**

ਇਸ ਪ੍ਰਦਰਸ਼ਨੀ ਦੀ ਕਿਊਰੇਸ਼ਨ, ਜੋ ਕਿ ਮਿਸ ਸਿਮਰਤ ਸਿੰਘ ਵੱਲੋਂ ਸੰਭਾਲੀ ਗਈ, ਨੂੰ ਉੱਚ-ਸਤਹੀ ਪੇਸ਼ਕਾਰੀ ਲਈ ਸ਼ਲਾਘਾ ਮਿਲੀ। ਉਨ੍ਹਾਂ ਨੇ ਡਾ. ਲੂਥਰਾ ਦੇ ਬਚਪਨ ਤੋਂ ਅੱਜ ਤੱਕ ਦੇ ਯਾਤਰਾ-ਪ੍ਰਵਾਸ ਨੂੰ ਸੋਚ-ਵਿੱਚ ਆਉਣ ਵਾਲੇ ਢੰਗ ਨਾਲ ਦਰਸਾਇਆ।

**ਡਾ. ਲੂਥਰਾ ਦੀ ਆਲੋਚਨਾਤਮਕ ਦ੍ਰਿਸ਼ਟੀ**

ਇਹ ਡਾ. ਲੂਥਰਾ ਦੀ ਭਾਰਤ ਵਿੱਚ ਦੂਜੀ ਪ੍ਰਦਰਸ਼ਨੀ ਸੀ, ਜਿਸ ਤੋਂ ਪਹਿਲਾਂ 'ਆਈਜ਼ ਵਾਈਡ ਸ਼ਟ' ਦੀ ਵਿਖਿਆਤ ਨੁਮਾਇਸ਼ ਹੋ ਚੁੱਕੀ ਹੈ।

'ਇਹ ਕਲਾਕਾਰ ਸਿਰਫ਼ ਚਿੱਤਰਕਾਰੀ ਨਹੀਂ ਕਰਦਾ, ਇਹ ਸਮਾਜਿਕ ਅਸਮਾਨਤਾਵਾਂ, ਵਾਤਾਵਰਣ ਸੰਬੰਧੀ ਚੁਣੌਤੀਆਂ ਅਤੇ ਕਲਾਤਮਿਕ ਪ੍ਰਗਟਾਵੇ ਵਿੱਚ ਵਿਆਪਕ ਵਾਦਾਂ ਨੂੰ ਵੀ ਉਭਾਰਦਾ ਹੈ।'-ਸੀਮਾ ਬਾਵਾ, AIFACS, ਦਿੱਲੀ

'ਡਾ. ਲੂਥਰਾ ਦੀ ਕਲਾ ਵਿਚ ਆਉਣ ਵਾਲਾ ਵਧਾਵ, ਪੱਛਮ ਅਤੇ ਪੂਰਬ ਦੀ ਵਿਖੇਪਣੀ ਦੀ ਮਿਲਾਪ ਹੈ, ਜੋ ਕਿ ਇੱਕ ਰੂਪਾਂਤਰੀਕਰਣ ਦੀ ਤਰ੍ਹਾਂ ਦਿਖਦਾ ਹੈ।' ?- ਲੋਲੀਤਾ ਦੱਤਾ, ਕਲਾ ਆਲੋਚਕ × 8®4, ਯੂਨਾਈਟਿਡ ਇੰਸਟੀਟਿਊਟ ਆਫ਼ ਡਿਜ਼ਾਈਨ

**ਅੰਤ ਵਿੱਚ**

'ਘਰ ਤੇ ਵਿਦੇਸ਼' ਸਿਰਫ਼ ਚਿੱਤਰਾਂ ਦਾ ਇਕੱਠ ਨਹੀਂ ਸੀ; ਇਹ ਇੱਕ ਚਿੰਤਨਯੋਗ ਸੰਵਾਦ ਸੀ, ਜਿੱਥੇ ਕਲਾ ਅਤੇ ਕਾਵਿ ਇਕੱਠੇ ਆਏ। ਜਿਵੇਂ ਹੀ ਪ੍ਰਦਰਸ਼ਨੀ ਸਮਾਪਤ ਹੋਈ, ਇਸ ਦਾ ਪ੍ਰਭਾਵ ਦਰਸ਼ਕਾਂ ਦੇ ਚਿੱਤ ਵਿੱਚ ਲੰਬੇ ਸਮੇਂ ਤੱਕ ਰਹਿ ਗਿਆ।

**ਅਟੈਚਮੈਂਟਸ :**

ਉੱਚ-ਗੁਣਵੱਤਾ ਵਾਲੀਆਂ ਪ੍ਰਦਰਸ਼ਨੀ ਦੀਆਂ ਤਸਵੀਰਾਂ, ਚੁਣੀਆਂ ਗਈਆਂ ਪੇਂਟਿੰਗਾਂ, ਉਨ੍ਹਾਂ ਦੇ ਵੇਰਵੇ ਅਤੇ ਕਵਿਤਾਵਾਂ, ਕਲਾਕਾਰ ਦੀ ਪ੍ਰੋਫਾਈਲ ਫੋਟੋ, ਪਿਛਲੀ ਪ੍ਰਦਰਸ਼ਨੀ - ਆਈਜ਼ ਵਾਈਡ ਸ਼ਟ ਦੀ ਝਲਕ

**- ਸਿਮਰਤ ਸਿੰਘ**
+91 99102-87876

## ਆਖਰੀ ਸਫ਼ਾ ਦੀ ਬਾਕੀ

## ਪੰਜਾਬੀ ਕਵਿਤਾ ਦਾ ਹਬੀਬ ਜਾਲਿਬ...

ਦਾ ਅਧਿਐਨ ਕੀਤਾ। ਉਨ੍ਹਾਂ ਦੇ ਅਨੁਭਵਾਂ ਦਾ ਖੇਤਰ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਆਮ ਅਨੁਭਵਾਂ ਨੂੰ ਸੰਪੂਰਨ ਮੌਲਿਕਤਾ ਨਾਲ ਬਿਆਨ ਕੀਤਾ ਅਤੇ ਬੁੱਧੀ ਦੇ ਮੋਤੀ ਖਿਲਾਰਦੇ ਰਹੇ। ਇੱਕ ਸੱਚਾ ਕਵੀ ਅਤੇ ਲੇਖਕ ਹਰ ਯੁੱਗ ਵਿੱਚ ਆਪਣੀ ਜ਼ਮੀਰ ਦੀ ਆਵਾਜ਼ ਦਾ ਜਵਾਬ ਦਿੰਦਾ ਹੈ ਅਤੇ ਅੰਤ ਦੇ ਖ਼ਤਰੇ ਤੋਂ ਨਿਡਰ ਰਹਿੰਦਾ ਹੈ। ਉਸਤਾਦ ਦਾਮਨ ਦੇ ਅਨੁਸਾਰ, ਇੱਕ ਮਹਾਨ ਲੇਖਕ ਲਈ ਹਰ ਕਿਸਮ ਦੀ ਗੁਲਾਮੀ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨਾ ਜ਼ਰੂਰੀ ਹੈ। ਜਿਵੇਂ-ਜਿਵੇਂ ਉਸਤਾਦ ਦਾਮਨ ਦੀ ਚੇਤਨਾ ਪਰਿਪੱਕ ਹੁੰਦੀ ਗਈ, ਉਨ੍ਹਾਂ ਦਾ ਮਨ ਦੁਨੀਆ, ਸਮਾਜ ਅਤੇ ਬ੍ਰਹਿਮੰਡ ਦੀਆਂ ਸਮੱਸਿਆਵਾਂ ਵੱਲ ਯਾਤਰਾ ਕਰਦਾ ਗਿਆ। ਉਹ ਦੱਬੇ-ਕੁਚਲੇ ਗਰੀਬਾਂ ਦੁਆਰਾ ਅਨੁਭਵ ਕੀਤੀਆਂ ਜਾ ਰਹੀਆਂ ਸਥਿਤੀਆਂ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ:

ਇੱਕ ਇਨਕਲਾਬ ਜ਼ਰੂਰ ਆਵੇਗਾ।
ਇੱਕ ਇਨਕਲਾਬ ਜ਼ਰੂਰ ਆਵੇਗਾ।
ਆਓ ਹੱਥ ਫੜੀਏ।
ਅੱਜ ਦੌਲਤ ਇਕੱਠੀ ਕੀਤੀ ਜਾ ਰਹੀ ਹੈ।
ਓਹ, ਪੱਟੀਆਂ ਢਿੱਲੀਆਂ ਲਟਕ ਰਹੀਆਂ ਹਨ।
ਇਸ ਨੂੰ ਝੌਂਪੜੀਆਂ ਵਿੱਚ ਕਰੋ।
ਗਰੀਬਾਂ ਦੀ ਰੋਸ਼ਨੀ ਗੁੰਮ ਹੋ ਗਈ ਹੈ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।

ਉਸਤਾਦ ਦਾਮਨ ਇੱਕ ਹੁਨਰਮੰਦ ਕਾਰੀਗਰ, ਜਿਸ ਨੇ ਜਰਮਨ ਕੰਪਨੀ ਜੌਨ ਵਿਲੀਅਮ ਟੇਲਰ ਤੋਂ ਟੇਲਰਿੰਗ ਵਿੱਚ ਡਿਪਲੋਮਾ ਪ੍ਰਾਪਤ ਕਰਨ ਤੋਂ ਬਾਅਦ, ਲਾਹੌਰ ਦੇ ਬਾਗਬਾਨਪੁਰਾ ਵਿੱਚ ਦਮਨ ਟੇਲਰਿੰਗ ਹਾਊਸ ਨਾਂਅ ਦੀ ਆਪਣੀ ਦੁਕਾਨ ਖੋਲ੍ਹੀ। ਇਹ ਟੇਲਰਿੰਗ ਹਾਊਸ ਉਸਤਾਦ ਦਾਮਨ ਦੀਆਂ ਭੌਤਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਸੀ, ਪਰ ਆਤਮਿਕ ਖੁਸ਼ੀ ਸਿਰਫ਼ ਕਵਿਤਾ ਰਾਹੀਂ ਹੀ ਪ੍ਰਾਪਤ ਹੁੰਦੀ ਸੀ, ਅਤੇ ਜਲਦੀ ਹੀ ਉਸਤਾਦ ਦਾਮਨ ਦਾ ਟੇਲਰਿੰਗ ਹਾਊਸ ਕਵਿਤਾ ਦੇ ਸ਼ੌਕੀਨ ਲੋਕਾਂ ਲਈ ਇੱਕ ਸਿੱਖਿਆ ਕੇਂਦਰ ਵਿੱਚ ਬਦਲ ਗਿਆ। ਉਸਤਾਦ ਦਾਮਨ ਦਾ ਕਲਮੀ ਨਾਂਅ, ਫੈਜ਼ ਅਹਿਮਦ ਫੈਜ਼ ਕਹਿੰਦਾ ਹੈ ਕਿ ਮੈਂ ਪੰਜਾਬੀ ਕਵਿਤਾ ਨਹੀਂ ਲਿਖਦਾ, ਕਿਉਂਕਿ ਸ਼ਾਹ ਹੁਸੈਨ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਤੋਂ ਬਾਅਦ ਪੰਜਾਬੀ ਵਿੱਚ ਉਸਤਾਦ ਦਾਮਨ ਵਰਗੇ ਕਵੀ ਹਨ। ਇਸ ਤੋਂ ਇਲਾਵਾ, ਫੈਜ਼ ਸਾਹਿਬ ਨੇ ਉਸਤਾਦ ਦਾਮਨ ਨੂੰ ਪੰਜਾਬੀ ਕਵਿਤਾ ਦਾ ਹਬੀਬ ਜਾਲਿਬ ਵੀ ਕਿਹਾ। ਪਾਕਿਸਤਾਨ ਦੀ ਸਥਾਪਨਾ ਦੇ ਸਮੇਂ, ਜਦੋਂ ਸ਼ਰਾਰਤੀ ਅਨਸਰਾਂ ਨੇ ਉਸਤਾਦ ਦਾਮਨ ਦੀ ਦੁਕਾਨ, ਲਾਇਬ੍ਰੇਰੀ ਅਤੇ ਕਿਤਾਬਾਂ, ਜਿਸ ਵਿੱਚ ਉਨ੍ਹਾਂ ਦੀਆਂ ਨਿੱਜੀ ਲਿਖਤਾਂ ਅਤੇ ਹੀਰ ਦੀ ਹੱਥ-ਲਿਖਤ ਸ਼ਾਮਲ ਸੀ, ਨੂੰ ਅੱਗ ਲਗਾ ਦਿੱਤੀ, ਜੋ ਸੜ ਕੇ ਸੁਆਹ ਹੋ ਗਈਆਂ, ਤਾਂ ਉਸ ਨੇ ਕਾਗਜ਼ ਦੇ ਟੁਕੜਿਆਂ 'ਤੇ ਲਿਖਣ ਦੀ ਬਜਾਏ ਆਪਣੇ ਲਿਖਣ ਦੇ ਯਤਨਾਂ ਨੂੰ ਜਨਤਾ ਨੂੰ ਸੌਂਪਣਾ ਸ਼ੁਰੂ ਕਰ ਦਿੱਤਾ।

ਸਟੇਜ 'ਤੇ ਆਓ, ਸਿਕੰਦਰ ਹੋਈ।
ਸਟੇਜਾਂ ਕਲੰਦਰ ਬਣ ਗਈਆਂ ਹਨ।
ਉਲਝੇ ਹੋਏ ਦਮਨ ਦੀ ਸਰਕਾਰ ਕੌਣ ਹੈ ?
ਬਸ ਇੰਝ ਹੀ, ਅੰਦਰੋਂ ਵੀ ਇਹੀ ਹੋਇਆ।

ਉਸਤਾਦ ਦਾਮਨ, ਜਿਨ੍ਹਾਂ ਨੂੰ ਅਯੂਬੀ ਭੁੱਟੋ ਅਤੇ ਜ਼ਿਆ ਦੇ ਸ਼ਾਸਨ ਦੌਰਾਨ ਕੈਦ ਕੀਤਾ ਗਿਆ ਸੀ, ਨੇ ਭੁੱਟੋ ਯੁੱਗ ਦੌਰਾਨ ਸਰਕਾਰ ਦੀਆਂ ਨੀਤੀਆਂ ਦੀਆਂ ਆਲੋਚਨਾਤਮਕ ਕਵਿਤਾਵਾਂ ਵੀ ਲਿਖੀਆਂ। ਜਦੋਂ ਭੁੱਟੋ, ਜੋ ਭਾਰਤ ਨਾਲ ਸੌ ਸਾਲ ਦੀ ਜੰਗ ਛੇੜਨ ਦੀ ਗੱਲ ਕਰ ਰਹੇ ਸਨ, ਇੰਦਰਾ ਗਾਂਧੀ ਨੂੰ ਮਿਲਣ ਲਈ ਸ਼ਿਮਲਾ ਗਏ, ਤਾਂ ਉਸਤਾਦ ਦਾਮਨ ਨੇ ਭੁੱਟੋ ਨੂੰ ਸੰਬੋਧਨ ਕਰਦਿਆਂ ਇਹ ਕਵਿਤਾ ਲਿਖੀ।

ਓਹ, ਇਹ ਹੋਣ ਵਾਲਾ ਹੈ, ਓਹ, ਇਹ ਹੋਣ ਵਾਲਾ ਹੈ।

ਚੀਨ ਕਿੱਥੇ ਜਾਣਾ ਹੈ, ਰੂਸ ਕਿੱਥੇ ਜਾਣਾ ਹੈ ?
ਸ਼ਿਮਲਾ ਕਿੱਥੇ ਜਾਣਾ ਹੈ, ਮਰੀ ਕਿੱਥੇ ਜਾਣਾ ਹੈ ?
ਤੁਸੀਂ ਜਿੱਥੇ ਵੀ ਜਾਓਗੇ, ਜਲੂਸ ਵਿੱਚ ਜਾਓਗੇ।
ਵਹਿ ਜਾਣਾ, ਵਹਿ ਜਾਣਾ
ਆਓ, ਚੱਲੀਏ, ਓਏ।
ਓਹ, ਇਹ ਹੋਣ ਵਾਲਾ ਹੈ, ਓਹ, ਇਹ ਹੋਣ ਵਾਲਾ ਹੈ।

ਜਦੋਂ ਇਹ ਕਵਿਤਾ ਬਹੁਤ ਮਸ਼ਹੂਰ ਹੋਈ, ਤਾਂ ਉਸਤਾਦ ਦਾਮਨ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਫੈਜ਼ ਸਾਹਿਬ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਕੋਈ ਉਸਤਾਦ ਦਾਮਨ ਨੂੰ ਜੇਲ੍ਹ ਵਿੱਚ ਸੁੱਟ ਸਕਦਾ ਹੈ। ਉਸਤਾਦ ਦਾਮਨ ਵਿਰੁੱਧ ਝੂਠੇ ਦੋਸ਼ ਵਿੱਚ ਕੇਸ ਦਾਇਰ ਕੀਤਾ ਗਿਆ ਕਿ ਉਨ੍ਹਾਂ ਦੇ ਕਬਜ਼ੇ ਵਿੱਚੋਂ ਰਿਵਾਲਵਰ ਬੰਬ ਬਰਾਮਦ ਹੋਏ ਹਨ। ਜਦੋਂ ਮੈਜਿਸਟਰੇਟ ਨੇ ਉਨ੍ਹਾਂ ਨੂੰ ਇਹ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਮੇਰੀ ਕੋਠੜੀ ਦਾ ਦਰਵਾਜ਼ਾ ਛੋਟਾ ਸੀ, ਨਹੀਂ ਤਾਂ ਟੈਂਕ ਉੱਥੋਂ ਨਿਕਲਣੇ ਚਾਹੀਦੇ ਸਨ, ਜਿਸ 'ਤੇ ਉਸਤਾਦ ਦਾਮਨ ਨੇ ਇਹ ਕਵਿਤਾ ਲਿਖੀ :

ਚੌਂਕੀ ਪੁਲਸ ਸਟੇਸ਼ਨ ਹਿਰਾਸਤ ਅਦਾਲਤਾਂ ਨਹੀਂ ਹਨ।
ਮੈਂ ਡੌਂਗਹਾਊਸ ਜਾ ਰਿਹਾ ਸੀ ਅਤੇ ਥੋੜ੍ਹਾ ਜਿਹਾ ਲੈ ਕੇ ਬਾਹਰ ਆਇਆ ਹਾਂ।
ਕੋਈ ਬਾਹਰ ਖੇਤ ਵਿੱਚ ਜਾ ਸਕਦਾ ਹੈ।
ਉਸ ਨੇ ਆਪਣੀ ਛਾਤੀ 'ਤੇ ਮੁੱਕਾ ਮਾਰਿਆ ਅਤੇ ਜ਼ੋਰ ਨਾਲ ਬਾਹਰ ਆ ਗਿਆ।
ਜਦੋਂ ਮੈਂ ਬਾਹਰ ਆਵਾਂਗਾ ਤਾਂ ਕੋਈ ਮੈਨੂੰ ਦਬਾ ਨਹੀਂ ਸਕਦਾ।
ਕਿਸੇ ਨੇ ਮੇਰੇ ਪੈਰ ਫੜ ਲਏ ਅਤੇ ਮੈਂ ਸਾਹ ਰੋਕ ਦਿੱਤਾ।
ਅਤੇ ਕਵੀ ਦਾ ਹੱਥ ਉਸ ਦੇ ਕਬਜ਼ੇ ਵਿੱਚ ਦਿਖਾਈ ਦੇ ਰਿਹਾ ਸੀ।
ਦੋ ਰਿਵਾਲਵਰ ਅਤੇ ਇੱਕ ਹੱਥਗੋਲਾ ਮਿਲਿਆ।

ਉਸਤਾਦ ਦਾਮਨ ਦੀ ਮਸ਼ਹੂਰ ਕਿਤਾਬ 'ਦਾਮਨ ਦੇ ਮੋਤੀ' ਉਨ੍ਹਾਂ ਦੀ ਸੰਪੂਰਨ ਕਵਿਤਾ ਦਾ ਇੱਕ ਮਨਮੋਹਕ ਸੰਗ੍ਰਹਿ ਹੈ, ਜੋ ਉਨ੍ਹਾਂ ਦੇ ਸਮੇਂ ਦੀਆਂ ਘਟਨਾਵਾਂ ਅਤੇ ਸਥਿਤੀਆਂ ਦਾ ਸੱਚਾ ਸ਼ੀਸ਼ਾ ਹੈ। ਉਸਤਾਦ ਦਾਮਨ ਫੈਜ਼ ਅਤੇ ਜਾਲਿਬ ਦੇ ਪ੍ਰਸ਼ੰਸਕਾਂ ਵਿੱਚੋਂ ਇੱਕ ਸਨ। 80 ਦੇ ਦਹਾਕੇ ਵਿੱਚ ਜਦੋਂ ਉਨ੍ਹਾਂ ਦੇ ਪੁੱਤਰ, ਫਿਲਮ ਸਟਾਰ ਅਲਾਉਦੀਨ ਦਾ ਦੇਹਾਂਤ ਹੋਇਆ ਤਾਂ ਇੰਝ ਲੱਗਿਆ, ਜਿਵੇਂ ਉਸਤਾਦ ਦਾਮਨ ਦੀ ਆਤਮਾ ਉੱਡ ਗਈ ਹੋਵੇ। ਕਦੇ ਬਿਸਤਰੇ 'ਤੇ, ਕਦੇ ਹਸਪਤਾਲ ਵਿੱਚ, ਕਦੇ ਘਰ ਵਿੱਚ। ਕਮਜ਼ੋਰ ਸਿਹਤ ਦੇ ਇਨ੍ਹਾਂ ਦਿਨਾਂ ਦੌਰਾਨ ਫੈਜ਼ ਅਹਿਮਦ ਫੈਜ਼ ਸਾਹਿਬ ਦਾ ਵੀ ਦੇਹਾਂਤ ਹੋ ਗਿਆ। ਉਸਤਾਦ ਦਾਮਨ ਦੇ ਪ੍ਰਸ਼ੰਸਕਾਂ ਦੇ ਇਤਰਾਜ਼ਾਂ ਦੇ ਬਾਵਜੂਦ, ਉਹ ਆਪਣੇ ਕਲਮ ਸਾਥੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ, ਜਿੱਥੇ ਲੋਕਾਂ ਨੇ ਪਹਿਲੀ ਵਾਰ ਉਸਤਾਦ ਦਾਮਨ ਨੂੰ ਉੱਚੀ-ਉੱਚੀ ਰੋਂਦੇ ਦੇਖਿਆ। ਇੰਝ ਜਾਪਦਾ ਸੀ ਜਿਵੇਂ ਭਾਰਤ ਦੀ ਵੰਡ ਤੋਂ ਲੈ ਕੇ ਅੱਜ ਤੱਕ ਹੋਏ ਸਾਰੇ ਵਿਨਾਸ਼ ਦਾ ਦਰਦ ਉਨ੍ਹਾਂ ਤੱਕ ਫੈਜ਼ ਸਾਹਿਬ ਦੇ ਜਾਣ ਤੋਂ ਬਾਅਦ ਹੀ ਪਹੁੰਚਿਆ ਹੋਵੇ। 20 ਨਵੰਬਰ, 1984 ਨੂੰ ਫੈਜ਼ ਸਾਹਿਬ ਦਾ ਦੇਹਾਂਤ ਹੋ ਗਿਆ ਅਤੇ ਉਸੇ ਸ਼ਾਮ ਉਸਤਾਦ ਦਾਮਨ ਦੀ ਹਿੰਮਤ ਨੇ ਵੀ ਅਜਿਹਾ ਹੁੰਗਾਰਾ ਦਿੱਤਾ ਕਿ ਸਿਰਫ਼ ਤੇਰਾਂ ਦਿਨਾਂ ਬਾਅਦ, ਸੋਮਵਾਰ, 3 ਦਸੰਬਰ, 1984 ਨੂੰ ਉਨ੍ਹਾਂ ਦੀ ਆਤਮਾ ਵੀ ਫੈਜ਼ ਸਾਹਿਬ ਦੇ ਪਿੱਛੇ ਸਵਰਗੀ ਯਾਤਰਾ ਲਈ ਰਵਾਨਾ ਹੋ ਗਈ। ਉਸਤਾਦ ਦਾਮਨ ਦੀ ਵਸੀਅਤ ਅਨੁਸਾਰ ਉਨ੍ਹਾਂ ਨੂੰ ਮਧੂ ਲਾਲ ਹੁਸੈਨ ਦੇ ਮੇਨ ਗੇਟ ਕਬਰਿਸਤਾਨ, ਲਾਹੌਰ ਵਿੱਚ ਸ਼ਾਹ ਹੁਸੈਨ ਦੀ ਕਬਰ ਦੇ ਪਰਛਾਵੇਂ ਵਿੱਚ ਦਫ਼ਨਾਇਆ ਗਿਆ।

ਦੁਨੀਆ ਦੇ ਅੰਦਰ ਇੱਕ ਝਾਤ ਮਾਰੋ।
ਅਤੇ ਜ਼ਿੰਦਗੀ ਕਿਤਾਬ ਦੇ ਪੰਨਿਆਂ ਵਿੱਚ ਉਭਰ ਆਈ।
ਮੈਨੂੰ ਕੋਈ ਸਾਥੀ ਨਹੀਂ ਮਿਲਿਆ।
ਮੈਂ ਕਫ਼ਨ ਖੋਲ੍ਹਿਆ ਅਤੇ ਚਲਾ ਗਿਆ।

## ਸਫ਼ਾ 3 ਦੀ ਬਾਕੀ

## ਵਿਸ਼ਵੀ ਸਰੋਕਾਰਾਂ ਦਾ ਦਿਲਚਸਪ ਬਿਰਤਾਂਤ...

ਸਮਰੱਥਾ ਹੁੰਦੀ ਹੈ, ਉਹ ਬੋਲਦੇ ਵੀ ਹਨ। ਪ੍ਰਮਾਣੂ ਹਮਲੇ ਦੀ ਤਬਾਹੀ ਦਾ ਪ੍ਰਸੰਗ ਬੇਚੈਨ ਕਰਨ ਵਾਲਾ ਹੈ। 'ਪੋਟੈਟੋ ਬਿਊਟੀ ਈਵਾ ਏਕੇਬਲਾਡ' ਪ੍ਰਸੰਗ ਵਿੱਚ ਇਕ ਔਰਤ ਈਵਾ ਦੇ ਹਵਾਲੇ ਨਾਲ ਲੇਖਕ ਗੱਲ ਕਰਦਾ ਹੈ, ਜਿਸ ਨੇ ਆਲੂ ਨੂੰ ਪੂਰੇ ਸੰਸਾਰ ਵਿੱਚ ਪ੍ਰਸਿੱਧ ਕਰ ਦਿੱਤਾ। ਲੇਖਕ ਕਹਿੰਦਾ ਹੈ ਕਿ ਸਮਾਜ ਦੇ ਮਰਦਾਂ ਵੱਲੋਂ ਵਿਰੋਧ ਦੇ ਬਾਵਜੂਦ ਈਵਾ ਵਰਗੀਆਂ ਔਰਤਾਂ ਆਪਣੇ ਦਮ 'ਤੇ ਨਵੀਆਂ ਪ੍ਰਾਪਤੀਆਂ ਸਰ ਕਰ ਜਾਂਦੀਆਂ ਹਨ। ਲੇਖ ਵਿੱਚ ਸਵੀਡਨ ਦੇ ਇਕ ਅਮੀਰ ਘਰਾਣੇ ਦੀ ਈਵਾ ਨਾਂਅ ਦੀ ਇਕ ਨਾਰੀ ਦੀ ਕਹਾਣੀ ਬਿਆਨ ਕਰਦਾ ਹੈ, ਜੋ ਆਪਣੇ ਖੇਤਾਂ ਵਿੱਚ ਨਵੇਂ ਪ੍ਰਯੋਗ ਸ਼ੁਰੂ ਕਰਦੀ ਹੈ ਤੇ ਜਲਦੀ ਹੀ ਖੇਤੀ ਮਾਹਰ ਬਣ ਜਾਂਦੀ ਹੈ। ਉਸ ਸਮੇਂ ਉਹਦੇ ਫਾਰਮ ਵਿੱਚ ਆਲੂ ਮੁਰਗੀਆਂ ਦੇ ਭੋਜਨ ਲਈ ਉਗਾਇਆ ਜਾਂਦਾ ਸੀ, ਜਦੋਂ ਈਵਾ ਨੇ ਆਲੂ ਬੀਜਣੇ ਸ਼ੁਰੂ ਕੀਤੇ, ਉਸ ਵੇਲੇ ਮਨੁੱਖਾਂ ਦੇ ਖਾਣ ਲਈ ਆਲੂ ਨਹੀਂ ਸੀ ਬੀਜੇ ਜਾਂਦੇ। ਆਲੂ ਦੇ ਫੁੱਲਾਂ ਤੋਂ ਕਾਸਮੈਟਿਕਸ ਤਿਆਰ ਕੀਤੇ ਤੇ ਸੂਤੀ ਧਾਗੇ ਦੇ ਕੱਪੜਿਆਂ ਨੂੰ ਸਾਬਣ ਨਾਲ ਬਲੀਚ ਕਰਨ ਦੀ ਵਿਧੀ ਦੀ ਵੀ ਖੋਜ ਕੀਤੀ। ਈਵਾ ਦੀ ਸਵੀਡਿਸ਼ ਅਕਾਦਮੀ ਆਫ਼ ਸਾਇੰਸਿਜ਼ ਦੀ ਮੈਂਬਰਸ਼ਿਪ ਇਸ ਲਈ ਰੱਦ ਕਰ ਦਿੱਤੀ ਗਈ, ਕਿਉਂਕਿ ਉਸ ਦੇ ਮੈਂਬਰ ਪੁਰਸ਼ ਹੀ ਬਣ ਸਕਦੇ ਸਨ, ਪਰ ਇਸ ਦੇ ਬਾਵਜੂਦ ਉਹ ਆਪਣਾ ਕੰਮ ਕਰਦੀ ਰਹੀ। ਉਸ ਨੇ ਬਾਅਦ ਵਿੱਚ ਆਲੂਆਂ ਤੋਂ ਅਲਕੋਹਲ ਬਣਾਉਣ ਦੀ ਵਿਧੀ ਇਜਾਦ ਕੀਤੀ। ਲੇਖਕ ਆਪਣੇ ਬਿਰਤਾਂਤ ਵਿੱਚ ਕਹਿੰਦਾ ਹੈ ਕਿ ਈਵਾ ਵਰਗੀਆਂ ਔਰਤਾਂ ਵਿਰੋਧ ਦੇ ਬਾਵਜੂਦ ਆਪਣਾ ਨਾਂਅ ਪ੍ਰਸਿੱਧ ਕਰ ਜਾਂਦੀਆਂ ਹਨ।

ਲੇਖਕ ਆਪਣੇ ਇਕ ਲੇਖ 'ਹੈਰੀਏਟ' ਵਿੱਚ ਉਸ ਔਰਤ ਦਾ ਜ਼ਿਕਰ ਕਰਦਾ ਹੈ, ਜਿਸ ਨੇ ਗੁਲਾਮਾਂ ਨੂੰ ਗੁਲਾਮੀ ਦੇ ਜੂਲੇ ਤੋਂ ਆਜ਼ਾਦ ਕਰਵਾਉਣ ਲਈ ਆਪਣਾ ਜੀਵਨ ਜੋਖ਼ਮ ਵਿੱਚ ਪਾ ਦਿੱਤਾ। ਉਸ ਨੇ ਆਪਣੀ ਸੂਝ ਨਾਲ ਤਿੰਨ ਸੌ ਦੇ ਲਗਭਗ ਗੁਲਾਮਾਂ ਨੂੰ ਆਜ਼ਾਦ ਕਰਵਾਇਆ, ਭਾਵੇਂ ਕਿ ਉਸ ਦੇ ਸਿਰ ਉੱਤੇ ਹਾਕਮ ਸਰਕਾਰ ਨੇ ਚਾਲੀ ਹਜ਼ਾਰ ਡਾਲਰਾਂ ਦਾ ਇਨਾਮ ਵੀ ਰੱਖਿਆ। 'ਤਾਨਾਸ਼ਾਹੀ ਨੂੰ ਵੰਗਾਰਦੀ ਨਾਚੀ' ਲੇਖ ਵਿੱਚ ਲੇਖਕ ਕਹਿਣਾ ਚਾਹੁੰਦਾ ਹੈ ਕਿ ਸੱਤਾ ਆਪਣੀ ਮਰਜ਼ੀ ਨਾਲ ਕਲਾ ਨੂੰ ਆਪਣੇ ਹਿੱਤਾ ਲਈ ਨਹੀਂ ਵਰਤ ਸਕਦੀ। ਇਸ ਪ੍ਰਸੰਗ ਵਿੱਚ ਉਹ ਨੀਲੋ ਬੇਗ਼ਮ ਦੀ ਕਹਾਣੀ ਬਿਆਨ ਕਰਦਾ ਹੈ, ਜੋ ਨਵਾਬ ਦੇ ਮਹਿਲ ਵਿੱਚ ਮੁਜਰਾ ਕਰਨ ਤੋਂ ਇਨਕਾਰ ਕਰ ਦਿੰਦੀ ਹੈ, ਕਿਉਂਕਿ ਉਹ ਆਪਣੀ ਕਲਾ ਨੂੰ ਦਾਗਦਾਰ ਨਹੀਂ ਸੀ ਕਰਨਾ ਚਾਹੁੰਦੀ। ਨੀਲੋ ਬੇਗ਼ਮ ਨੂੰ ਜ਼ਬਰਦਸਤੀ ਨੱਚਣ ਲਈ ਮਜਬੂਰ ਕੀਤਾ ਜਾਂਦਾ ਹੈ। ਨਾਬਰ ਹੋ ਕੇ ਉਹ ਨੀਂਦ ਦੀਆਂ ਗੋਲੀਆਂ ਦੀ ਓਵਰਡੋਜ਼ ਲੈ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੀ ਹੈ। ਧੱਕੇ ਨਾਲ ਡਾਂਸ ਫਲੋਰ ਉੱਤੇ ਆਈ ਨੀਲੋਂ ਡਿੱਗ ਕੇ ਬੇਹੋਸ਼ ਹੋ ਜਾਂਦੀ ਹੈ, ਜਿਸ ਕਾਰਨ ਨਵਾਬ ਦੇ ਵਿਰੁੱਧ ਪੂਰੀ ਫਿਲਮੀ ਇੰਡਸਟਰੀ ਤੇ ਲੋਕ ਉੱਠ ਖੜ੍ਹਦੇ ਹਨ। ਇਸ ਨੀਲੋਂ ਉੱਤੇ ਬਾਅਦ ਵਿੱਚ ਅਨੇਕਾਂ ਫਿਲਮਾਂ ਬਣਦੀਆਂ ਹਨ। ਲੇਖਕ ਕਹਿੰਦਾ ਹੈ ਕਿ ਅਸਲੀ ਕਲਾਕਾਰ ਆਪਣੀ ਕਲਾ ਦੇ ਅਸੂਲਾਂ ਉੱਤੇ ਖੜ੍ਹਾ ਰਹਿੰਦਾ ਹੈ ਉਹ ਹੀ ਲੋਕਾਂ ਵਿੱਚ ਬਚਿਆ ਰਹਿੰਦਾ ਹੈ। ਲੋਕ ਨਾਟਕ ਬਾਰੇ ਬਲਵੰਤ ਗਾਰਗੀ ਦੇ ਸੰਦਰਭ ਵਿੱਚ ਲੇਖਕ ਗੁਲਾਬ ਬਾਈ ਦੀ ਨੌਟੰਕੀ ਕਲਾ ਬਾਰੇ ਜ਼ਿਕਰ ਕਰਦਾ ਹੈ, ਜਿਹੜੀ ਜਿਉਂਦੇ ਜੀਅ ਦੰਦ ਕਥਾ ਬਣ ਜਾਂਦੀ ਹੈ। ਉਹ ਗੁਲਾਬ ਬਾਈ, ਜਿਸ ਨੇ ਨੌਟੰਕੀ ਦੀ ਪਰੰਪਰਾ ਨੂੰ ਜਿਉਂਦੇ ਰੱਖਣ ਲਈ ਸਾਰੀ ਜ਼ਿੰਦਗੀ ਲਾ ਦਿੱਤੀ।

ਲਾਤੀਨੀ ਲੇਖਕ ਐਦੂਆਰਦੋ ਗੈਲੀਨੀਓ ਦੇ ਹਵਾਲੇ ਨਾਲ 'ਮਨੁੱਖੀ ਆਵਾਜ਼ ਦਾ ਜਸ਼ਨ' ਲੇਖ ਵਿੱਚ ਢੀਂਗਰਾ ਕਹਿੰਦਾ ਹੈ— ਕਾਲ ਕੋਠੜੀਆਂ ਵਿੱਚ ਜਕੜੇ ਮਨੁੱਖ ਆਪਣੇ ਆਪ ਨੂੰ ਜਿਉਂਦੇ ਰੱਖਣ ਲਈ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ ਕੱਢ-ਕੱਢ ਕੇ ਆਪਣਾ ਰਾਹ ਤਲਾਸ਼ ਲੈਂਦੇ ਹਨ। ਦਸ-ਦਸ ਸਾਲਾਂ ਤੋਂ ਕਾਲ ਕੋਠੜੀਆਂ ਵਿੱਚ ਜਕੜੇ ਮਨੁੱਖ ਇਸ ਲਈ ਜਿਉਂਦੇ ਬਚ ਨਿਕਲੇ, ਕਿਉਂਕਿ ਉਨ੍ਹਾਂ ਨੇ ਕੰਧਾਂ ਉੱਤੇ ਥਪਕੀਆਂ ਮਾਰ-ਮਾਰ ਕੇ ਆਪਣੀ ਗੱਲ ਦੂਜੇ ਨੂੰ ਸਮਝਾਉਣ ਦਾ ਤਰੀਕਾ ਖੋਜ ਲਿਆ ਸੀ। ਇਸ ਤਰ੍ਹਾਂ ਉਹ ਆਪਣੇ ਸੁਪਨਿਆਂ ਤੇ ਯਾਦਾਂ ਨੂੰ ਇਕ-ਦੂਜੇ ਨਾਲ ਸਾਂਝਿਆਂ ਕਰਦੇ ਆਪਣੀ ਮੁਹੱਬਤ ਦੇ ਕਿੱਸੇ ਇਕ-ਦੂਜੇ ਨੂੰ ਸੁਣਾਉਂਦੇ, ਬਹਿਸਾਂ ਕਰਦੇ, ਲੜਦੇ-ਝਗੜਦੇ ਤੇ ਆਪਣੀ ਜਿਉਣ ਦੀ ਆਸ ਜਗਾਈ ਰੱਖਦੇ ਹਨ। ਲੇਖਕ ਕਹਿਣਾ ਚਾਹੁੰਦਾ ਹੈ ਕਿ ਜਦੋਂ ਮਨੁੱਖ ਕੋਲੋਂ ਉਸ ਦੀ ਜ਼ੁਬਾਨ ਖੋਹ ਲਈ ਜਾਂਦੀ ਹੈ ਤਾਂ ਇਹ ਹੱਥਾਂ, ਅੱਖਾਂ, ਉਂਗਲਾਂ ਦੇ ਪੋਰਾਂ ਵਿੱਚੋਂ ਫੁੱਟ ਨਿਕਲਦੀ ਹੈ। ਆਪਣੇ ਇਸ ਲੇਖ 'ਕਿਤਾਬ ਮਨੁੱਖ ਦੇ ਅੰਦਰ ਦੀ ਇਕ ਵਿਧਾ ਹੈ' ਦੇ ਪ੍ਰਸੰਗ ਵਿੱਚ ਲੇਖਕ ਡਾਕਟਰ ਗੋਪੀ ਚੰਦ ਨਾਰੰਗ ਦਾ ਪ੍ਰਸੰਗ ਲਿਖਦਾ ਹੈ, ਜਿਸ ਵਿੱਚ ਨਾਰੰਗ ਦੇ ਕਿਤਾਬਾਂ ਬਾਰੇ ਵਿਚਾਰ ਦਿੱਤੇ ਗਏ ਹਨ, ਜਿਹੜੀਆਂ ਕਿਤਾਬਾਂ ਵਿੱਚੋਂ ਉਸ ਨੂੰ ਵਿਰਸੇ ਵਿੱਚ ਪੜ੍ਹਨ ਦੇ ਬੀਜ ਪ੍ਰਾਪਤ ਹੋਏ ਸਨ। ਮਰਾਠੀ ਦਲਿਤ ਲੇਖਕ ਦਯਾ ਪਵਾਰ ਦੇ ਹਵਾਲੇ ਨਾਲ 'ਪੇਟ ਦੀ ਭੁੱਖ ਬਨਾਮ ਪੜ੍ਹਨ ਦੀ ਭੁੱਖ' ਤਹਿਤ ਲੇਖਕ ਕਹਿੰਦਾ ਹੈ ਕਿ ਮਨੁੱਖ ਨੂੰ ਦੋ ਤਰ੍ਹਾਂ ਦੀ ਭੁੱਖ ਲੱਗਦੀ ਹੈ, ਇਕ ਪੇਟ ਦੀ, ਦੂਜੀ ਪੜ੍ਹਨ ਦੀ। ਇਹ ਦੋ ਭੁੱਖਾਂ ਬਹੁਤ ਜ਼ਰੂਰ ਲੱਗਣੀਆਂ ਚਾਹੀਦੀਆਂ ਹਨ। ਦਯਾ ਪਵਾਰ ਦੀ ਜ਼ਿੰਦਗੀ ਦੇ ਦੋ ਕਰੂਰ ਪ੍ਰਸੰਗ ਬਿਆਨ ਕੀਤੇ ਗਏ ਹਨ। ਜਦੋਂ ਉਹਦੀ ਮਾਂ ਕਾਗਜ਼ ਚੁੱਕ ਕੇ ਵੇਚ ਕੇ ਘਰ ਦਾ ਗੁਜ਼ਾਰਾ ਚਲਾਉਂਦੀ ਸੀ। ਉਨ੍ਹਾਂ ਪੈਸਿਆਂ ਦੇ ਕੁਝ ਖਾਣ ਲਈ ਲੈ ਕੇ ਆਉਂਦੀ ਸੀ ਤੇ ਦੂਜੀ ਭੁੱਖ ਉਸ ਨੂੰ ਕਿਤਾਬਾਂ ਦੀ ਲੱਗਦੀ ਸੀ, ਜਿਸ ਭੁੱਖ ਨੂੰ ਪੂਰਿਆਂ ਕਰਨ ਲਈ ਉਹ ਲਾਇਬਰੇਰੀ ਵਿੱਚ ਜਾਂਦਾ ਸੀ।

ਕਹਾਣੀ ਸੁਣਾਉਣ ਦੀ ਕਲਾ ਬਾਰੇ ਬੰਗਲਾ ਲੇਖਕਾਂ ਦੇ ਪ੍ਰਸੰਗ ਨਾਲ ਆਪਣੇ ਲੇਖ 'ਕਲਾ-ਕੌਸ਼ਲਤਾ ਦੇ ਖਜ਼ਾਨੇ' ਵਿੱਚ ਪੇਸ਼ ਕਰਦਾ ਹੈ। 'ਢਾਕੇ ਦੀ ਮਲਮਲ' ਲੇਖ ਵਿੱਚ ਮਲਮਲ ਦੀ ਦਿਲਚਸਪ ਕਹਾਣੀ ਬਿਆਨ ਕਰਦਾ ਹੈ ਕਿ ਢਾਕੇ ਦੀ ਮਲਮਲ ਕਿਵੇਂ ਤਿਆਰ ਹੁੰਦੀ ਸੀ ਤੇ ਇਹ ਕਿਨ੍ਹਾਂ ਲੋਕਾਂ ਦੀ ਪਹੁੰਚ ਵਿੱਚ ਹੁੰਦੀ ਸੀ। ਬਲਰਾਜ ਸਾਹਨੀ ਦੇ ਹਵਾਲੇ ਨਾਲ 'ਗ਼ੁਲਾਮ ਸੋਚ ਬਨਾਮ ਆਜ਼ਾਦ ਸੋਚ' ਦੇ ਪ੍ਰਸੰਗ ਵਿੱਚ ਲੇਖਕ ਲਿਖਦਾ ਹੈ ਕਿ ਗੁਲਾਮ ਸੋਚ ਵਾਲੇ ਬੰਦੇ ਦੀ ਮਾਨਸਿਕਤਾ ਕਿਵੇਂ ਉਸਰਦੀ ਹੈ। 'ਜੰਗ ਤੇ ਜਿਸਮਾਂ ਦਾ ਵਪਾਰ' ਵਿੱਚ ਜੰਗ ਦੇ ਦੁਖਾਂਤ ਤੇ ਸੱਤਾ ਉੱਤੇ ਬੈਠੇ ਸ਼ਾਸਕ ਦੀ ਹਉਮੈ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। 'ਵਿੰਗੇ ਟੇਢੇ ਆਕਾਰਾਂ ਦੀ ਦੁਨੀਆ' ਨਾਂਅ ਦੇ ਪ੍ਰਸੰਗ ਵਿੱਚ ਲੇਖਕ ਕਹਿੰਦਾ ਹੈ ਕਿ ਕਲਾ ਮਨੁੱਖ ਦੇ ਅੰਦਰ ਹੁੰਦੀ ਹੈ ਤੇ ਇਹ ਬਚਪਨ ਵਿੱਚ ਦਿਸਣੀ ਸ਼ੁਰੂ ਹੋ ਜਾਂਦੀ ਹੈ। ਆਪਣੀ ਇਸ ਧਾਰਨਾ ਲਈ ਲੇਖਕ ਇਕ ਕਾਰਟੂਨਿਸਟ ਲਛਮਣ ਦਾ ਪ੍ਰਸੰਗ ਸਾਂਝਾ ਕਰਦਾ ਹੈ। 'ਪਿਕਾਸੋ ਦੀ ਪ੍ਰੇਮਿਕਾ-ਫਰਾਂਸੂਆ ਜ਼ੀਲੋ' ਵਿੱਚ ਲੇਖਕ ਨੇ ਦੋਵਾਂ ਦੇ ਪ੍ਰੇਮ ਸੰਬੰਧਾਂ ਦੇ ਬਿਰਤਾਂਤ ਦਾ ਕੱਚ-ਸੱਚ ਬਿਆਨ ਕੀਤਾ ਹੈ। 'ਔਰਤ ਦੁਨੀਆ ਦਾ ਸਭ ਤੋਂ ਵੱਡਾ ਰਹੱਸ ਹੈ-ਸਟੀਫਨ ਹਾਕਿੰਗ' ਲੇਖ ਵਿੱਚ ਲੇਖਕ ਕਹਿੰਦਾ ਹੈ ਕਿ ਮਹਾਨ ਵਿਗਿਆਨੀਆਂ ਤੇ ਲੇਖਕਾਂ ਦੀ ਨਿੱਜੀ ਜ਼ਿੰਦਗੀ ਬੜੀ ਉਥਲ-ਪੁਥਲ ਭਰਪੂਰ ਹੁੰਦੀ ਹੈ। 'ਆਪਣੀ ਸਪੇਸ ਲੱਭਦੀ ਰੂਹ-ਸੋਫ਼ੀਆ ਟਾਲਸਤਾਇਆ' ਪ੍ਰਸੰਗ ਵਿੱਚ ਟਾਲਸਟਾਏ ਤੇ ਸੋਫ਼ੀਆ ਦੀ ਜ਼ਿੰਦਗੀ ਦੇ ਅਛੂਤੇ ਪ੍ਰਸੰਗਾਂ ਨੂੰ ਬਿਆਨ ਕੀਤਾ ਗਿਆ ਹੈ। ਕਿਵੇਂ ਟਾਲਸਟਾਏ ਆਪਣੀਆਂ ਲਿਖਤਾਂ ਵਿੱਚ ਹੋਰ ਤਰ੍ਹਾਂ ਦਾ ਦਿਸਦਾ ਹੈ, ਪਰ ਜ਼ਿੰਦਗੀ ਵਿੱਚ ਬਿਲਕੁਲ ਵੱਖਰੀ ਤਰ੍ਹਾਂ ਦਾ। ਕਿਤਾਬ ਵਿੱਚ ਗੈਬਰੀਅਲ ਗਾਰਸ਼ੀਆ ਮਾਰਕੁਜ਼ ਨਾਲ ਜੁੜੇ ਦੋ ਪ੍ਰਸੰਗ ਵੀ ਕਿਤਾਬ ਵਿੱਚ ਮਹਾਨ ਲੇਖਕ ਦੀ ਜ਼ਿੰਦਗੀ ਬਿਆਨ ਕਰਦੇ ਹਨ। 'ਲੇਖਕ ਦੀ ਘਾਲਣਾ ਦੀ ਦਾਸਤਾਨ' ਵਿੱਚ ਲੇਖਕ ਬਿਆਨ ਕਰਦਾ ਹੈ ਕਿ ਇਕ ਸਿਰਜਕ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੁੰਦੀ ਹੈ। ਉਹ ਆਰਥਿਕਤਾ ਤੌਰ 'ਤੇ ਐਨਾ ਪਤਲਾ ਸੀ ਕਿ 'ਵੰਨ ਹੰਡਰਡ ਯੀਅਰ ਆਫ਼ ਸਲੀਟਿਊਡ' ਦਾ ਖਰੜਾ ਪ੍ਰਕਾਸ਼ਕ ਨੂੰ ਭੇਜਣ ਲਈ ਵੀ ਉਹਦੇ ਕੋਲ ਇਕ ਸੌ ਸੱਠ ਪੈਸੇ ਨਹੀਂ ਸਨ। ਉਹ ਅੱਧਾ ਨਾਵਲ ਹੀ ਭੇਜ ਸਕਿਆ ਸੀ। ਇਸੇ ਲੇਖਕ ਦਾ ਦੂਜਾ ਪ੍ਰਸੰਗ ਹੈ 'ਉਰਸੁਲਾ ਉਰਫ਼ ਸੌ ਸਾਲ ਦਾ ਇਕਲਾਪਾ' ਇਸ ਬਿਰਤਾਂਤ ਰਾਹੀਂ ਲੇਖਕ ਨੇ ਮਹਾਨ ਲੇਖਕਾਂ ਦੀ ਕਦਰ ਕਰਨ ਦਾ ਸੁਨੇਹਾ ਦਿੱਤਾ ਹੈ। ਅਗਾਂਹ ਜਾਰਜ ਐਰਵੈੱਲ ਦੇ ਨਾਵਲ '1984' ਦੇ ਪ੍ਰਸੰਗ ਵਿੱਚ ਬਿਰਤਾਂਤ ਹੈ ਕਿ ਇਹ ਨਾਵਲ ਕਿਵੇਂ ਸਿਰਜਿਆ ਗਿਆ। ਫਰਾਂਸ ਦੀ ਮਹਾਰਾਣੀ ਦਾ ਪ੍ਰਸੰਗ 'ਝੂਠ ਦੀ ਦੁਕਾਨ ਤੋਂ ਗਿਲੋਟੀਨ ਤੱਕ', 'ਕਿੱਸਾ ਓਵਰਕੋਟ ਦਾ' ਵਿੱਚ ਮਹਾਨ ਸਾਹਿਤਕਾਰਾਂ ਦੇ ਓਵਰਕੋਟ ਦੇ ਪ੍ਰਸੰਗ, ਲਾਲਚੀ ਲੋਕਾਂ ਦੇ ਅਧਾਰਤ ਮਿਥਾਂ 'ਅੱਜ ਦੇ ਪੁਲਿਟੀਕਲ ਮਿਡਾਸ', ਗੁੰਟਰ ਗਰਾਸ ਦੀ ਸਵੈ-ਜੀਵਨੀ 'ਪੀਲਿੰਗ ਅਨੀਅਨ' ਦੇ ਪ੍ਰਸੰਗ ਵਿੱਚ ਲੇਖਕ ਦੇ ਅਚੰਭੇ ਭਰਪੂਰ ਵਰਣਨ, ਮੁੱਲਾ ਨਸੀਰੂਦੀਨ ਦੇ ਪ੍ਰਸੰਗ, ਐਦੁਆਰਦੋ ਗਲੇਨੀਓ ਦਾ ਪ੍ਰਸੰਗ, ਅਫ਼ਰੀਕਨ ਫੈਮਨਿਸਟ ਛਿਮਾਮੰਡਾ ਨਗੋਜੀ ਆਦਿਚੀ ਦੇ ਪ੍ਰਸੰਗ ਨਾਲ ਨਾਰੀਵਾਦੀ ਲੇਖਕਾਂ ਦੀ ਸੋਚ ਦਾ ਵਰਣਨ, ਰਚਨਾ ਤੇ ਰਚਕਾਰਕਾਰ ਬਾਰੇ ਪੈਟ੍ਰਿਕ ਮੋਦੀਆਨੋ ਦਾ ਪ੍ਰਸੰਗ, ਹਿੰਦੀ ਨਾਵਲ ਆਪ ਕਾ ਬੰਟੀ ਬਹਾਨੇ ਬਾਲ ਮਾਨਸਿਕਤਾ ਬਾਰੇ ਗੱਲਾਂ, 'ਨਵਾਂ ਲਿਖਣ ਦਾ ਅਹਿਦ' ਪ੍ਰਸੰਗ ਵਿੱਚ ਸਿਆਹਫਾਮ ਲੇਖਕ ਬਰਨਰਡਾਈਨ ਐਵਰਿਸਟੋ ਦੇ ਪ੍ਰਸੰਗ ਵਿੱਚ ਸਿਆਹਫਾਮ ਲੇਖਕ ਦੇ ਪਿਛੋਕੜ ਦਾ ਸਮਾਜ ਤੇ ਲਿਖਣ ਦੇ ਮਕਸਦ ਬਾਰੇ, ਯਹੂਦੀ ਲੋਕਾਂ ਦਾ ਹਿਟਲਰ ਤੇ ਨਾਜ਼ੀ ਕਿਵੇਂ ਖਾਤਮਾ ਤੇ ਘਾਣ ਕਰਦੇ ਹਨ, ਇਸ ਦਾ ਬਿਰਤਾਂਤ 'ਐਨੀ ਫਰੈਂਕ ਦੀ ਡਾਇਰੀ ਦਾ ਇਕ ਪੰਨਾ ਤੇ ਮਹਾਂਮਾਰੀ' ਵਿੱਚ ਦਰਜ ਕੀਤਾ ਗਿਆ ਹੈ, ਆਦਿ ਲੇਖਕ ਵੱਲੋਂ ਲਿਖੇ ਪ੍ਰਸੰਗਾਂ ਨੂੰ ਸਮਕਾਲ ਨਾਲ ਜੋੜ ਕੇ ਸਮਝਿਆ ਗਿਆ ਹੈ।

ਕਿਤਾਬ ਦੇ ਅੰਤਲੇ ਪੰਨਿਆਂ ਉੱਤੇ 'ਪੰਚ ਤੰਤਰ' ਦੀਆਂ ਲੋਕ ਕਹਾਣੀਆਂ ਨੂੰ ਨਵੇਂ ਅਰਥਾਂ ਨਾਲ ਸਿਰਜ ਕੇ ਨਵੇਂ ਅਰਥ ਭਰਨ ਦੀ ਸਫ਼ਲ ਕੋਸ਼ਿਸ਼ ਕੀਤੀ ਗਈ ਹੈ। ਇਹ ਕਿਤਾਬ ਦੇ ਲੇਖ-ਪ੍ਰਸੰਗ ਪਾਠਕਾਂ ਨੂੰ ਰੌਚਿਕ ਸਮਗਰੀ ਹੀ ਪ੍ਰਦਾਨ ਨਹੀਂ ਕਰਦੇ, ਬਲਕਿ ਉਨ੍ਹਾਂ ਨੂੰ ਸਮਾਜਿਕ, ਇਤਿਹਾਸਕ, ਸਾਹਿਤਕ ਪ੍ਰਸੰਗਾਂ ਨੂੰ ਕਿਵੇਂ ਸਮਝਣਾ ਹੈ, ਬਾਰੇ ਲੇਖਕ ਨੇ ਬੜੀ ਦਿਆਨਤਦਾਰੀ ਨਾਲ ਗੱਲਾਂ ਕੀਤੀਆਂ ਹਨ। ਇਹ ਕਿਤਾਬ ਹਰ ਪਾਠਕ ਦੀ ਨਿੱਜੀ ਲਾਇਬਰੇਰੀ ਦਾ ਅੰਗ ਜ਼ਰੂਰ ਬਣਨੀ ਚਾਹੀਦੀ ਹੈ। ਡਾ. ਪਰਮਜੀਤ ਢੀਂਗਰਾ ਦਾ ਇਹ ਯਤਨ ਕਾਬਲ-ਏ-ਤਰੀਫ਼ ਹੈ।

**ਸੰਪਰਕ : 94170-64350**

CMYK

23-March-Sunday.qxd 3/22/2025 11:00 PM Page 2



ਅਨਿਲ ਰਾਜੀਮਵਾਲੇ

ਅਨੁ.: ਐੱਮ ਐੱਸ ਭਾਟੀਆ

# ਐੱਸ ਵੀ ਘਾਟੇ : ਸੀ ਪੀ ਆਈ ਦੇ ਪਹਿਲੇ ਜਨਰਲ ਸਕੱਤਰ




ਸਚਿਦਾਨੰਦ ਵਿਸ਼ਨੂੰ ਘਾਟੇ ਦਾ ਜਨਮ 14 ਦਸੰਬਰ, 1896 ਨੂੰ ਮੰਗਲੌਰ ਵਿੱਚ ਇੱਕ ਹੇਠਲੇ ਮੱਧ ਵਰਗ ਦੇ ਪਰਵਾਰ ਵਿੱਚ ਹੋਇਆ ਸੀ, ਜਿਨ੍ਹਾਂ ਦੀ ਆਰਥਿਕ ਸਥਿਤੀ ਬਹੁਤ ਮਾੜੀ ਸੀ। ਉਹਨਾਂ ਦੇ ਪਿਤਾ ਅਤੇ ਵੱਡੇ ਭਰਾ 'ਪੁਰੋਹਿਤ' ਸਨ ਅਤੇ ਉਹਨਾਂ ਦੇ ਆਲੇ-ਦੁਆਲੇ ਦਾ ਮਾਹੌਲ ਰੂੜੀਵਾਦੀ ਅਤੇ 'ਸਨਾਤਨੀ' ਸੀ। ਇਸ ਦੀ ਪ੍ਰਤੀਕਿਰਿਆ ਵਜੋਂ ਸਚਿਦਾਨੰਦ ਨੇ ਬਾਗੀ ਹੋ ਕੇ ਰੂੜੀਵਾਦ ਨੂੰ ਤਿਆਗਿਆ ਅਤੇ ਨਾਸਤਿਕ ਬਣ ਗਿਆ। ਉਹਨਾਂ ਨੇ ਪੱਛਮੀ ਸਿੱਖਿਆ ਦੇ ਸਕਾਰਾਤਮਕ ਪਹਿਲੂਆਂ ਨੂੰ ਅਪਣਾਇਆ।

### ਸਿੱਖਿਆ

ਉਹਨਾਂ ਨੇ 1914 ਵਿੱਚ ਕੇ.ਈ.ਐੱਮ ਹਾਈ ਸਕੂਲ ਤੋਂ ਮੈਟ੍ਰਿਕ ਅਤੇ ਸੇਂਟ ਅਲਾਇਓਸੀਅਸ ਕਾਲਜ ਤੋਂ ਇੰਟਰਮੀਡੀਏਟ ਪਾਸ ਕੀਤੀ। ਉਨ੍ਹਾਂ ਦਿਨਾਂ ਵਿੱਚ ਐਨੀ ਬੇਸੈਂਟ ਦੀ ਮਸ਼ਹੂਰ 'ਹੋਮ ਰੂਲ ਲੀਗ' ਲਹਿਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸਚਿਦਾਨੰਦ ਨੇ ਇਸ ਦੇ ਪੇਪਰ 'ਦ ਨਿਊ ਇੰਡੀਆ' ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਗਣਿਤ ਤੋਂ ਨਫ਼ਰਤ ਹੋਣ ਦੇ ਬਾਵਜੂਦ ਉਹਨਾਂ ਨੇ ਬੰਬਈ ਦੇ ਸਿਡਨਹੈਮ ਕਾਲਜ ਵਿੱਚ ਬੀ.ਕਾਮ. ਵਿੱਚ ਦਾਖਲਾ ਲੈ ਲਿਆ।ਅੱਗੇ ਜਾ ਕੇ ਉਹ ਸੀ ਪੀ ਆਈ ਅਤੇ ਹੋਰ ਕਈ ਸੰਗਠਨਾਂ ਦੇ ਖਜ਼ਾਨਚੀ ਬਣੇ। ਉਹਨਾਂ ਨੇ ਆਪਣੀ ਬਿਮਾਰੀ ਤੋਂ ਠੀਕ ਹੋਣ ਲਈ 1918 ਦਾ ਸਾਲ ਅਹਿਮਦਾਬਾਦ ਵਿੱਚ ਬਿਤਾਇਆ, ਜਿੱਥੇ ਉਹ ਆਪਣੇ ਭਵਿੱਖ ਦੇ ਸਹਿਯੋਗੀ ਸੀ.ਜੀ ਸ਼ਾਹ ਨੂੰ ਮਿਲੇ।

### ਸਮਾਜਵਾਦ ਵੱਲ

1919 ਵਿੱਚ ਬੰਬਈ ਵਾਪਸ ਆ ਕੇ ਸਚਿਦਾਨੰਦ ਨੇ ਇੱਕ ਬੀਮਾ ਕੰਪਨੀ ਵਿੱਚ ਨੌਕਰੀ ਕਰ ਲਈ, ਪਰ ਉਹ ਕੰਪਨੀ ਜਲਦੀ ਹੀ ਦੀਵਾਲੀਆ ਹੋ ਗਈ। ਇਸ ਦੌਰਾਨ ਉਹ ਮੰਗਲੌਰ ਦੇ ਇੱਕ ਗੋਪਾਲ ਭੱਟ ਨੂੰ ਮਿਲੇ, ਜੋ ਕਿ ਗਿਰਗਾਮ ਵਿੱਚ ਸ੍ਰੀ ਕ੍ਰਿਸ਼ਨਾ ਲਾਜ਼ ਦਾ ਮਾਲਕ ਸੀ। ਉਸ ਨੇ ਘਾਟੇ ਨੂੰ ਮੈਨੇਜਰ ਦੇ ਤੌਰ 'ਤੇ ਰੱਖ ਲਿਆ। ਉਹ ਗਾਹਕਾਂ ਦੇ ਬਿੱਲ ਇਕੱਠੇ ਕਰਦੇ ਸਨ, ਉਨ੍ਹਾਂ ਦਾ ਰਿਕਾਰਡ ਰੱਖਦੇ ਸਨ ਅਤੇ ਆਪਣਾ ਕੰਮ ਛੇਤੀ-ਛੇਤੀ ਮੁਕਾ ਲੈਂਦੇ ਸਨ। ਫਿਰ ਫਿਲਮਾਂ ਦੇਖਣ ਲਈ ਉਹਨਾਂ ਕੋਲ ਬਥੇਰਾ ਸਮਾਂ ਹੁੰਦਾ ਸੀ। ਸਚਿਦਾਨੰਦ ਨੇ ਫਿਰ 1923 ਵਿੱਚ ਸੇਂਟ ਜ਼ੇਵੀਅਰਜ਼ ਕਾਲਜ ਤੋਂ ਬੀ ਏ ਆਨਰਜ਼ ਕੀਤੀ। ਆਰ.ਬੀ ਲੋਟਵਾਲਾ ਇੱਕ ਦਿਲਚਸਪ ਆਦਮੀ ਸੀ ਅਤੇ ਇੱਕ ਕਾਰੋਬਾਰੀ ਸੀ। ਇਸ ਦੌਰਾਨ ਸੀ.ਜੀ ਸ਼ਾਹ ਬੰਬਈ ਆ ਗਏ ਅਤੇ ਉਹਨਾਂ ਦੇ ਨਿੱਜੀ ਸਕੱਤਰ ਵਜੋਂ ਕੰਮ ਕਰਨ ਲੱਗੇ।ਉਹ ਹਰ ਸਾਲ ਇੰਗਲੈਂਡ ਜਾਂਦੇ ਸਨ ਅਤੇ ਵਾਪਸੀ 'ਤੇ ਹੋਰ ਕਿਤਾਬਾਂ ਸਮੇਤ ਮਾਰਕਸਵਾਦੀ ਕਿਤਾਬਾਂ ਵੀ ਲਿਆਉਂਦੇ ਸਨ। ਉਹਨਾਂ ਦੀ ਇੱਕ ਵੱਡੀ ਲਾਇਬ੍ਰੇਰੀ ਸੀ, ਜਿਸ ਦੀ ਦੇਖਭਾਲ ਸ਼ਾਹ ਕਰਦੇ ਸਨ, ਜਿੱਥੇ ਘਾਟੇ ਕੋਲ ਜਾ ਕੇ ਸਮਾਂ ਬਿਤਾਉਣ ਲਈ ਵਿਹਲ ਹੁੰਦੀ ਸੀ। ਉਨ੍ਹਾਂ ਦੋਵਾਂ ਨੇ ਇੱਕ ਸਟੱਡੀ ਸਰਕਲ ਵੀ ਬਣਾਇਆ।

ਇੱਕ ਦਿਨ ਘਾਟੇ ਨੂੰ ਐੱਸ ਏ ਡਾਂਗੇ ਦੁਆਰਾ ਪ੍ਰਕਾਸ਼ਿਤ ਪਰਚਾ 'ਦ ਸੋਸ਼ਲਿਸਟ' ਮਿਲਿਆ, ਜਿਸ ਨੂੰ ਦੇਖ ਕੇ ਉਹ ਨਿਰਾਸ਼ ਹੋ ਗਏ, ਕਿਉਂਕਿ ਡਾਂਗੇ ਨੇ ਉਹਨਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਸੀ। ਉਹਨਾਂ ਨੇ ਡਾਂਗੇ ਨੂੰ ਲਿਆਉਣ ਲਈ ਇੱਕ ਵਿਸ਼ੇਸ਼ ਦੂਤ ਭੇਜਿਆ। ਮਿਲਣ 'ਤੇ ਡਾਂਗੇ ਨੂੰ ਇਸ ਬਾਰੇ ਜਾਣਕਾਰੀ ਨਾ ਦੇਣ ਲਈ ਬੁਰਾ-ਭਲਾ ਕਿਹਾ, ਹਾਲਾਂਕਿ ਉਹ ਪਹਿਲੀ ਵਾਰ ਮਿਲੇ ਸਨ। ਬਾਅਦ ਵਿੱਚ ਦੋਨਾਂ ਨੇ ਇਕੱਠਿਆਂ ਦਿਲਕਸ਼ ਭੋਜਨ ਕੀਤਾ ਅਤੇ ਲੰਬੀਆਂ ਗੱਲਾਂ ਕੀਤੀਆਂ। ਇਸ ਤਰ੍ਹਾਂ ਉਨ੍ਹਾਂ ਦੀ ਜੀਵਨ ਭਰ ਦੀ ਦੋਸਤੀ ਸ਼ੁਰੂ ਹੋਈ।

ਜਲਦੀ ਹੀ ਉਨ੍ਹਾਂ ਦੋਵਾਂ ਨੇ ਬੰਬੇ ਕਾਂਗਰਸ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਦੇ ਅੰਦਰ ਇੱਕ ਗਰਮਦਲੀਆ ਗਰੁੱਪ ਬਣਾਇਆ। ਮਾਸਕੋ ਤੋਂ ਐੱਮ.ਐੱਨ ਰਾਏ ਨਿਰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ ਨੂੰ ਉਨ੍ਹਾਂ ਨੇ ਰੱਦ ਕਰ ਦਿੱਤਾ। ਘਾਟੇ ਦੀ ਰਿਹਾਇਸ਼ਗਾਹ ਭੂਮੀਗਤ ਕੰਮ ਕਰਨ ਦਾ ਕੇਂਦਰ ਬਣ ਗਈ। ਉਹ ਅਤੇ ਉਸ ਦੇ ਸਾਥੀ ਕਮਿਊਨਿਸਟ ਇੰਟਰਨੈਸ਼ਨਲ ਦੇ ਸੰਪਰਕ ਵਿੱਚ ਵੀ ਸਨ। ਘਾਟੇ ਅਤੇ ਡਾਂਗੇ ਨੇ ਜੋਗਲੇਕਰ, ਮਿਰਾਜਕਰ, ਨਿੰਬਕਰ ਆਦਿ ਸਮੇਤ ਇੱਕ ਸਰਗਰਮ ਸਮੂਹ ਨੂੰ ਇਕੱਠਾ ਕੀਤਾ, ਜਿਸ ਨੇ ਬੰਬਈ ਅਤੇ ਹੋਰ ਥਾਵਾਂ 'ਤੇ ਮਜ਼ਦੂਰ ਲਹਿਰ ਦੇ ਭਵਿੱਖ ਨੂੰ ਸੇਧ ਦੇਣੀ ਸੀ।

ਡਾਂਗੇ ਨੂੰ 1924 ਵਿੱਚ ਕਾਨਪੁਰ ਬੋਲਸ਼ੇਵਿਕ ਸਾਜ਼ਿਸ਼ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੇ ਸਾਥੀਆਂ ਨਾਲ ਮਿਲ ਕੇ ਇੱਕ ਬਚਾਓ ਕਮੇਟੀ ਬਣਾਈ।

### ਕਾਨਪੁਰ 1925-ਸੀ ਪੀ ਆਈ ਦੀ ਸਥਾਪਨਾ

ਕਾਨਪੁਰ ਦੇ ਸੱਤਿਆਭਗਤ ਨੇ ਭਾਰਤ ਭਰ ਵਿੱਚ ਫੈਲੇ ਕਮਿਊਨਿਸਟਾਂ ਨਾਲ ਸੰਪਰਕ ਕੀਤਾ ਅਤੇ ਕਾਨਪੁਰ ਵਿਖੇ ਇਕ ਆਲ ਇੰਡੀਆ ਕਾਨਫਰੰਸ ਬੁਲਾਈ, ਜਿਸ ਵਿੱਚ ਲੱਗਭੱਗ ਤਿੰਨ ਸੌ ਸਾਥੀ ਇਕੱਠੇ ਹੋਏ, ਜਿਨ੍ਹਾਂ ਵਿੱਚ ਘਾਟੇ ਅਤੇ ਬੰਬਈ ਦੇ ਉਸ ਦੇ ਸਾਥੀ ਵੀ ਸ਼ਾਮਲ ਸਨ। ਇਹ 25 ਦਸੰਬਰ, 1925 ਨੂੰ ਆਯੋਜਿਤ ਕੀਤਾ ਗਿਆ ਸੀ ਅਤੇ 26 ਦਸੰਬਰ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ। ਆਪਣੇ ਬਿਆਨ ਵਿੱਚ ਕਾਨਫਰੰਸ ਨੇ ਸੀ ਪੀ ਆਈ ਦੇ ਗਠਨ ਦਾ ਐਲਾਨ ਕੀਤਾ, ਇੱਕ ਕਾਰਜਕਾਰੀ ਅਤੇ ਅਹੁਦੇਦਾਰਾਂ ਦੀ ਚੋਣ ਕੀਤੀ, ਝੰਡਾ ਅਤੇ ਮੈਂਬਰਸ਼ਿਪ ਫਾਰਮ ਨੂੰ ਅੰਤਿਮ ਰੂਪ ਦਿੱਤਾ ਅਤੇ ਇੱਕ ਸੰਖੇਪ ਬਿਆਨ ਜਿਸ ਵਿੱਚ ਆਉਣ ਵਾਲੇ ਸਮੇਂ ਦੇ ਪ੍ਰੋਗਰਾਮ ਦਾ ਐਲਾਨ ਸੀ, ਜਾਰੀ ਕੀਤਾ। ਇਹਨਾਂ ਦਸਤਾਵੇਜ਼ਾਂ ਵਿੱਚ 1920 ਦੀ 'ਤਾਸ਼ਕੰਦ ਪਾਰਟੀ' ਦਾ ਕੋਈ ਹਵਾਲਾ ਨਹੀਂ ਦਿੱਤਾ ਗਿਆ।

ਦਿਲਚਸਪ ਗੱਲ ਇਹ ਹੈ ਕਿ ਉਸ ਸਮੇਂ ਦੇ ਪਾਰਟੀ ਸੰਵਿਧਾਨ ਦੇ ਅਨੁਸਾਰ ਤਿੰਨ ਜਨਰਲ ਸਕੱਤਰ ਅਤੇ ਦੋ ਖਜ਼ਾਨਚੀ ਬਣਾਏ ਜਾ ਸਕਦੇ ਸਨ। ਐੱਸ ਵੀ ਘਾਟੇ ਅਤੇ ਜੇ ਪੀ ਬਗੇਰਹੱਟਾ ਜਨਰਲ ਸਕੱਤਰਾਂ ਵਜੋਂ ਚੁਣੇ ਗਏ ਸਨ। ਕਾਨਫਰੰਸ ਦੇ ਚੇਅਰਮੈਨ ਐੱਮ ਸਿੰਗਾਰਾਵੇਲੂ ਪਾਰਟੀ ਦੇ ਚੇਅਰਮੈਨ ਬਣੇ।

31 ਮਈ, 1927 ਨੂੰ ਬੰਬਈ ਵਿੱਚ ਹੋਈ ਕੇਂਦਰੀ ਕਾਰਜਕਾਰੀ ਕਮੇਟੀ ਦੀ ਇਕ ਵਿਸਤ੍ਰਿਤ ਮੀਟਿੰਗ ਵਿੱਚ ਸਿਰਫ਼ ਇੱਕ ਜਨਰਲ ਸਕੱਤਰ ਦੇ ਨਾਲ ਇੱਕ ਨਵਾਂ ਸੰਵਿਧਾਨ ਅਪਣਾਇਆ ਗਿਆ। ਇਹ ਜਨਰਲ ਸਕੱਤਰ ਘਾਟੇ ਸਨ। ਇਸ ਤਰ੍ਹਾਂ ਉਹਨਾਂ ਨੂੰ 'ਪਹਿਲਾ ਜਨਰਲ ਸਕੱਤਰ' ਕਿਹਾ ਜਾਂਦਾ ਹੈ। ਮੀਟਿੰਗ ਨੇ ਪੰਜ ਮੈਂਬਰੀ ਪ੍ਰਧਾਨਗੀ ਮੰਡਲ ਅਤੇ ਇੱਕ ਕਾਰਜਕਾਰਨੀ ਦੇ ਨਾਲ ਹੀ ਇੱਕ ਸੰਖੇਪ ਪਾਰਟੀ ਪ੍ਰੋਗਰਾਮ ਐਲਾਨਿਆ। ਘਾਟੇ ਦੇ ਜੀਵਨ ਦੇ ਜੀਵਨ ਦੀ ਇੱਕ ਮਹੱਤਵਪੂਰਨ ਸ਼ੁਰੂਆਤ ਹੋਈ।

### ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ (ਡਬਲਯੂ.ਪੀ.ਪੀ)

ਘਾਟੇ ਅਤੇ ਸਾਥੀਆਂ ਨੇ 1927 ਵਿੱਚ ਕਾਂਗਰਸ ਦੇ ਅੰਦਰ ਸਮਾਜਵਾਦੀ ਸਮੂਹ ਨੂੰ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਵਿੱਚ ਬਦਲ ਦਿੱਤਾ ਅਤੇ ਐੱਸ ਐੱਸ ਮਿਰਾਜਕਰ ਨੂੰ ਇਸ ਦਾ ਜਨਰਲ ਸਕੱਤਰ ਬਣਾਇਆ, ਜੋ ਕਿ ਛੇਤੀ ਹੀ ਦੂਜੇ ਸੂਬਿਆਂ ਵਿੱਚ ਫੈਲ ਗਈ। ਘਾਟੇ ਨੇ 'ਯੰਗ ਵਰਕਰਜ਼ ਲੀਗ' ਦੀ ਸ਼ੁਰੂਆਤ ਵੀ ਕੀਤੀ। ਉਹਨਾਂ ਨੇ 1927-28 ਵਿਚ ਸਾਈਮਨ ਕਮਿਸ਼ਨ ਦੇ ਬਾਈਕਾਟ ਦੇ ਅੰਦੋਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਬੰਬਈ ਵਿੱਚ ਵਿਰੋਧ ਦਾ ਇੱਕ ਉਭਾਰ ਹੀ ਸੀ, ਜਿਸ ਕਰਕੇ ਕਮਿਸ਼ਨ ਬੰਬਈ ਨਾ ਆ ਕੇ ਸਿੱਧਾ ਪੂਨਾ ਚਲਾ ਗਿਆ। ਕਮਿਸ਼ਨ ਦੇ ਸੱਤ ਮੈਂਬਰਾਂ ਦੇ ਸੱਤ ਪੁਤਲੇ ਸਾੜੇ ਗਏ। ਡਬਲਯੂ.ਪੀ.ਪੀ ਦੀ ਅਗਵਾਈ ਵਿੱਚ ਇੱਕ ਇਤਿਹਾਸਕ ਜਲੂਸ ਕੱਢਿਆ ਗਿਆ ਜਿਸ ਵਿੱਚ 50 ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ। ਜਨਵਰੀ 1927 ਵਿੱਚ ਜਦੋਂ ਸ਼ਾਪੁਰਜੀ ਸਕਲਤਵਾਲਾ ਬੰਬਈ ਆਏ ਤਾਂ ਘਾਟੇ ਅਤੇ ਮਿਰਾਜਕਰ ਨੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਵਿਸ਼ਾਲ ਜਨਤਕ ਸਵਾਗਤ ਦਾ ਆਯੋਜਨ ਕੀਤਾ।ਉਹ 1928 ਦੀ ਇਤਿਹਾਸਕ ਟੈਕਸਟਾਈਲ ਹੜਤਾਲ ਦੌਰਾਨ 'ਗਿਰਨੀ ਕਾਮਗਾਰ ਯੂਨੀਅਨ' ਦੇ ਇੱਕ ਕੇਂਦਰ ਦੇ ਇੰਚਾਰਜ ਸਨ। ਉਹ ਡਾਂਗੇ, ਜੋਗਲੇਕਰ, ਐੱਨ.ਐੱਮ ਜੋਸ਼ੀ ਅਤੇ ਹੋਰਾਂ ਦੇ ਨਾਲ ਹੜਤਾਲ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਨ।

ਦਸੰਬਰ 1928 ਵਿੱਚ ਕਲਕੱਤਾ ਦੇ ਐਲਬਰਟ ਹਾਲ ਵਿੱਚ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਦੀ ਆਲ ਇੰਡੀਆ ਕਾਨਫਰੰਸ ਹੋਈ, ਜਿਸ ਵਿਚ ਉਹਨਾਂ ਨੇ ਕੇਂਦਰੀ ਭੂਮਿਕਾ ਨਿਭਾਈ। ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਨੇ ਪੰਡਾਲ ਦੇ ਸਾਹਮਣੇ ਇੱਕ ਵਿਸ਼ਾਲ ਪ੍ਰਦਰਸ਼ਨ ਵੀ ਕੀਤਾ, ਜਿਸ ਵਿੱਚ ਪੂਰਨ ਆਜ਼ਾਦੀ ਦੇ ਮਤੇ ਨੂੰ ਸਵੀਕਾਰ ਕਰਨ ਦੀ ਮੰਗ ਕੀਤੀ। ਕਮਿਊਨਿਸਟ ਪਾਰਟੀ ਨੇ ਵੀ ਘਾਟੇ ਦੀ ਅਗਵਾਈ ਹੇਠ ਆਪਣੀਆਂ ਮੀਟਿੰਗਾਂ ਕੀਤੀਆਂ।

### ਮੇਰਠ ਸਾਜ਼ਿਸ਼ ਕੇਸ, 1929-33

ਉਹਨਾਂ ਨੂੰ ਦੇਸ਼ ਭਰ ਦੇ 31 ਹੋਰ ਚੋਟੀ ਦੇ ਕਮਿਊਨਿਸਟ ਅਤੇ ਟਰੇਡ ਯੂਨੀਅਨ ਨੇਤਾਵਾਂ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਅਤੇ ਪੂਰੀ ਤਰ੍ਹਾਂ ਅਣਮਨੁੱਖੀ ਹਾਲਤਾਂ ਵਿੱਚ ਬਦਨਾਮ ਮੇਰਠ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਨੂੰ 12 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ, ਜੋ ਬਾਅਦ ਵਿੱਚ ਘਟਾ ਦਿੱਤੀ ਗਈ ਸੀ। ਉਨ੍ਹਾਂ ਨੇ ਹੋਰ ਕੈਦੀਆਂ ਨਾਲ ਇਕ ਸਾਂਝਾ ਬਿਆਨ ਦਿੱਤਾ।

ਉਨ੍ਹਾਂ ਨੂੰ 1933 ਵਿੱਚ ਰਿਹਾਅ ਕੀਤਾ ਗਿਆ ਅਤੇ ਜਨਵਰੀ 1934 ਵਿੱਚ ਉਹ ਬੰਬਈ ਵਾਪਸ ਆ ਗਏ। ਉਨ੍ਹਾਂ ਨੇ ਕਮਿਊਨਿਸਟ ਲਹਿਰ ਦੇ ਪੁਨਰਗਠਨ ਵਿੱਚ ਹਿੱਸਾ ਲਿਆ, ਪਰ ਜਲਦੀ ਹੀ ਉਨ੍ਹਾਂ ਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਹ ਬਿਮਾਰ ਹੋ ਗਏ ਸਨ। ਉਨ੍ਹਾਂ ਨੂੰ ਸਤਾਰਾ ਜੇਲ੍ਹ ਵਿੱਚ ਲੱਗਭੱਗ ਇਕਾਂਤਵਾਸ ਵਿੱਚ ਕੈਦ ਕਰ ਦਿੱਤਾ ਗਿਆ ਸੀ। ਉੱਥੇ ਡਾਂਗੇ ਨੂੰ ਮਿਲੇ ਅਤੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਏ।ਰਿਹਾਈ ਤੋਂ ਬਾਅਦ ਉਨ੍ਹਾਂ ਨੂੰ ਮਦਰਾਸ ਭੇਜ ਦਿੱਤਾ ਗਿਆ।ਇਸ ਦੌਰਾਨ ਪੀ.ਸੀ. ਜੋਸ਼ੀ ਪਾਰਟੀ ਦੇ ਜਨਰਲ ਸਕੱਤਰ ਬਣ ਗਏ।

### ਮਦਰਾਸ ਪ੍ਰੈਜ਼ੀਡੈਂਸੀ ਵਿੱਚ ਕੰਮ

ਮਦਰਾਸ ਵਿੱਚ ਪਹਿਲਾਂ ਹੀ ਇੱਕ ਛੋਟਾ ਜਿਹਾ ਪਾਰਟੀ ਕੇਂਦਰ ਸੀ, ਜਿਸ ਵਿੱਚ ਅਮੀਰ ਹੈਦਰ ਖਾਨ, ਸੁੰਦਰੱਈਆ, ਏ.ਐੱਸ.ਕੇ ਆਇੰਗਰ, ਕ੍ਰਿਸ਼ਨਾ ਪਿੱਲਈ ਅਤੇ ਸਿੰਗਾਰਾਵੇਲੂ ਕੰਮ ਕਰ ਰਹੇ ਸਨ। ਘਾਟੇ ਅਤੇ ਸਿੰਗਾਰਾਵੇਲੂ ਨੇ ਆਪਸੀ ਸਹਿਯੋਗ ਨਾਲ ਕੰਮ ਕੀਤਾ। ਘਾਟੇ ਨੇ 1936 ਵਿੱਚ ਲਖਨਊ ਵਿੱਚ ਕਾਂਗਰਸ ਦੇ ਸੈਸ਼ਨ ਵਿੱਚ ਸ਼ਿਰਕਤ ਕੀਤੀ। ਉੱਥੇ ਪੀ.ਸੀ ਜੋਸ਼ੀ, ਜੈਪ੍ਰਕਾਸ਼ ਨਾਰਾਇਣ ਅਤੇ ਘਾਟੇ ਨੇ ਫੈਸਲਾ ਕੀਤਾ ਕਿ ਸੀ ਪੀ ਆਈ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ।

ਉਹਨਾਂ ਦੇ ਯਤਨਾਂ ਸਦਕਾ ਹੀ ਈ.ਐੱਮ.ਐੱਸ ਨਬੂਦਰੀਪਾਦ ਅਤੇ ਗੋਪਾਲਨ ਸੀ ਪੀ ਆਈ ਵਿੱਚ ਸ਼ਾਮਲ ਹੋਏ, ਜੋ ਪਹਿਲਾਂ ਸੀ ਐੱਸ ਪੀ ਅਤੇ ਕਾਂਗਰਸ ਵਿੱਚ ਸਨ। ਘਾਟੇ ਦੱਖਣ ਵਿੱਚ ਸੀ ਐੱਸ ਪੀ ਦੇ ਕੰਮ ਨੂੰ ਮੁੱਖ ਤੌਰ 'ਤੇ ਦੇਖ ਰਹੇ ਸਨ ਅਤੇ ਮਦਰਾਸ ਤੋਂ ਨਿਕਲਣ ਵਾਲੇ ਮਾਸਿਕ 'ਨਿਊ ਏਜ' ਦੇ ਸੰਪਾਦਕ ਸਨ। ਉਹਨਾਂ ਨੇ ਦੱਖਣੀ ਭਾਰਤ ਵਿੱਚ ਪਾਰਟੀ ਬਣਾਉਣ ਵਿੱਚ ਯੋਗਦਾਨ ਪਾਇਆ ਅਤੇ ਉੱਥੇ ਕਈ ਟਰੇਡ ਯੂਨੀਅਨਾਂ ਵੀ ਬਣਾਈਆਂ।

### ਵੈਲੋਰ ਜੇਲ੍ਹ ਅਤੇ ਦਿਓਲੀ ਨਜ਼ਰਬੰਦੀ

ਉਹਨਾਂ ਨੂੰ 1940 ਵਿੱਚ ਮੰਗਲੌਰ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਮਾਰਚ 1940 ਵਿੱਚ ਗ੍ਰਿਫ਼ਤਾਰ ਕਰਕੇ ਵੈਲੋਰ ਜੇਲ੍ਹ ਭੇਜ ਦਿੱਤਾ ਗਿਆ। ਬਾਅਦ ਵਿੱਚ ਦਿਓਲੀ ਨਜ਼ਰਬੰਦੀ ਕੈਂਪ ਵਿੱਚ ਤਬਦੀਲ ਕਰ ਦਿੱਤਾ ਗਿਆ।

ਦਿਓਲੀ ਵਿੱਚ ਘਾਟੇ ਨੇ ਪੰਜਾਬ ਦੇ ਸੀ ਪੀ ਆਈ ਦੇ ਸਾਥੀਆਂ ਅਤੇ 'ਕਿਰਤੀ ਕਮਿਊਨਿਸਟਾਂ' ਵਿਚਕਾਰ ਏਕਤਾ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਦੀ ਪ੍ਰੇਰਨਾ ਨੇ ਕਿਰਤੀ ਸਮੂਹ ਦੇ ਕਈ ਲੋਕਾਂ ਜਿਵੇਂ ਕਿ ਸੋਹਨ ਸਿੰਘ ਭਕਨਾ, ਤੇਜਾ ਸਿੰਘ ਸੁਤੰਤਰ ਅਤੇ ਹੋਰਾਂ ਨੂੰ ਆਪਣੇ ਵੱਲ ਖਿੱਚਿਆ। ਉਹ ਧਨਵੰਤਰੀ, ਸੋਹਣ ਸਿੰਘ ਜੋਸ਼ ਆਦਿ ਨਾਲ ਵੀ ਗਰਮਜੋਸ਼ੀ ਨਾਲ ਮਿਲੇ। ਨਤੀਜੇ ਵਜੋਂ ਕਿਰਤੀ ਪਾਰਟੀ ਸੀ ਪੀ ਆਈ ਵਿੱਚ ਸ਼ਾਮਲ ਹੋ ਗਈ।

ਰਿਹਾਈ ਤੋਂ ਬਾਅਦ ਉਹਨਾਂ ਨੂੰ 1942 ਵਿੱਚ ਫੇਰ ਗ੍ਰਿਫ਼ਤਾਰ ਕੀਤਾ ਗਿਆ ਅਤੇ ਰਾਜਾਮੁੰਦਰੀ ਜੇਲ੍ਹ ਅਤੇ ਫਿਰ ਵੈਲੋਰ ਜੇਲ੍ਹ ਭੇਜ ਦਿੱਤਾ ਗਿਆ।




ਉਹ 1943 ਵਿੱਚ ਬੰਬਈ ਵਿੱਚ ਸੀ ਪੀ ਆਈ ਦੀ ਪਹਿਲੀ ਕਾਂਗਰਸ ਵਿੱਚ ਸੀ ਪੀ ਆਈ ਦੀ ਕੇਂਦਰੀ ਕਮੇਟੀ ਲਈ ਚੁਣੇ ਗਏ ਸਨ, ਹਾਲਾਂਕਿ ਉਹ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ। 'ਰਿਹਾਈ ਤੋਂ ਬਾਅਦ ਉਹ ਬੰਬਈ ਵਿੱਚ ਪੀ ਐੱਚ ਕਿਊ ਵਿੱਚ ਸ਼ਾਮਲ ਹੋ ਗਏ।'

### 'ਥ੍ਰੀ-ਪੀ' ਪੱਤਰ ਦੇ ਲੇਖਕਾਂ 'ਚੋਂ ਇਕ

ਸੀ ਪੀ ਆਈ ਨੇ ਆਜ਼ਾਦੀ ਦੀ ਪ੍ਰਾਪਤੀ ਦਾ ਸਵਾਗਤ ਕੀਤਾ। ਜਲਦੀ ਹੀ ਪੀ.ਸੀ. ਜੋਸ਼ੀ ਦੀ ਥਾਂ ਬੀ.ਟੀ.ਆਰ ਨੇ ਲੈ ਲਈ ਅਤੇ ਇੱਕ ਖੱਬੇ-ਪੱਖੀ ਮਾਅਰਕੇਬਾਜ਼ੀ ਵਾਲੀ ਲਾਈਨ ਨੇ ਪਾਰਟੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਪਾਰਟੀ ਨੂੰ ਖਿੰਡਾ ਕੇ ਰੱਖ ਦਿੱਤਾ। ਉਹਨਾਂ ਨੇ ਬੀ.ਟੀ.ਆਰ. ਲਾਈਨ ਦਾ ਸਖ਼ਤ ਵਿਰੋਧ ਕੀਤਾ। ਉਹ ਰੂਪੋਸ਼ ਹੋ ਗਏ, ਪਰ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 1950 ਵਿੱਚ ਰਿਹਾਅ ਕਰ ਦਿੱਤਾ ਗਿਆ। ਘਾਟੇ ਨੇ ਫਰਵਰੀ-ਮਾਰਚ (1948) ਦੀ ਕਲਕੱਤਾ ਕਾਂਗਰਸ ਦੀਆਂ ਤਿਆਰੀਆਂ ਵਿੱਚ ਸਰਗਰਮ ਹਿੱਸਾ ਲਿਆ।

ਉਹ ਡਾਂਗੇ ਅਤੇ ਅਜੋਏ ਘੋਸ਼ ਦੁਆਰਾ ਲਿਖੇ ਗਏ ਮਸ਼ਹੂਰ 'ਥ੍ਰੀ ਪੀਜ਼ ਲੈਟਰ' ਦੇ ਲੇਖਕਾਂ ਵਿੱਚੋਂ ਇੱਕ ਸਨ, ਜਿਸ ਦਾ ਨਾਂਅ ਉਨ੍ਹਾਂ ਦੇ ਭੂਮੀਗਤ ਨਾਵਾਂ ਦੇ ਪਹਿਲੇ ਅੱਖਰ ਦੇ ਨਾਂਅ 'ਤੇ ਰੱਖਿਆ ਗਿਆ ਸੀ। ਇਸ ਦਸਤਾਵੇਜ਼ ਨੇ ਪਾਰਟੀ ਲਈ ਇੱਕ ਸਿਹਤਮੰਦ ਰਸਤਾ ਦਰਸਾਇਆ, ਜੋ ਮਾਅਰਕੇਬਾਜ਼ੀ ਵਾਲੀ ਲਾਈਨ ਦਾ ਖੰਡਨ ਕਰਦਾ ਸੀ, ਜਿਸ ਨੇ ਅਪ੍ਰੈਲ 1951 ਵਿੱਚ ਅਜੋਏ ਘੋਸ਼ ਦੀ ਅਗਵਾਈ ਵਿੱਚ ਹੋਈ ਭੂਮੀਗਤ ਕਾਨਫਰੰਸ ਵਿੱਚ ਨਵੀਂ ਪਾਰਟੀ ਲਾਈਨ ਨੂੰ ਪ੍ਰਭਾਵਿਤ ਕੀਤਾ। ਸੀ ਪੀ ਆਈ ਨੇ ਆਪਣੀ ਦਿਸ਼ਾ ਵਿਚ ਸੁਧਾਰ ਕਰਨਾ ਸ਼ੁਰੂ ਕੀਤਾ।

ਪਾਰਟੀ ਕੇਂਦਰ ਦੀ ਮੰਦੀ ਹਾਲਤ ਨੂੰ ਮੁੜ ਸੁਰਜੀਤ ਕਰਨ ਲਈ ਉਹਨਾਂ ਨੇ ਯੋਗਦਾਨ ਪਾਇਆ । ਉਹਨਾਂ ਨੇ ਡਾਂਗੇ ਅਤੇ ਅਜੋਏ ਘੋਸ਼ ਦੇ ਨਾਲ ਕਦਮ-ਦਰ-ਕਦਮ ਪਾਰਟੀ ਨੂੰ ਨਿਰਾਸ਼ਾਜਨਕ ਮਾਹੌਲ 'ਚੋਂ ਕੱਢਿਆ ਅਤੇ ਮੁੜ ਸੁਰਜੀਤ ਕੀਤਾ। ਘਾਟੇ ਨੇ ਪ੍ਰਕਾਸ਼ਨਾਂ ਅਤੇ ਖਜ਼ਾਨਚੀ ਦਾ ਕੰਮ ਸੰਭਾਲਿਆ।

### ਸੀ ਪੀ ਆਈ ਵਿੱਚ ਫੁੱਟ (1964)

ਉਹਨਾਂ ਨੇ ਅਕਤੂਬਰ 1962 ਵਿੱਚ ਚੀਨੀ ਹਮਲੇ ਦੀ ਤਿੱਖੀ ਨਿੰਦਾ ਕੀਤੀ। ਮਾਓਵਾਦ ਨੇ ਤਬਾਹੀ ਮਚਾਈ ਅਤੇ ਵਿਸ਼ਵ ਕਮਿਊਨਿਸਟ ਲਹਿਰ ਨੂੰ ਵੰਡ ਕੇ ਰੱਖ ਦਿੱਤਾ । ਸੀ ਪੀ ਆਈ ਇਸ ਦੇ ਸਭ ਤੋਂ ਵੱਡੇ ਪੀੜਤਾਂ ਵਿੱਚੋਂ ਇੱਕ ਬਣ ਗਈ। ਸਮਾਨਾਂਤਰ ਅਤੇ ਵੰਡੀਆਂ ਜਾਣ ਵਾਲੀਆਂ ਗਤੀਵਿਧੀਆਂ ਨੇ ਸੀ ਪੀ ਆਈ ਨੂੰ ਅਧਰੰਗ ਕਰ ਦਿੱਤਾ। ਘਾਟੇ ਦੀ ਅਗਵਾਈ ਵਾਲੇ ਕੇਂਦਰੀ ਕੰਟਰੋਲ ਕਮਿਸ਼ਨ ਨੂੰ ਵੰਡੀਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜਾਂਚ ਕਰਨ ਅਤੇ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ। ਲੱਗਭੱਗ 9 ਮਹੀਨਿਆਂ ਦੀ ਮਿਹਨਤ ਤੋਂ ਬਾਅਦ, ਅਪ੍ਰੈਲ 1964 ਵਿੱਚ ਤਿਆਰ ਕੀਤੀ ਰਿਪੋਰਟ ਨੇ ਵੰਡ ਦੀਆਂ ਗਤੀਵਿਧੀਆਂ ਦੀ ਸਖ਼ਤ ਨਿੰਦਾ ਕੀਤੀ। ਇਸ ਰਿਪੋਰਟ ਨੂੰ ਤਿਆਰ ਕਰਨ ਲਈ ਘਾਟੇ ਨੇ ਪੂਰੇ ਦੇਸ਼ ਦਾ ਦੌਰਾ ਕੀਤਾ ।1964 ਵਿੱਚ ਪਾਰਟੀ ਵੰਡੀ ਗਈ। ਉਹ ਲਗਾਤਾਰ ਕੇਂਦਰੀ ਲੀਡਰਸ਼ਿਪ ਵਿੱਚ ਵੱਖ-ਵੱਖ ਰੂਪ ਵਿੱਚ ਰਹੇ, ਜਿਸ ਵਿੱਚ ਕੇਂਦਰੀ ਕਾਰਜਕਾਰਨੀ ਕਮੇਟੀ, ਪਾਰਟੀ ਖਜ਼ਾਨਚੀ ਅਤੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਆਦਿ। ਉਹ ਹਿੰਦੀ, ਮਰਾਠੀ, ਅੰਗਰੇਜ਼ੀ, ਕੰਨੜ, ਬੰਗਲਾ, ਤਾਮਿਲ ਆਦਿ ਸਮੇਤ ਕਈ ਭਾਸ਼ਾਵਾਂ ਦੇ ਜਾਣਕਾਰ ਸਨ। ਉਨ੍ਹਾਂ ਨੇ ਪਾਰਟੀ ਦੇ ਇਤਿਹਾਸ ਅਤੇ ਸੀ ਪੀ ਆਈ ਦੀ ਸਥਾਪਨਾ ਦੀ ਮਿਤੀ ਬਾਰੇ ਜਾਣਕਾਰੀ ਭਰਪੂਰ ਲੇਖ ਲਿਖੇ। ਲੰਬੀ ਬਿਮਾਰੀ ਤੋਂ ਬਾਅਦ ਉਹਨਾਂ ਦੀ ਮੌਤ 28 ਨਵੰਬਰ, 1970 ਨੂੰ ਨਵੀਂ ਦਿੱਲੀ ਵਿੱਚ ਹੋਈ।

# ਪੰਜਾਬੀ ਕਵਿਤਾ ਦਾ ਹਬੀਬ ਜਾਲਿਬ-ਉਸਤਾਦ ਦਾਮਨ

ਜ਼ਫ਼ਰ ਇਕਬਾਲ ਜ਼ਫ਼ਰ



ਪੰਜਾਬੀ ਇਨਕਲਾਬੀ ਕਵੀ ਉਸਤਾਦ ਦਾਮਨ ਇੱਕ ਗਰੀਬ ਦਰਜ਼ੀ ਪਰਵਾਰ ਵਿੱਚ ਪੈਦਾ ਹੋਇਆ ਸੀ। ਉਹ ਬਚਪਨ ਤੋਂ ਹੀ ਅਧਿਐਨ ਕਰਨ ਦਾ ਸ਼ੌਕੀਨ ਸੀ। ਹਾਲਾਂਕਿ ਉਸ ਨੇ ਆਪਣੇ ਪਿਤਾ ਦੀ ਇੱਛਾ ਨੂੰ ਯਾਦ ਕੀਤਾ ਅਤੇ ਉਸ ਦਾ ਪੁੱਤਰ ਆਪਣੀ ਜ਼ਿੰਦਗੀ ਵਿੱਚ ਸਿਲਾਈ ਦੇ ਸਾਰੇ ਹੁਨਰ ਸਿੱਖਣ ਅਤੇ ਰੋਜ਼ੀ-ਰੋਟੀ ਕਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਆਪਣੇ ਪਿਤਾ ਦੀ ਇੱਛਾ ਪੂਰੀ ਕਰਨ ਅਤੇ ਆਪਣੀ ਰੋਜ਼ੀ-ਰੋਟੀ ਵਧਾਉਣ ਲਈ ਉਹ ਉਸਤਾਦ ਵਹਾਬ ਨਾਮਕ ਇੱਕ ਦਰਜ਼ੀ ਕੋਲ ਸਿਖਿਆਰਥੀ ਬਣ ਗਿਆ, ਜਿਸ ਨੇ ਕੋਟ, ਪੈਂਟ ਅਤੇ ਸਲਵਾਰ-ਕਮੀਜ਼ ਬਣਾਉਣ ਵਿੱਚ ਬਹੁਤ ਹੁਨਰ ਹਾਸਲ ਕੀਤਾ। ਉਸ ਸਮੇਂ ਸਲਵਾਰ-ਕਮੀਜ਼ ਸਿਲਾਈ ਕਰਨ ਲਈ ਦਸ ਆਨੇ ਲੱਗਦੇ ਸਨ, ਪਰ ਉਸਤਾਦ ਦਾਮਨ ਦਸ ਰੁਪਏ ਲੈਂਦੇ ਸਨ, ਕਿਉਂਕਿ ਉਹ ਟਿਊਬ ਧਾਗੇ ਦੀ ਵਰਤੋਂ ਕਰਨ ਦੀ ਬਜਾਏ ਕੱਪੜੇ ਦੇ ਅੰਦਰੋਂ ਧਾਗਾ ਲੈ ਕੇ ਸੂਟ ਸਿਲਾਈ ਕਰਦੇ ਸਨ, ਜਿਸ ਕਾਰਨ ਸਿਲਾਈ ਦਿਖਾਈ ਨਹੀਂ ਦਿੰਦੀ ਸੀ। ਵੱਡੀਆਂ ਆਜ਼ਾਦੀ ਲਹਿਰਾਂ ਦੇ ਆਗੂ ਉਸ ਤੋਂ ਆਪਣੇ ਕੱਪੜੇ ਸਿਲਾਈ ਕਰਦੇ ਸਨ। ਆਪਣੇ ਸਮੇਂ ਦੌਰਾਨ ਉਸ ਨੇ ਤਾਜਵੀਦ ਦੇ ਮਹਾਨ ਕਵੀ ਬਾਓ ਹਮਦਮ ਦੇ ਸਿਖਿਆਰਥੀ ਵਜੋਂ ਕਵਿਤਾ ਵਿੱਚ ਆਪਣੇ ਵਿਚਾਰਾਂ ਨੂੰ ਹੋਰ ਨਿਖਾਰਿਆ, ਪਰ ਉਸਤਾਦ ਦਾਮਨ ਇੱਕ ਜਨਮਜਾਤ ਕਵੀ ਸੀ। ਉਸ ਨੇ ਦਸ ਸਾਲ ਦੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸ ਦੇ ਪਿਤਾ ਮੀਰਾਂ ਬਖ਼ਸ਼ ਖੁਦ ਇੱਕ ਸੂਫ਼ੀ ਕਵੀ ਸਨ, ਜਿਨ੍ਹਾਂ ਨੂੰ ਹੀਰ ਵਾਰਿਸ ਸ਼ਾਹ ਅਤੇ ਫਜ਼ਲ ਸ਼ਾਹ ਦੇ ਸੁੰਦਰ ਸ਼ਬਦਾਂ ਨੂੰ ਯਾਦ ਸੀ, ਜਦੋਂ ਕਿ ਉਸਤਾਦ ਦਾਮਨ ਨੇ ਵੀ ਹੀਰ ਵਾਰਿਸ ਸ਼ਾਹ ਦੀ ਸ਼ੈਲੀ ਵਿੱਚ ਆਪਣੀ ਪਹਿਲੀ ਕਵਿਤਾ ਲਿਖੀ। ਉਹ ਪੰਦਰਾਂ ਸਾਲ ਦਾ ਸੀ ਬਾਗਬਾਨਪੁਰਾ, ਲਾਹੌਰ ਵਿੱਚ। ਮੈਂ ਪੜ੍ਹਿਆ, ਜਿਸ ਦੀ ਪ੍ਰਧਾਨਗੀ ਕਾਂਗਰਸ ਨੇਤਾ ਮੀਆਂ ਇਫਤਿਖਾਰੁਦੀਨ ਨੇ ਕੀਤੀ, ਜਿਨ੍ਹਾਂ ਨੇ ਉਸਤਾਦ ਦਾਮਨ ਤੋਂ ਆਪਣੇ ਕੱਪੜੇ ਸਿਲਾਏ। ਇਸ ਮੌਕੇ ਸਰਦਾਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੇ ਕਵਿਤਾ ਮੁਕਾਬਲੇ ਦੇ ਪ੍ਰਧਾਨ ਨੂੰ ਕਿਹਾ ਕਿ ਉਸਤਾਦ ਦਾਮਨ ਨੇ ਬਹੁਤ ਸਾਰੀਆਂ ਸ਼ਾਨਦਾਰ ਕਵਿਤਾਵਾਂ ਸੁਣਾਈਆਂ ਹਨ ਅਤੇ ਉਨ੍ਹਾਂ ਨੂੰ ਇੱਕ ਸੌ ਰੁਪਏ ਦਾ ਇਨਾਮ ਦਿੱਤਾ ਜਾਣਾ ਚਾਹੀਦਾ ਹੈ। ਇਹ ਤੱਥ ਕਿ ਉਨ੍ਹਾਂ ਨੂੰ ਪ੍ਰਸਿੱਧ ਕਵੀਆਂ ਵਿੱਚ ਮਾਨਤਾ ਪ੍ਰਾਪਤ ਹੋਈ ਅਤੇ ਪਹਿਲੇ ਕਵਿਤਾ ਮੁਕਾਬਲੇ ਵਿੱਚ ਇਨਾਮ ਮਿਲਿਆ, ਆਪਣੇ-ਆਪ ਵਿੱਚ ਉਸਤਾਦ ਦਾਮਨ ਦੀ ਕਵਿਤਾ ਕਲਾ ਦੇ ਕੱਦ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਅਤਾਉੱਲਾ ਸ਼ਾਹ ਬੁਖਾਰੀ ਵਰਗੇ ਲੋਕਾਂ ਦੀ ਮੌਜੂਦਗੀ ਵਿੱਚ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਸਭਾਵਾਂ ਵਿੱਚ ਆਪਣੀਆਂ ਕਵਿਤਾਵਾਂ ਸੁਣਾਈਆਂ ਅਤੇ ਲੋਕਾਂ ਦੇ ਦਿਲਾਂ ਦੀ ਆਵਾਜ਼ ਬਣ ਕੇ ਉੱਭਰਦੇ ਰਹੇ। ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਕਵਿਤਾ ਨਹੀਂ ਸੁਣਾਈ, ਜਦੋਂ ਕਿ ਉਹ ਫਾਰਸੀ, ਅਰਬੀ, ਰੂਸੀ, ਉਰਦੂ, ਹਿੰਦੀ, ਅੰਗਰੇਜ਼ੀ ਅਤੇ ਸੰਸਕ੍ਰਿਤ ਵਿੱਚ ਵੀ ਮੁਹਾਰਤ ਰੱਖਦੇ ਸਨ। ਉਸਤਾਦ ਦਾਮਨ ਨੇ ਕਵਿਤਾ ਦੇ ਕਲਾਤਮਕ ਗੁਣਾਂ 'ਤੇ ਮੁਹਾਰਤ ਕਰਕੇ ਗਿਆਨ ਅਤੇ ਕਲਾ ਦੇ ਲੋਕਾਂ ਤੋਂ ਉਸਤਾਦ ਦਾ ਖਿਤਾਬ ਪ੍ਰਾਪਤ ਕੀਤਾ। ਉਸਤਾਦ ਦਾਮਨ ਇੱਕ ਪ੍ਰਭਾਵਸ਼ਾਲੀ ਕਵੀ ਸਨ, ਜਿਨ੍ਹਾਂ ਨੇ ਗਰੀਬਾਂ, ਦੱਬੇ-ਕੁਚਲੇ, ਮਜ਼ਦੂਰਾਂ ਅਤੇ ਕਿਸਾਨਾਂ ਵਰਗੇ ਦੱਬੇ-ਕੁਚਲੇ ਵਰਗਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸ਼ੋਸ਼ਿਤ ਵਰਗਾਂ ਵਿਰੁੱਧ ਲੜਾਈ ਲੜੀ।

ਮੇਰਾ ਪਾਣੀ PPK ਹੈ।<br>
ਬੰਜਰ ਧਰਤੀ ਹਰੀ ਭਰੀ ਹੋ ਜਾਵੇ।<br>
ਮੈਂ ਉਸ ਦੇ ਚਿਹਰੇ 'ਤੇ ਮੁਸਕਰਾਹਟ ਚਾਹੁੰਦਾ ਹਾਂ।<br>
ਮੇਰੇ ਪੈਰ ਮੇਰੇ ਲਹੂ ਨਾਲ ਰੰਗੇ ਜਾਣ।

ਉਸਤਾਦ ਦਾਮਨ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦੀ ਵਾਕਫੀਅਤ ਵਿੱਚ ਰਵਾਨਗੀ ਸੀ। ਉਹ ਕਦੇ-ਕਦੇ ਕੁਝ ਪਲਾਂ ਵਿੱਚ ਕਵਿਤਾਵਾਂ ਸੁਣਾਉਂਦੇ ਸਨ। ਆਜ਼ਾਦੀ ਤੋਂ ਕੁਝ ਸਮੇਂ ਬਾਅਦ ਉਨ੍ਹਾਂ ਨੇ ਦਿੱਲੀ ਵਿੱਚ ਇੱਕ ਸੀਮਤ ਕਵਿਤਾ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਹ ਕਵਿਤਾ ਸੁਣਾਈ।

ਅਜਿਹੀਆਂ ਆਜ਼ਾਦੀਆਂ ਨੂੰ ਹੱਥਾਂ ਨਾਲ ਤਬਾਹ ਕੀਤਾ ਜਾ ਰਿਹਾ ਹੈ।

ਇਹ ਇਸ ਤਰ੍ਹਾਂ ਹੋਇਆ, ਇਹ ਇਸ ਤਰ੍ਹਾਂ ਹੋਇਆ।<br>
ਇੱਕ ਝੂਠੀ ਉਮੀਦ, ਓ ਜ਼ਿੰਦਗੀ, ਮਿਲ ਜਾਵੇਗੀ।<br>
ਮੈਂ ਤੇਰਾ ਹਾਂ ਤੇ ਮੈਂ ਤੇਰਾ ਹਾਂ।<br>
ਜ਼ਿੰਦਾਬਾਦ, ਹੇ ਮੌਤ ਦੇ ਮੂੰਹ ਵਿੱਚ ਜ਼ਿੰਦਗੀ!<br>
ਦੋ ਤੁਸੀਂ ਅਤੇ ਦੋ ਮੈਂ।<br>
ਇਸ ਤਰ੍ਹਾਂ ਸੌਂਵੋ, ਇਸ ਤਰ੍ਹਾਂ ਸੌਂਵੋ।<br>
ਲਾਲ ਅੱਖਾਂ ਉਹ ਹਨ ਜੋ ਖੂਨ ਪੀਂਦੀਆਂ ਹਨ।<br>
ਇਸ ਤਰ੍ਹਾਂ ਰੋਵੋ ਅਤੇ ਇਸ ਤਰ੍ਹਾਂ ਰੋਵੋ।

ਮੁਸ਼ਾਇਰੇ ਦੇ ਦਰਸ਼ਕ, ਜੋ ਆਜ਼ਾਦੀ ਦੇ ਨਾਂਅ 'ਤੇ ਮਨੁੱਖੀ ਜੀਵਨ 'ਤੇ ਹੋ ਰਹੇ ਅੱਤਿਆਚਾਰ ਦਾ ਸ਼ਿਕਾਰ ਸਨ, ਬੇਕਾਬੂ ਹੋ ਕੇ ਰੋਣ ਲੱਗ ਪਏ। ਮੁਸ਼ਾਇਰੇ ਵਿੱਚ ਮੌਜੂਦ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵੀ ਹੰਝੂਆਂ ਨਾਲ ਭਰ ਗਈਆਂ। ਉਨ੍ਹਾਂ ਨੇ ਉਸਤਾਦ ਦਮਨ ਨੂੰ ਆਜ਼ਾਦੀ ਦੇ ਕਵੀ ਦਾ ਖਿਤਾਬ ਦਿੱਤਾ ਅਤੇ ਆਪਣੀ ਇੱਛਾ ਪ੍ਰਗਟ ਕੀਤੀ ਕਿ ਉਹ ਭਾਰਤ ਵਿੱਚ ਸਥਾਈ ਤੌਰ 'ਤੇ ਵਸ ਜਾਣ, ਪਰ ਉਨ੍ਹਾਂ ਨੇ ਜਵਾਬ ਦਿੱਤਾ ਕਿ ਮੇਰਾ ਵਤਨ ਪਾਕਿਸਤਾਨ ਹੈ। ਮੈਂ ਲਾਹੌਰ ਵਿੱਚ ਰਹਾਂਗਾ। ਬੇਸ਼ੱਕ ਜੇਲ੍ਹ ਵਿੱਚ ਕਿਉਂ ਨਾ ਰਹਾਂ? 1962 ਵਿੱਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਲਾਹੌਰ ਆਏ ਅਤੇ ਹਵਾਈ ਅੱਡੇ 'ਤੇ ਉੱਤਰੇ ਤਾਂ ਉਨ੍ਹਾਂ ਨੇ ਪਾਕਿਸਤਾਨੀ ਗਵਰਨਰ ਅਖਤਰ ਹੁਸੈਨ ਨੂੰ ਕਿਹਾ ਕਿ ਮੈਂ ਉਸਤਾਦ ਦਮਨ ਨੂੰ ਮਿਲਣਾ ਚਾਹੁੰਦਾ ਹਾਂ, ਪਰ ਸਾਹਿਤ ਦੀ ਦੌਲਤ ਤੋਂ ਅਣਜਾਣ, ਗਵਰਨਰ ਅਖਤਰ ਹੁਸੈਨ ਨੇ ਆਪਣੇ ਲੋਕਾਂ ਨੂੰ ਪੁੱਛਿਆ ਕਿ ਉਸਤਾਦ ਦਮਨ ਕੌਣ ਹੈ। ਇਸ ਕਵੀ ਤੋਂ ਅਣਜਾਣ ਸ਼ਾਸਕਾਂ ਦੀ ਮੌਜੂਦਗੀ ਦੇ ਬਾਵਜੂਦ, ਇਸ ਦੇਸ਼ ਭਗਤ ਕਵੀ ਨੇ ਆਪਣੀ ਪੂਰੀ ਜ਼ਿੰਦਗੀ ਗਰੀਬੀ ਅਤੇ ਬੇਇਨਸਾਫ਼ੀ ਵਿੱਚ ਬਿਤਾਉਣ ਦੇ ਬਾਵਜੂਦ, ਪਾਕਿਸਤਾਨ ਦੇ ਗੀਤ ਗਾਏ। ਇਸ ਪਵਿੱਤਰ ਧਰਤੀ ਨੂੰ ਨਫ਼ਰਤ, ਬੇਈਮਾਨੀ ਅਤੇ ਬੇਇਨਸਾਫ਼ੀ ਤੋਂ ਸਾਫ਼ ਕਰਨ ਲਈ ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਲੋਕਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਵਿੱਚ ਸ਼ਾਂਤੀ ਅਤੇ ਸਦਭਾਵਨਾ ਲਿਆਂਦੀ। ਉਹ ਪਿਆਰ ਦੇ ਫੁੱਲ ਵਰ੍ਹਾਉਂਦੇ ਰਹੇ ਅਤੇ ਨਾਲ ਹੀ ਉਨ੍ਹਾਂ ਬੁਰਾਈਆਂ ਦਾ ਵਿਰੋਧ ਕੀਤਾ, ਜੋ ਜਨਤਕ ਹਿੱਤਾਂ ਲਈ ਨੁਕਸਾਨਦੇਹ ਸਨ। ਉਸਤਾਦ ਦਾਮਨ ਨੇ ਸ਼ਾਸਕਾਂ ਦੀਆਂ ਕਮੀਆਂ ਵੱਲ ਇਸ਼ਾਰਾ ਕਰਕੇ ਸਖ਼ਤ ਆਲੋਚਨਾ ਨਾਲ ਜਨਤਕ ਚੇਤਨਾ ਨੂੰ ਜਗਾਇਆ। ਉਹ ਜਨਤਕ ਅਧਿਕਾਰਾਂ ਦੇ ਖੋਖਲੇ ਨਾਅਰਿਆਂ ਅਤੇ ਦੇਸ਼ ਦੇ ਪਤਨ ਬਾਰੇ ਲਿਖਦੇ ਹਨ।

ਜਾਓ ਖਾਓ, ਜਾਓ ਖਾਓ, ਮੋਰੀ ਖੋਲ੍ਹੋ।<br>
ਜੋ ਮਰਜ਼ੀ ਖਾ ਲਓ ਤੇ ਤੁਸੀਂ ਰੋਵੋਗੇ।<br>
ਮੈਨੂੰ ਕਿਸਨੇ ਮਾਰਿਆ, ਕਿਸਨੇ ਮਾਰਿਆ?<br>
ਜਿੰਨ ਮੂਰਖ ਹੈ, ਉਹ ਮੂਰਖ ਹੈ, ਉਹ ਮੂਰਖ ਹੈ।<br>
ਖਾਓ, ਖਾਓ, ਦਰਵਾਜ਼ਾ ਖੋਲ੍ਹੋ।

ਉਸਤਾਦ ਦਾਮਨ, ਜਿਨ੍ਹਾਂ ਨੇ ਦੁਲਹਨ ਦੇ ਪਤੀ 'ਤੇ ਰੀਤੀ-ਰਿਵਾਜਾਂ ਦੇ ਬੋਝ ਅਤੇ ਵਿਆਹ ਦੇ ਖਾਣੇ ਦੇ ਬੋਝ ਦਾ ਵਿਰੋਧ ਕੀਤਾ, ਨੇ 1949 ਵਿੱਚ ਕਾਤਰੀਨ ਨਾਂਅ ਦੀ ਕੁੜੀ ਨਾਲ ਸਾਦੇ ਅਤੇ ਗੁਪਤ ਢੰਗ ਨਾਲ ਵਿਆਹ ਕੀਤਾ। ਉਨ੍ਹਾਂ ਦਾ ਇੱਕ ਪੁੱਤਰ ਸੀ, ਜੋ ਜਨਮ ਤੋਂ ਬਾਅਦ ਮਰ ਗਿਆ। ਉਨ੍ਹਾਂ ਦੀ ਪਤਨੀ ਦੇ ਪੇਟ ਵਿੱਚ ਟਿਊਮਰ ਸੀ, ਜਿਸ ਦਾ ਉਨ੍ਹਾਂ ਨੇ ਇਲਾਜ ਕੀਤਾ, ਪਰ ਉਹ ਬਚ ਨਹੀਂ ਸਕੀ। ਉਸਤਾਦ ਦਾਮਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਕੋਈ ਵੀ ਇਕੱਲਾ ਜੀਵਨ ਨਹੀਂ ਜਿਊਣਾ ਚਾਹੁੰਦਾ, ਪਰ ਹਾਲਾਤ ਅਤੇ ਘਟਨਾਵਾਂ ਉਸ ਨੂੰ ਇਕੱਲਾ ਰਹਿਣ ਲਈ ਮਜਬੂਰ ਕਰਦੀਆਂ ਹਨ। ਮੇਰਾ ਪਹਿਲਾ ਵਿਆਹ ਕੁਦਰਤ ਨੂੰ ਮਨਜ਼ੂਰ ਨਹੀਂ ਸੀ ਅਤੇ ਮੇਰਾ ਦੂਜਾ ਵਿਆਹ ਸੌਦੇਬਾਜ਼ੀ ਹੈ। 1977 ਦੇ ਦੰਗਿਆਂ ਵਿੱਚ ਉਸ ਦੀ ਦੁਕਾਨ ਨੂੰ ਅੱਗ ਲਗਾ ਦਿੱਤੀ ਗਈ ਸੀ, ਜਿਸ ਕਾਰਨ ਉਹ ਇੱਕ ਮੁਸ਼ਕਲ ਵਿੱਤੀ ਸੰਕਟ ਵਿੱਚ ਪੈ ਗਿਆ ਅਤੇ ਬਾਗਬਾਨ ਪੁਰਾ ਤੋਂ ਟੈਕਸੀਲਾ ਗੇਟ ਵਿੱਚ ਬਾਦਸ਼ਾਹੀ ਮਸਜਿਦ ਦੇ ਨੇੜੇ ਸਥਿਤ ਹਿਜੜੇ ਵਿੱਚ ਚਲਾ ਗਿਆ, ਜਿੱਥੇ ਹਜ਼ਰਤ ਸ਼ਾਹ ਹੁਸੈਨ (ਰ.ਅ.) ਵੀ ਬਾਦਸ਼ਾਹ ਅਕਬਰ ਦੇ ਸਮੇਂ ਰਹਿੰਦੇ ਸਨ। ਇਹ ਹਿਜੜਾ ਉਨ੍ਹਾਂ ਦੀ ਮੌਤ ਤੱਕ ਉਸਤਾਦ ਦਾਮਨ ਦਾ ਨਿਵਾਸ ਰਿਹਾ। ਦਮਨ ਦੀ ਬੇਤੱਕ ਨਾਮਕ ਇਸ ਹਿਜੜੇ ਵਿੱਚ, ਭਾਰਤ ਅਤੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ, ਲੇਖਕ, ਸਿਆਸਤਦਾਨ, ਸਮਾਜਿਕ ਮਿੱਤਰ, ਕਵੀ ਫੈਜ਼ ਅਹਿਮਦ ਫੈਜ਼, ਸੂਫੀ ਤਬੱਸੁਮ ਹਬੀਬ ਜਾਲਿਬ, ਅਮਜਦ ਇਸਲਾਮ ਅਮਜਦ ਮਨੂ ਭਾਈ, ਰਾਣੀ ਤਰੰਨੁਮ ਨੂਰ ਜਹਾਂ, ਅਦਾਕਾਰ ਮੁਹੰਮਦ ਅਲੀ, ਫਿਲਮ ਸਟਾਰ ਅਲਾਉਦੀਨ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਰਾਜਨੀਤਕ, ਸਾਹਿਤਕ ਅਤੇ ਬੌਧਿਕ ਚਰਚਾਵਾਂ ਲਈ ਆਉਂਦੀਆਂ ਸਨ, ਜਿਸ ਲਈ ਉਸਤਾਦ ਦਾਮਨ ਆਪਣੇ ਹੱਥਾਂ ਨਾਲ ਕਈ ਤਰ੍ਹਾਂ ਦੇ ਸੁਆਦੀ ਪਕਵਾਨ ਤਿਆਰ ਕਰਦੇ ਅਤੇ ਪਰੋਸਦੇ ਸਨ। ਟੈਕਸੀਲਾ ਗੇਟ 'ਤੇ ਇਸ ਹਿਜੜੇ ਵਿੱਚ, ਉਸਤਾਦ ਦਾਮਨ 1950 ਤੋਂ 1984 ਤੱਕ ਰਹੇ ਅਤੇ ਲੋਕਾਂ ਦੀਆਂ ਸਥਿਤੀਆਂ ਦੀ ਨਬਜ਼ 'ਤੇ ਆਪਣੀ ਉਂਗਲ ਰੱਖ ਕੇ ਸਰਕਾਰ ਦੀਆਂ ਬੁਰਾਈਆਂ ਦੀ ਪਛਾਣ ਕਰਦੇ ਸਨ। ਉਸਤਾਦ ਦਾਮਨ ਦੀਆਂ ਸਾਰੀਆਂ ਕਵਿਤਾਵਾਂ ਆਪਣੀ ਪ੍ਰਭਾਵਸ਼ੀਲਤਾ ਕਾਰਨ ਇੱਕ ਸ਼ਕਤੀਸ਼ਾਲੀ ਸਾਧਨ ਬਣ ਗਈਆਂ ਹਨ। ਉਸਤਾਦ ਦਾਮਨ ਨੇ ਖੁੱਲ੍ਹੀਆਂ ਅੱਖਾਂ ਨਾਲ ਜੀਵਨ ਅਤੇ ਸਮਾਜ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ













ਇਹ ਸਾਰੀਆਂ ਤਸਵੀਰਾਂ ਗੁਰਨਿਵਾਜ਼ ਸਿੰਘ, ਪੰਜਵੀਂ ਏ, ਸੇਂਟ ਜੋਸਫ਼ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦੀਆਂ ਹਨ।